
Ray Dhaliwal
Real Estate Broker

# Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com



Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 37; September 14, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਵਿੱਤੀ ਸੰਕਟ: ਪੰਜਾਬ ਸਰਕਾਰ ਦੇ ਹੱਥ ਖੜ੍ਹੇ!

**ਚੰਡੀਗੜ੍ਹ:** ਵਿੱਤੀ ਸੰਕਟ ਨੇ ਪੰਜਾਬ ਸਰਕਾਰ ਨੂੰ ਚੁਫੇਰਿਓਂ ਘੇਰ ਲਿਆ ਹੈ। ਇਕ ਪਾਸੇ ਕੇਂਦਰ ਸਰਕਾਰ ਪੰਜਾਬ ਦੀ ਬਕਾਇਆ ਰਕਮ ਰੋਕੀ ਬੈਠੀ ਹੈ, ਦੂਜੇ ਪਾਸੇ ਸੂਬਾ ਸਰਕਾਰ ਦੀਆਂ ਮੁਫਤ ਸਕੀਮਾਂ ਨੇ ਦਿਵਾਲੀਏ ਵਾਲੇ ਹਾਲਾਤ ਬਣਾ ਦਿੱਤੇ ਹਨ। ਅਣਸਰਦੀ ਨੂੰ ਸੂਬਾ ਸਰਕਾਰ ਨੇ ਕੇਂਦਰ ਅੱਗੇ ਚਾਲੂ ਵਿੱਤੀ ਸਾਲ ਲਈ ਆਪਣੀ ਕਰਜ਼ਾ ਹੱਦ ਵਿਚ 10 ਹਜ਼ਾਰ ਕਰੋੜ ਰੁਪਏ ਦੇ ਵਾਧੇ ਦਾ ਤਰਲਾ ਮਾਰਿਆ ਹੈ, ਨਾਲ ਹੀ ਸੂਬੇ ਦੇ ਲੋਕਾਂ ਨੂੰ ਮਿਲ ਰਹੀਆਂ ਮੁਫਤ ਸਹੂਲਤਾਂ ਉਤੇ ਕੱਟ ਲਾਉਣੇ ਸ਼ੁਰੂ ਕਰ ਦਿੱਤੇ ਹਨ।

ਸਰਕਾਰ ਨੇ ਪੱਤਰ ਵਿਚ ਆਪਣੇ ਖ਼ਰਚਿਆਂ ਦੀ ਪੂਰਤੀ ਦਾ ਹਵਾਲਾ ਦਿੱਤਾ ਹੈ। ਸੂਬਾ ਸਰਕਾਰ ਨੂੰ ਜਾਪਦਾ ਹੈ ਕਿ ਮੌਜੂਦਾ ਸਾਲਾਨਾ ਕਰਜ਼ਾ ਹੱਦ ਨਾਲ ਮੌਜੂਦਾ ਵਿੱਤੀ ਵਰ੍ਹੇ ਦੌਰਾਨ ਭਰਪਾਈ ਨਹੀਂ ਹੋਵੇਗੀ। ਪੰਜਾਬ ਸਰਕਾਰ ਹੋਰ ਕਰਜ਼ਾ ਚੁੱਕ ਕੇ ਆਪਣੇ ਖ਼ਰਚਿਆਂ ਦੀ ਪੂਰਤੀ ਕਰਨਾ ਚਾਹੁੰਦੀ ਹੈ। 2024-25 ਲਈ ਪੰਜਾਬ ਦੀ ਕਰਜ਼ਾ ਹੱਦ 30464.92 ਕਰੋੜ ਰੁਪਏ ਹੈ ਜਿਸ 'ਚੋਂ ਜੁਲਾਈ ਤੱਕ ਸਰਕਾਰ ਨੇ 13094 ਕਰੋੜ ਦਾ ਕਰਜ਼ਾ ਚੁੱਕ ਲਿਆ ਹੈ।

ਇਧਰ, ਵਿੱਤੀ ਬੋਝ ਵਧਦਾ ਦੇਖ ਸਰਕਾਰ ਵੱਲੋਂ ਜਿਥੇ ਪੈਟਰੋਲ 'ਤੇ 61 ਪੈਸੇ ਤੇ ਡੀਜ਼ਲ 'ਤੇ 92 ਪੈਸੇ ਪ੍ਰਤੀ ਲਿਟਰ ਵਾਧੂ ਵੈਟ ਲਾ ਦਿੱਤਾ ਹੈ, ਉਥੇ ਸੱਤ ਕਿਲੋਵਾਟ ਤੱਕ ਦੇ ਬਿਜਲੀ ਲੋਡ ਵਾਲੇ ਘਰੇਲੂ ਖਪਤਕਾਰਾਂ ਨੂੰ ਹੁਣ ਢਾਈ ਰੁਪਏ ਪ੍ਰਤੀ ਯੂਨਿਟ ਬਿਜਲੀ ਸਬਸਿਡੀ ਨਹੀਂ ਮਿਲੇਗੀ। ਪੰਜਾਬ ਸਰਕਾਰ ਨੇ ਇਹ ਫ਼ੈਸਲਾ ਵਾਪਸ ਲੈ ਕੇ ਕਰੀਬ 1500 ਕਰੋੜ ਰੁਪਏ ਸਾਲਾਨਾ ਦੀ ਬਿਜਲੀ ਸਬਸਿਡੀ ਘਟਾ ਲਈ ਹੈ।

ਵਿੱਤੀ ਮਾਹਿਰਾਂ ਦਾ ਕਹਿਣਾ ਹੈ ਕਿ ਗੁਆਂਢੀ ਸੂਬਿਆਂ ਵਿਚ ਚੋਣਾਂ ਦੇ ਬਾਵਜੂਦ ਅਜਿਹੇ ਫੈਸਲਾ ਕਰਨੇ ਆਪ ਸਰਕਾਰ ਦੀ ਮਜਬੂਰੀ ਬਣ ਗਈ ਹੈ। ਸੂਬੇ ਵਿਚ ਵਿੱਤੀ ਹਾਲਾਤ ਵੱਸੋਂ ਬਾਹਰ ਹੋਣ



ਵਾਲੀ ਸਥਿਤੀ ਵੱਲ ਹਨ। ਇਸ ਸੂਰਤ ਵਿਚ ਸਰਕਾਰ ਨੂੰ ਅਣਸਰਦੇ ਨੂੰ ਅੱਕ ਚੱਬਣਾ ਪੈ ਰਿਹਾ ਹੈ। ਪੰਜਾਬ ਵਿਧਾਨ ਸਭਾ ਦੇ ਮਾਨਸੂਨ ਇਜਲਾਸ ਦੌਰਾਨ ਪੇਸ਼ ਕੰਪਟਰੋਲਰ ਤੇ ਆਡੀਟਰ ਜਨਰਲ (ਕੈਗ) ਦੀ ਸਾਲ 2022-23 ਦੀ ਰਿਪੋਰਟ ਵਿਚ ਸੂਬੇ ਦੇ ਵਿੱਤੀ ਹਾਲਾਤ ਬਾਰੇ ਵੱਡਾ ਖ਼ੁਲਾਸਾ ਹੋਇਆ ਹੈ। ਇਹ ਰਿਪੋਰਟ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪਹਿਲੇ ਵਿੱਤੀ ਵਰ੍ਹੇ ਦੀ ਹੈ। ਕੈਗ ਰਿਪੋਰਟ ਅਨੁਸਾਰ ਵਿੱਤੀ ਪ੍ਰਾਪਤੀਆਂ ਅਤੇ ਖ਼ਰਚਿਆਂ ਵਿਚ ਤਾਲਮੇਲ ਦਾ ਉੱਖੜ ਜਾਣਾ ਪੰਜਾਬ 'ਤੇ ਵਿੱਤੀ ਸੰਕਟ ਦੇ ਬੱਦਲ ਮੰਡਰਾਉਣ ਵੱਲ ਇਸ਼ਾਰਾ ਹੈ।

ਸੂਬੇ ਦੇ ਖ਼ਰਚੇ 13 ਫ਼ੀਸਦੀ ਦੀ ਤੇਜ਼ੀ ਨਾਲ ਵਧੇ ਹਨ। ਸਾਲ 2018-19 ਤੋਂ 2022-23 ਤੱਕ ਮਾਲੀਆ ਖਰਚਾ 75404 ਕਰੋੜ ਰੁਪਏ ਤੋਂ ਵਧ ਕੇ 1,13616 ਕਰੋੜ ਰੁਪਏ ਹੋ ਗਿਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮਾਲੀਆ ਘਾਟਾ 2018-19 ਵਿਚ 13135 ਕਰੋੜ ਰੁਪਏ ਤੋਂ ਵਧ ਕੇ 2022-23 ਵਿਚ 26045 ਕਰੋੜ ਰੁਪਏ ਹੋ ਗਿਆ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਪੰਜਾਬ ਸਰਕਾਰ ਵੱਲੋਂ ਜੁਟਾਏ ਜਾ ਰਹੇ ਪੈਸੇ ਦੀ ਵਰਤੋਂ ਪੁਰਾਣੇ ਕਰਜ਼ੇ ਦੀ ਅਦਾਇਗੀ ਅਤੇ ਮੌਜੂਦਾ ਕਰਜ਼ੇ ਦੀ ਅਦਾਇਗੀ ਲਈ ਕੀਤੀ ਜਾ ਰਹੀ ਹੈ। ਮਾਲੀਆ ਘਾਟਾ ਕੁੱਲ ਰਾਜ ਘਰੇਲੂ ਉਤਪਾਦ ਦੇ 1.99 ਫ਼ੀਸਦੀ ਦੇ ਟੀਚੇ ਤੋਂ ਵਧ ਗਿਆ ਹੈ। ਇਹ ਵੀ ਇਸ਼ਾਰਾ ਕੀਤਾ ਗਿਆ ਹੈ ਕਿ ਭਵਿੱਖ ਵਿਚ ਵੀ ਕਰਜ਼ੇ ਦੀ ਸਥਿਰਤਾ ਸੰਭਵ ਨਹੀਂ ਜਾਪਦੀ ਹੈ। ਸਬਸਿਡੀ ਦੇ ਵਧ ਰਹੇ ਰੁਝਾਨ ਦੀ ਗੱਲ ਵੀ ਕੀਤੀ ਗਈ ਹੈ।

ਪੰਜਾਬ ਵਿਚ ਆਪ ਦੀ ਸਰਕਾਰ ਦਾ ਅੱਧਾ ਕਾਰਜਕਾਲ ਮੁੱਕਣ ਵਾਲਾ ਹੈ ਪਰ ਹਾਲੇ ਤੱਕ ਇਹ ਰਾਜ ਦੀ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੋਈ ਠੋਸ ਰੂਪ-ਰੇਖਾ ਨੂੰ ਅਮਲ ਵਿਚ ਲਿਆਉਣ ਦੇ ਸਮੱਰਥ ਨਹੀਂ ਹੋ ਸਕੀ। ਸਬਸਿਡੀਆਂ ਕਰ ਕੇ ਪਿਛਲੇ ਤਕਰੀਬਨ ਢਾਈ ਦਹਾਕਿਆਂ ਤੋਂ ਖਜ਼ਾਨੇ ਦੀ ਹਾਲਤ ਤਰਸਯੋਗ ਹੈ। ਰਾਜ ਦੇ ਵਿੱਤੀ ਸਰੋਤਾਂ ਬਾਰੇ ਕੈਗ ਦੀ ਰਿਪੋਰਟ ਮੁਤਾਬਕ 2018 ਤੋਂ 2023 ਤੱਕ ਰਾਜ ਦੀਆਂ ਕੁੱਲ ਸਬਸਿਡੀਆਂ ਦਾ 68 ਫ਼ੀਸਦੀ ਹਿੱਸਾ ਬਿਜਲੀ ਸਬਸਿਡੀਆਂ ਦੇ ਖਾਤੇ ਵਿਚ ਪੈ ਰਿਹਾ ਹੈ। 'ਆਪ' ਸਰਕਾਰ ਨੇ ਪਹਿਲੀ ਜੁਲਾਈ 2022 ਤੋਂ ਘਰੇਲੂ ਖਪਤਕਾਰਾਂ ਨੂੰ ਪ੍ਰਤੀ ਮਹੀਨਾ 300 ਯੂਨਿਟਾਂ ਦੀ ਬਿਜਲੀ ਮੁਫ਼ਤ ਕਰ ਦਿੱਤੀ ਹੈ, ਨਤੀਜੇ ਵਜੋਂ ਸੂਬੇ ਦੇ ਕਰੀਬ 80 ਫ਼ੀਸਦੀ ਤੋਂ ਵਧ ਘਰੇਲੂ ਖਪਤਕਾਰ ਇਸ ਦਾ ਫਾਇਦਾ ਲੈ ਰਹੇ ਹਨ। ਘਰੇਲੂ ਬਿਜਲੀ ਦੀ ਇਸ ਮੁਆਫ਼ੀ ਨਾਲ ਘਰੇਲੂ ਬਿਜਲੀ ਦੀ ਸਬਸਿਡੀ ਕਰੀਬ 7300 ਕਰੋੜ ਤੋਂ ਵਧ ਗਈ ਹੈ। ਇਕੱਲੀ ਬਿਜਲੀ ਸਬਸਿਡੀ ਦਾ ਭਾਰ ਹੀ ਸੂਬਾ ਸਰਕਾਰ ਦੀ ਹਾਲਤ ਖ਼ਰਾਬ ਕਰ ਰਿਹਾ ਹੈ। ਵਿੱਤੀ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਸਰਕਾਰ ਨੇ ਮੌਕਾ ਨਾ ਸਾਂਭਿਆ ਅਤੇ ਸਿਆਸੀ ਨਫੇ-ਨੁਕਸਾਨ ਵਿਚ ਉਲਝੀ ਰਹੀ ਤਾਂ ਹਾਲਾਤ ਹੋ ਵਿਗੜ ਸਕਦੇ ਹਨ। ਹਾਲਾਤ ਇਹ ਬਣ ਗਏ ਹਨ ਕਿ ਅਣਸਰਦੀ ਨੂੰ ਲੋਕਾਂ ਨੂੰ ਮਿਲ ਰਹੀਆਂ ਮੁਫਤ ਸਹੂਲਤਾਂ ਉਤੇ ਕੱਟ ਲਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਿਆ। ਇਸ ਲਈ ਸੂਬਾ ਸਰਕਾਰ ਆਉਣ ਵਾਲੇ ਦਿਨਾਂ ਵਿਚ ਹੁਣ ਹੋਰ ਸਖਤ ਫੈਸਲੇ ਕਰਨ ਦੀ ਤਿਆਰੀ ਕਰ ਰਹੀ ਹੈ।

## ਵਿਰੋਧੀ ਧਿਰਾਂ ਨੇ ਸਰਕਾਰ ਨੂੰ ਪਾਇਆ ਘੇਰਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਪੰਜਾਬ ਵਿਚ ਵਿੱਤੀ ਐਮਰਜੈਂਸੀ ਹੈ ਕਿਉਂਕਿ ਪਿਛਲੇ ਢਾਈ ਸਾਲਾਂ ਵਿਚ ਸੂਬੇ ਸਿਰ ਕਰਜ਼ਾ ਇਕ ਲੱਖ ਕਰੋੜ ਰੁਪਏ ਤੋਂ ਵਧ ਗਿਆ ਹੈ। 'ਆਪ' ਸਰਕਾਰ ਨੂੰ ਹੁਣ ਮੁਲਾਜ਼ਮਾਂ ਦੀਆਂ ਤਨਖਾਹਾਂ ਦੇਣੀਆਂ ਵੀ ਔਖੀਆਂ ਲੱਗ ਰਹੀਆਂ ਹਨ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਤੇਲ ਕੀਮਤਾਂ ਵਧਾਉਣ ਦੇ ਫੈਸਲੇ ਨੂੰ ਆਮ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਕਰਾਰ ਦਿੱਤਾ ਹੈ। ਡੀਜ਼ਲ ਦੀਆਂ ਕੀਮਤਾਂ ਵਧਣ ਨਾਲ ਨਾ ਸਿਰਫ਼ ਕਿਸਾਨਾਂ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ ਬਲਕਿ ਮਹਿੰਗਾਈ ਵੀ ਵਧੇਗੀ।

## ਹੁਣ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਖਿਲਾਫ ਸ਼ਿਕਾਇਤ



**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਵਿਚ ਪੈਦਾ ਹੋਇਆ ਅੰਦਰੂਨੀ ਸੰਕਟ ਲਗਾਤਾਰ ਵਧ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਖ਼ਿਲਾਫ਼ ਵੀ ਅਕਾਲ ਤਖ਼ਤ ਵਿਖੇ ਸ਼ਿਕਾਇਤ ਦਿੱਤੀ ਗਈ ਹੈ ਅਤੇ ਉਨ੍ਹਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ ਹੈ। ਇਹ ਸ਼ਿਕਾਇਤ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਮਿੱਠੂ ਸਿੰਘ ਕਾਹਨੇ ਕੇ, ਹਰਦੇਵ ਸਿੰਘ ਰੋਗਲਾ, ਰਾਮਪਾਲ ਸਿੰਘ ਬਹਿਣੀਵਾਲ ਤੇ ਹੋਰਾਂ ਵੱਲੋਂ ਸਾਂਝੇ ਤੌਰ ਉਤੇ ਕੀਤੀ ਗਈ ਹੈ। ਅਕਾਲ ਤਖ਼ਤ ਦੇ ਸਕੱਤਰੇਤ ਵਿਚ ਸੌਂਪੀ ਸ਼ਿਕਾਇਤ ਵਿਚ ਉਨ੍ਹਾਂ ਦੋਸ਼ ਲਾਇਆ ਕਿ ਬਲਵਿੰਦਰ ਸਿੰਘ ਭੂੰਦੜ ਨੇ ਅਕਾਲ ਤਖ਼ਤ ਦੇ ਹੁਕਮਨਾਮੇ ਦੇ ਖ਼ਿਲਾਫ਼ ਜਾ ਕੇ ਆਪਣੇ ਘਰ ਵਿਚ ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਆਗੂਆਂ ਨਾਲ ਮੀਟਿੰਗ ਕੀਤੀ ਸੀ ਜਿਸ ਵਿਚ ਸੁਖਬੀਰ ਸਿੰਘ ਬਾਦਲ ਵੀ ਸ਼ਾਮਲ ਸਨ।

ਉਨ੍ਹਾਂ ਦਾਅਵਾ ਕੀਤਾ ਕਿ 2014 ਵਿਚ ਅਕਾਲ ਤਖ਼ਤ ਦੇ ਹੁਕਮਨਾਮੇ ਖ਼ਿਲਾਫ਼ ਉਨ੍ਹਾਂ ਦੇ ਘਰ ਮੀਟਿੰਗ ਹੋਈ ਸੀ ਜਿਸ ਵਿਚ ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਤਿੰਨ ਆਗੂ ਸ਼ਾਮਲ ਹੋਏ ਸਨ। ਇਹ ਮੀਟਿੰਗ ਪਹਿਲਾਂ ਵੀ ਚਰਚਾ ਵਿਚ ਰਹੀ

*(ਬਾਕੀ ਸਫਾ 6 'ਤੇ)*


## ਮੋਰਟਗੇਜ, ਇੰਸ਼ੋਰੈਸ ਅਤੇ ਪ੍ਰਾਪਰਟੀ ਨਾਲ ਸਬੰਧਤ ਸੇਵਾਵਾਂ

Mortgage | Insurance | Property

Dhillon Agencies

Home Mortgages, Commercial Loans, All kinds of Insurances, Residential / Commercial properties

* ਪ੍ਰਾਪਰਟੀ, ਲੋਨਜ਼ ਅਤੇ ਇੰਸ਼ੋਰੈਂਸ ਲਈ ਸਭ ਤੋਂ ਭਰੋਸੇਮੰਦ ਢਿੱਲੋਂ ਏਜੰਸੀਜ਼ ਹਰ ਸਮੇਂ ਤੁਹਾਡੀ ਸੇਵਾ ਵਿਚ ਹਾਜ਼ਰ ਹੈ।
* ਆਪਣੇ ਸੁਪਨਿਆਂ ਦਾ ਘਰ ਜਾਂ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ, ਮੋਰਟਗੇਜ, ਕਾਮਰਸ਼ੀਅਲ ਲੋਨਜ਼ ਅਤੇ ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰੋ।

@ Mortgages: mortgages@dhillonagencies.com; Insurances: insurances@dhillonagencies.com; Properties: properties @dhillonagencies.com

dhillonagencies.com | (516) 441-0188

8624 239th Street, Bellerose, NY11426




Balbir (Bill) Grewal
MORTGAGE LOAN OFFICER
NMLS# 353442

Corporate NMLS# 68434
AZ License# BK-0945946

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਮਰਹੂਮ ਗਾਇਕ ਦਿਲਜਾਨ ਦੀ ਗ਼ਜ਼ਲ 'ਜ਼ਿੰਦਗੀ' ਰਿਲੀਜ਼

### ਸਤਨਾਮ ਸਿੰਘ ਮਾਣਕ ਦੀ ਸ਼ਾਇਰੀ ਨੂੰ ਜਹਾਨ ਤੋਂ ਰੁਖ਼ਸਤ ਹੋਣ ਤੋਂ ਕੁੱਝ ਸਮਾਂ ਪਹਿਲਾਂ ਦਿੱਤੀ ਸੀ ਆਵਾਜ਼

**ਫਗਵਾੜਾ:** ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਵਲੋਂ ਲਿਖੀ ਅਤੇ ਮਰਹੂਮ ਗਾਇਕ ਦਿਲਜਾਨ ਵਲੋਂ ਗਾਈ ਗਈ ਗ਼ਜ਼ਲ 'ਜ਼ਿੰਦਗੀ' ਜਲੰਧਰ ਪੰਜਾਬ ਪ੍ਰੈੱਸ ਕਲੱਬ ਵਿਖੇ ਕਰਵਾਏ ਇਕ ਸਮਾਗਮ ਦੌਰਾਨ ਵੀ.ਆਈ.ਪੀ. ਮੋਸ਼ਨ ਪਿਕਚਰਜ਼ ਦੇ ਬੈਨਰ ਹੇਠ ਪੱਤਰਕਾਰੀ ਤੇ ਸਾਹਿਤ ਜਗਤ ਤੋਂ ਇਲਾਵਾ ਸੰਗੀਤਕ ਖੇਤਰ ਨਾਲ ਸੰਬੰਧਿਤ ਹਸਤੀਆਂ ਵਲੋਂ ਰਿਲੀਜ਼ ਕੀਤੀ ਗਈ। ਦਿਲਜਾਨ ਵਲੋਂ ਇਹ ਗ਼ਜ਼ਲ ਕਰੀਬ ਤਿੰਨ ਸਾਲ ਪਹਿਲਾਂ ਰਿਕਾਰਡ ਕੀਤੀ ਗਈ ਸੀ ਪਰ ਰਿਲੀਜ਼ ਤੋਂ ਪਹਿਲਾਂ ਹੀ ਉਹ ਇਕ ਸੜਕ ਹਾਦਸੇ 'ਚ ਸਦਾ ਲਈ ਇਸ ਦੁਨੀਆਂ ਨੂੰ ਅਲਵਿਦਾ ਆਖ ਗਏ ਸਨ। ਸਤਨਾਮ ਸਿੰਘ ਮਾਣਕ, ਉੱਘੇ ਪ੍ਰੋਡਿਊਸਰ ਵਿਕਾਸ ਪਰਾਸ਼ਰ ਤੇ ਡਾਇਰੈਕਟਰ ਟੀਨਾ ਸ਼ਰਮਾ ਦੇ ਯਤਨਾਂ ਨੇ ਇਕ ਵਾਰ ਫਿਰ ਦਿਲਜਾਨ ਦੀ ਸੁਰੀਲੀ ਤੇ ਦਮਦਾਰ ਗਾਇਕੀ ਨੂੰ ਜ਼ਿੰਦਾ ਕਰ ਦਿੱਤਾ। ਇਸ ਗ਼ਜ਼ਲ ਦੀ ਰਿਲੀਜ਼ ਦੇ ਨਾਲ ਜਿੱਥੇ ਦਿਲਜਾਨ ਦੇ ਪ੍ਰਸ਼ੰਸਕਾਂ ਨੂੰ ਵੀ ਇਕ ਲੰਬੇ ਅਰਸੇ ਬਾਅਦ ਆਪਣੇ ਪਿਆਰੇ ਗਾਇਕ ਦਿਲਜਾਨ ਦੀ ਆਵਾਜ਼ ਮੁੜ ਸੁਣਨ ਨੂੰ ਮਿਲੀ ਹੈ, ਉੱਥੇ ਉੱਘੇ ਪੱਤਰਕਾਰ ਸਤਨਾਮ ਸਿੰਘ ਮਾਣਕ ਦੀ ਬਹੁਪੱਖੀ ਸ਼ਖਸੀਅਤ ਦਾ ਇਕ ਹੋਰ ਅਹਿਮ ਪੱਖ ਵੀ ਉਸ ਵੇਲੇ ਉਘੜ ਕੇ ਸਾਹਮਣੇ ਆਇਆ, ਜਦੋਂ ਰਿਲੀਜ਼ ਸਮਾਗਮ ਮੌਕੇ ਉਨ੍ਹਾਂ ਵਲੋਂ ਕਰੋਨਾ ਮਹਾਂਮਾਰੀ ਦੇ ਡਰਾਉਣੇ ਤੇ ਉਦਾਸ ਦਿਨਾਂ, ਸੰਕਟ 'ਚ ਘਿਰੇ ਗਰੀਬਾਂ ਤੇ ਮਜ਼ਦੂਰਾਂ ਦੇ ਆਪਣੇ ਘਰਾਂ ਤੱਕ ਪਹੁੰਚਣ ਦੇ ਕਦੇ ਨਾ ਮੁੱਕਣ ਵਾਲੇ ਪੈਂਡੇ, ਵੰਡ ਦੇ ਸੰਤਾਪ ਅਤੇ ਕਿਸਾਨੀ ਅੰਦੋਲਨ ਨਾਲ ਸੰਬੰਧਿਤ ਲਿਖੇ ਕਰੀਬ ਅੱਧੀ ਦਰਜਨ ਗੀਤਾਂ ਨੂੰ ਵੱਡੀ ਸਕ੍ਰੀਨ 'ਤੇ ਦਿਖਾਇਆ ਗਿਆ।

ਸ੍ਰੀ ਮਾਣਕ ਵਲੋਂ ਆਪਣੀ ਕਲਮ ਰਾਹੀਂ ਪ੍ਰਗਟਾਏ ਦਿਲ ਦੇ ਵਲਵਲਿਆਂ ਤੇ ਸ਼ਾਇਰੀ ਨੂੰ ਮਰਹੂਮ ਗਾਇਕ ਦਿਲਜਾਨ ਤੋਂ ਇਲਾਵਾ ਉੱਘੇ ਸੂਫੀ ਗਾਇਕ ਯਾਕੂਬ ਅਤੇ ਅਨਾਦੀ ਮਿਸ਼ਰਾ ਸਮੇਤ ਹੋਰਨਾਂ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ। 'ਜ਼ਿੰਦਗੀ' ਗ਼ਜ਼ਲ ਵਾਂਗ ਹੀ ਸਾਰੇ ਗੀਤਾਂ ਦੀ ਵੀਡੀਓਗ੍ਰਾਫੀ ਕਮਾਲ ਦੀ ਹੈ।



ਸਮਾਗਮ ਨੂੰ ਸੰਬੋਧਨ ਕਰਦਿਆਂ ਉੱਘੇ ਲੇਖਕ ਤੇ ਚਿੰਤਕ ਡਾ. ਲਖਵਿੰਦਰ ਸਿੰਘ ਜੌਹਲ ਨੇ ਸਤਨਾਮ ਸਿੰਘ ਮਾਣਕ ਦੀ ਸ਼ਾਇਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਗੀਤ ਇਨਸਾਨੀ ਜ਼ਿੰਦਗੀ ਦੀ ਹਕੀਕਤ ਨੂੰ ਬਿਆਨ ਕਰਦੇ ਹਨ ਤੇ ਉਹ ਫਿਕਰਮੰਦੀ ਤੇ ਵਿਚਾਰਾਂ ਦੇ ਸ਼ਾਇਰ ਹਨ। ਡਾ. ਰਘਬੀਰ ਕੌਰ ਨੇ ਸ੍ਰੀ ਮਾਣਕ ਬਾਰੇ ਕਿਹਾ ਕਿ ਉਹ ਬਹੁਤ ਹੀ ਸੰਵੇਦਨਸ਼ੀਲ ਵਿਅਕਤੀ ਹਨ ਸੂਫੀ ਗਾਇਕ ਯਾਕੂਬ ਅਤੇ ਅਨਾਦੀ ਮਿਸ਼ਰਾ ਨੇ ਵੀ ਸ੍ਰੀ ਮਾਣਕ ਦੀ ਸਾਫ ਸੁਥਰੀ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੀ ਸ਼ਾਇਰੀ ਦੀ ਸ਼ਲਾਘਾ ਕੀਤੀ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਅਮਰਜੋਤ ਸਿੰਘ, ਸੰਗਤ ਰਾਮ ਤੇ ਰਾਜੇਸ਼ ਥਾਪਾ ਨੇ ਵੀ ਸ੍ਰੀ ਮਾਣਕ ਦੀ ਸ਼ਾਇਰੀ ਦੀ ਭਰਪੂਰ ਪ੍ਰਸ਼ੰਸਾ ਕੀਤੀ। ਸ੍ਰੀ ਮਾਣਕ ਨੇ ਆਪਣੇ ਪੱਤਰਕਾਰੀ ਦੇ ਜ਼ਹੀਨ ਤੇ ਗੰਭੀਰ ਖੇਤਰ ਤੋਂ ਸ਼ਾਇਰੀ ਤੱਕ ਦੇ ਸਫਰ ਬਾਰੇ ਗੱਲ ਕਰਦਿਆਂ ਕਿਹਾ ਕਿ ਸੰਗੀਤ ਅਤੇ ਸ਼ਾਇਰੀ ਨਾਲ ਲਗਾਅ ਉਨ੍ਹਾਂ ਨੂੰ ਬਚਪਨ ਤੋਂ ਹੀ ਰਿਹਾ ਹੈ ਪਰ ਪੱਤਰਕਾਰੀ ਦੇ ਰੁਝੇਵਿਆਂ ਕਾਰਨ ਉਹ ਆਪਣੇ ਇਸ ਸ਼ੌਕ ਨੂੰ ਬਹੁਤਾ ਪੂਰਾ ਨਹੀਂ ਕਰ ਸਕੇ ਪਰ ਕੋਰੋਨਾ ਮਹਾਂਮਾਰੀ ਦੌਰਾਨ ਉਨ੍ਹਾਂ ਆਪਣੇ ਦਿਲ ਦੇ ਜਜ਼ਬਾਤ ਨੂੰ ਕਾਗਜ਼ 'ਤੇ ਉੱਕਰ ਦਿੱਤਾ।

ਮੰਚ ਸੰਚਾਲਨ ਗੁਰਮੀਤ ਪਲਾਹੀ ਵਲੋਂ ਕੀਤਾ ਗਿਆ। ਇਸ ਮੌਕੇ ਉੱਘੇ ਪੰਜਾਬੀ ਗਾਇਕ ਦਲਵਿੰਦਰ ਦਿਆਲਪੁਰੀ, ਰਾਕੇਸ਼ ਸ਼ਾਂਤੀਦੂਤ, ਮੇਹਰ ਮਲਿਕ, ਐਡਵੋਕੇਟ ਰਜਿੰਦਰ ਮੰਡ, ਸ੍ਰੀਮਤੀ ਰਾਜ ਮਾਣਕ, ਕੁਲਵਿੰਦਰ ਸਿੰਘ ਹਾਜ਼ਰ ਸਨ।

# ਸਿਨਸਿਨੈਟੀ ਦੇ ਵਿਸ਼ਵ ਧਰਮ ਸੰਮੇਲਨ 'ਫੈਸਟੀਵਲ ਆਫ ਫੇਥਸ' ਵਿਚ ਸਿੱਖਾਂ ਵਲੋਂ ਸ਼ਮੂਲੀਅਤ

### ਸਿੱਖ ਸੰਗਤ ਵਲੋਂ ਧਰਮ ਬਾਰੇ ਪ੍ਰਦਰਸ਼ਨੀ ਲਾਈ ਗਈ, ਮਹਿਮਾਨਾਂ ਦੇ ਸਜਾਈਆਂ ਦਸਤਾਰਾਂ

**ਸਿਨਸਿਨੈਟੀ:** ਬੀਤੇ ਦਿਨੀਂ ਇਥੋਂ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ ਸੱਤਵਾਂ ਸਾਲਾਨਾ 'ਸਿਨਸਿਨੈਟੀ ਫੈਸਟੀਵਲ ਆਫ ਫੇਥਸ' (ਵਿਸ਼ਵ ਧਰਮ ਸੰਮੇਲਨ) ਦਾ ਆਯੋਜਨ ਕੀਤਾ ਗਿਆ। 'ਇਕੁਏਜ਼ਨ' ਸੰਸਥਾ ਵਲੋਂ ਕਰਵਾਏ ਜਾਂਦੇ ਇਸ ਸੰਮੇਲਨ ਵਿਚ 13 ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 30 ਤੋਂ ਵੱਧ ਧਾਰਮਿਕ ਸੰਸਥਾਵਾਂ ਇਕ ਵਾਰ ਫਿਰ ਇਕਜੁੱਟ ਹੋਈਆਂ



ਅਤੇ ਵੱਖ-ਵੱਖ ਧਰਮਾਂ, ਸਭਿਆਚਾਰਾਂ ਬਾਰੇ ਸਿੱਖਿਆ ਦੇਣ ਅਤੇ ਲੈਣ ਲਈ, ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ। ਸਿੱਖ ਕਮਿਊਨਿਟੀ ਦੇ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿਨਸਿਨੈਟੀ ਅਤੇ ਨੇੜਲੇ ਸ਼ਹਿਰ ਡੇਟਨ ਦੇ ਸਿੱਖਾਂ ਨੇ ਇਸ ਸਮਾਗਮ ਵਿਚ ਹਿੱਸਾ ਲਿਆ।

ਪ੍ਰੋਗਰਾਮ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀ ਅਰਦਾਸ ਨਾਲ ਹੋਇਆ। ਵੱਖ-ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਆਪਣੇ ਧਰਮ ਦੇ ਅਕੀਦੇ ਮੁਤਾਬਕ ਪਰਮਾਤਮਾ ਦਾ ਗੁਣ ਗਾਇਨ ਕੀਤਾ। ਮਰਹੂਮ ਜੈਪਾਲ ਸਿੰਘ ਜੋ ਕਿ ਇਸ ਸੰਮੇਲਨ ਦੇ ਮੁੱਖ ਸੰਸਥਾਪਕਾਂ ਵਿੱਚੋਂ ਸਨ, ਦੀ ਪਤਨੀ ਅਸੀਸ ਕੌਰ ਨੇ ਸਿੱਖ ਧਰਮ ਦੀਆਂ ਮੂਲ ਬੁਨਿਆਦੀ ਸਿੱਖਿਆਵਾਂ ਬਾਰੇ ਦੱਸਿਆ।

ਗੁਰਦੁਆਰਾ ਫਤਹਿਗੜ੍ਹ ਸਾਹਿਬ ਪੰਜਾਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਵੀ ਇਸ ਪ੍ਰੋਗਰਾਮ 'ਚ ਸ਼ਾਮਲ ਹੋਏ। ਉਨ੍ਹਾਂ ਸਿੱਖ ਭਾਈਚਾਰੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ 'ਆਪਣੀ ਕੌਮੀ ਹਾਜ਼ਰੀ ਲਵਾਉਣ ਵਾਸਤੇ, ਆਪਣੀ ਕੌਮੀ ਪਹਿਚਾਣ ਸੰਸਾਰ ਸਾਹਮਣੇ ਰੱਖਣ ਲਈ ਜਿਸ ਤਰ੍ਹਾਂ ਸਿੱਖ ਭਾਈਚਾਰਾ ਯਤਨਸ਼ੀਲ ਹੈ, ਮੈਂ ਇਨ੍ਹਾਂ ਦੀ ਭਾਵਨਾ ਨੂੰ ਨਮਸਕਾਰ ਕਰਦਾ ਹਾਂ।''

ਹਜ਼ੂਰੀ ਰਾਗੀ ਭਾਈ ਬਿਕਰਮਜੀਤ ਸਿੰਘ, ਭਾਈ ਚਰਨਬੀਰ ਸਿੰਘ ਰਬਾਬੀ, ਭਾਈ ਪ੍ਰਭਜੋਤ ਸਿੰਘ ਦੇ ਜਥੇ ਨੇ ਸਿੱਖ ਸੰਗਤ ਸਣੇ ਸ਼ਬਦ ਕੀਰਤਨ "ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ' ਗਾਇਨ ਕੀਤਾ। ਵੱਖ-ਵੱਖ ਧਰਮਾਂ ਦੇ ਸਿਮਰਨ ਦੇ ਸੈਸ਼ਨ 'ਚ ਸਿੱਖ ਭਾਈਚਾਰੇ ਵਲੋਂ ਬੀਬੀ ਮਿਹਰ ਕੌਰ ਨੇ ਦਿਲਰੁਬਾ ਨਾਲ ਮੂਲ-ਮੰਤਰ ਦਾ ਗਾਇਨ ਅਤੇ ਵਾਹਿਗੁਰੂ ਸਿਮਰਨ ਕੀਤਾ। ਸਿੱਖ ਪ੍ਰਦਰਸ਼ਨੀ ਵਿਚ ਪੁਸਤਕਾਂ ਤੋਂ ਇਲਾਵਾ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਕਕਾਰ ਰੱਖੇ ਗਏ ਸਨ। ਆਏ ਹੋਏ ਮਹਿਮਾਨਾਂ ਨੂੰ ਦਸਤਾਰ ਬੰਨ੍ਹਣ ਤੇ ਉਸ ਦੀ ਮਹੱਤਤਾ ਬਾਰੇ ਜਾਣੂ ਕਰਾਉਣ ਲਈ ਸੈਸ਼ਨ ਦਾ ਪ੍ਰਬੰਧ ਕੀਤਾ ਗਿਆ।

ਸਿਨਸਿਨੈਟੀ ਦੇ ਮੇਅਰ ਆਫਤਾਬ ਪੁਰੇਵਾਲ ਨੇ ਕਿਹਾ, "ਅੱਜ ਕਈ ਧਰਮਾਂ ਤੋਂ ਲੋਕ ਇਸ ਸਮਾਗਮ 'ਚ ਸ਼ਾਂਤੀ, ਆਪਸੀ ਪਿਆਰ ਅਤੇ ਜਾਣਕਾਰੀ ਵਧਾਉਣ ਲਈ ਇਕੱਠੇ ਹੋਏ ਹਨ। ਮੈਨੂੰ ਇਸ ਤੱਥ 'ਤੇ ਮਾਣ ਹੈ ਕਿ ਮੇਰੇ ਪਿਤਾ ਇੱਕ ਸਿੱਖ ਹਨ।



ਸਿਨਸਿਨੈਟੀ, ਡੇਟਨ ਅਤੇ ਓਹਾਇਓ ਦੇ ਹੋਰਨਾਂ ਸ਼ਹਿਰਾਂ ਤੋਂ ਸਾਰੇ ਸਿੱਖ ਆਪਣੇ ਧਰਮ ਬਾਰੇ ਜਾਣਕਾਰੀ ਦੇਣ ਅਤੇ ਲੰਗਰ ਦੀ ਪ੍ਰਥਾ ਨੂੰ ਸਾਂਝਾ ਕਰਨ ਲਈ ਆਏ ਹਨ। ਇਸ ਮੌਕੇ ਸਿੱਖ ਭਾਈਚਾਰੇ ਵੱਲੋਂ ਫੈਸਟੀਵਲ ਦੇ ਸੰਸਥਾਪਕਾਂ ਵਿੱਚੋ ਇੱਕ ਜੈਪਾਲ ਸਿੰਘ ਨੂੰ ਵੀ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਮਾਗਮ ਨਾਲ ਸਿਨਸਿਨੈਟੀ ਦੇ ਵੱਖ ਵੱਖ ਭਾਈਚਾਰਿਆਂ ਵਿਚ ਆਪਸੀ ਸਿੱਖਿਆ, ਸੰਬੰਧ, ਹਮਦਰਦੀ, ਸਮਝ ਅਤੇ ਪਿਆਰ ਪੈਦਾ ਹੋ ਰਿਹਾ ਹੈ।

# ਕੈਂਟੱਕੀ ਵਿਚ ਗੋਲੀਬਾਰੀ; 5 ਵਿਅਕਤੀ ਜ਼ਖਮੀ, ਸ਼ੱਕੀ ਫਰਾਰ

**ਕੈਂਟੱਕੀ:** ਇੱਥੋਂ ਦੇ ਦਿਹਾਤੀ ਖੇਤਰ ਵਿਚ ਇੰਟਰਸਟੇਟ 'ਤੇ ਹੋਈ ਗੋਲੀਬਾਰੀ ਵਿਚ 5 ਜਣੇ ਜ਼ਖਮੀ ਹੋ ਗਏ ਹਨ। ਸ਼ੈਰਿਫ ਦਫਤਰ ਅਨੁਸਾਰ ਸ਼ੱਕੀ ਫਰਾਰ ਹੈ ਤੇ ਉਸਨੂੰ ਲੈਕਸਿੰਗਟਨ ਦੇ ਦੱਖਣ ਵਿਚ ਵੇਖਿਆ ਗਿਆ ਹੈ।

ਲੌਰੇਲ ਕਾਊਂਟੀ ਸ਼ੈਰਿਫ ਦਫਤਰ ਦੇ ਲੋਕ ਮਾਮਲਿਆਂ ਬਾਰੇ ਡਿਪਟੀ ਗਿਲਬਰਟ ਐਕੀਆਰਡੋ ਨੇ ਕਿਹਾ ਹੈ ਕਿ ਸਾਰੇ ਜ਼ਖਮੀਆਂ ਦੀ ਹਾਲਤ ਸਥਿਰ ਹੈ ਤੇ ਘਟਨਾ ਵਿਚ ਸ਼ਾਮਿਲ ਇਕੋ ਇੱਕ ਸ਼ੱਕੀ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੂਚਨਾ ਮਿਲਣ 'ਤੇ ਮੌਕੇ ਉਪਰ ਪੁੱਜੇ ਪੁਲਿਸ ਅਫਸਰਾਂ ਨੂੰ 9 ਵਾਹਨ ਮਿਲੇ ਹਨ ਜਿਨ੍ਹਾਂ ਉਪਰ ਗੋਲੀਆਂ ਚਲਾਈਆਂ ਗਈਆਂ ਹਨ। ਇਨ੍ਹਾਂ ਵਿਚ ਉੱਤਰ ਤੇ ਦੱਖਣ ਦੋਵਾਂ ਪਾਸਿਆਂ ਨੂੰ ਜਾਣ ਵਾਲੇ ਵਾਹਨ ਸ਼ਾਮਿਲ ਹਨ। ਐਕੀਆਰਡੋ ਨੇ ਸਪੱਸ਼ਟ ਕੀਤਾ ਕਿ ਘਟਨਾ ਵਿਚ ਜ਼ਖਮੀ ਹੋਏ ਸਾਰੇ ਲੋਕਾਂ ਦੇ ਗੋਲੀਆਂ ਵੱਜੀਆਂ ਹਨ। ਲੰਡਨ ਪੁਲਿਸ ਵਿਭਾਗ ਨੇ ਸ਼ੱਕੀ ਦੀ ਪਛਾਣ 32 ਸਾਲਾ ਜੋਸਫ ਏ ਕੌਚ ਵਜੋਂ ਕੀਤੀ ਹੈ। ਵਿਭਾਗ ਨੇ ਸ਼ੱਕੀ ਦਾ ਹੁਲੀਆ ਜਾਰੀ ਕਰਦਿਆਂ ਕਿਹਾ ਹੈ ਕਿ ਉਹ ਇਕ ਗੋਰਾ ਹੈ ਜੋ ਹਥਿਆਰਬੰਦ ਤੇ ਖਤਰਨਾਕ ਹੈ। ਉਹ 5 ਫੁੱਟ 10 ਇੰਚ ਲੰਬਾ ਹੈ ਤੇ ਉਸਦਾ ਭਾਰ 154 ਪੌਂਡ ਦੇ ਕਰੀਬ ਹੈ।

ਲੰਡਨ ਦੇ ਮੇਅਰ ਰੈਂਡਾਲਵੈਡਲ ਨੇ ਕਿਹਾ ਹੈ ਕਿ ਜਿਥੇ ਸ਼ੱਕੀ ਲੁਕਿਆ ਹੈ, ਉਸ ਖੇਤਰ ਬਾਰੇ ਅਸੀਂ ਜਾਣਦੇ ਹਾਂ ਤੇ ਇਸ ਸਬੰਧੀ ਇਸ ਤੋਂ ਵੱਧ ਜਾਣਕਾਰੀ ਉਹ ਨਹੀਂ ਦੇ ਸਕਦੇ।


## Change of Name

This is to certify that I, MUNISH, son of PALA RAM, formerly residing at H. No. 184 Kaithali Gate, Ward 11, Pundri, District Kaithal, Haryana, India, Pin Code 136026 and currently residing at 15550 Farmland Ct, Noblesville, Indiana 46060 USA, have legally changed my name from MUNISH to MUNISH MUNISH . All concerned parties are requested to note this change.

## Change of Name

This is to certify that I, AKASHDEEP , son of LAKHBIR SINGH, formerly residing at H. No. 613/ 10 KUMHARAN MOHALLA,JIND,PIN CODE 126102, HARYANA INDIA and currently residing at 508 DALE VIEW AVE BELMONT CA 94002 USA , have legally changed my name from AKASHDEEP to AKASHDEEP SINGH. All concerned parties are requested to note this change.

## ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਕੁੱਕ, ਤੰਦੂਰੀਏ, ਹੈਲਪਰ ਅਤੇ ਸਰਵਰ ਦੀ ਫੌਰੀ ਲੋੜ ਹੈ
* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ
* ਜੋੜੇ ਨੂੰ ਪਹਿਲ

## Restaurant Help Wanted

Immediately hiring Cook, Tandoori Chef, Helper & Server for Indian restaurant in Murfreesboro, TN.
*Good salary, free accommodation & Food.
*Hiring Bonus $1500
* Priority to Couples

ਸੰਪਰਕ ਕਰੋ: ਗੁਰਇਕਬਾਲ ਸਿੰਘ
ਫੋਨ: 629-295-6982
Direct call or What's up call 615-482-5158

34-37



## ਰੈਸਟੋਰੈਂਟ ਸਟਾਫ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ (ਹਲਵਾਈ), ਕੁੱਕ ਅਤੇ ਹੈਲਪਰ ਦੀ ਲੋੜ ਹੈ।

ਚੰਗੀ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635





## UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**



## SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*

For Emergency
Call anytime at
847-436-9010



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available


# Matrimonials

## ਲੜਕੀ ਦੀ ਲੋੜ ਹੈ

Jatt Sikh family residing in SF Bay area California looking for a suitable match in US/Canada/India for their US born and raised 24, 5'10" son. He has done a Bachelor degree from UCLA and Masters from UCSF in Computer Science and BioMedical Imaging. Boy wears a turban and keeps his hair. He is employed with a high salary in a reputed company in the SF Bay Area. Beyond education, girl must possess a joint family-oriented mindset with good moral family values. Please Contact ph: 510 861 6491 or email: pgrrealty@gmail.com

37-40

---

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

37-40

---

ਰਾਮਗੜ੍ਹੀਆ ਲੜਕਾ, ਉਮਰ 40 ਸਾਲ, 5'10", ਅਮੈਰੀਕਨ ਸਿਟੀਜ਼ਨ, ਇੰਡੀਆ ਤੋਂ Electronics and Communication Engineering ਦੀ ਡਿਗਰੀ, ਇੰਟਰਨੈਸ਼ਨਲ ਕੰਪਨੀ ਵਿਚ Senior Administrator, ਤਲਾਕਸ਼ੁਦਾ (ਬਿਨਾ ਬੱਚੇ ਤੋਂ) ਲਈ USA ਜਾਂ ਕੈਨੇਡਾ ਤੋਂ ਪੜ੍ਹੀ-ਲਿਖੀ, ਪਰਿਵਾਰਕ ਲੜਕੀ ਦੀ ਲੋੜ ਹੈ। ਸਟੂਡੈਂਟ/ਵਿਜ਼ਟਰ/ਵਰਕ ਪਰਮਿਟ ਵਾਲੀ ਲੜਕੀ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਬੱਚੇ ਵਾਲੇ ਸੰਪਰਕ ਨਾ ਕਰਨ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਹੋਰ ਜਾਣਕਾਰੀ ਲਈ ਫੋਨ ਨੰਬਰ +1-510-200-1772 'ਤੇ ਸੰਪਰਕ ਕਰੋ।

36-39

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

36-39

---

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ।

35-38

---

Kamboj Sikh Family looking for suitable girl living in USA/Canda for their 31-year-old 5'11" son, Innocent Divorce (No Kids). He has done MCA & Diploma in Electrical Engineering; he is currently working as Professional Electrical Techician with National Contractor. He is Canadian PR, currently living in Surrey, BC. Drug free, no alcohol, no smoking. Please contact us at +1225 921 0802 or gillh5162@gmail.com

34-37

---

Chhina Family seeks a suitable Companion for 68 years old USA Citizen 5'8" Jatt Sikh from USA/Canada. Well settled in Michigan, USA. Please contact with us for further information at 248-982-2036 or email at: msingh279@yahoo.com

32-35

## ਸਕੂਲ ਵਿਚ ਗੋਲੀਬਾਰੀ ਕਰਨ ਵਾਲੇ ਵਿਦਿਆਰਥੀ ਦੇ ਪਿਤਾ ਨੂੰ ਕੀਤਾ ਗ੍ਰਿਫ਼ਤਾਰ, ਹੱਤਿਆ ਸਮੇਤ ਹੋਰ ਦੋਸ਼ ਆਇਦ

**ਜਾਰਜੀਆ:** ਇੱਥੋਂ ਦੇ ਇਕ ਹਾਈ ਸਕੂਲ ਵਿਚ ਗੋਲੀਬਾਰੀ ਕਰਨ ਵਾਲੇ ਸ਼ੱਕੀ ਸ਼ੂਟਰ 14 ਸਾਲਾ ਵਿਦਿਆਰਥੀ ਕੋਲਟ ਗਰੇਅ ਦੇ ਪਿਤਾ ਕੋਲਿਨ ਗਰੇਅ (54) ਨੂੰ ਗ੍ਰਿਫਤਾਰ ਕਰ ਲੈਣ 'ਤੇ ਉਸ ਵਿਰੁੱਧ ਹੱਤਿਆ ਸਮੇਤ ਹੋਰ ਦੋਸ਼ ਆਇਦ ਕਰਨ ਦੀ ਖਬਰ ਹੈ। ਅਪਾਲਾਚੀ ਹਾਈ ਸਕੂਲ ਵਿਚ ਹੋਈ ਗੋਲੀਬਾਰੀ ਵਿਚ 2 ਅਧਿਆਪਕ ਤੇ 2 ਵਿਦਿਆਰਥੀ ਮਾਰੇ ਗਏ ਸਨ ਤੇ 9 ਹੋਰ ਜ਼ਖਮੀ ਹੋ ਗਏ ਸਨ। ਜ਼ਖਮੀਆਂ ਵਿਚ 8 ਵਿਦਿਆਰਥੀ ਤੇ ਇਕ ਅਧਿਆਪਕ ਸ਼ਾਮਿਲ ਹੈ। ਸ਼ੱਕੀ ਸ਼ੂਟਰ ਕੋਲਟ ਗਰੇਅ ਨੂੰ ਮੌਕੇ 'ਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸ ਵਿਰੁੱਧ 4 ਹੱਤਿਆਵਾਂ ਦੇ ਦੋਸ਼ ਆਇਦ ਕੀਤੇ ਗਏ ਹਨ। ਜਾਂਚ ਬਿਊਰੋ ਅਨੁਸਾਰ ਉਸ ਵਿਰੁੱਧ ਹੋਰ ਦੋਸ਼ ਵੀ ਆਇਦ ਕਰਨ ਦੀ ਸੰਭਾਵਨਾ ਹੈ। ਜਾਰਜੀਆ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਇਹ ਜਾਣਕਾਰੀ ਦਿੰਦਿਆਂ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਕੋਲਟ ਗਰੇਅ ਸਕੂਲ ਵਿਚ ਏ ਆਰ-ਪਲੇਟਫਾਰਮ ਸਟਾਈਲ ਹਥਿਆਰ ਲੈ ਕੇ ਆਇਆ ਸੀ। ਪਿਤਾ ਵਿਰੁੱਧ 4 ਗੈਰ ਇਰਾਦਾ ਹੱਤਿਆਵਾਂ, ਦੂਸਰਾ ਦਰਜਾ ਹੱਤਿਆਵਾਂ ਤੇ ਬੱਚਿਆਂ ਪ੍ਰਤੀ ਬੇਰਹਿਮੀ ਵਰਤਣ ਦੇ ਦੋਸ਼ ਆਇਦ ਕੀਤੇ ਗਏ ਹਨ। ਇਸ ਗੋਲੀਬਾਰੀ ਵਿਚ ਮਾਰੇ ਗਏ 2 ਵਿਦਿਆਰਥੀਆਂ ਦੀ ਪਛਾਣ ਮੈਸਨ ਸ਼ਰਮੇਰ ਹੌਰਨ ਤੇ ਕ੍ਰਿਸਟੀਅਨ ਐਂਗਲੋ ਵਜੋਂ ਹੋਈ ਹੈ। ਇਨ੍ਹਾਂ ਦੋਨਾਂ ਦੀ ਉਮਰ 14 ਸਾਲ ਸੀ ਜਦਕਿ ਗੋਲੀਬਾਰੀ ਵਿਚ ਮਾਰੇ ਗਏ 2 ਅਧਿਆਪਕਾਂ ਦੀ ਪਛਾਣ ਰਿਚਰਡ ਐਸਪਿਨਵਾਲ (39) ਤੇ ਕ੍ਰਿਸਟੀਅਨ ਲਰੀਮੀ (53) ਵਜੋਂ ਹੋਈ ਹੈ ਜੋ ਗਣਿਤ ਦੇ ਅਧਿਆਪਕ ਸਨ।

*-ਹੁਸਨ ਲੜੋਆ ਬੰਗਾ*

# ਕੈਗ ਰਿਪੋਰਟ: ਪੰਜਾਬ ਸਰਕਾਰ ਦੀ ਆਮਦਨੀ ਤੇ ਖ਼ਰਚਿਆਂ ਵਿਚਲਾ ਖੱਪਾ ਵਧਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਮੌਨਸੂਨ ਇਜਲਾਸ ਦੌਰਾਨ ਪੇਸ਼ ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਦੀ ਸਾਲ 2022-23 ਦੀ ਰਿਪੋਰਟ ਵਿਚ ਸੂਬੇ ਦੇ ਵਿੱਤੀ ਹਾਲਾਤ ਬਾਰੇ ਵੱਡਾ ਖੁਲਾਸਾ ਹੋਇਆ ਹੈ। ਇਹ ਰਿਪੋਰਟ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪਹਿਲੇ ਵਿੱਤੀ ਵਰ੍ਹੇ ਦੀ ਹੈ। ਕੈਗ ਰਿਪੋਰਟ ਅਨੁਸਾਰ ਵਿੱਤੀ ਪ੍ਰਾਪਤੀਆਂ ਅਤੇ ਖ਼ਰਚਿਆਂ ਵਿਚ ਤਾਲਮੇਲ ਦਾ ਉੱਖੜ ਜਾਣਾ ਪੰਜਾਬ 'ਤੇ ਵਿੱਤੀ ਸੰਕਟ ਦੇ ਬੱਦਲ ਮੰਡਰਾਉਣ ਵੱਲ ਇਸ਼ਾਰਾ ਹੈ।



ਦੇਖਿਆ ਜਾਵੇ ਤਾਂ ਲੰਘੇ ਅਗਸਤ ਮਹੀਨੇ ਦੀ ਤਨਖਾਹ ਮੁਲਾਜ਼ਮਾਂ ਨੂੰ ਸਤੰਬਰ ਦੇ ਚਾਰ ਦਿਨ ਬੀਤ ਜਾਣ ਦੇ ਬਾਵਜੂਦ ਨਹੀਂ ਮਿਲੀ। ਰਿਪੋਰਟ ਅਨੁਸਾਰ ਬੇਸ਼ੱਕ ਪੰਜਾਬ ਦੀਆਂ ਮਾਲੀਆ ਪ੍ਰਾਪਤੀਆਂ 10.76 ਫ਼ੀਸਦੀ ਸਾਲਾਨਾ ਔਸਤ ਵਿਕਾਸ ਦਰ ਨਾਲ ਵਧੀਆਂ ਹਨ ਪ੍ਰੰਤੂ ਸੂਬੇ ਦੇ ਖ਼ਰਚੇ 13 ਫ਼ੀਸਦੀ ਦੀ ਤੇਜ਼ੀ ਨਾਲ ਵਧੇ ਹਨ। ਸਾਲ 2018-19 ਤੋਂ 2022-23 ਤੱਕ ਮਾਲੀਆ ਪ੍ਰਾਪਤੀਆਂ 62,269 ਕਰੋੜ ਰੁਪਏ ਤੋਂ ਵਧ ਕੇ 87,616 ਕਰੋੜ ਰੁਪਏ ਹੋ ਗਈਆਂ ਹਨ, ਜਦੋਂ ਕਿ ਇਸੇ ਦੌਰਾਨ ਮਾਲੀਆ ਖ਼ਰਚਾ 75,404 ਕਰੋੜ ਰੁਪਏ ਤੋਂ ਵਧ ਕੇ 1,13,616 ਕਰੋੜ ਰੁਪਏ ਹੋ ਗਿਆ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਮਾਲੀਆ ਘਾਟਾ 2018-19 ਵਿਚ 13,135 ਕਰੋੜ ਰੁਪਏ ਤੋਂ ਵਧ ਕੇ 2022-23 ਵਿਚ 26,045 ਕਰੋੜ ਰੁਪਏ ਹੋ ਗਿਆ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਪੰਜਾਬ ਸਰਕਾਰ ਵੱਲੋਂ ਜੁਟਾਏ ਜਾ ਰਹੇ ਪੈਸੇ ਦੀ ਵਰਤੋਂ ਪੁਰਾਣੇ ਕਰਜ਼ੇ ਦੀ ਅਦਾਇਗੀ ਅਤੇ ਮੌਜੂਦਾ ਕਰਜ਼ੇ ਦੀ ਅਦਾਇਗੀ ਲਈ ਕੀਤੀ ਜਾ ਰਹੀ ਹੈ। ਮਾਲੀਆ ਘਾਟਾ ਕੁੱਲ ਰਾਜ ਘਰੇਲੂ ਉਤਪਾਦ ਦੇ 1.99 ਫ਼ੀਸਦੀ ਦੇ ਟੀਚੇ ਤੋਂ ਵਧ ਗਿਆ ਹੈ। ਇਹ ਵੀ ਇਸ਼ਾਰਾ ਕੀਤਾ ਗਿਆ ਹੈ ਕਿ ਭਵਿੱਖ ਵਿਚ ਵੀ ਕਰਜ਼ੇ ਦੀ ਸਥਿਰਤਾ ਸੰਭਵ ਨਹੀਂ ਜਾਪਦੀ ਹੈ। ਸਬਸਿਡੀ ਦੇ ਵਧ ਰਹੇ ਰੁਝਾਨ ਦੀ ਗੱਲ ਵੀ ਕੀਤੀ ਗਈ ਹੈ।


### ਬਿਜਲੀ ਸਬਸਿਡੀ ਵੱਧ ਕੇ 20,607 ਕਰੋੜ ਹੋਈ

**ਚੰਡੀਗੜ੍ਹ:** ਬਿਜਲੀ ਸਬਸਿਡੀ ਬਾਰੇ ਕਿਹਾ ਗਿਆ ਹੈ ਕਿ ਸਾਲ 2018-19 ਵਿਚ ਇਹ 13,361 ਕਰੋੜ ਰੁਪਏ ਸੀ, ਜੋ ਸਾਲ 2022-23 ਵਿਚ ਵਧ ਕੇ 20,607 ਕਰੋੜ ਰੁਪਏ ਹੋ ਗਈ ਹੈ। ਦੱਸਣਯੋਗ ਹੈ ਕਿ 'ਆਪ' ਸਰਕਾਰ ਨੇ ਪਹਿਲੀ ਜੁਲਾਈ 2022 ਤੋਂ ਘਰੇਲੂ ਖਪਤਕਾਰਾਂ ਨੂੰ ਪ੍ਰਤੀ ਮਹੀਨਾ 300 ਯੂਨਿਟਾਂ ਦੀ ਬਿਜਲੀ ਮੁਫ਼ਤ ਕਰ ਦਿੱਤੀ ਹੈ, ਜਿਸ ਦੇ ਨਤੀਜੇ ਵਜੋਂ ਸੂਬੇ ਦੇ ਕਰੀਬ 80 ਫ਼ੀਸਦੀ ਤੋਂ ਵਧ ਘਰੇਲੂ ਖਪਤਕਾਰ ਇਸ ਦਾ ਫਾਇਦਾ ਲੈ ਰਹੇ ਹਨ। ਘਰੇਲੂ ਬਿਜਲੀ ਦੀ ਇਸ ਮੁਆਫ਼ੀ ਨਾਲ ਘਰੇਲੂ ਬਿਜਲੀ ਦੀ ਸਬਸਿਡੀ ਕਰੀਬ 7300 ਕਰੋੜ ਤੋਂ ਵਧ ਗਈ ਹੈ। ਇਕੱਲੀ ਬਿਜਲੀ ਸਬਸਿਡੀ ਦਾ ਭਾਰ ਹੀ ਸੂਬਾ ਸਰਕਾਰ ਦੀ ਹਾਲਤ ਖ਼ਰਾਬ ਕਰ ਰਿਹਾ ਹੈ।

## ਜਗੀਰ ਕੌਰ ਤੇ ਢੀਂਡਸਾ ਨੇ ਵੀ ਸਪੱਸ਼ਟੀਕਰਨ ਸੌਂਪਿਆ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਨਾਲ ਸਬੰਧਤ ਬੀਬੀ ਜਗੀਰ ਕੌਰ ਅਤੇ ਪਰਮਿੰਦਰ ਸਿੰਘ ਢੀਂਡਸਾ ਨੇ ਆਪੋ-ਆਪਣਾ ਸਪੱਸ਼ਟੀਕਰਨ ਇੱਥੇ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਸੌਂਪਿਆ। ਦੋਹਾਂ ਆਗੂਆਂ ਨੇ ਆਖਿਆ ਕਿ ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ ਵੱਲੋਂ ਜੋ ਵੀ ਆਦੇਸ਼ ਹੋਵੇਗਾ, ਉਹ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ। ਉਨ੍ਹਾਂ ਤੋਂ ਇਲਾਵਾ ਸਾਬਕਾ ਮੰਤਰੀ ਸੋਹਨ ਸਿੰਘ ਠੰਡਲ ਨੇ ਵੀ ਆਪਣਾ ਸਪੱਸ਼ਟੀਕਰਨ ਅਕਾਲ ਤਖ਼ਤ ਦੇ ਸਕੱਤਰੇਤ ਨੂੰ ਸੌਂਪਿਆ ਹੈ। ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਉਹ 2007 ਤੋਂ ਲੈ ਕੇ 2017 ਤੱਕ ਅਕਾਲੀ ਵਜ਼ਾਰਤ ਵੇਲੇ ਸਿਰਫ 16 ਦਿਨ ਮੰਤਰੀ ਰਹੇ ਸਨ।

2007 ਤੋਂ ਲੈ ਕੇ 2012 ਤੱਕ ਉਹ ਨਾ ਤਾਂ ਵਿਧਾਇਕ ਸਨ ਅਤੇ ਨਾ ਹੀ ਮੰਤਰੀ। 2012 ਵਿਚ ਉਹ 14 ਮਾਰਚ ਨੂੰ ਮੰਤਰੀ ਬਣੇ ਸਨ ਅਤੇ 30 ਮਾਰਚ ਨੂੰ ਅਸਤੀਫਾ ਦੇ ਦਿੱਤਾ ਸੀ। ਇਨ੍ਹਾਂ 16 ਦਿਨਾਂ ਦੌਰਾਨ ਉਸ ਵੇਲੇ ਦੀ ਅਕਾਲੀ ਸਰਕਾਰ ਨੇ ਨਾ ਤਾਂ ਕੋਈ ਵਿਵਾਦਤ ਫੈਸਲਾ ਲਿਆ ਸੀ ਅਤੇ ਨਾ ਹੀ ਕੋਈ ਫੈਸਲਾ ਵਿਚਾਰਿਆ ਗਿਆ ਸੀ।



ਅਕਾਲੀ ਸਰਕਾਰ ਵੇਲੇ ਵਿੱਤ ਮੰਤਰੀ ਰਹੇ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਨੂੰ ਸਮਰਪਿਤ ਹਨ ਅਤੇ ਸ੍ਰੀ ਅਕਾਲ ਤਖ਼ਤ ਵੱਲੋਂ ਇਸ ਮਾਮਲੇ ਵਿਚ ਜੋ ਵੀ ਆਦੇਸ਼ ਹੋਵੇਗਾ ਉਹ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ।

### ਅਕਾਲ ਤਖ਼ਤ ਦਾ ਹਰ ਆਦੇਸ਼ ਖਿੜੇ ਮੱਥੇ ਪ੍ਰਵਾਨ ਕਰਾਂਗੇ: ਮਜੀਠੀਆ

**ਅੰਮ੍ਰਿਤਸਰ:** ਪੰਜ ਸਿੰਘ ਸਾਹਿਬਾਨ ਦੇ ਆਦੇਸ਼ ਮੁਤਾਬਕ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਆਪਣਾ ਸਪੱਸ਼ਟੀਕਰਨ ਅਕਾਲ ਤਖ਼ਤ ਦੇ ਸਕੱਤਰੇਤ ਵਿਚ ਸੌਂਪ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਹਮੇਸ਼ਾ ਹੀ ਅਕਾਲ ਤਖ਼ਤ ਅਤੇ ਗੁਰੂ ਘਰ ਨੂੰ ਸਮਰਪਿਤ ਰਹੇ ਹਨ ਅਤੇ ਰਹਿਣਗੇ। ਇਸ ਮਾਮਲੇ ਵਿਚ ਅਕਾਲ ਤਖ਼ਤ ਵੱਲੋਂ ਜੋ ਵੀ ਆਦੇਸ਼ ਹੋਵੇਗਾ, ਉਹ ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ। ਉਨ੍ਹਾਂ ਕਿਹਾ ਕਿ ਉਹ ਇਕ ਨਿਮਾਣੇ ਸਿੱਖ ਵਜੋਂ ਹੋਏ ਆਦੇਸ਼ ਦੀ ਪਾਲਣਾ ਕਰਦਿਆਂ ਆਪਣਾ ਸਪੱਸ਼ਟੀਕਰਨ ਦੇ ਕੇ ਆਏ ਹਨ।

## ਸਿੱਖ ਗੁਰਦੁਆਰਾ ਐਕਟ ਵਿਚ ਸੋਧ ਮੰਗੀ

**ਅੰਮ੍ਰਿਤਸਰ:** ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸਰਕਾਰੀ ਦਖਲਅੰਦਾਜ਼ੀ ਖ਼ਤਮ ਕਰਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਆਮ ਚੋਣਾਂ ਵਿਚ ਦੇਰੀ ਸਬੰਧੀ ਕਈ ਖਾਮੀਆਂ ਦਾ ਹਵਾਲਾ ਦਿੰਦਿਆਂ ਸਿੱਖ ਗੁਰਦੁਆਰਾ ਐਕਟ 1925 ਵਿਚ ਤੁਰਤ ਸੋਧ ਕਰਨ ਦੀ ਅਪੀਲ ਕੀਤੀ ਹੈ। ਜੀ.ਐਸ.ਸੀ. ਦੀ ਪ੍ਰਧਾਨ ਡਾ. ਕੰਵਲਜੀਤ ਕੌਰ ਨੇ ਕਿਹਾ ਕਿ ਇਸ ਕਾਨੂੰਨ ਦਾ ਉਦੇਸ਼ ਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧ ਗੈਰ-ਸਿੱਖਾਂ ਦੇ ਕੰਟਰੋਲ ਹੇਠੋਂ ਕੱਢ ਕੇ ਅਭਿਆਸੀ ਸਿੱਖਾਂ ਨੂੰ ਵਾਪਸ ਕਰਨ ਦਾ ਸੀ ਪਰ ਇਸ ਕਾਨੂੰਨ ਵਿਚ ਕੇਂਦਰ ਸਰਕਾਰ ਵੱਲੋਂ ਕੋਈ ਵੀ ਸੋਧ ਕਰਨ ਤੋਂ ਪਹਿਲਾਂ ਐਸ.ਜੀ.ਪੀ.ਸੀ. ਨਾਲ ਸਲਾਹ-ਮਸ਼ਵਰਾ ਕਰਨ ਲਈ ਲੋੜੀਂਦੇ ਉਪਬੰਧਾਂ ਦੀ ਘਾਟ ਹੈ। ਇਸ ਕਰਕੇ ਕੇਂਦਰ ਵੱਲੋਂ ਇਸ ਕਾਨੂੰਨ ਵਿਚ ਕਿਸੇ ਵੀ ਸੋਧ ਤੋਂ ਪਹਿਲਾਂ ਐਸ.ਜੀ.ਪੀ.ਸੀ. ਨਾਲ ਸਲਾਹ ਮਸ਼ਵਰਾ ਕਰਨ ਲਈ ਮੌਜੂਦਾ ਕਾਨੂੰਨ ਨੂੰ ਸੋਧਿਆ ਜਾਵੇ।



ਉਨ੍ਹਾਂ ਮੰਗ ਕੀਤੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਧਾਰਾ 85(1) ਵਿਚੋਂ ਹਟਾਇਆ ਜਾਵੇ। ਉਨ੍ਹਾਂ ਤਜਵੀਜ਼ ਦਿੱਤੀ ਕਿ ਅਕਾਲ ਤਖ਼ਤ ਸਾਹਿਬ ਲਈ ਵੱਖਰੇ ਬਜਟ ਨੂੰ ਯਕੀਨੀ ਬਣਾਉਣ ਲਈ ਨਿਯਮ ਬਣਾਏ ਜਾਣ ਅਤੇ ਤਖ਼ਤ ਸਕੱਤਰੇਤ ਨੂੰ ਧਾਰਮਿਕ ਮਾਹਿਰਾਂ ਸਣੇ ਆਪਣੇ ਕਰਮਚਾਰੀ ਚੁਣਨ ਦਾ ਅਧਿਕਾਰ ਦਿੱਤਾ ਜਾਵੇ। ਇਸ ਤੋਂ ਇਲਾਵਾ ਯੋਗ ਜਥੇਦਾਰਾਂ ਦੀ ਨਿਯੁਕਤੀ ਲਈ ਇਕ ਪਾਰਦਰਸ਼ੀ ਚੋਣ ਪ੍ਰਕਿਰਿਆ ਬਣਾਉਣ ਲਈ ਸੁਤੰਤਰ ਕਮੇਟੀ ਦਾ ਗਠਨ ਕਰਨ ਦੀ ਮੰਗ ਕੀਤੀ ਹੈ। ਜੀ.ਐਸ.ਸੀ. ਨੇ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਨੂੰ ਸ਼ਕਤੀਆਂ ਦੇਣ ਲਈ ਵੀ ਕਾਨੂੰਨ ਵਿਚ ਸੋਧ ਕਰਨ ਦੀ ਮੰਗ ਕੀਤੀ। ਕੌਂਸਲ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਸੂਬਾ ਅਤੇ ਕੇਂਦਰ ਸਰਕਾਰ ਅੱਗੇ ਲੋੜੀਂਦੀਆਂ ਤਜਵੀਜ਼ਾਂ ਪੇਸ਼ ਕਰਕੇ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨ ਲਈ ਯਤਨ ਕਰੇ।

### ਜਗੀਰ ਕੌਰ ਤੇ ਢੀਂਡਸਾ ਵੱਲੋਂ ਅਹੁਦਿਆਂ ਤੋਂ ਅਸਤੀਫੇ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਨਾਰਾਜ਼ ਧੜੇ ਵਿਚ ਸ਼ਾਮਲ ਅਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਬੀਬੀ ਜਗੀਰ ਕੌਰ ਤੇ ਪਰਮਿੰਦਰ ਸਿੰਘ ਢੀਂਡਸਾ ਨੇ ਅਕਾਲ ਤਖ਼ਤ ਵਿਖੇ ਆਪਣਾ ਸਪੱਸ਼ਟੀਕਰਨ ਦੇਣ ਤੋਂ ਪਹਿਲਾਂ ਪਾਰਟੀ ਵਿਚ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਬੀਬੀ ਜਗੀਰ ਕੌਰ ਅਤੇ ਪਰਮਿੰਦਰ ਸਿੰਘ ਢੀਂਡਸਾ ਦੋਵੇਂ ਉਨ੍ਹਾਂ ਸਾਬਕਾ ਅਕਾਲੀ ਮੰਤਰੀਆਂ ਦੀ ਸੂਚੀ ਵਿਚ ਸ਼ਾਮਲ ਹਨ ਜਿਨ੍ਹਾਂ ਨੂੰ ਅਕਾਲ ਤਖ਼ਤ ਵੱਲੋਂ 15 ਦਿਨਾਂ ਵਿਚ ਆਪਣਾ ਸਪਸ਼ਟੀਕਰਨ ਦੇਣ ਦਾ ਹੁਕਮ ਦਿੱਤਾ ਗਿਆ ਸੀ। ਜਾਣਕਾਰੀ ਮੁਤਾਬਕ ਬੀਬੀ ਜਗੀਰ ਕੌਰ ਅਤੇ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਆਪੋ ਆਪਣੇ ਅਹੁਦਿਆਂ ਤੋਂ ਅਸਤੀਫਾ ਦੇਣ ਸਬੰਧੀ ਪੱਤਰ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੂੰ ਭੇਜੇ ਗਏ ਹਨ।

## ਗੁਰਦੁਆਰੇ ਦੇ ਲੰਗਰ ਹਾਲ ਦਾ ਲੈਂਟਰ ਡਿੱਗਿਆ; 15 ਜ਼ਖ਼ਮੀ

**ਤਰਨ ਤਾਰਨ:** ਇੱਥੇ ਪਿੰਡ ਸੰਗਤਪੁਰ ਦੇ ਗੁਰਦੁਆਰਾ ਬਾਬਾ ਦਰਸ਼ਨ ਦਾਸ ਦੇ ਲੰਗਰ ਹਾਲ ਦੀ ਇਮਾਰਤ ਦਾ ਪਾਇਆ ਜਾ ਰਿਹਾ ਲੈਂਟਰ ਅਚਾਨਕ ਡਿੱਗ ਗਿਆ। ਇਸ ਹਾਦਸੇ ਦੌਰਾਨ 15 ਦੇ ਕਰੀਬ ਸ਼ਰਧਾਲੂ ਜ਼ਖ਼ਮੀ ਹੋ ਗਏ ਹਨ। ਸੰਪਰਦਾ ਦੇ ਸੇਵਾਦਾਰ ਗੁਰਵਿੰਦਰ ਸਿੰਘ ਸੰਗਤਪੁਰ ਨੇ ਦੱਸਿਆ ਕਿ ਮਲਬੇ ਹੇਠੋਂ ਕੱਢ ਕੇ ਜ਼ਖ਼ਮੀਆਂ ਨੂੰ ਹਸਪਤਾਲਾਂ 'ਚ ਭਰਤੀ ਕਰਵਾਇਆ ਗਿਆ ਹੈ। ਇਸ ਹਾਦਸੇ 'ਚ ਜਾਨੀ ਨੁਕਸਾਨ ਤੋਂ ਬਚਾਅ ਰਿਹਾ।

ਪਿੰਡ ਸੰਗਤਪੁਰ ਦੇ ਕੁਲਵੰਤ ਸਿੰਘ (65), ਭੁਪਿੰਦਰ ਸਿੰਘ (50), ਲਖਵਿੰਦਰ ਸਿੰਘ (40), ਜੁਗਰਾਜ ਸਿੰਘ (20), ਸਤਨਾਮ ਸਿੰਘ (35) ਅਤੇ ਅੰਮ੍ਰਿਤਪਾਲ ਸਿੰਘ (30) ਨੂੰ ਤਰਨ ਤਾਰਨ ਦੇ ਇਕ ਨਿੱਜੀ ਹਸਪਤਾਲ ਵਿਚ ਦਾਖ਼ਲ ਕਰਾਇਆ ਗਿਆ ਹੈ,



ਜਦ ਕਿ 7 ਮਰੀਜ਼ ਤਰਨ ਤਾਰਨ ਦੇ ਸਿਵਲ ਹਸਪਤਾਲ 'ਚ ਦਾਖ਼ਲ ਹਨ। ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਆਪਣੇ ਸਾਥੀ ਅਧਿਕਾਰੀਆਂ ਨਾਲ ਸੰਗਤਪੁਰ ਜਾ ਕੇ ਮੌਕੇ ਦਾ ਦੌਰਾ ਕੀਤਾ।

### ਕੌਮੀ ਇਨਸਾਫ਼ ਮੋਰਚੇ ਨੇ ਬੰਦੀ ਸਿੰਘਾਂ ਦੀ ਰਿਹਾਈ ਸਣੇ ਹੋਰ ਮਸਲੇ ਵਿਚਾਰੇ

**ਫ਼ਤਹਿਗੜ੍ਹ ਸਾਹਿਬ:** ਕੌਮੀ ਇਨਸਾਫ਼ ਮੋਰਚੇ ਦੀ ਇਕੱਤਰਤਾ ਮਾਤਾ ਗੁਜਰੀ ਕਮੇਟੀ ਹਾਲ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਵਿਚ ਪਾਲ ਸਿੰਘ ਫਰਾਂਸ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਬੰਦੀ ਸਿੰਘਾਂ ਦੀ ਰਿਹਾਈ, ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਲਈ ਸਖ਼ਤ ਕਾਨੂੰਨ ਬਣਾਉਣ ਅਤੇ ਪੰਜਾਬ ਵਿਚੋਂ ਨਸ਼ਿਆਂ ਦੇ ਖ਼ਾਤਮੇ ਸਬੰਧੀ ਚਰਚਾ ਹੋਈ।

ਇਸ ਸਬੰਧੀ ਜਸਵੰਤ ਸਿੰਘ ਸਿੱਧੂਪੁਰ ਤੇ ਅਮਰਪ੍ਰੀਤ ਸਿੰਘ ਪੰਜਕੋਹਾ ਨੇ ਦੱਸਿਆ ਕਿ 14 ਸਤੰਬਰ ਨੂੰ ਸਵੇਰੇ 10 ਵਜੇ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਫ਼ਤਹਿਗੜ੍ਹ ਸਾਹਿਬ ਤੋਂ ਲੈ ਕੇ ਪੈਦਲ ਮਾਰਚ ਕੀਤਾ ਜਾਵੇਗਾ। ਉਨ੍ਹਾਂ ਸੰਗਤ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ।

## ਸ਼੍ਰੋਮਣੀ ਕਮੇਟੀ ਚੋਣਾਂ ਵਿਚ ਪੰਥਕ ਉਮੀਦਵਾਰਾਂ ਦੀ ਚੋਣ ਕਰਨੀ ਜ਼ਰੂਰੀ: ਸਰਬਜੀਤ ਸਿੰਘ ਖਾਲਸਾ

**ਪਾਇਲ:** ਇੱਥੇ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਅਤੇ ਪੰਥਕ ਉਮੀਦਵਾਰਾਂ ਦੀ ਚੋਣ ਕਰਨ ਸਬੰਧੀ ਭਾਈ ਸੰਦੀਪ ਸਿੰਘ ਰੁਪਾਲੋਂ ਦੀ ਅਗਵਾਈ ਹੇਠ ਇਕੱਤਰਤਾ ਹੋਈ ਜਿਸ ਵਿਚ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਖਾਲਸਾ ਵਿਸ਼ੇਸ਼ ਤੌਰ 'ਤੇ ਪੁੱਜੇ।

ਸ. ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ ਦੁਨੀਆ ਭਰ ਦੇ ਸਿੱਖਾਂ ਦਾ ਵਿਸ਼ਵਾਸ ਮੌਜੂਦਾ ਨਕਾਰਾ ਹੋ ਚੁੱਕੀ ਰਵਾਇਤੀ ਪੰਥਕ ਲੀਡਰਸ਼ਿਪ ਤੋਂ ਬਿਲਕੁੱਲ ਉੱਠ ਚੁੱਕਾ ਹੈ ਕਿਉਂਕਿ ਇਹ ਲੀਡਰਸ਼ਿਪ ਪੰਜਾਬ, ਪੰਜਾਬੀਅਤ ਤੇ ਸਿੱਖਾਂ ਦੇ ਹਿੱਤਾਂ ਦੀ ਪਹਿਰੇਦਾਰੀ ਕਰਨ ਵਿਚ ਨਾਕਾਮ ਹੋ ਗਈ ਹੈ। ਬੇਸ਼ੁਮਾਰ ਕੁਰਬਾਨੀਆਂ ਨਾਲ ਤਿਆਰ ਕੀਤੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਦੀ ਸਾਖ ਨੂੰ ਖੋਰਾ ਲੱਗਾ ਹੈ, ਸਾਨੂੰ ਪੰਥਕ ਤੌਰ ਉਤੇ ਵੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ।




ਸ. ਤਰਸੇਮ ਸਿੰਘ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਇੱਕੋ-ਇੱਕ ਧਾਰਮਿਕ ਸੰਸਥਾ ਹੈ ਜਿਸ ਦੇ ਪ੍ਰਬੰਧਾਂ ਵਿਚ ਗਿਰਾਵਟ ਆਈ ਹੈ। ਕੁਰਬਾਨੀਆਂ ਨਾਲ ਜਥੇਬੰਦ ਸ਼੍ਰੋਮਣੀ ਅਕਾਲੀ ਦਲ ਵਿਚ ਵੀ ਅੱਜ ਪੰਥ ਵਿਰੋਧੀ ਤਾਕਤਾਂ ਦਾ ਬੋਲਬਾਲਾ ਹੈ। ਪੰਥ ਵਿਰੋਧੀ ਗਤੀਵਿਧੀਆਂ ਦੇ ਦੋਸ਼ ਵਿਚ ਅਕਾਲੀ ਦਲ ਦੇ ਪ੍ਰਧਾਨ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਹੋਵੇ, ਇਸ ਤੋਂ ਮਾੜੀ ਗੱਲ ਕੀ ਹੋ ਸਕਦੀ ਹੈ।

ਇਸ ਮੌਕੇ ਸ਼ਹੀਦ ਭਾਈ ਸਤਵੰਤ ਸਿੰਘ ਦੇ ਭਤੀਜੇ ਸੁਖਵਿੰਦਰ ਸਿੰਘ ਅਗਵਾਨ ਨੇ ਸੰਬੋਧਨ ਕੀਤਾ। ਭਾਈ ਸੰਦੀਪ ਸਿੰਘ ਰੁਪਾਲੋਂ ਨੇ ਇਸ ਮੌਕੇ ਪਹੁੰਚੀ ਸੰਗਤ ਦਾ ਵਿਸ਼ੇਸ਼ ਧੰਨਵਾਦ ਕੀਤਾ।

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਗੋਇੰਦਵਾਲ ਸਾਹਿਬ ਤੱਕ ਸਜਾਇਆ ਨਗਰ ਕੀਰਤਨ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦੇ 450 ਸਾਲਾ ਜੋਤੀ ਜੋਤ ਦਿਵਸ ਅਤੇ ਸ੍ਰੀ ਗੁਰੂ ਰਾਮ ਦਾਸ ਜੀ ਦੇ 450 ਸਾਲਾ ਗੁਰਤਾ ਗੱਦੀ ਦਿਵਸ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਆਰੰਭ ਕੀਤਾ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆ ਤੇ ਪੰਜ ਨਿਸ਼ਾਨਚੀ ਸਿੰਘਾਂ ਦੀ ਅਗਵਾਈ 'ਚ ਸ਼ੁਰੂ ਹੋਇਆ ਇਹ ਵਿਸ਼ਾਲ ਨਗਰ ਕੀਰਤਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸ਼ੁਰੂ ਹੋ ਕੇ ਗੜ੍ਹਸ਼ੰਕਰ, ਬੰਗਾ, ਜਲੰਧਰ, ਕਪੂਰਥਲਾ ਹੁੰਦਾ ਹੋਇਆ ਦੇਰ ਸ਼ਾਮ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਪੁੱਜ ਕੇ ਸੰਪੰਨ ਹੋਵੇਗਾ। ਨਗਰ ਕੀਰਤਨ ਦੀ ਸ਼ੁਰੂਆਤ ਮੌਕੇ ਆਰੰਭਤਾ ਦੀ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਵੱਲੋਂ ਕੀਤੀ ਗਈ। ਇਸ ਮੌਕੇ ਸਥਾਨਕ ਖਾਲਸਾ ਸੀਨੀਅਰ ਸਕੈਂਡਰੀ ਸਕੂਲ ਦੇ ਵਿਦਿਆਰਥੀਆਂ ਦੀ ਟੁਕੜੀ ਵੱਲੋਂ ਬੈਂਡ ਦੀਆਂ ਮਨਮੋਹਕ ਧੁਨਾਂ ਵਜਾਈਆਂ ਗਈਆਂ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹਜ਼ੂਰੀ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ। ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਕਿਹਾ ਕੇ ਸ਼੍ਰੋਮਣੀ ਕਮੇਟੀ ਵੱਲੋਂ ਵੱਡੇ ਪੱਧਰ 'ਤੇ ਸ਼ਤਾਬਦੀ ਸਮਾਗਮ ਉਲੀਕੇ ਗਏ ਹਨ ਤੇ ਉਸੇ ਤਹਿਤ ਇਹ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕੇ ਵੱਧ ਵੱਧ ਸੰਗਤ ਇਨ੍ਹਾਂ ਸਮਾਗਮਾਂ 'ਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੇ।

# ਮੌਨਸੂਨ ਸੈਸ਼ਨ: ਹਾਕਮ ਧਿਰ ਨੂੰ ਆਪਣੇ ਹੀ ਵਿਧਾਇਕਾਂ ਨੇ ਘੇਰਾ ਪਾਈ ਰੱਖਿਆ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਖ਼ਤਮ ਹੋਏ ਮੌਨਸੂਨ ਸੈਸ਼ਨ 'ਚ ਐਤਕੀਂ ਆਪਣੇ ਗਰਮ ਅਤੇ ਵਿਰੋਧੀ ਵਿਧਾਇਕ ਨਰਮ ਨਜ਼ਰ ਆਏ। ਤਿੰਨ ਦਿਨਾ ਇਜਲਾਸ 'ਚ ਹਾਕਮ ਧਿਰ ਨੂੰ ਆਪਣੇ ਵਿਧਾਇਕਾਂ ਨੇ ਹੀ ਘੇਰਿਆ, ਜਦੋਂਕਿ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਹੱਲਾ ਗੁੱਲਾ ਕਰਨ ਤੋਂ ਪਾਸਾ ਵੱਟਿਆ। ਮੌਨਸੂਨ ਇਜਲਾਸ 'ਚ ਨਾ ਕੋਈ ਨਾਅਰੇਬਾਜ਼ੀ ਹੋਈ ਅਤੇ ਨਾ ਹੀ ਵਾਕਆਊਟ ਹੋਇਆ। ਤਿੰਨੋਂ ਦਿਨ ਸਿਆਸੀ ਝੜਪਾਂ ਤੋਂ ਵੀ ਬਚਾਅ ਰਿਹਾ।

ਮੌਨਸੂਨ ਇਜਲਾਸ ਵਿਚ ਸਭ ਤੋਂ ਅਹਿਮ ਬਿੱਲ 'ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਬਿੱਲ 2024' ਰਿਹਾ, ਜਿਸ ਦੇ ਪਾਸ ਹੋਣ ਨਾਲ ਪੰਜਾਬ ਦੇ 500 ਵਰਗ ਗਜ਼ ਤੱਕ ਦੇ ਪਲਾਟ ਮਾਲਕਾਂ ਨੂੰ ਰਜਿਸਟਰੀ ਲਈ ਐਨ.ਓ.ਸੀ. ਤੋਂ ਛੋਟ ਦਿੱਤੀ ਗਈ। ਮੁੱਖ ਮੰਤਰੀ ਭਗਵੰਤ ਮਾਨ ਇਸ ਸੈਸ਼ਨ ਵਿਚ ਵੱਖਰੇ ਲਹਿਜ਼ੇ ਵਿਚ ਦਿਖੇ, ਜਿਨ੍ਹਾਂ ਨੇ ਵਿਰੋਧੀ ਧਿਰ ਪ੍ਰਤੀ ਮੋਹ ਦਿਖਾਇਆ ਅਤੇ ਹਮਲਾਵਰ ਰੁਖ਼ ਤੋਂ ਗੁਰੇਜ਼ ਕੀਤਾ। ਮੁੱਖ ਮੰਤਰੀ ਨੇ ਵਿਰੋਧੀ ਵਿਧਾਇਕ ਪਰਗਟ ਸਿੰਘ ਨੂੰ 'ਭਾਅ ਜੀ' ਆਖ ਕੇ ਸੰਬੋਧਨ ਕੀਤਾ ਅਤੇ ਮਨਪ੍ਰੀਤ ਸਿੰਘ ਇਆਲੀ ਦੇ ਰੀਅਲ ਅਸਟੇਟ ਦੇ ਸਾਫ਼ ਸੁਥਰੇ ਕਾਰੋਬਾਰ ਦੀ ਤਾਰੀਫ਼ ਕੀਤੀ।



ਦੂਜੇ ਪਾਸੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਨਰਮ ਗੋਸ਼ਾ ਰੱਖਿਆ। ਵਿਅਕਤੀਗਤ ਤੌਰ 'ਤੇ ਦੇਖੀਏ ਤਾਂ ਤਿੰਨ ਦਿਨਾਂ ਦੇ ਸੈਸ਼ਨ ਦੌਰਾਨ ਸਭ ਤੋਂ ਵੱਧ ਚਰਚਾ ਜ਼ਿਲ੍ਹਾ ਫ਼ਰੀਦਕੋਟ ਦੇ ਏ.ਐਸ.ਆਈ. ਬੋਹੜ ਸਿੰਘ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਹੋਈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਇਕ ਵੱਖਰੇ ਰੰਗ ਵਿਚ ਨਜ਼ਰ ਆਏ, ਜਿਨ੍ਹਾਂ ਨੇ ਥਾਣਾ ਸਿਟੀ ਕੋਟਕਪੂਰਾ 'ਚ ਏ.ਐਸ.ਆਈ. ਬੋਹੜ ਸਿੰਘ 'ਤੇ ਦਰਜ ਕੇਸ ਦੇ ਹਵਾਲੇ ਦੇ ਕੇ ਇਸ ਮਾਮਲੇ 'ਚ ਡੀ.ਜੀ.ਪੀ. ਤੋਂ ਰਿਪੋਰਟ ਤਲਬ ਕਰਨ ਲਈ ਹਾਊਸ ਦੀ ਸਹਿਮਤੀ ਲਈ। ਪੰਜਾਬ ਵਿਧਾਨ ਸਭਾ ਦੇ ਰਾਜਸੀ ਇਤਿਹਾਸ 'ਚ ਇਹ ਟਾਂਵਾਂ ਮੌਕਾ ਹੋਵੇਗਾ ਕਿ ਜਦੋਂ ਕਿਸੇ ਸਪੀਕਰ ਨੇ ਖ਼ੁਦ ਹੀ ਆਪਣੀ ਸਰਕਾਰ ਦੀ ਘੇਰਾਬੰਦੀ ਕੀਤੀ ਹੋਵੇ। ਕੁਰੱਪਸ਼ਨ ਦੇ ਮੁੱਦੇ ਨੂੰ ਲੈ ਕੇ ਸਪੀਕਰ ਨੇ ਬੋਹੜ ਸਿੰਘ ਨੂੰ ਨਿਸ਼ਾਨੇ 'ਤੇ ਲਿਆ। ਹਰਿਆਣਾ ਚੋਣਾਂ ਦਾ ਪਰਛਾਵਾਂ ਵੀ ਸਦਨ ਵਿਚ ਦੇਖਣ ਨੂੰ ਮਿਲਿਆ। ਹਰਿਆਣਾ ਵਿਚ 'ਆਪ' ਤੇ ਕਾਂਗਰਸ 'ਚ ਸਮਝੌਤੇ ਦੀ ਗੱਲ ਚੱਲ ਰਹੀ ਹੈ, ਜਿਸ ਕਰਕੇ 'ਆਪ' ਅਤੇ ਕਾਂਗਰਸ ਨੇ ਸੈਸ਼ਨ ਦੌਰਾਨ ਚੁੱਪ 'ਚ ਭਲੀ ਸਮਝੀ। ਸੈਸ਼ਨ ਦੌਰਾਨ ਪੰਜਾਬ ਪੁਲਿਸ ਪੂਰੀ ਤਰ੍ਹਾਂ ਕਟਹਿਰੇ ਵਿਚ ਰਹੀ। ਪੁਲਿਸ ਵਿਚਲੀਆਂ ਕਾਲੀਆਂ ਭੇਡਾਂ ਨੂੰ ਲੈ ਕੇ ਪੁਲਿਸ 'ਤੇ ਤਵੇ ਲੱਗਦੇ ਰਹੇ। ਸਭ ਤੋਂ ਅਹਿਮ ਗੱਲ ਰਹੀ ਕਿ ਆਪਣੀ ਹੀ ਸਰਕਾਰ 'ਤੇ ਅੰਦਰੋਂ ਅੰਦਰੀਂ ਉਂਗਲ ਉਠਾਉਣ ਵਾਲੇ 'ਆਪ' ਵਿਧਾਇਕਾਂ ਨੂੰ ਸਦਨ ਵਿਚ ਖੁੱਲ੍ਹਾ ਸਮਾਂ ਮਿਲਿਆ। ਸੜਕਾਂ ਦਾ ਮੁੱਦਾ ਵੀ ਕੇਂਦਰੀ ਰੂਪ ਵਿਚ ਉੱਭਰਿਆ। ਬੇਅਦਬੀਆਂ ਦਾ ਮੁੱਦਾ ਕੁੰਵਰ ਵਿਜੇ ਪ੍ਰਤਾਪ ਸਿੰਘ ਉਠਾਉਣ ਵਿਚ ਕਾਮਯਾਬ ਰਹੇ।

ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਪਹਿਲੇ ਅਜਿਹੇ ਵਿਧਾਇਕ ਬਣੇ, ਜਿਨ੍ਹਾਂ ਨੂੰ ਤਿੰਨ ਦਿਨਾ ਇਜਲਾਸ ਦੇ ਪਹਿਲੇ ਦਿਨ ਹੀ ਸਭ ਤੋਂ ਪਹਿਲਾਂ ਬੋਲਣ ਦਾ ਮੌਕਾ ਮਿਲਿਆ, ਜਦੋਂਕਿ ਪਿਛਲੇ ਸੈਸ਼ਨਾਂ ਵਿਚ ਉਹ ਸੋਕਾ ਝੱਲਦੇ ਰਹੇ ਹਨ। ਸਦਨ ਅੰਦਰ ਖਹਿਰਾ ਦੇ ਤੇਵਰ ਐਤਕੀਂ ਠੰਢੇ ਰਹੇ।

## ਗਲੋਬਲ ਵੇਅ ਇਮੀਗ੍ਰੇਸ਼ਨ ਦੇ ਮਾਲਕ ਭੈਣ-ਭਰਾ ਗ੍ਰਿਫ਼ਤਾਰ

**ਲੁਧਿਆਣਾ:** ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਦੇ ਦੋਸ਼ ਹੇਠ ਗਲੋਬਲ ਵੇਅ ਇਮੀਗ੍ਰੇਸ਼ਨ ਦੇ ਮਾਲਕ ਭੈਣ-ਭਰਾ ਨੂੰ ਗ੍ਰਿਫਤਾਰ ਕਰ ਲਿਆ ਹੈ। ਕੁਝ ਦਿਨ ਪਹਿਲਾਂ ਕਈ ਪੀੜਤਾਂ ਨੇ ਇਸ ਇਮੀਗ੍ਰੇਸ਼ਨ ਕੰਪਨੀ ਖ਼ਿਲਾਫ਼ ਮੋਰਚਾ ਖੋਲ੍ਹਿਆ ਸੀ। ਧੂਰੀ ਇਲਾਕੇ ਦੇ ਰਹਿਣ ਵਾਲੇ ਜੋੜੇ ਨੇ ਕੰਪਨੀ ਮਾਲਕਾਂ ਖ਼ਿਲਾਫ਼ ਟੈਂਕੀ 'ਤੇ ਚੜ੍ਹ ਕੇ ਪ੍ਰਦਰਸ਼ਨ ਕੀਤਾ ਸੀ, ਜਿਸ ਤੋਂ ਬਾਅਦ ਪੁਲੀਸ ਨੇ ਮਾਲਕਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਪੁਲਿਸ ਨੇ ਦੋਵਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਦੇ ਕੋਲੋਂ 1.07 ਕਰੋੜ ਰੁਪਏ ਬਰਾਮਦ ਕੀਤੇ ਹਨ। ਮੁਲਜ਼ਮਾਂ ਦੀ ਪਛਾਣ ਗਲੋਬਲ ਵੇਅ ਇਮੀਗ੍ਰੇਸ਼ਨ ਦੇ ਮਾਲਕ ਅਮਿਤ ਮਲਹੋਤਰਾ ਅਤੇ ਵੀਨੂ ਮਲਹੋਤਰਾ ਵਜੋਂ ਹੋਈ ਹੈ। ਪੁਲਿਸ ਉਨ੍ਹਾਂ ਤੋਂ ਪੁੱਛ-ਪੜਤਾਲ ਕਰ ਰਹੀ ਹੈ। ਏ.ਡੀ.ਸੀ.ਪੀ. ਸ਼ੁਭਮ ਅਗਰਵਾਲ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਸੂਬੇ ਦੇ ਵੱਖ-ਵੱਖ ਇਲਾਕਿਆਂ 'ਚ ਪੀੜਤਾਂ ਨੇ ਗਲੋਬਲ ਵੇਅ ਇਮੀਗ੍ਰੇਸ਼ਨ ਖ਼ਿਲਾਫ਼ ਪ੍ਰਦਰਸ਼ਨ ਕੀਤਾ ਸੀ। ਜਾਣਕਾਰੀ ਅਨੁਸਾਰ ਉਹ ਵਿਦੇਸ਼ ਭੇਜਣ ਦੇ ਨਾਂ 'ਤੇ ਲੋਕਾਂ ਨੂੰ ਠੱਗਦੇ ਸਨ ਅਤੇ ਉਨ੍ਹਾਂ ਨੂੰ ਇਹ ਧੋਖਾ ਦਿੰਦੇ ਸਨ ਕਿ ਫਾਈਲ ਜਮ੍ਹਾਂ ਕਰਵਾ ਕੇ ਵੀਜ਼ਾ ਲਗਵਾਉਣ ਤੋਂ ਬਾਅਦ ਹੀ ਉਹ ਪੂਰੀ ਰਕਮ ਲੈਣਗੇ, ਜਦੋਂ ਮੁਲਜ਼ਮ ਫਾਈਲ ਬਣਾ ਕੇ ਲੋਕਾਂ ਵਿਚ ਇਹ ਡਰ ਪੈਦਾ ਕਰਦੇ ਸਨ ਕਿ ਉਨ੍ਹਾਂ ਦੀ ਫਾਈਲ ਰੱਦ ਹੋ ਸਕਦੀ ਹੈ। ਇਸ ਤਰ੍ਹਾਂ ਮੁਲਜ਼ਮ ਲੋਕਾਂ ਤੋਂ ਲੱਖਾਂ ਰੁਪਏ ਠੱਗ ਲੈਂਦੇ ਸਨ। ਪੁਲਿਸ ਨੇ ਦੱਸਿਆ ਕਿ ਮੁਲਜ਼ਮਾਂ ਨੇ ਕਈ ਵਿਅਕਤੀਆਂ ਨਾਲ ਕਰੋੜਾਂ ਰੁਪਏ ਦੀ ਠੱਗੀ ਮਾਰੀ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਜਾਂਚ ਦੌਰਾਨ ਮੁਲਜ਼ਮਾਂ ਕੋਲੋਂ 1 ਕਰੋੜ 7 ਲੱਖ ਰੁਪਏ ਨਕਦੀ ਵੀ ਬਰਾਮਦ ਕੀਤੀ ਗਈ ਹੈ।

# ਪੰਜਾਬ ਵਿਧਾਨ ਸਭਾ ਵਿਚ ਗਿਰਦਾਵਰੀ ਸਿਸਟਮ ਦੇ ਖ਼ਾਤਮੇ ਦੀ ਗੂੰਜ

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੇ ਆਖਰੀ ਦਿਨ ਪ੍ਰਸ਼ਨ ਕਾਲ ਦੌਰਾਨ ਪੰਜਾਬ 'ਚ ਗਿਰਦਾਵਰੀ ਸਿਸਟਮ ਨੂੰ ਖ਼ਤਮ ਕੀਤੇ ਜਾਣ ਦੀ ਮੰਗ ਉੱਠੀ। ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਵੱਲੋਂ ਪੁੱਛੇ ਸੁਆਲ ਦੇ ਜੁਆਬ ਵਿਚ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਵਿਚ ਬਕਾਇਆ ਇੰਤਕਾਲਾਂ ਨੂੰ ਨਿਬੇੜਿਆ ਜਾ ਰਿਹਾ ਹੈ ਪਰ ਉਨ੍ਹਾਂ 'ਗਿਰਦਾਵਰੀ ਸਿਸਟਮ' ਖ਼ਤਮ ਕੀਤੇ ਜਾਣ 'ਤੇ ਕੋਈ ਹੁੰਗਾਰਾ ਨਾ ਭਰਿਆ।

ਸ੍ਰੀ ਪਠਾਨਮਾਜਰਾ ਨੇ ਕਿਹਾ ਕਿ ਪੰਜਾਬ ਵਿਚ ਇੰਤਕਾਲ ਕੇਸ ਕਈ ਕਈ ਸਾਲਾਂ ਤੋਂ ਰੁਕੇ ਪਏ ਹਨ, ਜਿਸ ਕਰਕੇ ਲੋਕ ਪ੍ਰੇਸ਼ਾਨ ਹੋ ਰਹੇ ਹਨ। ਯੂਪੀ ਤੇ ਬਿਹਾਰ ਦਾ ਮਾਡਲ ਕਾਫ਼ੀ ਚੰਗਾ ਹੈ ਅਤੇ ਮੱਧ ਪ੍ਰਦੇਸ਼ ਤੇ ਯੂਪੀ ਵਿਚ ਗਿਰਦਾਵਰੀ ਸਿਸਟਮ ਨਹੀਂ ਹੈ, ਜਿਸ ਕਰਕੇ ਪੰਜਾਬ ਨੂੰ ਵੀ ਇਹ ਸਿਸਟਮ ਖ਼ਤਮ ਕਰਨਾ ਚਾਹੀਦਾ ਹੈ। ਮਾਲ ਮੰਤਰੀ ਨੇ ਕਿਹਾ ਕਿ ਮਹਿਕਮੇ ਨੇ ਦੋ ਦਿਨਾਂ ਵਿਚ ਮੁਹਿੰਮ ਚਲਾ ਕੇ 85 ਹਜ਼ਾਰ ਇੰਤਕਾਲਾਂ ਦਾ ਨਿਪਟਾਰਾ ਕੀਤਾ ਹੈ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਮਾਲ ਮਹਿਕਮੇ ਦੇ ਜਿਸ ਕਿਸੇ ਸੂਬੇ ਵਿਚ ਚੰਗੇ ਮਾਡਲ ਹਨ, ਉਨ੍ਹਾਂ ਦੀ ਜਾਣਕਾਰੀ ਲੈ ਕੇ ਅਪਣਾ ਲੈਣਾ ਚਾਹੀਦਾ ਹੈ। ਬਠਿੰਡਾ ਤੋਂ ਵਿਧਾਇਕ ਜਗਰੂਪ ਗਿੱਲ ਦੇ ਸੁਆਲ ਦੇ ਜੁਆਬ ਵਿਚ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਬਠਿੰਡਾ ਤੋਂ ਦਿੱਲੀ ਹਵਾਈ ਅੱਡੇ ਤੱਕ ਵੋਲਵੋ ਬੱਸ ਚਲਾਏ ਜਾਣ ਦੀ ਕੋਈ ਤਜਵੀਜ਼ ਨਹੀਂ ਹੈ।

ਵਿਧਾਇਕ ਮਨਵਿੰਦਰ ਸਿੰਘ ਗਿਆਸਪੁਰਾ ਦੇ ਸੁਆਲ ਦੇ ਜੁਆਬ ਵਿਚ ਖ਼ੁਰਾਕ ਤੇ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਰਾਸ਼ਨ ਕਾਰਡਾਂ ਵਿਚ ਨਵੇਂ ਮੈਂਬਰਾਂ ਨੂੰ ਸ਼ਾਮਲ ਇਸ ਕਰਕੇ ਨਹੀਂ ਕੀਤਾ ਜਾ ਸਕਦਾ ਕਿਉਂਕਿ ਕੇਂਦਰ ਸਰਕਾਰ ਨੇ ਪੰਜਾਬ ਨੂੰ 1.39 ਕਰੋੜ ਲਾਭਪਾਤਰੀਆਂ ਦਾ ਹੀ ਅਨਾਜ ਦਾ ਕੋਟਾ ਤੈਅ ਕੀਤਾ ਹੈ। ਪਹਿਲਾਂ ਹੀ ਪੰਜਾਬ ਵਿਚ 18 ਲੱਖ ਲਾਭਪਾਤਰੀ ਕੇਂਦਰੀ ਕੋਟੇ ਤੋਂ ਜ਼ਿਆਦਾ ਲਾਭ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਲਾਭਪਾਤਰੀਆਂ ਦਾ ਕੋਟਾ ਵਧਾਏ ਜਾਣ ਬਾਰੇ ਲਿਖ ਰਹੇ ਹਾਂ।

### ਸੜਕਾਂ ਦੇ ਖਸਤਾ ਹਾਲ ਦਾ ਮੁੱਦਾ ਭਖਿਆ

**ਚੰਡੀਗੜ੍ਹ:** ਪ੍ਰਸ਼ਨ ਕਾਲ ਵਿਚ ਸੜਕਾਂ ਦੇ ਖਸਤਾ ਹਾਲ ਦੀ ਗੂੰਜ ਪੈਂਦੀ ਰਹੀ। ਪ੍ਰਿੰਸੀਪਲ ਬੁੱਧ ਰਾਮ ਨੇ ਆਪਣੇ ਹਲਕੇ ਵਿਚ ਪ੍ਰਧਾਨ ਮੰਤਰੀ ਸੜਕ ਯੋਜਨਾ ਤਹਿਤ ਬਣੀਆਂ ਸੜਕਾਂ ਵਿਚਲੇ ਖੱਡਿਆਂ ਦੀ ਗੱਲ ਕੀਤੀ ਤਾਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਦਿਹਾਤੀ ਵਿਕਾਸ ਫ਼ੰਡ ਰੋਕੇ ਜਾਣ ਕਰਕੇ ਸੜਕਾਂ ਦਾ ਨਵੀਨੀਕਰਨ ਨਹੀਂ ਹੋ ਸਕਿਆ ਹੈ। ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਵੀ ਆਪਣੇ ਹਲਕੇ ਦੀ ਇਕ ਸੜਕ ਦਾ ਮਾਮਲਾ ਉਠਾਇਆ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੇਂਦਰੀ ਫ਼ੰਡ ਰੋਕੇ ਜਾਣ ਦਾ ਕੋਈ ਬਦਲ ਲੱਭਿਆ ਜਾਵੇ।

# ਕੰਪਿਊਟਰ ਅਧਿਆਪਕਾਂ ਨੇ ਮਰਨ ਵਰਤ ਦੀ ਚਿਤਾਵਨੀ ਦਿੱਤੀ

**ਸੰਗਰੂਰ:** ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਰਾਜ ਭਰ ਦੇ ਕੰਪਿਊਟਰ ਅਧਿਆਪਕਾਂ ਵੱਲੋਂ ਇੱਥੇ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਦਿਨ-ਰਾਤ ਦਾ ਪੱਕਾ ਮੋਰਚਾ ਲਗਾ ਕੇ ਸ਼ੁਰੂ ਕੀਤੀ ਬੇਮਿਆਦੀ ਭੁੱਖ ਹੜਤਾਲ ਜਾਰੀ ਰਹੀ। ਕੰਪਿਊਟਰ ਅਧਿਆਪਕਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਪੰਜਾਬ ਸਰਕਾਰ ਨੇ ਆਪਣੇ ਵਾਅਦੇ ਅਨੁਸਾਰ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਭੁੱਖ ਹੜਤਾਲ ਨੂੰ ਮਰਨ ਵਰਤ ਵਿਚ ਤਬਦੀਲ ਕਰ ਦਿੱਤਾ ਜਾਵੇਗਾ।



ਕੰਪਿਊਟਰ ਅਧਿਆਪਕ ਯੂਨੀਅਨ ਦੇ ਸੂਬਾ ਆਗੂ ਜੌਨੀ ਸਿੰਗਲਾ ਬਠਿੰਡਾ ਭੁੱਖ ਹੜਤਾਲ 'ਤੇ ਬੈਠੇ, ਜਦੋਂ ਕਿ ਸਾਥੀ ਕੰਪਿਊਟਰ ਅਧਿਆਪਕ ਧਰਨੇ 'ਤੇ ਡਟੇ ਰਹੇ। ਇਨ੍ਹਾਂ ਆਗੂਆਂ ਨੇ ਮੰਗ ਕੀਤੀ ਕਿ ਸਾਲ 2011 ਵਿਚ ਉਨ੍ਹਾਂ ਨੂੰ ਮਿਲੇ ਰੈਗੂਲਰ ਆਰਡਰਾਂ ਅਨੁਸਾਰ ਉਨ੍ਹਾਂ ਦੇ ਸਾਰੇ ਬਣਦੇ ਹੱਕ ਬਹਾਲ ਕੀਤੇ ਜਾਣ, ਉਨ੍ਹਾਂ ਨੂੰ ਛੇਵੇਂ ਪੇਅ ਕਮਿਸ਼ਨ ਦਾ ਲਾਭ ਦਿੰਦਿਆਂ ਬਿਨਾਂ ਸ਼ਰਤ ਸਿੱਖਿਆ ਵਿਭਾਗ ਵਿਚ ਮਰਜ ਕੀਤਾ ਜਾਵੇ, ਜਿਨ੍ਹਾਂ ਕੰਪਿਊਟਰ ਅਧਿਆਪਕਾਂ ਦੀ ਪਿਛਲੇ ਸਮੇਂ ਦੌਰਾਨ ਕਿਸੇ ਵੀ ਕਾਰਨ ਮੌਤ ਹੋ ਚੁੱਕੀ ਹੈ, ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੂੰ ਬਣਦੀ ਵਿੱਤੀ ਸਹਾਇਤਾ ਦਿੰਦੇ ਹੋਏ ਸਰਕਾਰੀ ਨੌਕਰੀ ਦਿੱਤੀ ਜਾਵੇ।

### ਸਕੂਲਾਂ ਦੇ ਰਲੇਵੇਂ ਦੇ ਫ਼ੈਸਲੇ ਖ਼ਿਲਾਫ਼ ਧਰਨਾ

**ਫ਼ਤਹਿਗੜ੍ਹ ਸਾਹਿਬ:** ਡੈਮੋਕਰੈਟਿਕ ਟੀਚਰਜ਼ ਫਰੰਟ (ਡੀ.ਟੀ.ਐਫ.) ਨੇ ਪਾਇਲਟ ਪ੍ਰੋਜੈਕਟ ਤਹਿਤ ਸਕੂਲਾਂ ਦੇ ਰਲੇਵੇਂ ਦੇ ਫ਼ੈਸਲੇ ਖ਼ਿਲਾਫ਼ ਡਿਪਟੀ ਕਮਿਸ਼ਨਰ ਦਫ਼ਤਰ ਸਾਹਮਣੇ ਧਰਨਾ ਦਿੱਤਾ। ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਨੇ ਸਰਕਾਰ ਤੋਂ ਇਹ ਫ਼ੈਸਲਾ ਵਾਪਸ ਲੈਣ ਦੀ ਮੰਗ ਕੀਤੀ। ਅਧਿਆਪਕਾਂ ਨੇ ਪੁਲਿਸ ਰੋਕਾਂ ਨੂੰ ਤੋੜਦੇ ਹੋਏ ਦਫ਼ਤਰ ਦਾ ਘਿਰਾਓ ਵੀ ਕੀਤਾ। ਅਧਿਆਪਕ ਆਗੂਆਂ ਨੇ ਦੱਸਿਆ ਕਿ ਕੌਮੀ ਸਿੱਖਿਆ ਨਿਤੀ-2020 ਤਹਿਤ ਪਇਲਟ ਪ੍ਰੋਜੈਕਟ ਅਧੀਨ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਇਕੋ ਕੈਂਪਸ ਵਿਚ ਚੱਲਦੇ ਪ੍ਰਾਇਮਰੀ ਅਤੇ ਅਪਰ ਪ੍ਰਾਇਮਰੀ ਸਕੂਲਾਂ ਦੇ ਰਲੇਵੇਂ ਸਬੰਧੀ ਸਰਵੇਖਣ ਕਰਵਾਇਆ ਗਿਆ ਹੈ ਜੋ ਸਿੱਖਿਆ ਵਿਰੋਧੀ ਫ਼ੈਸਲਾ ਹੈ।

# ਮਨਪ੍ਰੀਤ ਬਾਦਲ ਤੇ ਲੰਗਾਹ ਨੇ ਅਕਾਲ ਤਖ਼ਤ 'ਤੇ ਆਪੋ-ਆਪਣੇ ਸਪੱਸ਼ਟੀਕਰਨ ਸੌਂਪੇ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਅੰਦਰੂਨੀ ਸੰਕਟ ਸਬੰਧੀ ਮਾਮਲਾ ਇਸ ਵੇਲੇ ਅਕਾਲ ਤਖਤ ਦੇ ਵਿਚਾਰਅਧੀਨ ਹੈ। ਇਸ ਸਬੰਧੀ ਦੋ ਸਾਬਕਾ ਅਕਾਲੀ ਮੰਤਰੀਆਂ ਮਨਪ੍ਰੀਤ ਸਿੰਘ ਬਾਦਲ ਤੇ ਸੁੱਚਾ ਸਿੰਘ ਲੰਗਾਹ ਨੇ ਆਪੋ-ਆਪਣਾ ਸਪੱਸ਼ਟੀਕਰਨ ਇੱਥੇ ਅਕਾਲ ਤਖ਼ਤ ਵਿਖੇ ਸੌਂਪ ਦਿੱਤਾ ਹੈ।



ਇਸ ਦੌਰਾਨ ਮਨਪ੍ਰੀਤ ਸਿੰਘ ਬਾਦਲ ਮੀਡੀਆ ਤੋਂ ਦੂਰ ਰਹੇ। ਉਹ ਅਕਾਲੀ ਸਰਕਾਰ ਵੇਲੇ 2007 ਵਿਚ ਸੂਬੇ ਦੇ ਵਿੱਤ ਮੰਤਰੀ ਸਨ ਪਰ ਬਾਅਦ ਵਿਚ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ। ਇਸ ਵੇਲੇ ਉਹ ਭਾਜਪਾ ਨਾਲ ਜੁੜੇ ਹੋਏ ਹਨ। ਇਸੇ ਤਰ੍ਹਾਂ ਸੁੱਚਾ ਸਿੰਘ ਲੰਗਾਹ ਨੇ ਵੀ ਆਪਣਾ ਸਪੱਸ਼ਟੀਕਰਨ ਪੱਤਰ ਅਕਾਲ ਤਖ਼ਤ ਸਕੱਤਰੇਤ ਵਿਖੇ ਸੌਂਪਿਆ। ਉਹ 2007 ਤੋਂ ਲੈ ਕੇ 2012 ਤੱਕ ਅਕਾਲੀ ਸਰਕਾਰ ਵੇਲੇ ਕੈਬਨਿਟ ਮੰਤਰੀ ਰਹੇ ਹਨ। ਵਿਵਾਦਪੂਰਨ ਵੀਡੀਓ ਕਾਰਨ ਉਨ੍ਹਾਂ ਨੂੰ ਪਾਰਟੀ ਤੋਂ ਬਾਹਰ ਕਰ ਦਿੱਤਾ ਗਿਆ ਸੀ ਪਰ ਉਨ੍ਹਾਂ ਆਪਣੀ ਭੁੱਲ ਚੁੱਕ ਦੀ ਗਲਤੀ ਮੰਨ ਲਈ ਹੈ। ਉਨ੍ਹਾਂ ਸਵੇਰੇ ਅਕਾਲ ਤਖਤ ਵਿਖੇ ਮੱਥਾ ਟੇਕਿਆ।

ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਤੋਂ ਜੋ ਵੀ ਆਦੇਸ਼ ਹੋਵੇਗਾ, ਉਸ ਨੂੰ ਖਿੜੇ ਮੱਥੇ ਪ੍ਰਵਾਨ ਕਰਨਗੇ। ਦੱਸਣਯੋਗ ਹੈ ਕਿ 30 ਅਗਸਤ ਨੂੰ ਅਕਾਲ ਤਖਤ ਤੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਇਹ ਮਾਮਲਾ ਵਿਚਾਰਿਆ ਗਿਆ ਸੀ, ਜਿਸ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਇਸ ਮਾਮਲੇ ਵਿਚ ਤਨਖਾਹੀਆ ਕਰਾਰ ਦਿੱਤਾ ਗਿਆ ਸੀ ਅਤੇ 2007 ਤੋਂ ਲੈ ਕੇ 2017 ਤੱਕ ਅਕਾਲੀ ਸਰਕਾਰ ਵਿਚ ਸਿੱਖ ਵਜ਼ੀਰ ਰਹੇ ਲਗਭਗ 17 ਸਾਬਕਾ ਮੰਤਰੀਆਂ ਨੂੰ 15 ਦਿਨਾਂ ਵਿਚ ਸਪੱਸ਼ਟੀਕਰਨ ਦੇਣ ਲਈ ਆਦੇਸ਼ ਦਿੱਤੇ ਗਏ ਸਨ। ਇਸ ਤਹਿਤ ਹੁਣ ਤੱਕ ਸੁਖਬੀਰ ਸਿੰਘ ਬਾਦਲ, ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ, ਗੁਲਜ਼ਾਰ ਸਿੰਘ ਰਣੀਕੇ, ਸ਼ਰਨਜੀਤ ਸਿੰਘ ਢਿੱਲੋਂ, ਹੀਰਾ ਸਿੰਘ ਗਾਬੜੀਆ ਤੇ ਬਿਕਰਮ ਸਿੰਘ ਮਜੀਠੀਆ ਆਪੋ-ਆਪਣਾ ਸਪੱਸ਼ਟੀਕਰਨ ਪੱਤਰ ਸੌਂਪ ਚੁੱਕੇ ਹਨ।

# ਫਿਰੋਜ਼ਪੁਰ ਤੀਹਰਾ ਕਤਲ ਕਾਂਡ ਦੇ 6 ਸ਼ੂਟਰ ਗ੍ਰਿਫ਼ਤਾਰ



**ਚੰਡੀਗੜ੍ਹ:** ਮਹਾਰਾਸ਼ਟਰ ਦੇ ਛਤਰਪਤੀ ਸ਼ੰਭਾਜੀ ਨਗਰ ਔਰੰਗਾਬਾਦ ਸਿਟੀ ਪੁਲਿਸ ਨੇ ਹਾਲ ਹੀ ਵਿਚ ਫਿਰੋਜ਼ਪੁਰ ਤੀਹਰੇ ਕਤਲ ਕਾਂਡ ਵਿਚ ਸ਼ਾਮਲ ਛੇ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਨੂੰ ਨਾਗਪੁਰ-ਮੁੰਬਈ ਸਮ੍ਰਿੱਧੀ ਸੁਪਰ ਐਕਸਪ੍ਰੈੱਸ ਵੇਅ 'ਤੇ ਭੱਜਣ ਦੀ ਕੋਸ਼ਿਸ਼ ਦੌਰਾਨ ਕਾਬੂ ਕੀਤਾ ਗਿਆ। ਪੁਲਿਸ ਕਮਿਸ਼ਨਰ ਪ੍ਰਵੀਨ ਪਵਾਰ ਨੇ ਪੁਸ਼ਟੀ ਕਰਦਿਆਂ ਕਿਹਾ ਕਿ ਸਿਟੀ ਪੁਲਿਸ ਨੇ ਸਫਲਤਾਪੂਰਵਕ ਕਾਰਵਾਈ ਕਰਦਿਆਂ ਡਰਾਈਵਰ ਸਮੇਤ ਕੁੱਲ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਸ਼ੂਟਰਾਂ ਦੀ ਪਛਾਣ ਰਵਿੰਦਰ ਸਿੰਘ ਉਰਫ ਰਵੀ, ਸੁਖਚੈਨ ਸਿੰਘ, ਅਕਸ਼ੈ ਕੁਮਾਰ ਉਰਫ ਬੱਚਾ, ਦਲੇਰ ਸਿੰਘ, ਗੁਰਪ੍ਰੀਤ ਸਿੰਘ ਅਤੇ ਪ੍ਰਿੰਸ ਸਾਰੇ ਵਾਸੀ ਪੰਜਾਬ ਵਜੋਂ ਹੋਈ ਹੈ। ਗੱਡੀ ਦੇ ਡਰਾਈਵਰ ਦੀ ਪਛਾਣ ਨਾਂਦੇੜ ਦੇ ਰਹਿਣ ਵਾਲੇ ਗਜੇਂਦਰ ਸ਼੍ਰੀਰਾਮ ਵਜੋਂ ਹੋਈ ਹੈ। ਜ਼ਿਕਰਯੋਗ ਹੈ ਕਿ ਫਿਰੋਜ਼ਪੁਰ ਵਿਚ ਵਾਪਰੀ ਵੱਡੀ ਘਟਨਾ ਵਿਚ ਮੰਗਲਵਾਰ ਦੁਪਹਿਰੇ ਗੁਰਦੁਆਰਾ ਸ੍ਰੀ ਅਕਾਲਗੜ੍ਹ ਸਾਹਿਬ ਨੇੜੇ ਹਮਲਾਵਰਾਂ ਨੇ 36 ਗੋਲੀਆਂ ਚਲਾਈਆਂ ਸੀ। ਇਸ ਹਮਲੇ ਵਿਚ ਜਸਪ੍ਰੀਤ ਕੌਰ (22) ਜਿਸ ਦਾ ਵਿਆਹ ਧਰਿਆ ਹੋਇਆ ਸੀ, ਉਸ ਦੇ ਚਚੇਰੇ ਭਰਾ ਦਿਲਦੀਪ ਸਿੰਘ (32) ਅਤੇ ਇਕ ਜਾਣਕਾਰ ਅਕਾਸ਼ਦੀਪ ਸਿੰਘ ਦੀ ਮੌਤ ਹੋ ਗਈ ਸੀ। ਇਸ ਉਪਰੰਤ ਪੁਲਿਸ ਵੱਲੋਂ ਹਮਲਾਵਰਾਂ ਦੀਆਂ ਤਸਵੀਰਾਂ ਜਾਰੀ ਕਰਦਿਆਂ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਸੀ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਮੁਲਤਾਨੀ ਮਾਮਲਾ: ਸੁਪਰੀਮ ਕੋਰਟ ਵੱਲੋਂ ਸੁਮੇਧ ਸੈਣੀ ਨੂੰ ਵੱਡਾ ਝਟਕਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 1991 ਵਿਚ ਜੂਨੀਅਰ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਦੇ ਗਾਇਬ ਹੋਣ ਅਤੇ ਉਸ ਦੀ ਹੱਤਿਆ ਹੋਣ ਸਬੰਧੀ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਖ਼ਿਲਾਫ਼ ਦਰਜ ਇਕ ਨਵੀਂ ਐਫ.ਆਈ.ਆਰ. ਰੱਦ ਕਰਨ ਤੋਂ ਇਨਕਾਰ ਕਰ ਦਿੱਤਾ। ਜਸਟਿਸ ਐਮ.ਐਮ. ਸੁੰਦਰੇਸ਼ ਅਤੇ ਜਸਟਿਸ ਪੰਕਜ ਮਿੱਥਲ ਦੇ ਬੈਂਚ ਨੇ ਕਿਹਾ ਕਿ ਮਾਮਲੇ ਵਿਚ ਦਾਖ਼ਲ ਕੀਤੇ ਜਾ ਰਹੇ ਇਕ ਦੋਸ਼ ਪੱਤਰ ਦੇ ਮੱਦੇਨਜ਼ਰ ਉਹ ਐਫ.ਆਈ.ਆਰ. ਵਿਚ ਦਖ਼ਲ ਨਹੀਂ ਦੇਣਾ ਚਾਹੇਗੀ। ਹਾਲਾਂਕਿ, ਸਿਖ਼ਰਲੀ ਅਦਾਲਤ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ 8 ਸਤੰਬਰ, 2020 ਦੇ ਫੈਸਲੇ ਵਿਚ ਦਰਜ ਟਿੱਪਣੀ ਅਤੇ ਨਤੀਜਾ ਹੇਠਲੀ ਅਦਾਲਤ ਵਿਚ ਕਾਰਵਾਈ ਦੇ ਰਾਹ 'ਚ ਨਹੀਂ ਆਉਣਗੇ।

ਸੈਣੀ ਵੱਲੋਂ ਪੇਸ਼ ਹੋਏ ਵਕੀਲ ਮੁਕੁਲ ਰੋਹਤਗੀ ਨੇ ਐਫ.ਆਈ.ਆਰ. ਰੱਦ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਕਥਿਤ ਘਟਨਾ ਤੋਂ ਕਈ ਸਾਲ ਬਾਅਦ 2020 ਵਿਚ ਸਿਆਸੀ ਕਾਰਨਾਂ ਕਰ ਕੇ ਦਰਜ ਕੀਤੀ ਗਈ ਸੀ। ਜਸਟਿਸ ਸੁੰਦਰੇਸ਼ ਨੇ ਕਿਹਾ ਕਿ ਮਾਮਲੇ ਵਿਚ ਦੋਸ਼ ਪੱਤਰ ਦਾਇਰ ਕੀਤਾ ਜਾ ਚੁੱਕਾ ਹੈ, ਇਸ ਵਾਸਤੇ ਅਦਾਲਤ ਇਸ ਪੱਧਰ 'ਤੇ ਐਫ.ਆਈ.ਆਰ. ਰੱਦ ਨਹੀਂ ਕਰ ਸਕਦੀ।

ਬੈਂਚ ਨੇ ਕਿਹਾ ਕਿ ਸੈਣੀ ਹੇਠਲੀ ਅਦਾਲਤ ਵਿਚ ਕਾਰਵਾਈ ਦਾ ਸਾਹਮਣਾ ਕਰ ਸਕਦੇ ਹਨ ਅਤੇ ਉਸ ਨੂੰ ਇਕ ਉਚਿਤ ਪਲੇਟਫਾਰਮ 'ਤੇ ਚੁਣੌਤੀ ਦੇ ਸਕਦੇ ਹਨ।

## ਤਖ਼ਤ ਪਟਨਾ ਸਾਹਿਬ ਵਿਖੇ ਮਰਿਆਦਾ ਦਾ ਉਲੰਘਣ ਦੁਖਦਾਈ: ਧਾਮੀ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਵਿਚ ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਦੇ ਨਤਮਸਤਕ ਹੋਣ ਮੌਕੇ ਗੁਰੂ ਘਰ ਦੇ ਕੀਰਤਨੀ ਜਥੇ ਨੂੰ ਗੁਰਬਾਣੀ ਕੀਰਤਨ ਕਰਨ ਸਮੇਂ ਮੀਡੀਆ ਵੱਲੋਂ ਪਰੇਸ਼ਾਨ ਕਰਨਾ ਬੇਹੱਦ ਦੁਖਦਾਈ ਹੈ ਅਤੇ ਅਜਿਹੀ ਹਰਕਤ ਸਿੱਖ ਭਾਵਨਾਵਾਂ ਨੂੰ ਸੱਟ ਮਾਰਨ ਵਾਲੀ ਹੈ। ਇਹ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰੂ ਅਸਥਾਨਾਂ ਅੰਦਰ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਅਤੇ ਕੀਰਤਨ ਦੀ ਆਪਣੀ ਮਰਿਆਦਾ ਹੈ, ਜਿਸ ਨੂੰ ਯਕੀਨੀ ਬਣਾਉਣਾ ਪ੍ਰਬੰਧਕਾਂ ਦੀ ਵੱਡੀ ਜ਼ਿੰਮੇਵਾਰੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੀਡੀਆ ਨੂੰ ਅਪੀਲ ਕੀਤੀ ਕਿ ਆਪਣੀ ਡਿਊਟੀ ਨਿਭਾਉਣ ਸਮੇਂ ਉਹ ਗੁਰੂ ਘਰਾਂ ਦੀ ਮਰਿਆਦਾ ਅਤੇ ਸਤਿਕਾਰ ਦਾ ਖ਼ਿਆਲ ਜ਼ਰੂਰ ਰੱਖਣ।

## ਟਰੰਪ ਨੇ ਵਿਰੋਧੀਆਂ ਨੂੰ ਜੇਲ੍ਹ ਭੇਜਣ ਦੀ ਦਿੱਤੀ ਧਮਕੀ

**ਮੋਸਿਨੀ:** ਉਪ ਰਾਸ਼ਟਰਪਤੀ ਕਮਲਾ ਹੈਰਿਸ ਨਾਲ ਬਹਿਸ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਰੋਧੀਆਂ ਨੂੰ ਧਮਕੀ ਦਿੱਤੀ ਹੈ ਕਿ ਚੋਣਾਂ 'ਚ ਜਿਨ੍ਹਾਂ ਦਾ ਵਤੀਰਾ ਉਨ੍ਹਾਂ ਖ਼ਿਲਾਫ਼ ਠੀਕ ਨਹੀਂ ਰਹੇਗਾ, ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ। ਟਰੰਪ ਨੇ ਇਹ ਧਮਕੀ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਦਿੱਤੀ ਹੈ। ਟਰੰਪ ਨੇ ਲਿਖਿਆ ਕਿ ਰਾਸ਼ਟਰਪਤੀ ਚੋਣ ਜਿੱਤਣ ਮਗਰੋਂ ਉਹ ਅਜਿਹੇ ਲੋਕਾਂ ਨੂੰ ਸਜ਼ਾ ਦਿਵਾਉਣਗੇ ਜਿਹੜੇ ਉਨ੍ਹਾਂ ਨੂੰ ਧੋਖਾ ਦੇਣਗੇ। ਉਨ੍ਹਾਂ ਵਕੀਲਾਂ, ਸਿਆਸੀ ਮਾਹਿਰਾਂ, ਦਾਨੀਆਂ, ਗ਼ੈਰਕਾਨੂੰਨੀ ਵੋਟਰਾਂ ਅਤੇ ਭ੍ਰਿਸ਼ਟ ਚੋਣ ਅਧਿਕਾਰੀਆਂ ਨੂੰ ਖ਼ਬਰਦਾਰ ਕਰਦਿਆਂ ਕਿਹਾ ਕਿ ਜਿਹੜੇ ਗਲਤ ਪ੍ਰਚਾਰ ਕਰਦੇ ਫੜੇ ਜਾਣਗੇ, ਉਨ੍ਹਾਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਟਰੰਪ ਦੇ ਪ੍ਰਚਾਰਕਾਂ ਅਤੇ ਭਾਈਵਾਲਾਂ ਨੇ ਉਸ ਨੂੰ ਹੈਰਿਸ 'ਤੇ ਧਿਆਨ ਕੇਂਦਰਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਮਹਿੰਗਾਈ ਅਤੇ ਸਰਹੱਦੀ ਸੁਰੱਖਿਆ ਨੂੰ ਮੁੱਦਾ ਬਣਾਉਣ। ਜਾਣਕਾਰੀ ਮੁਤਾਬਕ ਟਰੰਪ ਨੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ 'ਤੇ ਹਿੰਸਕ ਹਮਲਿਆਂ ਲਈ ਜੇਲ੍ਹ 'ਚ ਬੰਦ ਵਿਅਕਤੀਆਂ ਦਾ ਬਚਾਅ ਕੀਤਾ ਹੈ। ਉਧਰ, ਕਮਲਾ ਹੈਰਿਸ ਦੇ ਪ੍ਰਚਾਰ ਟੀਮ ਦੀ ਤਰਜਮਾਨ ਸਾਰਾਫਿਨਾ ਚਿਤਿਕਾ ਨੇ ਕਿਹਾ ਕਿ ਜੇ ਟਰੰਪ ਮੁੜ ਰਾਸ਼ਟਰਪਤੀ ਬਣਿਆ ਤਾਂ ਉਹ ਆਪਣੇ ਵਿਰੋਧੀਆਂ ਨੂੰ ਸਜ਼ਾਵਾਂ ਦੇਣ ਲਈ ਬੇਰੋਕ ਤਾਕਤ ਦੀ ਵਰਤੋਂ ਕਰ ਸਕਦੇ ਹਨ ਜੋ ਖ਼ਤਰਨਾਕ ਰੁਝਾਨ ਹੋਵੇਗਾ।

## ਫਿਰੋਜ਼ਪੁਰ ਕਾਂਡ: ਨਿੱਜੀ ਦੁਸ਼ਮਣੀ ਕਾਰਨ ਕੀਤੇ ਕਤਲ

**ਫਿਰੋਜ਼ਪੁਰ:** ਪੰਜਾਬ ਪੁਲਿਸ ਨੇ ਮੁੰਬਈ ਪੁਲਿਸ ਦੀ ਮਦਦ ਨਾਲ ਮਹਾਰਾਸ਼ਟਰ ਦੇ ਔਰੰਗਾਬਾਦ ਤੋਂ ਛੇ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰਦਿਆਂ ਸਨਸਨੀਖੇਜ਼ ਫਿਰੋਜ਼ਪੁਰ ਤੀਹਰੇ ਕਤਲ ਕਾਂਡ ਨੂੰ ਸੁਲਝਾ ਲਿਆ ਹੈ। ਇਸ ਕੇਸ ਵਿਚ ਮੁਲਜ਼ਮਾਂ ਦੀ ਪਛਾਣ ਦਲਜੀਤ ਸਿੰਘ, ਰਵਿੰਦਰ ਸਿੰਘ ਉਰਫ਼ ਰਵੀ (8 ਅਪਰਾਧਿਕ ਕੇਸ ਚੱਲ ਰਹੇ ਹਨ), ਰਵਵੀਰ ਸਿੰਘ, ਸੁਖਚੈਨ ਸਿੰਘ, ਅਕਸ਼ੈ, ਪ੍ਰਿੰਸ ਅਤੇ ਗੁਰਪ੍ਰੀਤ ਸਿੰਘ ਫਿਰੋਜ਼ਪੁਰ ਵਜੋਂ ਹੋਈ ਹੈ। ਫਿਰੋਜ਼ਪੁਰ ਦੇ ਐਸ.ਐਸ.ਪੀ. ਸੋਮਿਆ ਮਿਸ਼ਰਾ ਨੇ ਦੱਸਿਆ ਕਿ 3 ਸਤੰਬਰ ਨੂੰ ਫਿਰੋਜ਼ਪੁਰ ਵਾਪਰੀ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਵੱਖ-ਵੱਖ ਟੀਮਾਂ ਵੱਲੋਂ ਸਰੋਤਾਂ ਅਤੇ ਤਾਲਮੇਲ ਦੇ ਯਤਨਾਂ ਨਾਲ ਹਮਲਾਵਰਾਂ ਦੀ ਪਛਾਣ ਕੀਤੀ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਕਤਲ ਕਾਂਡ ਵਿਚ ਸ਼ਾਮਲ ਦੋਵੇਂ ਧਿਰਾਂ ਵਿਚ ਪਿਛਲੇ ਕੁਝ ਸਮੇਂ ਤੋਂ ਦੁਸ਼ਮਣੀ ਚੱਲ ਰਹੀ ਸੀ ਅਤੇ ਮਈ ਮਹੀਨੇ ਦੌਰਾਨ ਦੋਹਾਂ ਧਿਰਾਂ ਵਿਚ ਤਕਰਾਰ ਝਗੜਾ ਵੀ ਹੋਇਆ ਸੀ। ਜਿਸ ਦੀ ਰੰਜਿਸ਼ ਦੇ ਚਲਦਿਆਂ ਦੋਸ਼ੀਆਂ ਨੇ ਇਸ ਗੋਲੀਬਾਰੀ ਦੀ ਘਟਨਾ ਨੂੰ ਅੰਜਾਮ ਦਿੱਤਾ।

## ਪੰਜਾਬ ਪੁਲਿਸ ਨੇ ਕੱਸਿਆ ਨਸ਼ਾ ਤਸਕਰਾਂ ਖਿਲਾਫ ਸ਼ਿਕੰਜਾ

**ਚੰਡੀਗੜ੍ਹ:** ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਤੇ ਜੰਮੂ ਕਸ਼ਮੀਰ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਪੁਲਿਸ ਨਸ਼ਾ ਤੇ ਸ਼ਰਾਬ ਤਸਕਰਾਂ ਖ਼ਿਲਾਫ਼ ਚੌਕਸ ਹੋ ਗਈ ਹੈ। ਇਸੇ ਮੁਹਿੰਮ ਤਹਿਤ ਪੰਜਾਬ ਪੁਲਿਸ ਵੱਲੋਂ ਸੂਬੇ ਦੇ ਸਰਹੱਦੀ ਖੇਤਰੀ ਵਿਚ 'ਅਪ੍ਰੇਸ਼ਨ ਸੀਲ-8' ਚਲਾਇਆ ਗਿਆ। ਇਸ ਦੌਰਾਨ ਪੁਲਿਸ ਨੇ ਸੂਬੇ ਦੇ 10 ਸਰਹੱਦੀ ਜ਼ਿਲ੍ਹਿਆਂ ਵਿਚ ਸਵੇਰੇ 6 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ 92 ਥਾਵਾਂ 'ਤੇ ਨਾਕੇ ਲਾਏ। ਪੁਲਿਸ ਨੇ 92 ਥਾਵਾਂ ਪੂਰੀ ਤਰ੍ਹਾਂ ਸੀਲ ਕਰ ਦਿੱਤੀਆਂ, ਜਿੱਥੋਂ ਆਉਣ-ਜਾਉਣ ਵਾਲੇ ਹਰ ਵਿਅਕਤੀ ਦੀ ਤਲਾਸ਼ੀ ਲਈ ਗਈ। ਪੰਜਾਬ ਪੁਲਿਸ ਨੇ ਨਾਕੇ ਦੌਰਾਨ 4,245 ਵਾਹਨਾਂ ਦੀ ਚੈਕਿੰਗ ਕਰਕੇ 293 ਦੇ ਚਾਲਾਨ ਕੀਤੇ ਅਤੇ 16 ਨੂੰ ਜ਼ਬਤ ਕੀਤਾ। ਇਨ੍ਹਾਂ ਕੋਲੋਂ ਪੁਲਿਸ ਨੇ ਕਿਲੋ ਤੋਂ ਵੱਧ ਅਫੀਮ, 29 ਕਿਲੋ ਭੁੱਕੀ, 42 ਕਿਲੋ ਨਸ਼ੀਲਾ ਪਾਊਡਰ, 1,070 ਕੈਪਸੂਲ ਤੇ ਗੋਲੀਆਂ ਅਤੇ ਭਾਰੀ ਮਾਤਰਾ ਵਿਚ ਸ਼ਰਾਬ ਬਰਾਮਦ ਕੀਤੀ ਹੈ। ਪੁਲਿਸ ਨੇ 27 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 26 ਪੁਲਿਸ ਕੇਸ ਦਰਜ ਕੀਤੇ ਹਨ। ਇਸ ਦੇ ਨਾਲ ਹੀ ਪੁਲਿਸ ਨੇ 401 ਸ਼ੱਕੀ ਵਿਅਕਤੀਆਂ ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿਚ ਲਿਆ ਹੈ।

## ਛੇ ਖ਼ਤਰਨਾਕ ਗੈਂਗਸਟਰ ਹਵਾਲਗੀ ਤਹਿਤ ਭਾਰਤ ਲਿਆਂਦੇ

**ਮੁਹਾਲੀ:** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ) ਵੱਲੋਂ ਗੈਂਗਸਟਰਾਂ ਨੂੰ ਕਾਬੂ ਕਰਨ ਲਈ ਵਿੱਢੀ ਵਿਸ਼ੇਸ਼ ਮੁਹਿੰਮ ਦੌਰਾਨ ਛੇ ਗੈਂਗਸਟਰਾਂ ਨੂੰ ਵੱਖ-ਵੱਖ ਮੁਲਕਾਂ 'ਚੋਂ ਹਵਾਲਗੀ ਅਧੀਨ ਭਾਰਤ ਲਿਆਂਦਾ ਗਿਆ ਹੈ। ਇਸ ਤੋਂ ਇਲਾਵਾ ਏ.ਜੀ.ਟੀ.ਐਫ਼. ਨੇ ਸੋਸ਼ਲ ਮੀਡੀਆ 'ਤੇ ਗੈਂਗਸਟਰਾਂ ਦੀਆਂ ਇਤਰਾਜ਼ਯੋਗ ਪੋਸਟਾਂ ਅਪਲੋਡ ਕਰਨ ਵਾਲੇ 203 ਸੋਸ਼ਲ ਮੀਡੀਆ ਖਾਤਿਆਂ ਨੂੰ ਵੀ ਬਲਾਕ ਕੀਤਾ ਗਿਆ ਹੈ।

ਮੁਹਾਲੀ ਸਥਿਤ ਪੰਜਾਬ ਪੁਲਿਸ ਦੇ ਹੈੱਡਕੁਆਰਟਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਏ.ਜੀ.ਟੀ.ਐਫ਼. ਦੇ ਏ.ਆਈ.ਜੀ. ਗੁਰਮੀਤ ਸਿੰਘ ਚੌਹਾਨ ਅਤੇ ਏ.ਆਈ.ਜੀ. ਸੰਦੀਪ ਗੋਇਲ ਨੇ ਦੱਸਿਆ ਕਿ ਪਿਛਲੇ 6 ਮਹੀਨਿਆਂ ਵਿਚ ਹੁਣ ਤੱਕ ਏ.ਜੀ.ਟੀ.ਐਫ਼. ਵੱਲੋਂ 1408 ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿਚ 12 ਗੈਂਗਸਟਰ ਅਤੇ 505 ਗੈਂਗਸਟਰਾਂ ਦੇ ਗਰੋਹ ਮੈਂਬਰ ਸ਼ਾਮਲ ਹਨ। ਅਧਿਕਾਰੀਆਂ ਨੇ ਦੱਸਿਆ ਕਿ ਏ.ਜੀ.ਟੀ.ਐਫ. ਵੱਲੋਂ ਯੂ.ਏ.ਈ, ਅਜ਼ਰਬਾਇਜਾਨ ਅਤੇ ਹਾਂਗਕਾਂਗ ਤੋਂ 1-1 ਅਤੇ ਫਿਲਪੀਨਸ ਤੋਂ ਦੋ ਗੈਂਗਸਟਰਾਂ ਨੂੰ ਹਵਾਲਗੀ ਅਧੀਨ ਭਾਰਤ ਲਿਆਂਦਾ ਗਿਆ ਹੈ। ਇਨ੍ਹਾਂ ਵਿਚ ਗੈਂਗਸਟਰ ਵਿਕਰਮਜੀਤ ਸਿੰਘ ਬਰਾੜ ਉਰਫ਼ ਵਿੱਕੀ ਵਾਸੀ ਪਿੰਡ ਡਿੰਗਵਾਲਾ, ਜ਼ਿਲ੍ਹਾ ਹਨੂੰਮਾਨਗੜ੍ਹ, ਰਾਜਸਥਾਨ ਨੂੰ ਯੂਏਈ ਤੋਂ, ਗੈਂਗਸਟਰ ਮਨਪ੍ਰੀਤ ਸਿੰਘ ਉਰਫ਼ ਪੀਟਾ ਵਾਸੀ ਪਿੰਡ ਬੁਈਆਂਵਾਲਾ, ਜ਼ਿਲ੍ਹਾ ਫਿਰੋਜ਼ਪੁਰ ਅਤੇ ਕੈਨੇਡਾ ਸਥਿਤ ਦਹਿਸ਼ਤਗਰਦ ਅਰਸ਼ਦੀਪ ਸਿੰਘ ਉਰਫ਼ ਅਰਸ਼ ਡਾਲਾ ਦੇ ਸਾਥੀ ਮਨਦੀਪ ਸਿੰਘ ਨੂੰ ਫਿਲਪੀਨਜ਼ ਤੋਂ, ਗੈਂਗਸਟਰ ਵਿੱਕੀ ਗੌਂਡਰ ਗੈਂਗ ਦੇ ਰਮਨਜੀਤ ਸਿੰਘ ਉਰਫ਼ ਰੋਮੀ ਵਾਸੀ ਬੰਗੀ ਕਲਾਂ, ਜ਼ਿਲ੍ਹਾ ਬਠਿੰਡਾ ਨੂੰ ਹਾਂਗਕਾਂਗ ਤੋਂ ਅਤੇ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁਲਜ਼ਮ ਗੈਂਗਸਟਰ ਸਚਿਨ ਥਾਪਾ ਉਰਫ਼ ਸਚਿਨ ਬਿਸ਼ਨੋਈ ਵਾਸੀ ਪਿੰਡ ਦੁਤਾਰਾਂਵਾਲੀ, ਜ਼ਿਲ੍ਹਾ ਫਾਜ਼ਿਲਕਾ ਨੂੰ ਅਜ਼ਰਬਾਇਜਾਨ ਤੋਂ ਹਵਾਲਗੀ ਤਹਿਤ ਲਿਆਂਦਾ ਗਿਆ ਹੈ।

## ਐਲਨ ਮਸਕ 2027 ਤੱਕ ਬਣ ਸਕਦੇ ਹਨ ਦੁਨੀਆ ਦੇ ਪਹਿਲੇ ਖਰਬਪਤੀ

**ਨਵੀਂ ਦਿੱਲੀ:** ਇਲੈਕਟ੍ਰਿਕ ਕਾਰ ਨਿਰਮਾਤਾ ਕੰਪਨੀ ਟੈਸਲਾ ਅਤੇ ਸਪੇਸ ਐਕਸ ਦੇ ਸੀ.ਈ.ਓ. ਐਲੋਨ ਮਸਕ ਸਾਲ 2027 ਤਕ ਦੁਨੀਆ ਦੇ ਪਹਿਲੇ ਖਰਬਪਤੀ ਬਣ ਸਕਦੇ ਹਨ। ਇਹ ਖੁਲਾਸਾ ਇਨਫੌਰਮਾ ਕੁਨੈਕਟ ਅਕਾਦਮੀ ਦੀ ਰਿਪੋਰਟ ਤੋਂ ਹੋਇਆ ਹੈ। ਇਸ ਤੋਂ ਇਲਾਵਾ ਭਾਰਤ ਦੇ ਉੱਘੇ ਕਾਰੋਬਾਰੀ ਗੌਤਮ ਅਡਾਨੀ ਵੀ ਇਹ ਦਰਜਾ ਉਸ ਤੋਂ ਅਗਲੇ ਸਾਲ 2028 ਤਕ ਹਾਸਲ ਕਰ ਸਕਦੇ ਹਨ। ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਮੁਕੇਸ਼ ਅੰਬਾਨੀ 2033 ਵਿਚ ਖਰਬਪਤੀ ਬਣ ਸਕਦੇ ਹਨ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ 237 ਅਰਬ ਡਾਲਰ ਦੀ ਕੁੱਲ ਜਾਇਦਾਦ ਨਾਲ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀ ਮਸਕ ਲਈ ਦੁਨੀਆ ਦੇ ਪਹਿਲੇ ਖਰਬਪਤੀ ਬਣਨ ਲਈ 110 ਫੀਸਦੀ ਦੀ ਔਸਤ ਸਾਲਾਨਾ ਦਰ ਨਾਲ ਵਿਕਾਸ ਕਰਨ ਦੀ ਲੋੜ ਹੈ। ਅਡਾਨੀ ਕੋਲ ਇਸ ਵੇਲੇ 100 ਅਰਬ ਡਾਲਰ ਤੋਂ ਘੱਟ ਦੀ ਦੌਲਤ ਹੈ ਤੇ ਉਹ ਵਿਸ਼ਵ ਅਰਬਪਤੀ ਸੂਚਕ ਅੰਕ ਵਿਚ 13ਵੇਂ ਸਥਾਨ 'ਤੇ ਹੈ ਤੇ ਉਹ ਸਾਲ 2028 ਤਕ ਦੂਜੇ ਖਰਬਪਤੀ ਬਣ ਸਕਦੇ ਹਨ। ਅੰਬਾਨੀ 111 ਅਰਬ ਡਾਲਰ ਦੀ ਜਾਇਦਾਦ ਨਾਲ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਹਨ ਤੇ ਉਹ 2033 ਵਿਚ ਇਹੀ ਦਰਜਾ ਪ੍ਰਾਪਤ ਕਰ ਸਕਦੇ ਹਨ।

## ਹੁਣ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਖਿਲਾਫ ਸ਼ਿਕਾਇਤ

*(ਪਹਿਲੇ ਸਫੇ ਦੀ ਬਾਕੀ)*

ਹੈ ਅਤੇ ਇਸ ਦਾ ਜ਼ਿਕਰ ਅਖ਼ਬਾਰਾਂ ਵਿਚ ਵੀ ਹੋਇਆ ਸੀ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਹੁਕਮਨਾਮੇ ਦੀ ਉਲੰਘਣਾ ਕਰਨ ਵਾਲਾ ਪੰਥ ਦੀ ਨੁਮਾਇੰਦਾ ਜਥੇਬੰਦੀ ਦਾ ਕਾਰਜਕਾਰੀ ਪ੍ਰਧਾਨ ਨਹੀਂ ਬਣ ਸਕਦਾ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪਹਿਲਾਂ ਹੀ ਅਕਾਲ ਤਖ਼ਤ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਹੈ। ਜੇ ਸੁਖਬੀਰ ਖ਼ਿਲਾਫ਼ ਇਸੇ ਮਾਮਲੇ ਵਿਚ ਸਖ਼ਤ ਫ਼ੈਸਲਾ ਲਿਆ ਜਾ ਸਕਦਾ ਹੈ ਤਾਂ ਬਲਵਿੰਦਰ ਸਿੰਘ ਭੂੰਦੜ ਉਤੇ ਵੀ ਉਸੇ ਮਾਮਲੇ ਤਹਿਤ ਕਾਰਵਾਈ ਹੋਣੀ ਚਾਹੀਦੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ

ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ

ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ

ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਕੈਨੇਡਾ ਵਿਚ ਟਰੂਡੋ ਸਰਕਾਰ ਉਤੇ ਸੰਕਟ ਦੇ ਬੱਦਲ

**ਓਟਵਾ:** ਨਿਊ ਡੈਮੋਕਰੈਟਿਕ ਪਾਰਟੀ (ਐਨ.ਡੀ.ਪੀ.) ਆਗੂ ਜਗਮੀਤ ਸਿੰਘ ਵੱਲੋਂ ਹਮਾਇਤ ਵਾਪਸ ਲੈਣ ਨਾਲ ਕੈਨੇਡਾ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਸੰਕਟ ਵਿਚ ਘਿਰ ਗਈ ਹੈ। ਐਨ.ਡੀ.ਪੀ. ਆਗੂ ਨੇ ਟਰੂਡੋ ਸਰਕਾਰ ਨਾਲ ਕੀਤੇ ਸਪਲਾਈ ਤੇ ਰਾਜ਼ਦਾਰੀ ਸਮਝੌਤੇ ਨੂੰ ਖ਼ਤਮ ਕਰ ਦਿੱਤਾ ਹੈ। ਜਗਮੀਤ ਸਿੰਘ ਨੇ ਦੋਸ਼ ਲਾਇਆ ਕਿ ਲਿਬਰਲਜ਼ 'ਬਹੁਤ ਕਮਜ਼ੋਰ, ਬਹੁਤ ਮਤਲਬੀ ਤੇ ਕਾਰਪੋਰੇਟ ਹਿੱਤਾਂ ਪ੍ਰਤੀ ਬਹੁਤ ਰਿਣੀ ਹੋ ਗਏ ਹਨ।' ਲਿਬਰਲਜ਼ ਤੇ ਐਨ.ਡੀ.ਪੀ. ਵਿਚਾਲੇ ਮਾਰਚ 2022 ਵਿਚ ਹੋਇਆ ਇਹ ਕਰਾਰ ਅਗਲੇ ਸਾਲ ਜੂਨ ਤੱਕ ਚੱਲਣਾ ਸੀ ਪਰ ਐਨ.ਡੀ.ਪੀ. ਦੇ ਫੈਸਲੇ ਨਾਲ ਟਰੂਡੋ ਦੀ ਪਾਰਟੀ ਘੱਟਗਿਣਤੀ ਵਿਚ ਰਹਿ ਗਈ ਹੈ। ਐਨ.ਡੀ.ਪੀ. ਦੇ ਮੌਜੂਦਾ ਸੰਸਦ ਵਿਚ 24 ਮੈਂਬਰ ਹਨ। ਜਗਮੀਤ ਸਿੰਘ ਨੇ 7 ਸਾਲ ਪਹਿਲਾਂ ਪਾਰਟੀ ਦੀ ਕਮਾਨ ਸੰਭਾਲੀ ਸੀ।



ਐਨ.ਡੀ.ਪੀ. ਆਗੂ ਨੇ ਆਪਣੇ ਸੋਸ਼ਲ ਮੀਡੀਆ ਹੈਂਡਲਾਂ 'ਤੇ ਪੋਸਟ ਕੀਤੀ ਵੀਡੀਓ ਵਿਚ ਇਹ ਦਾਅਵਾ ਵੀ ਕੀਤਾ ਕਿ ਟਰੂਡੋ ਨੇ 'ਵਾਰ ਵਾਰ ਇਹ ਸਾਬਤ ਕੀਤਾ ਹੈ ਕਿ ਉਸ ਨੇ ਕਾਰਪੋਰੇਟਾਂ ਦੇ ਲਾਲਚ ਅੱਗੇ ਹਮੇਸ਼ਾ ਗੋਡੇ ਟੇਕੇ ਹਨ।' ਉਨ੍ਹਾਂ ਨੇ ਐਕਸ 'ਤੇ ਪੋਸਟ ਵਿਚ ਕਿਹਾ, 'ਸਮਝੌਤਾ ਹੁਣ ਖ਼ਤਮ ਹੋ ਗਿਆ ਹੈ। ਲਿਬਰਲਜ਼ ਬਹੁਤ ਕਮਜ਼ੋਰ, ਬਹੁਤ ਮਤਲਬੀ ਤੇ ਕਾਰਪੋਰੇਟ ਹਿੱਤਾਂ ਦੇ ਬਹੁਤ ਰਿਣੀ ਹਨ, ਜਿਸ ਕਰਕੇ ਉਹ ਕੰਜ਼ਰਵੇਟਿਵਜ਼ ਤੇ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਨਹੀਂ ਰੋਕ ਸਕਦੇ ਪਰ ਐਨ.ਡੀ.ਪੀ. ਰੋਕ ਸਕਦੀ ਹੈ। ਵੱਡੇ ਕਾਰਪੋਰੇਟਾਂ ਤੇ ਸੀਈਓਜ਼ ਦੀਆਂ ਸਰਕਾਰਾਂ ਹੁੰਦੀਆਂ ਹੋਣਗੀਆਂ। ਇਹ ਲੋਕਾਂ ਦਾ ਸਮਾਂ ਹੈ।' ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ. ਨਿਊਜ਼) ਨੇ ਜਗਮੀਤ ਸਿੰਘ ਦੇ ਹਵਾਲੇ ਨਾਲ ਕਿਹਾ, 'ਜਸਟਿਨ ਟਰੂਡੋ ਨੇ ਵਾਰ ਵਾਰ ਇਹ ਸਾਬਤ ਕੀਤਾ ਹੈ ਕਿ ਉਹ ਕਾਰਪੋਰੇਟਾਂ ਦੇ ਲਾਲਚ ਅੱਗੇ ਹਮੇਸ਼ਾ ਗੋਡੇ ਟੇਕਣਗੇ। ਲਿਬਰਲਜ਼ ਨੇ ਲੋਕਾਂ ਨੂੰ ਕਮਜ਼ੋਰ ਕੀਤਾ ਹੈ। ਉਹ ਕੈਨੇਡੀਅਨਾਂ ਕੋਲੋਂ ਇਕ ਹੋਰ ਮੌਕੇ ਦੇ ਹੱਕਦਾਰ ਨਹੀਂ ਹਨ।' ਉਨ੍ਹਾਂ ਕਿਹਾ ਕਿ ਲਿਬਰਲਜ਼ ਕਾਰਪੋਰੇਟਾਂ ਹਿੱਤਾਂ ਲਈ ਨਹੀਂ ਖੜ੍ਹੇ ਹੋਣਗੇ ਤੇ ਉਹ 'ਕੰਜ਼ਰਵੇਟਿਵ ਕੱਟਾਂ ਨੂੰ ਰੋਕਣ ਲਈ' ਅਗਲੀਆਂ ਚੋਣਾਂ ਵਿਚ ਖੜ੍ਹੇਗਾ।

ਐਨ.ਡੀ.ਪੀ. ਤਰਜਮਾਨ ਨੇ ਸੀ.ਬੀ.ਸੀ. ਨੂੰ ਦੱਸਿਆ ਕਿ ਸਮਝੌਤਾ ਰੱਦ ਕਰਨ ਦਾ ਅਮਲ ਪਿਛਲੇ ਦੋ ਹਫ਼ਤਿਆਂ ਤੋਂ ਚੱਲ ਰਿਹਾ ਸੀ ਪਰ ਲਿਬਰਲ ਸਰਕਾਰ ਨੂੰ ਜਗਮੀਤ ਸਿੰਘ ਦਾ ਵੀਡੀਓ ਆਨਲਾਈਨ ਲਾਈਵ ਹੋਣ ਤੋਂ ਕੁਝ ਮਿੰਟ ਪਹਿਲਾਂ ਇਸ ਫੈਸਲੇ ਬਾਰੇ ਦੱਸਿਆ ਗਿਆ। ਉਨ੍ਹਾਂ ਨੇ ਆਪਣੀ ਵੀਡੀਓ ਨਾਲ ਜਾਰੀ ਮੀਡੀਆ ਰਿਲੀਜ਼ ਵਿਚ ਕਿਹਾ, 'ਐਨ.ਡੀ.ਪੀ. ਚੋਣਾਂ ਲਈ ਤਿਆਰ ਹੈ ਤੇ ਬੇਭਰੋਸਗੀ ਮਤੇ ਨੂੰ ਸਦਨ ਵਿਚ ਰੱਖਿਆ ਜਾਵੇਗਾ।' ਦੋਵਾਂ ਪਾਰਟੀਆਂ ਲਿਬਰਲਜ਼ ਤੇ ਐਨ.ਡੀ.ਪੀ. ਵਿਚਾਲੇ ਮਾਰਚ 2022 ਵਿਚ ਉਪਰੋਕਤ ਸਮਝੌਤਾ ਇਸ ਸ਼ਰਤ 'ਤੇ ਹੋਇਆ ਸੀ ਕਿ ਟਰੂਡੋ ਸਰਕਾਰ ਐਨ.ਡੀ.ਪੀ. ਦੀਆਂ ਵਿਧਾਨਕ ਵਚਨਬੱਧਤਾਵਾਂ ਨੂੰ ਤਰਜੀਹੀ ਅਧਾਰ 'ਤੇ ਪੂਰਾ ਕਰੇਗੀ ਤੇ ਬਦਲੇ ਵਿਚ ਐਨ.ਡੀ.ਪੀ. ਵੱਲੋਂ ਵਿਸ਼ਵਾਸ ਮੱਤ ਦੌਰਾਨ ਲਿਬਰਲ ਸਰਕਾਰ ਦੀ ਹਮਾਇਤ ਕੀਤੀ ਜਾਵੇਗੀ।

### ਮੱਧਕਾਲੀ ਚੋਣਾਂ ਦੀ ਨੌਬਤ ਨਹੀਂ ਆਏਗੀ: ਟਰੂਡੋ

**ਓਟਵਾ:** ਐਨ.ਡੀ.ਪੀ. ਆਗੂ ਦੇ ਐਲਾਨ ਮਗਰੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਪੂਰੇ ਭਰੋਸੇ ਨਾਲ ਕਿਹਾ ਕਿ ਮੱਧਕਾਲੀ ਚੋਣਾਂ ਦੀ ਨੌਬਤ ਨਹੀਂ ਆਏਗੀ ਤੇ ਇਹ ਸਮੇਂ 'ਤੇ ਹੀ ਹੋਣਗੀਆਂ। ਉਨ੍ਹਾਂ ਕਿਹਾ ਕਿ ਕਾਨੂੰਨੀ ਮਾਹਿਰਾਂ ਵੱਲੋਂ ਨੁਕਤੇ ਲੱਭੇ ਜਾ ਰਹੇ ਹਨ ਤਾਂ ਕਿ ਮੱਧਕਾਲੀ ਚੋਣਾਂ ਟਾਲੀਆਂ ਜਾ ਸਕਣ। ਟਰੂਡੋ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਸਾਰਾ ਧਿਆਨ ਇਸ ਵੇਲੇ ਸਮਰੱਥਾ ਸੰਕਟ ਤੇ ਵਾਤਾਵਰਨ ਤਬਦੀਲੀ ਨਾਲ ਸਿੱਝਣ ਵੱਲ ਹੈ।

## ਕੀਨੀਆ: ਸਕੂਲ ਦੇ ਹੋਸਟਲ 'ਚ ਅੱਗ ਲੱਗਣ ਨਾਲ 18 ਵਿਦਿਆਰਥੀਆਂ ਦੀ ਮੌਤ

**ਨੈਰੋਬੀ (ਕੀਨੀਆ):** ਕੀਨੀਆ ਵਿਚ ਸਕੂਲ ਦੇ ਹੋਸਟਲ ਵਿਚ ਲੱਗੀ ਅੱਗ ਵਿਚ 18 ਵਿਦਿਆਰਥੀਆਂ ਦੀ ਮੌਤ ਹੋ ਗਈ, ਜਦੋਂਕਿ 27 ਹੋਰ ਝੁਲਸ ਗਏ। ਘਟਨਾ ਮਗਰੋਂ 70 ਬੱਚੇ ਲਾਪਤਾ ਹੋ ਗਏ। ਦੇਸ਼ ਦੇ ਉਪ ਰਾਸ਼ਟਰਪਤੀ ਨੇ ਕਿਹਾ ਕਿ ਜ਼ਖ਼ਮੀਆਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਦੇ ਤਰਜਮਾਨ ਰੇਸੀਲਾ ਓਨਯਾਂਗੋ ਨੇ ਕਿਹਾ ਕਿ ਨਯੇਰੀ ਕਾਊਂਟੀ ਵਿਚ ਹਿੱਲਸਾਈਡ ਐਂਦਰਾਸ਼ਾ ਪ੍ਰਾਇਮਰੀ ਵਿਚ ਰਾਤ ਨੂੰ ਲੱਗੀ ਅੱਗ ਦੀ ਜਾਂਚ ਕੀਤੀ ਜਾ ਰਹੀ ਹੈ। ਸਕੂਲ ਦੇ ਹੋਸਟਲ ਵਿਚ 14 ਸਾਲ ਤੱਕ ਦੇ ਬੱਚੇ ਰਹਿੰਦੇ ਹਨ।

ਨਯੇਰੀ ਕਾਊਂਟੀ ਕਮਿਸ਼ਨਰ ਪੀਅਸ ਮੁਰੂਗੂ ਤੇ ਸਿੱਖਿਆ ਮੰਤਰੀ ਨੇ ਕਿਹਾ ਕਿ ਜਿਸ ਹੋਸਟਲ ਵਿਚ ਅੱਗ ਲੱਗੀ ਉਥੇ 150 ਤੋਂ ਵੱਧ ਲੜਕੇ ਰਹਿੰਦੇ ਹਨ। ਜ਼ਿਆਦਾਤਰ ਇਮਾਰਤਾਂ ਲੱਕੜ ਦੀਆਂ ਹੋਣ ਕਰਕੇ ਅੱਗ ਤੇਜ਼ੀ ਨਾਲ ਫੈਲੀ। ਸਕੂਲ ਵਿਚ 824 ਦੇ ਕਰੀਬ ਵਿਦਿਆਰਥੀ ਹਨ ਤੇ ਇਹ ਰਾਜਧਾਨੀ ਨੈਰੋਬੀ ਤੋਂ ਉੱਤਰ ਵੱਲ 200 ਕਿਲੋਮੀਟਰ ਦੀ ਦੂਰੀ 'ਤੇ ਸੈਂਟਰਲ ਹਾਈਲੈਂਡਜ਼ ਵਿਚ ਸਥਿਤ ਹੈ। ਇਸ ਇਲਾਕੇ ਵਿਚ ਲੱਕੜ ਦੀਆਂ ਇਮਾਰਤਾਂ ਆਮ ਹਨ। ਰਾਸ਼ਟਰਪਤੀ ਵਿਲੀਅਮ ਰੂਤੋ ਨੇ ਖ਼ਬਰ ਨੂੰ 'ਵਿਨਾਸ਼ਕਾਰੀ' ਕਰਾਰ ਦਿੱਤਾ ਹੈ। ਉਨ੍ਹਾਂ ਐਕਸ 'ਤੇ ਲਿਖਿਆ, "ਮੈਂ ਸਬੰਧਤ ਅਥਾਰਿਟੀਜ਼ ਨੂੰ ਇਸ ਖ਼ੌਫਨਾਕ ਹਾਦਸੇ ਦੀ ਬਾਰੀਕੀ ਨਾਲ ਜਾਂਚ ਦੇ ਹੁਕਮ ਦਿੱਤੇ ਹਨ। ਕਸੂਰਵਾਰਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ।"

## ਹਿਮਾਚਲ ਵਿਧਾਨ ਸਭਾ ਵੱਲੋਂ ਭੰਗ ਦੀ ਖੇਤੀ ਲਈ ਮਤਾ ਪਾਸ



**ਨਵੀਂ ਦਿੱਲੀ:** ਵਿਧਾਨ ਸਭਾ ਕਮੇਟੀ ਦੀ ਰਿਪੋਰਟ ਦੀਆਂ ਸਿਫਾਰਸ਼ਾਂ ਮਗਰੋਂ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਨੇ ਭੰਗ ਦੀ ਖੇਤੀ ਨੂੰ ਵੈਧ ਬਣਾਉਣ ਲਈ ਅਹਿਮ ਮਤਾ ਪਾਸ ਕੀਤਾ ਹੈ। ਕਮੇਟੀ ਨੇ ਸੂਬੇ ਲਈ ਵਿੱਤੀ ਜਾਇਦਾਦ ਵਜੋਂ ਇਸ ਦੀ ਸਮਰੱਥਾ 'ਤੇ ਰੋਸ਼ਨੀ ਪਾਉਂਦਿਆਂ ਮੈਡੀਕਲ ਤੇ ਸਨਅਤੀ ਮਕਸਦਾਂ ਲਈ ਭੰਗ ਦੀ ਖੇਤੀ ਦਾ ਮਤਾ ਪੇਸ਼ ਕੀਤਾ। ਮਾਲ ਮੰਤਰੀ ਤੇ ਵਿਧਾਨ ਸਭਾ ਕਮੇਟੀ ਦੇ ਪ੍ਰਧਾਨ ਜਗਤ ਸਿੰਘ ਨੇਗੀ ਨੇ ਰਿਪੋਰਟ ਤੇ ਭੰਗ ਦੀ ਖੇਤੀ ਦੇ ਸੰਭਾਵੀ ਫਾਇਦਿਆਂ ਬਾਰੇ ਵਿਸਤਾਰ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇਹ ਵਿਚਾਰ ਸ਼ੁਰੂ 'ਚ ਨਿਯਮ 130 ਤਹਿਤ ਵਿਧਾਨ ਸਭਾ 'ਚ ਲਿਆਂਦਾ ਗਿਆ ਸੀ, ਜਿਸ ਵਿੱਚ ਹਾਕਮ ਧਿਰ ਤੇ ਵਿਰੋਧੀ ਧਿਰ ਦੋਵਾਂ ਦੀ ਹਮਾਇਤ ਸੀ। ਨੇਗੀ ਨੇ ਕਿਹਾ, 'ਕਮੇਟੀ ਨੇ ਹਿਮਾਚਲ ਪ੍ਰਦੇਸ਼ ਦੇ ਸਾਰੇ ਜ਼ਿਲ੍ਹਿਆਂ ਦਾ ਦੌਰਾ ਕੀਤਾ ਅਤੇ ਸਥਾਨਕ ਲੋਕਾਂ ਨਾਲ ਸਲਾਹ-ਮਸ਼ਵਰਾ ਕੀਤਾ ਕਿ ਭੰਗ ਦੀ ਖੇਤੀ ਦੀ ਵਰਤੋਂ ਮੈਡੀਕਲ ਤੇ ਸਨਅਤੀ ਮਕਸਦਾਂ ਲਈ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ।

## ਵਿਨੇਸ਼ ਫੋਗਾਟ ਤੇ ਬਜਰੰਗ ਪੂਨੀਆ ਕਾਂਗਰਸ 'ਚ ਸ਼ਾਮਲ

**ਨਵੀਂ ਦਿੱਲੀ:** ਪਹਿਲਵਾਨ ਵਿਨੇਸ਼ ਫੋਗਾਟ ਅਤੇ ਬਜਰੰਗ ਪੂਨੀਆ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ। ਉਮੀਦ ਹੈ ਕਿ ਦੋਵੇਂ 5 ਅਕਤੂਬਰ ਨੂੰ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਉਮੀਦਵਾਰ ਹੋਣਗੇ।

ਸਮਝਿਆ ਜਾਂਦਾ ਹੈ ਕਿ ਵਿਨੇਸ਼ ਫੋਗਾਟ ਹਰਿਆਣਾ ਦੇ ਜੁਲਾਣਾ ਹਲਕੇ ਤੋਂ ਕਾਂਗਰਸ ਟਿਕਟ ਉਤੇ ਚੋਣ ਲੜੇਗੀ, ਜਿਥੋਂ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਅਮਰਜੀਤ ਢਾਂਡਾ ਮੌਜੂਦਾ ਵਿਧਾਇਕ ਹਨ। ਇਸੇ ਤਰ੍ਹਾਂ ਬਜਰੰਗ ਪੂਨੀਆ ਨੂੰ ਬਾਦਲੀ ਹਲਕੇ ਤੋਂ ਉਮੀਦਵਾਰ ਬਣਾਇਆ ਜਾਵੇਗਾ, ਜਿਥੋਂ ਭਾਜਪਾ ਨੇ ਸਾਬਕਾ ਸੂਬਾ ਪ੍ਰਧਾਨ ਓਮ ਪ੍ਰਕਾਸ਼ ਧਨਖੜ ਨੂੰ ਮੈਦਾਨ ਵਿਚ ਉਤਾਰਿਆ ਹੈ।



ਇਸ ਤੋਂ ਪਹਿਲਾਂ ਤੇਜ਼ੀ ਨਾਲ ਵਾਪਰੇ ਘਟਨਾਕ੍ਰਮ ਵਿਚ ਦੋਵੇਂ ਪਹਿਲਵਾਨਾਂ ਨੇ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਇਸ ਤੋਂ ਪਹਿਲਾਂ ਵਿਨੇਸ਼ ਨੇ ਨਿਜੀ ਕਾਰਨਾਂ ਦੇ ਹਵਾਲੇ ਨਾਲ ਰੇਲਵੇ ਦੀ ਆਪਣੀ ਸਰਕਾਰੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਬਜਰੰਗ ਪੂਨੀਆ ਓਲੰਪਿਕ ਤਗਮਾ ਜੇਤੂ ਪਹਿਲਵਾਨ ਹੈ ਜਦੋਂਕਿ ਫੋਗਾਟ ਹਾਲੀਆ ਪੈਰਿਸ ਓਲੰਪਿਕਸ ਦੇ 50 ਕਿਲੋ ਕੁਸ਼ਤੀ ਵਰਗ ਦੇ ਫਾਈਨਲ ਵਿਚ ਪੁੱਜਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਬਣੀ ਸੀ, ਹਾਲਾਂਕਿ ਉਸ ਨੂੰ ਬਾਅਦ ਵਿਚ ਥੋੜ੍ਹਾ ਜਿਹਾ ਵਜ਼ਨ ਵਧ ਜਾਣ ਕਾਰਨ ਅਯੋਗ ਕਰਾਰ ਦੇ ਦਿੱਤਾ ਗਿਆ ਸੀ। ਇਸ ਤੋਂ ਬਾਅਦ ਉਸ ਨੇ ਕੁਸ਼ਤੀ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ।

ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਅਤੇ ਭਾਜਪਾ ਦੇ ਸਾਬਕਾ ਐਮਪੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਉਤੇ 2023 ਵਿਚ ਮਹਿਲਾ ਪਹਿਲਵਾਨਾਂ ਵੱਲੋਂ ਲਾਏ ਗਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਕਾਰਨ ਚੱਲੇ ਲੰਬੇ ਅੰਦੋਲਨ ਵਿਚ ਦੋਵਾਂ ਫੋਗਾਟ ਤੇ ਪੂਨੀਆ ਨੇ ਸਰਗਰਮੀ ਨਾਲ ਸ਼ਿਰਕਤ ਕੀਤੀ ਸੀ।

## ਇਜ਼ਰਾਈਲ ਉਪਰ ਗਾਜ਼ਾ ਵਿਚ ਲੋਕਾਂ ਨੂੰ ਭੁੱਖੇ ਮਾਰਨ ਦੇ ਦੋਸ਼ ਲਾਏ

### ਫਲਸਤੀਨੀਆਂ ਨੂੰ ਰਾਹਤ ਸਮੱਗਰੀ ਨਹੀਂ ਪਹੁੰਚਾਈ; ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਦੋਸ਼ ਨਕਾਰੇ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੇ ਭੋਜਨ ਦੇ ਅਧਿਕਾਰ ਬਾਰੇ ਆਜ਼ਾਦ ਜਾਂਚਕਾਰ ਮਾਈਕਲ ਫਾਖਰੀ ਨੇ ਇਜ਼ਰਾਈਲ 'ਤੇ ਦੋਸ਼ ਲਾਇਆ ਹੈ ਕਿ ਉਹ ਫਲਸਤੀਨੀਆਂ ਖ਼ਿਲਾਫ਼ ਗਾਜ਼ਾ 'ਚ ਜੰਗ ਦੌਰਾਨ ਭੁੱਖਮਰੀ ਦੀ ਮੁਹਿੰਮ ਚਲਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸੀਮਤ ਮਾਨਵੀ ਸਹਾਇਤਾ ਗਾਜ਼ਾ ਪਹੁੰਚ ਰਹੀ ਹੈ ਅਤੇ ਲੋਕਾਂ ਨੂੰ ਸਹੂਲਤਾਂ ਨਹੀਂ ਮਿਲ ਰਹੀਆਂ ਹਨ।

ਫਾਖਰੀ ਨੇ ਰਿਪੋਰਟ 'ਚ ਦਾਅਵਾ ਕੀਤਾ ਕਿ ਹਮਾਸ ਦੇ ਇਜ਼ਰਾਈਲ 'ਤੇ ਹਮਲੇ ਦੇ ਦੋ ਦਿਨਾਂ ਬਾਅਦ ਹੀ ਉਥੋਂ ਦੀ ਫੌਜ ਨੇ ਗਾਜ਼ਾ 'ਚ ਭੋਜਨ, ਪਾਣੀ, ਈਂਧਣ ਅਤੇ ਹੋਰ ਸਪਲਾਈ ਰੋਕ ਦਿੱਤੀ ਸੀ। ਫਾਖਰੀ ਨੇ ਦਾਅਵਾ ਕੀਤਾ ਕਿ ਦਸੰਬਰ ਤੱਕ 80 ਫ਼ੀਸਦੀ ਫਲਸਤੀਨੀਆਂ ਨੂੰ ਭੁੱਖਮਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਦੋਸ਼ਾਂ ਨੂੰ ਝੂਠ ਦੱਸਿਆ ਅਤੇ ਕਿਹਾ ਕਿ ਜੋ ਮਰਜ਼ੀ ਆਖਿਆ ਜਾਵੇ, ਉਹ ਸੱਚ ਸਾਬਤ ਨਹੀਂ ਹੋਵੇਗਾ। ਕੌਮਾਂਤਰੀ ਦਬਾਅ ਪੈਣ ਕਾਰਨ ਨੇਤਨਯਾਹੂ ਸਰਕਾਰ ਨੇ ਕਈ ਸਰਹੱਦੀ ਲਾਂਘਿਆਂ ਨੂੰ ਸੀਮਤ ਰਾਹਤ ਸਮੱਗਰੀ ਭੇਜਣ ਲਈ ਖੋਲ੍ਹਿਆ ਹੈ ਪਰ ਇਹ ਬਹੁਤ ਘੱਟ ਹੈ।

ਗਾਜ਼ਾ 'ਚ ਜੰਗ ਕਾਰਨ ਬੱਚਿਆਂ ਦਾ ਭਵਿੱਖ ਬਿਲਕੁਲ ਹਨੇਰੇ 'ਚ ਹੈ। ਉਨ੍ਹਾਂ ਨੂੰ ਜਦੋਂ ਸਕੂਲ ਜਾਣਾ ਚਾਹੀਦਾ ਹੈ ਤਾਂ ਉਹ ਡਿੱਗੀਆਂ ਇਮਾਰਤਾਂ ਦੇ ਮਲਬੇ 'ਚੋਂ ਵਸਤਾਂ ਲੱਭ ਕੇ ਵੇਚਦੇ ਹਨ। ਗਾਜ਼ਾ 'ਚ ਸਕੂਲ ਬੰਦ ਹੋਏ ਨੂੰ ਦੂਜਾ ਵਰ੍ਹਾ ਸ਼ੁਰੂ ਹੋ ਗਿਆ ਹੈ ਅਤੇ ਜ਼ਿਆਦਾਤਰ ਬੱਚੇ ਰੋਜ਼ੀ-ਰੋਟੀ ਲਈ ਆਪਣੇ ਪਰਿਵਾਰਾਂ ਦੀ ਸਹਾਇਤਾ ਕਰ ਰਹੇ ਹਨ।

ਯੂਨੀਸੈੱਫ ਦੀ ਖੇਤਰੀ ਤਰਜਮਾਨ ਟੇਸ ਇਨਗ੍ਰਾਮ ਨੇ ਕਿਹਾ ਕਿ ਸਿੱਖਿਆ ਨਾ ਮਿਲਣ ਕਾਰਨ ਗਾਜ਼ਾ 'ਚ ਬੱਚਿਆਂ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਗਾਜ਼ਾ 'ਚ 90 ਫ਼ੀਸਦੀ ਤੋਂ ਜ਼ਿਆਦਾ ਸਕੂਲ ਇਮਾਰਤਾਂ ਇਜ਼ਰਾਇਲੀ ਬੰਬਾਰੀ ਕਾਰਨ ਤਬਾਹ ਹੋ ਚੁੱਕੀਆਂ ਹਨ ਅਤੇ ਕਈਆਂ 'ਚ ਰਾਹਤ ਕੈਂਪ ਚੱਲ ਰਹੇ ਹਨ। ਇਸ ਬਾਰੇ ਤੁਰੰਤ ਕੁਝ ਨਾ ਕੁਝ ਹੋਣਾ ਚਾਹੀਦਾ ਹੈ।

## ਟੀ.ਬੀ. ਦੀ ਨਵੀਂ ਇਲਾਜ ਵਿਧੀ ਮਨਜ਼ੂਰ

**ਨਵੀਂ ਦਿੱਲੀ:** ਕੇਂਦਰੀ ਸਿਹਤ ਮੰਤਰਾਲੇ ਨੇ ਟੀ.ਬੀ. ਦੇ ਖਾਤਮੇ ਲਈ ਕੌਮੀ ਪ੍ਰੋਗਰਾਮ (ਐਨ.ਟੀ.ਈ.ਪੀ.) ਤਹਿਤ ਇਲਾਜ ਦੀ ਨਵੀਂ ਵਿਧੀ ਬੀ.ਪੀ.ਏ.ਐਲ.ਐਮ. ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਨਵੀਂ ਵਿਧੀ ਨਾਲ ਡਰੱਗ-ਰਜਿਸਟੈਂਟ ਟੀ.ਬੀ. 20 ਦੀ ਥਾਂ 6 ਮਹੀਨਿਆਂ ਦੇ ਇਲਾਜ ਨਾਲ ਠੀਕ ਹੋ ਜਾਵੇਗੀ। ਮਲਟੀ ਡਰੱਗ ਰਜਿਸਟੈਂਟ ਟਿਊਬਰਕਲੋਸਿਸ (ਐਮ.ਡੀ.ਆਰ-ਟੀ.ਬੀ.) ਲਈ ਇਹ ਬਹੁਤ ਕਾਰਗਰ ਤੇ ਘੱਟ ਸਮੇਂ ਵਾਲਾ ਇਲਾਜ ਹੈ।

## ਬੋਇੰਗ ਦਾ ਕੈਪਸੂਲ ਬਿਨਾਂ ਪੁਲਾੜ ਯਾਤਰੀਆਂ ਦੇ ਧਰਤੀ 'ਤੇ ਮੁੜਿਆ

**ਨਿਊ ਮੈਕਸੀਕੋ:** ਬੋਇੰਗ ਦਾ ਪਹਿਲਾ ਪੁਲਾੜ ਯਾਤਰੀ ਮਿਸ਼ਨ ਖਾਲੀ ਕੈਪਸੂਲ ਦੀ ਲੈਂਡਿੰਗ ਨਾਲ ਖ਼ਤਮ ਹੋ ਗਿਆ ਅਤੇ ਦੋ ਟੈਸਟ ਪਾਇਲਟ ਹਾਲੇ ਵੀ ਪੁਲਾੜ ਵਿਚ ਹਨ। ਉਹ ਅਗਲੇ ਸਾਲ ਤੱਕ ਲਈ ਉਥੇ ਰਹਿ ਗਏ ਹਨ ਕਿਉਂਕਿ ਨਾਸਾ ਨੇ ਉਨ੍ਹਾਂ ਦੀ ਵਾਪਸੀ ਨੂੰ ਬਹੁਤ ਜੋਖਮ ਭਰਿਆ ਮੰਨਿਆ ਹੈ।

ਕੌਮਾਂਤਰੀ ਪੁਲਾੜ ਸਟੇਸ਼ਨ ਤੋਂ ਨਿਕਲਣ ਮਗਰੋਂ 'ਸਟਾਰਲਾਈਨਰ' ਨਿਊ ਮੈਕਸੀਕੋ ਦੀ



ਵਾਈਟ ਸੈਂਡਜ਼ ਮਿਜ਼ਾਈਲ ਰੇਂਜ 'ਚ ਪੈਰਾਸ਼ੂਟ ਰਾਹੀਂ ਹੇਠਾਂ ਆਇਆ ਅਤੇ ਆਟੋਪਾਇਲਟ ਰਾਹੀਂ ਰੇਗਿਸਤਾਨ 'ਚ ਉਤਰਿਆ। ਇਹ ਨਾਟਕੀ ਘਟਨਾ ਦਾ ਅੰਤ ਸੀ, ਜੋ ਬੋਇੰਗ ਦੇ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਮਿਸ਼ਨ ਦੇ ਜੂਨ ਵਿਚ ਲਾਂਚ ਹੋਣ ਨਾਲ ਸ਼ੁਰੂ ਹੋਈ। ਕਈ ਮਹੀਨਿਆਂ ਤੋਂ ਪੁਲਾੜ ਮੁਸਾਫ਼ਰਾਂ ਬੁੱਚ ਵਿਲਮੋਰ ਤੇ ਸੁਨੀਤਾ ਵਿਲੀਅਮਜ਼ ਦੀ ਵਾਪਸੀ 'ਤੇ ਸਵਾਲ ਖੜ੍ਹੇ ਹੋ ਰਹੇ ਹਨ ਕਿਉਂਕਿ ਇੰਜੀਨੀਅਰ ਕੈਪਸੂਲ 'ਚ ਆਈ ਸਮੱਸਿਆ ਨੂੰ ਸਮਝਣ ਦਾ ਯਤਨ ਕਰ ਰਹੇ ਹਨ। ਬੋਇੰਗ ਨੇ ਵੱਡੇ ਪੱਧਰ 'ਤੇ ਪ੍ਰੀਖਣਾਂ ਮਗਰੋਂ ਜ਼ੋਰ ਦੇ ਕੇ ਕਿਹਾ ਸੀ ਕਿ ਸਟਾਰਲਾਈਨਰ ਦੋਵਾਂ ਨੂੰ ਵਾਪਸ ਲਿਆਉਣ ਲਈ ਸੁਰੱਖਿਅਤ ਸੀ ਪਰ ਨਾਸਾ ਇਸ ਨਾਲ ਸਹਿਮਤ ਨਹੀਂ ਸੀ ਅਤੇ ਉਸ ਨੇ ਇਸ ਦੀ ਥਾਂ ਸਪੇਸਐਕਸ ਨਾਲ ਉਡਾਣ ਬੁੱਕ ਕੀਤੀ। ਉਨ੍ਹਾਂ ਦੀ ਸਪੇਸਐਕਸ ਯਾਤਰਾ ਇਸ ਮਹੀਨੇ ਦੇ ਅਖੀਰ ਤੱਕ ਸ਼ੁਰੂ ਨਹੀਂ ਹੋਵੇਗੀ, ਜਿਸ ਦਾ ਮਤਲਬ ਹੈ ਕਿ ਵਿਲਮੋਰ ਤੇ ਸੁਨੀਤਾ ਵਿਲੀਅਮਜ਼ ਫਰਵਰੀ ਤੱਕ ਉਥੇ ਹੀ ਰਹਿਣਗੇ।

# ਕਿਸਾਨ ਜਥੇਬੰਦੀਆਂ ਨੇ ਖੇਤੀ ਨੀਤੀ ਮੋਰਚਾ ਫਤਹਿ ਕੀਤਾ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਸਾਂਝੇ ਤੌਰ ਉਤੇ ਇਥੇ ਪਹਿਲੀ ਸਤੰਬਰ ਤੋਂ ਲਾਇਆ 'ਖੇਤੀ ਨੀਤੀ ਮੋਰਚਾ' ਨਾਅਰਿਆਂ ਦੀ ਗੂੰਜ ਵਿਚ ਸਮਾਪਤ ਹੋ ਗਿਆ। ਮੁੱਖ ਮੰਤਰੀ ਭਗਵੰਤ ਮਾਨ ਨੇ ਇਨ੍ਹਾਂ ਜਥੇਬੰਦੀਆਂ ਨਾਲ 29 ਨੁਕਾਤੀ ਏਜੰਡੇ ਉਤੇ ਕਈ ਘੰਟੇ ਵਿਚਾਰ-ਚਰਚਾ ਕੀਤੀ। ਪੰਜਾਬ ਸਰਕਾਰ ਨੇ ਇਸ ਮੀਟਿੰਗ ਵਿਚ ਇਨ੍ਹਾਂ ਧਿਰਾਂ ਨੂੰ ਸਹਿਮਤੀ ਦੇ ਦਿੱਤੀ ਸੀ। ਸਰਕਾਰੀ ਭਰੋਸੇ ਮਗਰੋਂ ਜਥੇਬੰਦੀਆਂ ਨੇ ਮੋਰਚਾ ਸਮਾਪਤ ਕਰਕੇ ਘਰਾਂ ਨੂੰ ਵਾਪਸੀ ਕਰ ਲਈ ਹੈ। ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਦੇ ਇਸ ਮੋਰਚੇ ਦਾ ਮਕਸਦ ਨਵੀਂ ਖੇਤੀ ਨੀਤੀ ਸਣੇ ਕਿਸਾਨਾਂ, ਮਜ਼ਦੂਰਾਂ ਦੇ ਮਸਲੇ ਹੱਲ ਕਰਾਉਣਾ ਸੀ।

ਇਨ੍ਹਾਂ ਜਥੇਬੰਦੀਆਂ ਨੇ ਪਹਿਲਾਂ ਸੂਬੇ ਭਰ ਵਿਚ ਸੰਘਰਸ਼ ਕਰਕੇ ਸਰਕਾਰ ਨੂੰ ਚੌਕਸ ਕਰ ਦਿੱਤਾ ਸੀ, ਪਰ ਪੰਜਾਬ ਸਰਕਾਰ ਨੇ ਕੋਈ ਹੁੰਗਾਰਾ ਨਾ ਭਰਿਆ। ਅਖ਼ੀਰ ਕਿਸਾਨ-ਮਜ਼ਦੂਰ ਜਥੇਬੰਦੀਆਂ ਨੇ ਚੰਡੀਗੜ੍ਹ ਵੱਲ ਮੂੰਹ ਕਰ ਲਏ ਅਤੇ ਗੱਲ ਤਣ-ਪੱਤਣ ਲੱਗਣ ਮਗਰੋਂ ਹਜ਼ਾਰਾਂ ਕਿਸਾਨ ਤੇ ਮਜ਼ਦੂਰ ਨਾਅਰਿਆਂ ਦੀ ਗੂੰਜ 'ਚ ਵਾਪਸ ਪਰਤ ਗਏ। ਖੇਤੀ ਨੀਤੀ ਮੋਰਚਾ ਦਾ ਵੱਡੀ ਪ੍ਰਾਪਤੀ ਇਹ ਵੀ ਰਹੀ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਨੇ ਸੰਘਰਸ਼ੀ ਸੁਨੇਹਾ ਦਿੱਤਾ। ਵਰ੍ਹਿਆਂ ਮਗਰੋਂ ਕਿਸਾਨਾਂ-ਮਜ਼ਦੂਰਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਨੇ ਰਾਜਧਾਨੀ ਵਿਚ ਪੈਰ ਪਾਉਣ ਦਿੱਤੇ ਹਨ। ਕੇਂਦਰ ਸਰਕਾਰ ਦੇ ਚੰਡੀਗੜ੍ਹ ਵਿਚ ਮੋਰਚਾ ਲਾਉਣ ਦੀ ਪ੍ਰਵਾਨਗੀ ਪਿੱਛੇ ਲੁਕਵੇਂ ਕਾਰਨ ਕੁੱਝ ਵੀ ਹੋਣ ਪਰ ਕਿਸਾਨਾਂ-ਮਜ਼ਦੂਰਾਂ ਨੇ ਆਪਣੀ ਤਾਕਤ ਦਾ ਅਹਿਸਾਸ ਕਰਾ ਦਿੱਤਾ ਹੈ।

ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਕਰਕੇ ਪੰਜਾਬ ਸਰਕਾਰ ਵੱਲੋਂ ਖੇਤੀ ਨੀਤੀ ਸਣੇ ਅਹਿਮ ਮੰਗਾਂ ਨੂੰ ਪ੍ਰਵਾਨਗੀ ਦਿੱਤੇ ਜਾਣ 'ਤੇ ਚਰਚਾ ਕੀਤੀ। ਇਸ ਮਗਰੋਂ ਬੀ.ਕੇ.ਯੂ. (ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਤੇ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਵੱਲੋਂ ਮੋਰਚਾ ਸਮਾਪਤੀ ਦਾ ਐਲਾਨ ਕੀਤਾ ਗਿਆ। ਸੀਨੀਅਰ ਆਗੂਆਂ ਨੇ ਕਿਹਾ ਕਿ ਸਰਕਾਰ ਦੁਆਰਾ ਜਾਰੀ ਕੀਤੀ ਜਾਣ ਵਾਲੀ ਖੇਤੀ ਨੀਤੀ ਮਿਲਣ ਤੋਂ ਬਾਅਦ ਉਸ 'ਤੇ ਨਜ਼ਰਸਾਨੀ ਕਰਨ ਅਤੇ ਪ੍ਰਵਾਨ ਕੀਤੀਆਂ ਮੰਗਾਂ ਦੀ ਅਮਲਦਾਰੀ ਤਸੱਲੀਬਖ਼ਸ਼ ਨਾ ਹੋਣ ਦੀ ਸੂਰਤ ਵਿਚ 30 ਸਤੰਬਰ ਤੋਂ ਬਾਅਦ ਅਗਲੇ ਸਖ਼ਤ ਐਕਸ਼ਨ ਦਾ ਐਲਾਨ ਕੀਤਾ ਜਾਵੇਗਾ।



## 30 ਤੱਕ ਨਵੀਂ ਖੇਤੀ ਨੀਤੀ ਦਾ ਖਰੜਾ ਸੌਂਪੇਗੀ ਸਰਕਾਰ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਸਾਨ ਮਜ਼ਦੂਰ ਆਗੂਆਂ ਦੀਆਂ ਮੰਗਾਂ ਧਿਆਨ ਨਾਲ ਸੁਣੀਆਂ ਤੇ ਆਗੂਆਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਵੱਲੋਂ ਨਵੀਂ ਖੇਤੀ ਨੀਤੀ 'ਤੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨਵੀਂ ਖੇਤੀ ਨੀਤੀ ਦਾ 1600 ਪੰਨਿਆਂ ਦਾ ਖਰੜਾ ਲਗਭਗ ਤਿਆਰ ਹੈ, ਜਿਸ ਨੂੰ 30 ਸਤੰਬਰ ਤੱਕ ਕਿਸਾਨ ਯੂਨੀਅਨਾਂ ਨਾਲ ਸਾਂਝਾ ਕੀਤਾ ਜਾਵੇਗਾ। ਉਸ ਤੋਂ ਬਾਅਦ ਨਵੀਂ ਖੇਤੀ ਨੀਤੀ ਬਾਰੇ ਕਿਸਾਨਾਂ ਦੇ ਸੁਝਾਅ ਲਏ ਜਾਣਗੇ ਤੇ ਉਨ੍ਹਾਂ ਨੂੰ ਨੀਤੀ ਵਿਚ ਸ਼ਾਮਲ ਕੀਤਾ ਜਾਵੇਗਾ।

## ਪੰਜਾਬ ਵਿਚ ਕੇਂਦਰੀ ਏਜੰਸੀ ਦੇ ਛਾਪਿਆਂ ਖ਼ਿਲਾਫ਼ ਰੋਹ ਭਖਿਆ




**ਚੰਡੀਗੜ੍ਹ:** ਕੇਂਦਰੀ ਜਾਂਚ ਏਜੰਸੀ (ਐਨ.ਆਈ.ਏ.) ਵੱਲੋਂ ਬੀਤੇ ਦਿਨੀਂ ਪੰਜਾਬ ਵਿਚ ਮਾਰੇ ਗਏ ਛਾਪਿਆਂ ਖ਼ਿਲਾਫ਼ ਸੀ.ਪੀ.ਆਈ. (ਐਮ.ਐਲ) ਨਿਊ ਡੈਮੋਕਰੈਸੀ ਨੇ ਮੋਦੀ ਸਰਕਾਰ ਖ਼ਿਲਾਫ਼ ਜ਼ਿਲ੍ਹਾ ਕੇਂਦਰਾਂ 'ਤੇ ਰੋਸ ਪ੍ਰਦਰਸ਼ਨ ਕੀਤੇ ਅਤੇ ਰਾਸ਼ਟਰਪਤੀ ਦੇ ਨਾਂ ਮੰਗ ਪੱਤਰ ਭੇਜੇ। ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ, ਦਰਸ਼ਨ ਸਿੰਘ ਖਟਕੜ ਅਤੇ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਕੇਂਦਰ ਵਿਚ ਭਾਵੇਂ ਲੰਗੜੀ ਸਰਕਾਰ ਹੈ ਪਰ ਮੋਦੀ ਹਕੂਮਤ ਦਾ ਫਾਸ਼ੀਵਾਦੀ ਹੱਲਾ ਖ਼ਤਮ ਨਹੀਂ ਹੋਇਆ। ਦੇਸ਼ ਭਰ ਵਿਚ ਆਰ.ਐਸ.ਐਸ. ਅਤੇ ਕਾਰਪੋਰੇਟ ਦੀਆਂ ਨੀਤੀਆਂ ਖ਼ਿਲਾਫ਼ ਬੋਲਣ ਵਾਲੇ ਲੋਕਾਂ 'ਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ। ਉਨ੍ਹਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਰਹੇ ਹਨ ਅਤੇ ਉਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਐਨ.ਆਈ.ਏ. ਵੱਲੋਂ ਪੰਜਾਬ ਅਤੇ ਚੰਡੀਗੜ੍ਹ ਸਮੇਤ ਪੰਜ ਸੂਬਿਆਂ ਵਿਚ ਛਾਪੇ ਮਾਰੇ ਗਏ। ਐਨ.ਆਈ.ਏ. ਦੀ ਟੀਮ ਵਕੀਲ ਅਜੈ ਕੁਮਾਰ ਨੂੰ ਗ੍ਰਿਫ਼ਤਾਰ ਕਰ ਕੇ ਲੈ ਗਈ। ਇਸ ਦੌਰਾਨ ਹੋਰ ਵਕੀਲਾਂ, ਬੁੱਧੀਜੀਵੀਆਂ, ਵਿਦਿਆਰਥੀਆਂ ਤੇ ਕਿਸਾਨ ਆਗੂਆਂ ਤੋਂ ਵੀ ਪੁੱਛ-ਪੜਤਾਲ ਕੀਤੀ ਗਈ। ਐਨ.ਆਈ.ਏ. ਨੂੰ ਦਿੱਤੇ ਗਏ ਇੰਨੇ ਅਧਿਕਾਰ ਭਾਰਤ ਦੇ ਸੰਘੀ ਢਾਂਚੇ 'ਤੇ ਹਮਲਾ ਹੈ। ਜਿਸ ਢੰਗ ਨਾਲ ਇਨ੍ਹਾਂ ਛਾਪਿਆਂ ਵਿਚ ਪੰਜਾਬ ਸਰਕਾਰ ਨੇ ਭੂਮਿਕਾ ਨਿਭਾਈ ਹੈ, ਇਹ ਉਸ ਤੋਂ ਵੀ ਵੱਧ ਖ਼ਤਰਨਾਕ ਤੇ ਸ਼ਰਮਨਾਕ ਹੈ। ਇਸ ਦੌਰਾਨ ਉਨ੍ਹਾਂ ਐਨ.ਆਈ.ਏ. ਵੱਲੋਂ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਤੁਰਤ ਰਿਹਾਅ ਕਰਨ ਅਤੇ ਐਡਵੋਕੇਟ ਮਨਦੀਪ ਸਿੰਘ ਤੇ ਐਡਵੋਕੇਟ ਪੰਕਜ ਤਿਆਗੀ ਨੂੰ ਭੇਜੇ ਨੋਟਿਸ ਵਾਪਸ ਲੈਣ ਦੀ ਮੰਗ ਕੀਤੀ।

# ਮੁੱਖ ਮੰਤਰੀ ਮਾਨ ਨੇ 293 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚੰਡੀਗੜ੍ਹ ਦੇ ਸੈਕਟਰ-35 ਵਿਚ ਮਿਊਂਸਿਪਲ ਭਵਨ ਵਿਚ 293 ਨੌਜਵਾਨਾਂ ਨੂੰ ਵੱਖ-ਵੱਖ ਵਿਭਾਗਾਂ ਦੇ ਨਿਯੁਕਤੀ ਪੱਤਰ ਸੌਂਪੇ ਗਏ। ਸ੍ਰੀ ਮਾਨ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਪਿਛਲੇ ਢਾਈ ਸਾਲਾਂ ਵਿਚ ਲੋਕ ਹਿੱਤ ਦੇ ਮਿਸਾਲੀ ਕੰਮ ਕੀਤੇ ਗਏ ਹਨ, ਜਿਸ ਕਾਰਨ ਲੋਕਾਂ ਦਾ ਸੂਬਾ ਸਰਕਾਰ ਵਿਚ ਵਿਸ਼ਵਾਸ ਵਧਿਆ ਹੈ।




ਇਸ ਕਾਰਨ ਸੂਬੇ ਦੇ ਕਰ ਮਾਲੀਏ ਵਿਚ ਵੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਨੌਜਵਾਨਾਂ ਨੂੰ ਅਣਗੌਲਿਆ ਕਰ ਦਿੱਤਾ ਸੀ। ਇਸ ਕਰਕੇ ਵੱਡੀ ਗਿਣਤੀ ਵਿਚ ਸਰਕਾਰੀ ਆਸਾਮੀਆਂ ਕਾਨੂੰਨੀ ਅੜਿੱਕਿਆਂ ਵਿਚ ਅਟਕੀਆਂ ਰਹੀਆਂ ਸਨ ਪਰ 'ਆਪ' ਸਰਕਾਰ ਨੇ 30 ਮਹੀਨਿਆਂ ਵਿਚ 44,974 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਅਤੇ ਆਉਣ ਵਾਲੇ ਸਮੇਂ ਵਿਚ ਹੋਰ ਵੀ ਨੌਕਰੀਆਂ ਦਿੱਤੀਆਂ ਜਾਣਗੀਆਂ।

ਸ੍ਰੀ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਢਾਈ ਸਾਲਾਂ ਦੌਰਾਨ ਪੰਜਾਬ ਵਿਚ 18 ਟੋਲ ਪਲਾਜ਼ੇ ਬੰਦ ਕਰ ਦਿੱਤੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਟੋਲ ਪਲਾਜ਼ਿਆਂ ਦੇ ਮਾਲਕਾਂ ਨੇ ਮਿਆਦ ਵਧਾਉਣ ਦੀ ਮੰਗ ਵੀ ਕੀਤੀ ਸੀ ਜਿਸ ਦੀ ਲੋਕ ਹਿੱਤਾਂ ਕਾਰਨ ਮਿਆਦ ਵਧਾਈ ਨਹੀਂ ਗਈ। ਸੂਬੇ ਵਿਚ 18 ਟੋਲ ਪਲਾਜ਼ੇ ਬੰਦ ਹੋਣ ਕਰਕੇ ਪੰਜਾਬ ਦੇ ਲੋਕਾਂ ਦੇ ਰੋਜ਼ਾਨਾ ਤਕਰੀਬਨ 63 ਲੱਖ ਰੁਪਏ ਦੀ ਬੱਚਤ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵੱਲੋਂ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਸੂਬੇ ਵਿੱਚ 842 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਹੁਣ ਤੱਕ 2 ਕਰੋੜ ਤੋਂ ਵੱਧ ਲੋਕ ਇਲਾਜ ਕਰਵਾ ਚੁੱਕੇ ਹਨ।

## 30 ਹੋਰ ਆਮ ਆਦਮੀ ਕਲੀਨਿਕ ਸਥਾਪਤ ਹੋਣਗੇ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ 30 ਹੋਰ ਆਮ ਆਦਮੀ ਕਲੀਨਿਕ ਬਣਾਏ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਸਿੱਖਿਆ ਖੇਤਰ ਵਿਚ ਸੁਧਾਰ ਕਰਨ ਲਈ ਸੂਬੇ ਵਿਚ 118 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ ਜਿਸ 'ਤੇ ਸੂਬਾ ਸਰਕਾਰ ਵੱਲੋਂ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ। ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਸੂਬੇ ਭਰ ਦੇ ਸਰਕਾਰੀ ਸਕੂਲਾਂ ਵਿਚ ਮੈਗਾ ਮਾਪੇ-ਅਧਿਆਪਕ ਮਿਲਣੀ ਦਾ ਉਪਰਾਲਾ ਕੀਤਾ ਗਿਆ ਹੈ। ਇਸ ਮੈਗਾ ਪੀ.ਟੀ.ਐਮ. 'ਚ 20 ਲੱਖ ਮਾਪਿਆਂ ਨੇ ਹਿੱਸਾ ਲਿਆ ਸੀ। ਇਸ ਨਾਲ ਵਿਦਿਆਰਥੀਆਂ ਨੂੰ ਬਹੁਤ ਲਾਭ ਹੋਵੇਗਾ।

# ਕੈਨੇਡਾ ਵਿਚ ਪੰਜਾਬੀ ਨੌਜਵਾਨ ਦਾ ਕਤਲ

**ਮਾਲੇਰਕੋਟਲਾ:** ਨੇੜਲੇ ਪਿੰਡ ਬੜਲਾ ਦੇ ਜਸ਼ਨਦੀਪ ਸਿੰਘ (22) ਪੁੱਤਰ ਭਰਪੂਰ ਸਿੰਘ ਦਾ ਗੋਰੇ ਨੇ ਕੈਨੇਡਾ ਵਿਚ ਕਤਲ ਕਰ ਦਿੱਤਾ ਗਿਆ। ਉਹ ਅੱਠ ਮਹੀਨੇ ਪਹਿਲਾਂ ਹੀ ਐਡਮਿੰਟਨ ਸ਼ਹਿਰ ਵਿਚ ਪੜ੍ਹਾਈ ਕਰਨ ਗਿਆ ਸੀ।

ਐਡਗਰ ਵਿਸਕਰ (40) ਨੇ ਤੇਜ਼ਧਾਰ ਹਥਿਆਰ ਨਾਲ ਉਸ ਨੂੰ ਕਤਲ ਕਰ ਦਿੱਤਾ। ਚਾਕੂ ਦੇ ਕਈ ਵਾਰਾਂ ਕਾਰਨ ਜ਼ਖ਼ਮੀ ਹੋਏ ਪੀੜਤ ਨੂੰ ਮੈਡੀਕਲ ਸੇਵਾ ਟੀਮ ਨੇ ਮੌਕੇ 'ਤੇ ਮ੍ਰਿਤਕ ਐਲਾਨ ਦਿੱਤਾ ਸੀ। ਹੱਤਿਆ ਕਰਨ ਮਗਰੋਂ ਘਟਨਾ ਸਥਾਨ 'ਤੇ ਮੌਜੂਦ ਐਡਗਰ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਅਤੇ ਉਸ ਖ਼ਿਲਾਫ਼ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ। ਹਾਲਾਂਕਿ ਪੁਲਿਸ ਨੇ ਅਜੇ ਇਹ ਐਲਾਨ ਨਹੀਂ ਕੀਤਾ ਕਿ ਕੀ ਇਹ ਨਫ਼ਰਤੀ ਅਪਰਾਧ ਸੀ। ਈ.ਪੀ.ਐਸ. ਹੋਮੀਸਾਈਡ ਸੈਕਸ਼ਨ ਦੇ ਸਟਾਫ ਸਾਰਜੈਂਟ ਕੋਲਿਨ ਲੈਥਮ ਦੇ ਹਵਾਲੇ ਨਾਲ ਅਧਿਕਾਰਤ ਬਿਆਨ ਵਿਚ ਕਿਹਾ ਗਿਆ- "ਅਸੀਂ ਪੁਸ਼ਟੀ ਕਰ ਸਕਦੇ ਹਾਂ ਕਿ ਦੋਵੇਂ ਵਿਅਕਤੀ ਇਕ-ਦੂਜੇ ਨੂੰ ਨਹੀਂ ਜਾਣਦੇ ਸਨ।"

ਜਸ਼ਨਦੀਪ ਸਿੰਘ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ। ਇਸ ਦੌਰਾਨ ਫ਼ਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਡਾ. ਅਮਰ ਸਿੰਘ ਬੋਪਾਰਾਏ ਨੇ ਇਹ ਮਾਮਲਾ ਕੇਂਦਰੀ ਵਿਦੇਸ਼ ਮੰਤਰੀ ਕੋਲ ਉਠਾਉਣ ਦਾ ਦਾਅਵਾ ਕੀਤਾ। ਹਮਲੇ ਵਿਚ ਵਰਤਿਆ ਗਿਆ ਹਥਿਆਰ ਬਾਕਸ ਕਟਰ ਮੰਨਿਆ ਜਾ ਰਿਹਾ ਹੈ। ਸਾਬਕਾ ਸਰਪੰਚ ਭਰਪੂਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਨੇ ਕੈਨੇਡਾ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਤੋਂ ਉਨ੍ਹਾਂ ਦੇ ਪੁੱਤਰ ਦੀ ਮੌਤ ਤੱਕ ਦੀਆਂ ਘਟਨਾਵਾਂ ਦੀ ਜਾਂਚ ਦੀ ਮੰਗ ਕੀਤੀ ਹੈ।

# ਨਵੇਂ ਫ਼ੌਜਦਾਰੀ ਕਾਨੂੰਨਾਂ ਖ਼ਿਲਾਫ਼ ਡਟਣ ਦਾ ਸੱਦਾ

**ਬਰਨਾਲਾ:** ਜਮਹੂਰੀ ਅਧਿਕਾਰ ਸਭਾ, ਤਰਕਸ਼ੀਲ ਸੁਸਾਇਟੀ ਅਤੇ ਜਨਤਕ ਜਮਹੂਰੀ ਜਥੇਬੰਦੀਆਂ ਨੇ ਧਾਰਾ 295ਏ ਅਤੇ ਯੂ.ਏ.ਪੀ.ਏ. ਦੀ ਦੁਰਵਰਤੋਂ ਵਿਰੁੱਧ ਮੁਹਿੰਮ ਦੀ ਕੜੀ ਵਜੋਂ ਇੱਥੇ ਤਰਕਸ਼ੀਲ ਭਵਨ ਵਿਚ ਜਮਹੂਰੀ ਚੇਤਨਾ ਸੈਮੀਨਾਰ ਕਰਵਾਇਆ। ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾਈ ਜਥੇਬੰਦਕ ਮੁਖੀ ਰਾਜਿੰਦਰ ਭਦੌੜ ਨੇ ਜਨ ਸਮੂਹ ਦੀ ਸੰਘੀ ਘੁੱਟਦੇ ਜਾਬਰ ਕਾਨੂੰਨਾਂ ਨੂੰ ਠੱਲ੍ਹਣ ਲਈ ਲੋਕਾਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ।

ਮੁੱਖ ਬੁਲਾਰੇ ਵਜੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਰਾਜਵਿੰਦਰ ਸਿੰਘ ਬੈਂਸ ਨੇ ਦੱਸਿਆ ਕਿ ਬਸਤੀਵਾਦੀ ਵਿਰਾਸਤ ਨੂੰ ਖ਼ਤਮ ਕਰਨ ਦੇ ਨਾਂ ਹੇਠ ਲਿਆਂਦੇ ਇਹ ਕਾਨੂੰਨ ਅਸਲ ਵਿਚ ਲੋਕ ਹੱਕਾਂ ਲਈ ਘੋਲਾਂ ਨੂੰ ਕੁਚਲਣ ਲਈ ਪੁਲਿਸ ਨੂੰ ਵੱਧ ਤਾਕਤਾਂ ਦੇਣ ਵਾਲੇ ਹਨ। ਯੂ.ਏ.ਪੀ.ਏ. ਦੀ ਵਿਸ਼ੇਸ਼ ਕਾਨੂੰਨੀ ਵਿਵਸਥਾ ਦੇ ਨਾਲੋ-ਨਾਲ ਹੁਣ ਦਹਿਸ਼ਤਗਰਦੀ ਦੇ ਅਪਰਾਧ ਨੂੰ ਨਵੇਂ ਬਣੇ 'ਭਾਰਤੀ ਨਿਆਏ ਸੰਹਿਤਾ' ਅਧੀਨ ਲਿਆਂਦਾ ਗਿਆ ਹੈ। ਪਰਿਭਾਸ਼ਾ ਇੰਨੀ ਵਿਸ਼ਾਲ ਕਰ ਦਿੱਤੀ ਹੈ ਕਿ ਸਰਕਾਰ ਕਿਸੇ ਵੀ ਸਿਆਸੀ ਤੇ ਵਿਚਾਰਧਾਰਕ ਵਿਰੋਧੀ ਨੂੰ ਸਾਲਾਂਬੱਧੀ ਜੇਲ੍ਹ ਵਿਚ ਬੰਦ ਕਰ ਸਕਦੀ ਹੈ। ਲੇਖਕਾ ਅਰੁੰਧਤੀ ਰਾਏ ਅਤੇ ਕਸ਼ਮੀਰ ਯੂਨੀਵਰਸਿਟੀ ਦੇ ਸਾਬਕਾ ਪ੍ਰੋਫ਼ੈਸਰ ਸ਼ੌਕਤ ਹੁਸੈਨ ਵਿਰੁੱਧ ਦਹਾਕਿਆਂ ਪੁਰਾਣੀ ਘਟਨਾ ਲਈ ਯੂ.ਏ.ਪੀ.ਏ. ਲਾਉਣ ਲਈ ਦਿੱਤੀ ਮਨਜ਼ੂਰੀ ਲੋਕਾਂ ਦੀ ਜ਼ੁਬਾਨਬੰਦੀ ਕਰਨ ਦੀ ਕਵਾਇਦ ਹੀ ਹੈ।

# ਕੌਮਾਂਤਰੀ ਮੰਡੀ 'ਚ ਡੀ.ਏ.ਪੀ. ਦਾ ਭਾਅ ਵਧਿਆ ਸੰਕਟ ਦਾ ਖਦਸ਼ਾ ਬਣਿਆ

**ਚੰਡੀਗੜ੍ਹ:** ਕੌਮਾਂਤਰੀ ਮੰਡੀ ਵਿਚ ਡੀ.ਏ.ਪੀ. ਦਾ ਭਾਅ ਪਿਛਲੇ ਦਿਨੀਂ 100 ਡਾਲਰ ਪ੍ਰਤੀ ਮੀਟ੍ਰਿਕ ਟਨ ਵਧ ਗਿਆ ਹੈ ਜਿਸ ਕਾਰਨ ਪੰਜਾਬ ਵਿਚ ਕਣਕ ਅਤੇ ਆਲੂਆਂ ਦੀ ਅਗਲੀ ਫ਼ਸਲ ਬੀਜਣ ਸਮੇਂ ਸੰਕਟ ਦੇ ਆਸਾਰ ਬਣ ਗਏ ਹਨ। ਕੌਮਾਂਤਰੀ ਮੰਡੀ ਵਿਚ ਡੀ.ਏ.ਪੀ. ਦਾ ਭਾਅ 530 ਡਾਲਰ ਪ੍ਰਤੀ ਮੀਟ੍ਰਿਕ ਟਨ ਦੇ ਮੁਕਾਬਲੇ 630 ਡਾਲਰ ਪ੍ਰਤੀ ਮੀਟ੍ਰਿਕ ਟਨ ਹੋ ਗਿਆ ਹੈ। ਹਾਲਾਂਕਿ ਕੇਂਦਰੀ ਰਸਾਇਣ ਅਤੇ ਖਾਦ ਮੰਤਰੀ ਜੇਪੀ ਨੱਡਾ ਨੇ ਪੰਜਾਬ ਦੇ ਵਿਸ਼ੇਸ਼ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਨੂੰ ਸੂਬੇ ਦੀ ਲੋੜ ਅਨੁਸਾਰ ਡੀ.ਏ.ਪੀ. ਅਤੇ ਹੋਰ ਖਾਦਾਂ ਦੀ ਸਮੇਂ ਸਿਰ ਸਪਲਾਈ ਯਕੀਨੀ ਬਣਾਉਣ ਦਾ ਭਰੋਸਾ ਦਿੱਤਾ ਹੈ।

ਖਾਦ ਡੀਲਰ ਐਸੋਸੀਏਸ਼ਨ ਰਾਏਕੋਟ ਦੇ ਪ੍ਰਧਾਨ ਵਿਜੈ ਖੁਰਮੀ ਨੇ ਦੱਸਿਆ ਕਿ ਪੰਜਾਬ ਡੀ.ਏ.ਪੀ. ਦੀ ਗੰਭੀਰ ਘਾਟ ਦਾ ਸਾਹਮਣਾ ਕਰ ਰਿਹਾ ਹੈ। ਅਗਲੀ ਫ਼ਸਲ ਦੀ ਬਿਜਾਈ ਲਈ 5.1 ਲੱਖ ਮੀਟ੍ਰਿਕ ਟਨ ਦੀ ਕਮੀ ਹੈ ਜਿਸ ਕਾਰਨ ਹਾੜ੍ਹੀ ਦੇ ਸੀਜ਼ਨ ਦੌਰਾਨ ਖਾਦ ਦੀ ਕਮੀ ਦਾ ਸੰਕਟ ਸਾਫ਼ ਦਿਖਾਈ ਦੇ ਰਿਹਾ ਹੈ। ਡੀ.ਏ.ਪੀ. ਖਾਦ ਦੀ ਸਪਲਾਈ ਚੀਨ, ਰੂਸ, ਯੂਕਰੇਨ ਅਤੇ ਸਾਊਦੀ ਅਰਬ ਆਦਿ ਦੇਸ਼ਾਂ ਤੋਂ ਹੁੰਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਕੇਂਦਰ ਨਾਲ ਸੰਪਰਕ ਕਰ ਕੇ ਸੂਬੇ ਨੂੰ ਡੀ.ਏ.ਪੀ. ਦੀ ਸਖ਼ਤ ਲੋੜ ਬਾਰੇ ਦੱਸਿਆ ਜਾ ਚੁੱਕਿਆ ਹੈ। 35 ਲੱਖ ਹੈਕਟੇਅਰ ਰਕਬੇ ਵਿੱਚ ਕਣਕ ਦੀ ਬਿਜਾਈ ਲਈ 5.5 ਲੱਖ ਮੀਟ੍ਰਿਕ ਟਨ ਦੀ ਲੋੜ ਦੇ ਮੁਕਾਬਲੇ 1 ਜੁਲਾਈ 2024 ਤੱਕ ਕੇਵਲ 40 ਹਜ਼ਾਰ ਮੀਟ੍ਰਿਕ ਟਨ ਦੀ ਸਪਲਾਈ ਮਿਲ ਸਕੀ ਹੈ।




ਇਸ ਘਾਟ ਕਰਕੇ ਕਣਕ ਦੀ ਪੈਦਾਵਾਰ ਵਿਚ ਕਮੀ ਹੋਣ ਦੀ ਸੰਭਾਵਨਾ ਬਣ ਗਈ ਹੈ, ਕਿਸਾਨਾਂ ਦੇ ਸੰਭਾਵੀ ਆਰਥਿਕ ਨੁਕਸਾਨ ਦੀ ਚਿੰਤਾ ਹੁਣ ਤੋਂ ਹੀ ਦਿਖਾਈ ਦੇਣ ਲੱਗੀ ਹੈ। ਹਾੜ੍ਹੀ ਦੇ ਸੀਜ਼ਨ ਨੂੰ ਧਿਆਨ ਵਿਚ ਰੱਖਦਿਆਂ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ 4.50 ਲੱਖ ਮੀਟ੍ਰਿਕ ਟਨ ਡੀ.ਏ.ਪੀ., 1.50 ਲੱਖ ਮੀਟ੍ਰਿਕ ਟਨ ਐਨਪੀਕੇ (ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ) ਅਤੇ 1.50 ਲੱਖ ਮੀਟ੍ਰਿਕ ਟਨ ਐਸ.ਐਸ.ਪੀ. (ਸਿੰਗਲ ਸੁਪਰ-ਫਾਸਫੇਟ) ਖਾਦ ਅਲਾਟ ਕੀਤੀ ਗਈ ਹੈ। ਯਾਦ ਰਹੇ ਪੰਜਾਬ ਨੇ 2023-24 ਦੇ ਸੀਜ਼ਨ ਦੌਰਾਨ ਕੇਂਦਰੀ ਪੂਲ ਵਿੱਚ 46 ਪ੍ਰਤੀਸ਼ਤ ਕਣਕ ਦਾ ਯੋਗਦਾਨ ਪਾਇਆ ਸੀ। ਖਾਦ ਦੀ ਸਪਲਾਈ ਵਿੱਚ ਕੋਈ ਅੜਿੱਕਾ ਸੂਬੇ ਅਤੇ ਦੇਸ਼ ਦੀ ਖ਼ੁਰਾਕ ਸੁਰੱਖਿਆ ਉੱਪਰ ਮਾੜਾ ਅਸਰ ਪਾ ਸਕਦਾ ਹੈ। ਕੌਮਾਂਤਰੀ ਮੰਡੀ ਵਿੱਚ ਡੀ.ਏ.ਪੀ. ਦੇ ਵਧੇ ਭਾਅ ਕਾਰਨ ਕੇਂਦਰ ਵੱਲੋਂ ਭਾਅ ਵਧਾਏ ਜਾ ਸਕਦੇ ਹਨ ਜਾਂ ਸਬਸਿਡੀ ਵਿਚ ਵਾਧਾ ਕੀਤਾ ਜਾ ਸਕਦਾ ਹੈ।

# ਕਿਸਾਨ ਦੀ ਧੀ ਭਾਰਤੀ ਫੌਜ ਵਿਚ ਕਮਿਸ਼ਨਡ ਅਫਸਰ ਬਣੀ

**ਮੁਹਾਲੀ:** ਪਠਾਨਕੋਟ ਦੇ ਕਿਸਾਨ ਦੀ ਧੀ ਪੱਲਵੀ ਰਾਜਪੂਤ ਭਾਰਤੀ ਫੌਜ ਵਿਚ ਲੈਫਟੀਨੈਂਟ ਨਿਯੁਕਤ ਹੋਈ ਹੈ। ਚੇਨੱਈ ਸਥਿਤ ਆਫ਼ੀਸਰਜ਼ ਟਰੇਨਿੰਗ ਅਕੈਡਮੀ 'ਚੋਂ ਸਿਖਲਾਈ ਮੁਕੰਮਲ ਕਰਨ ਮਗਰੋਂ ਪੱਲਵੀ ਨੇ ਪਾਸਿੰਗ ਆਊਟ ਪਰੇਡ ਵਿਚ ਹਿੱਸਾ ਲਿਆ। ਪਰੇਡ ਦਾ ਨਿਰੀਖਣ ਵਾਈਸ ਚੀਫ ਆਫ ਆਰਮੀ ਸਟਾਫ਼ ਲੈਫਟੀਨੈਂਟ ਜਨਰਲ ਐਨ.ਐਸ. ਰਾਜਾ ਸੁਬਰਾਮਣੀ ਨੇ ਕੀਤਾ। ਆਰਟਿਲਰੀ ਰੈਜੀਮੈਂਟ ਵਿਚ ਕਮਿਸ਼ਨਡ ਅਫ਼ਸਰ ਵਜੋਂ ਨਿਯੁਕਤ ਹੋਈ ਲੈਫ਼ਟੀਨੈਂਟ ਪੱਲਵੀ ਰਾਜਪੂਤ ਪਠਾਨਕੋਟ ਦੇ ਕਿਸਾਨ ਰਾਵਿੰਦਰ ਸਿੰਘ ਦੀ ਧੀ ਹੈ। ਉਹ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼ ਮੁਹਾਲੀ ਦੀ ਸਾਬਕਾ ਕੈਡੇਟ ਹੈ।

ਲੈਫਟੀਨੈਂਟ ਪੱਲਵੀ ਰਾਜਪੂਤ ਨੂੰ ਉਸ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੱਲਵੀ ਦੀ ਸਫਲਤਾ ਪੰਜਾਬ ਦੀਆਂ ਹੋਰ ਧੀਆਂ ਨੂੰ ਰੱਖਿਆ ਸੇਵਾਵਾਂ ਵਿਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰੇਗੀ। ਪੰਜਾਬ ਸਰਕਾਰ ਨੇ ਮਾਈ ਭਾਗੋ ਇੰਸਟੀਚਿਊਟ ਮੁਹਾਲੀ ਵਿਚ ਮੌਜੂਦ ਗਰੈਜੂਏਟ ਵਿੰਗ ਤੋਂ ਇਲਾਵਾ ਜੁਲਾਈ 2023 ਵਿਚ ਕੁੜੀਆਂ ਲਈ ਐਨ.ਡੀ.ਏ. ਪ੍ਰੈਪਰੇਟਰੀ ਵਿੰਗ ਦੀ ਵੀ



ਸਥਾਪਨਾ ਕੀਤੀ ਹੈ।

ਸ੍ਰੀ ਅਰੋੜਾ ਨੇ ਦੱਸਿਆ ਕਿ ਐਨ.ਡੀ.ਏ. ਪ੍ਰੈਪਰੇਟਰੀ ਵਿੰਗ ਦੇ ਤੀਜੇ ਬੈਚ ਲਈ ਦਾਖ਼ਲਾ ਪ੍ਰੀਖਿਆ ਜਨਵਰੀ 2025 ਵਿਚ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਦੇਸ਼ ਵਿਚ ਆਪਣੀ ਕਿਸਮ ਦੀ ਪਹਿਲੀ ਸੰਸਥਾ ਹੈ, ਜਿੱਥੇ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਰਿਹਾਇਸ਼ੀ ਕੈਂਪਸ ਵੀ ਹੈ। ਸੰਸਥਾ ਦੇ ਸਾਬਕਾ ਕੈਡਿਟਾਂ ਦੀ ਰੱਖਿਆ ਸੇਵਾਵਾਂ ਵਿਚ ਕਮਿਸ਼ਨਡ ਅਫ਼ਸਰਾਂ ਵਜੋਂ ਨਿਯਮਤ ਤੌਰ 'ਤੇ ਨਿਯੁਕਤੀ 'ਤੇ ਮਾਈ ਭਾਗੋ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ (ਸੇਵਾਮੁਕਤ) ਜਸਬੀਰ ਸਿੰਘ ਸੰਧੂ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

# ਅਕਾਲੀ ਦਲ ਨੇ ਜ਼ਿਮਨੀ ਚੋਣਾਂ ਦੀ ਤਿਆਰੀ ਖਿੱਚੀ

**ਚੰਡੀਗੜ੍ਹ:** ਪੰਜਾਬ ਦੀ ਸਿਆਸਤ ਵਿਚ ਲੰਬਾ ਸਮਾਂ ਰਾਜ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੂੰ ਮੌਜੂਦਾ ਸਮੇਂ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸੇ ਦੌਰਾਨ ਅਕਾਲੀ ਦਲ ਨੇ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀ ਜ਼ਿਮਨੀ ਚੋਣ ਵਿਚ ਜ਼ੋਰ-ਸ਼ੋਰ ਨਾਲ ਚੋਣ ਮੈਦਾਨ ਵਿਚ ਨਿਤਰਣ ਦੀਆਂ ਤਿਆਰੀਆਂ ਖਿੱਚ ਲਈਆਂ ਹਨ।

ਇਨ੍ਹਾਂ ਚੋਣਾਂ ਲਈ ਪਾਰਟੀ ਵੱਲੋਂ ਰਣਨੀਤੀ ਤਿਆਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਵੱਲੋਂ ਵਿਧਾਨ ਸਭਾ ਹਲਕਾ ਗਿੱਦੜਬਾਹਾ ਤੇ ਬਰਨਾਲਾ ਜ਼ਿਮਨੀ ਚੋਣ 'ਚ ਚੋਣ ਪ੍ਰਚਾਰ ਲਈ ਪ੍ਰਚਾਰ ਮੁਹਿੰਮ ਦੇ ਇੰਚਾਰਜ ਨਿਯੁਕਤ ਕੀਤੇ ਗਏ ਹਨ। ਹਾਲਾਂਕਿ ਪਾਰਟੀ ਵੱਲੋਂ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਤੇ ਚੱਬੇਵਾਲ ਲਈ ਪ੍ਰਚਾਰ ਮੁਹਿੰਮ ਦਾ ਇੰਚਾਰਜ ਕਿਸੇ ਨੂੰ ਨਹੀਂ ਲਗਾਇਆ ਗਿਆ। ਸ੍ਰੀ ਭੂੰਦੜ ਨੇ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੂੰ ਗਿੱਦੜਬਾਹਾ ਦੀ ਜ਼ਿਮਨੀ ਚੋਣ ਲਈ ਪਾਰਟੀ ਦੀ ਪ੍ਰਚਾਰ ਮੁਹਿੰਮ ਦਾ ਇੰਚਾਰਜ ਲਗਾਇਆ ਗਿਆ ਹੈ।

ਇਸੇ ਤਰ੍ਹਾਂ ਹਲਕਾ ਬਰਨਾਲਾ ਦੀ ਜ਼ਿਮਨੀ ਚੋਣ ਲਈ ਹੀਰਾ ਸਿੰਘ ਗਾਬੜੀਆ ਨੂੰ ਬਰਨਾਲਾ



ਸ਼ਹਿਰ ਅਤੇ ਇਕਬਾਲ ਸਿੰਘ ਝੂੰਦਾ ਨੂੰ ਬਰਨਾਲਾ ਦਿਹਾਤੀ ਵਿਚ ਪ੍ਰਚਾਰ ਮੁਹਿੰਮ ਦਾ ਇੰਚਾਰਜ ਲਗਾਇਆ ਗਿਆ ਹੈ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਪ੍ਰਚਾਰ ਮੁਹਿੰਮ ਦੇ ਨਵੇਂ ਇੰਚਾਰਜਾਂ ਨੂੰ ਇਨ੍ਹਾਂ ਵਿਧਾਨ ਸਭਾ ਹਲਕਿਆਂ ਵਿਚ ਪਾਰਟੀ ਦੀ ਪ੍ਰਚਾਰ ਮੁਹਿੰਮ ਦਾ ਖਾਕਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਹ ਇੰਚਾਰਜ ਹਲਕਿਆਂ ਵਿਚ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕਰਨਗੇ ਅਤੇ ਪਾਰਟੀ ਦੀ ਪ੍ਰਚਾਰ ਮੁਹਿੰਮ ਦੀ ਅਗਵਾਈ ਕਰਨਗੇ ਅਤੇ ਕੇਡਰ ਨੂੰ ਬੂਥ ਵਾਈਜ਼ ਡਿਊਟੀਆਂ ਸੌਂਪਣਗੇ।

# ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਬਣਾਏ ਪੰਡਾਲ ਨੂੰ ਦੁਰਗਿਆਨਾ ਮੰਦਰ ਦਾ ਨਾਂ ਦਿੱਤਾ

**ਅੰਮ੍ਰਿਤਸਰ:** ਗਣੇਸ਼ ਉਤਸਵ ਸਬੰਧੀ ਮਹਾਰਾਸ਼ਟਰ ਦੇ ਪੁਣੇ ਵਿਚ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਬਣਾਏ ਗਏ ਪੰਡਾਲ ਨੂੰ ਹੁਣ ਦੁਰਗਿਆਨਾ ਮੰਦਰ ਦਾ ਨਾਂ ਦਿੱਤਾ ਗਿਆ ਹੈ। ਪੰਡਾਲ ਦੇ ਪ੍ਰਬੰਧਕਾਂ ਵੱਲੋਂ ਅਜਿਹਾ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਵਿਰੋਧ ਅਤੇ ਵਿਵਾਦ ਤੋਂ ਬਚਣ ਲਈ ਕੀਤਾ ਗਿਆ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਗਈ ਜਾਂਚ ਟੀਮ ਨੇ ਕੀਤਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਦੀ ਜਾਂਚ ਲਈ ਛੱਤੀਸਗੜ੍ਹ ਦੇ ਰਾਏਪੁਰ ਵਿਚ ਸਿੱਖ ਮਿਸ਼ਨ ਦੇ ਇੰਚਾਰਜ ਗੁਰਮੀਤ ਸਿੰਘ ਸੈਣੀ ਨੂੰ ਭੇਜਿਆ ਗਿਆ ਸੀ। ਇਹ ਮਾਮਲਾ ਬੀਤੇ ਦਿਨੀਂ ਸ਼੍ਰੋਮਣੀ ਕਮੇਟੀ ਦੇ ਨੋਟਿਸ ਵਿਚ ਆਇਆ ਸੀ, ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਇਸ ਦਾ ਸਖਤ ਵਿਰੋਧ ਕੀਤਾ ਸੀ। ਸ਼੍ਰੋਮਣੀ ਕਮੇਟੀ ਨੇ ਬਣਾਏ ਜਾ ਰਹੇ ਪੰਡਾਲ ਦੀਆਂ ਕੁਝ ਤਸਵੀਰਾਂ ਵੀ ਮੀਡੀਆ ਵਿਚ ਜਨਤਕ ਕੀਤੀਆਂ ਸਨ ਅਤੇ ਦੋਸ਼ ਲਾਇਆ ਸੀ ਕਿ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਪੰਡਾਲ ਬਣਾਇਆ ਜਾ ਰਿਹਾ ਹੈ ਜੋ ਸਿੱਖ ਮਰਿਆਦਾ ਦੀ ਉਲੰਘਣਾ ਹੈ।

ਸ਼੍ਰੋਮਣੀ ਕਮੇਟੀ ਮੈਂਬਰ ਅਤੇ ਸਾਬਕਾ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਇਸ ਸਬੰਧੀ ਵੀਡੀਓ ਸੁਨੇਹੇ ਰਾਹੀਂ ਜਾਣਕਾਰੀ ਦਿੱਤੀ ਹੈ ਕਿ ਕਿ ਜਦੋਂ ਜਾਂਚ ਟੀਮ ਪੁਣੇ ਪੁੱਜੀ ਤਾਂ ਉੱਥੇ ਪ੍ਰਬੰਧਕਾਂ ਨੇ ਪੰਡਾਲ ਦੇ ਬਾਹਰ ਇੱਕ ਵੱਡਾ ਬੋਰਡ ਲਾਇਆ ਸੀ, ਜਿਸ ਉੱਪਰ ਦੁਰਗਿਆਨਾ ਮੰਦਰ ਲਿਖਿਆ ਹੋਇਆ ਸੀ। ਇਸ ਤੋਂ ਪਹਿਲਾਂ ਪ੍ਰਬੰਧਕਾਂ ਵੱਲੋਂ ਮੀਡੀਆ ਨੂੰ ਦੱਸਿਆ ਗਿਆ ਸੀ ਕਿ ਪ੍ਰਬੰਧਕ ਅਤੇ ਹੋਰ ਜਦੋਂ ਅੰਮ੍ਰਿਤਸਰ ਗਏ ਸਨ ਤਾਂ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਸਮੇਂ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਮਿਲੇ ਸਨ ਅਤੇ ਪੰਡਾਲ ਬਣਾਉਣ ਸਬੰਧੀ ਆਗਿਆ ਲਈ ਸੀ।

ਉਹ ਉੱਥੇ ਅਕਾਲ ਤਖਤ ਦੇ ਜਥੇਦਾਰ ਨੂੰ ਵੀ ਮਿਲੇ ਸਨ। ਸ਼੍ਰੋਮਣੀ ਕਮੇਟੀ ਮੈਂਬਰ ਨੇ ਸਪੱਸ਼ਟ ਕੀਤਾ ਕਿ ਦੇਸ਼ ਵਿਦੇਸ਼ ਤੋਂ ਆਇਆ ਕੋਈ ਵੀ ਵਫਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਕਾਲ ਤਖਤ ਦੇ ਜਥੇਦਾਰ ਨਾਲ ਮੁਲਾਕਾਤ ਕਰ ਸਕਦਾ ਹੈ ਪਰ ਜਿੱਥੋਂ ਤੱਕ ਹਰਿਮੰਦਰ ਸਾਹਿਬ ਦੀ ਤਰਜ਼ 'ਤੇ ਪੰਡਾਲ ਬਣਾਉਣ ਦੀ ਆਗਿਆ ਦੇਣ ਦਾ ਸਵਾਲ ਹੈ, ਅਜਿਹਾ ਕੁਝ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਪੰਡਾਲ ਦੇ ਪ੍ਰਬੰਧਕ ਇਸ ਸਬੰਧੀ ਕੋਈ ਲਿਖਤੀ ਪ੍ਰਵਾਨਗੀ ਹੋਣ ਦਾ ਸਬੂਤ ਨਹੀਂ ਦੇ ਸਕੇ।

ਹਵਾਰਾ ਕਮੇਟੀ ਨੇ ਦਰਬਾਰ ਸਾਹਿਬ ਦੀ ਨਕਲ ਕਰਕੇ ਉਸ ਦੀ ਤਰਜ਼ 'ਤੇ ਪੁਣੇ ਵਿਚ ਅਜਿਹਾ ਪੰਡਾਲ ਬਣਾਉਣ ਦਾ ਵਿਰੋਧ ਕਰਦਿਆਂ ਕਿਹਾ ਕਿ ਸਿੱਖ ਕੌਮ ਇਸ ਨੂੰ ਕਦੇ ਬਰਦਾਸ਼ਤ ਨਹੀਂ ਕਰੇਗੀ। ਹਵਾਰਾ ਕਮੇਟੀ ਦੇ ਬੁਲਾਰੇ ਪ੍ਰੋਫੈਸਰ ਬਲਜਿੰਦਰ ਸਿੰਘ, ਬਾਪੂ ਗੁਰਚਰਨ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਇਹ ਇਤਰਾਜ਼ਯੋਗ ਹੈ ਅਤੇ ਸ਼ਰਾਰਤੀ ਕਾਰਵਾਈ ਹੈ। ਦਰਬਾਰ ਸਾਹਿਬ ਦੀ ਨਕਲ ਕਰਨਾ ਸਿੱਖ ਸਿਧਾਂਤਾਂ ਅਤੇ ਮਰਿਆਦਾ ਦੇ ਉਲਟ ਹੈ, ਜਿਸ ਦੀ ਇਜਾਜ਼ਤ ਕਿਸੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ।

## ਅਕਾਲੀ ਆਗੂ ਤਿਆਗ ਦਿਖਾਉਣ: ਗਿਆਨੀ ਹਰਪ੍ਰੀਤ ਸਿੰਘ



**ਸ੍ਰੀ ਆਨੰਦਪੁਰ ਸਾਹਿਬ:** ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਹੋਣਾ ਪੰਜਾਬ, ਪੰਜਾਬੀਅਤ ਅਤੇ ਸਿੱਖ ਪੰਥ ਲਈ ਬੇਹੱਦ ਜ਼ਰੂਰੀ ਹੈ। ਉਨ੍ਹਾਂ ਅਕਾਲੀ ਦਲ ਦੇ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਦਲ ਦੀ ਚੜ੍ਹਦੀਕਲਾ ਲਈ ਤਿਆਗ ਦੀ ਭਾਵਨਾ ਦਿਖਾਉਣ। ਉਨ੍ਹਾਂ ਕਿਹਾ ਕਿ ਦੇਸ਼ ਅੰਦਰ ਘੱਟ ਗਿਣਤੀਆਂ ਨਿਸ਼ਾਨੇ 'ਤੇ ਹਨ ਅਤੇ ਖਾਸ ਤੌਰ 'ਤੇ ਸਿੱਖਾਂ ਨੂੰ ਗਿਣੀ ਮਿਥੀ ਸਾਜ਼ਿਸ਼ ਤਹਿਤ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਬੱਚਿਆਂ ਨੂੰ ਪ੍ਰੀਖਿਆਵਾਂ ਵਿਚ ਬੈਠਣ ਤੋਂ ਪਹਿਲਾਂ ਉਨ੍ਹਾਂ ਦੇ ਸ਼ਸਤਰ ਉਤਰਵਾਏ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸ਼ਸਤਰ ਸਿੱਖਾਂ ਲਈ ਗਹਿਣੇ ਨਹੀਂ, ਸਗੋਂ ਧਾਰਮਿਕ ਚਿੰਨ੍ਹ ਹਨ। ਉਨ੍ਹਾਂ ਇਹ ਵੀ ਕਿਹਾ ਕਿ ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' ਵੀ ਸਿੱਖਾਂ ਖ਼ਿਲਾਫ਼ ਸਿਰਜੇ ਜਾ ਰਹੇ ਬਿਰਤਾਂਤ ਦਾ ਹੀ ਨਤੀਜਾ ਹੈ। ਉਨ੍ਹਾਂ ਇਸ ਫ਼ਿਲਮ 'ਤੇ ਪਾਬੰਦੀ ਲਾਉਣ ਦੀ ਮੰਗ ਕੀਤੀ। ਗਣਪਤੀ ਵਿਸਰਜਨ ਮੌਕੇ ਦੇਸ਼ ਦੇ ਇਕ ਸੂਬੇ ਵਿਚ ਹਰਿਮੰਦਰ ਸਾਹਿਬ ਦੇ ਬਣਾਏ ਗਏ ਮਾਡਲ ਬਾਰੇ ਉਨ੍ਹਾਂ ਕਿਹਾ ਕਿ ਸਿੱਖਾਂ ਲਈ ਨਕਲ ਕਦੇ ਵੀ ਬਰਦਾਸ਼ਤ ਨਹੀਂ ਹੋਵੇਗੀ।

# ਮੁੱਖ ਮੰਤਰੀ ਵੱਲੋਂ ਕੈਨੇਡਾ ਦੇ ਨੈਬੁਲਾ ਗਰੁੱਪ ਨੂੰ ਨਿਵੇਸ਼ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੈਨੇਡਾ ਦੀ ਕੰਪਨੀ ਨੈਬੁਲਾ ਗਰੁੱਪ ਦੇ ਪ੍ਰਬੰਧਕਾਂ ਨਾਲ ਪੰਜਾਬ ਵਿਚ ਨਿਵੇਸ਼ ਕਰਨ ਬਾਰੇ ਗੱਲਬਾਤ ਕੀਤੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੈਨੇਡਾ ਦੀ ਕੰਪਨੀ ਦੇ ਪ੍ਰਧਾਨ ਤੇ ਚੇਅਰਮੈਨ ਰਮਨ ਖੱਟੜਾ ਨਾਲ ਗੱਲਬਾਤ ਤੋਂ ਬਾਅਦ ਕਿਹਾ ਕਿ ਕੈਨੇਡੀਅਨ ਕੰਪਨੀ ਨੇ ਪੰਜਾਬ ਵਿੱਚ ਫੂਡ ਪ੍ਰੋਸੈਸਿੰਗ ਪਲਾਂਟ ਸਥਾਪਤ ਕਰਨ 'ਚ ਦਿਲਚਸਪੀ ਦਿਖਾਈ ਹੈ।



ਇਸ ਨਾਲ ਟਮਾਟਰ, ਨਿੰਬੂ ਜਾਤੀ ਦੇ ਫਲਾਂ, ਜੂਸ, ਆਲੂ ਨੂੰ 10,000 ਹੈਕਟੇਅਰ ਦੇ ਆਲੇ-ਦੁਆਲੇ ਦੇ ਖੇਤਰ ਤੋਂ ਇਕੱਠਾ ਕੀਤਾ ਜਾਵੇਗਾ, ਜਿਸ ਨਾਲ ਤਾਜ਼ਾ ਭੋਜਨ ਉਤਪਾਦਾਂ ਦੀ ਉਮਰ ਵਧੇਗੀ। ਕੰਪਨੀ ਵੱਲੋਂ ਹੀ ਓਜ਼ੋਨ ਤਕਨੀਕ ਦੀ ਮਦਦ ਨਾਲ ਖ਼ਰਾਬ ਹੋਣ ਵਾਲੀਆਂ ਅਤੇ ਤਾਜ਼ੀਆਂ ਵਸਤਾਂ ਦੀ ਮਿਆਦ ਵਧਾ ਕੇ ਉਨ੍ਹਾਂ ਨੂੰ ਬਰਾਮਦ ਕੀਤਾ ਜਾਵੇਗਾ। ਕਿਸਾਨਾਂ ਨੂੰ ਲਾਭ ਪਹੁੰਚਾਉਣ ਲਈ ਮਾਰਕਫੈੱਡ ਤੇ ਪੰਜਾਬ ਐਗਰੋ ਨਾਲ ਸਾਂਝ ਨੂੰ ਯਕੀਨੀ ਬਣਾਇਆ ਜਾਵੇਗਾ ਅਤੇ ਕੰਪਨੀ ਵੱਲੋਂ ਦੋਰਾਹਾ ਨੇੜੇ ਪਲਾਂਟ ਲਗਾਇਆ ਜਾਵੇਗਾ। ਇਸ ਨਾਲ ਨੌਜਵਾਨਾਂ ਨੂੰ ਨੌਕਰੀਆਂ ਵੀ ਮਿਲਣਗੀਆਂ।

ਸ੍ਰੀ ਮਾਨ ਨੇ ਕਿਹਾ ਕਿ ਕੰਪਨੀ ਲੁਧਿਆਣਾ ਦੇ ਬੁੱਢੇ ਨਾਲੇ ਨੂੰ ਨਵੀਨਤਮ ਤਕਨੀਕ ਨਾਲ ਸਾਫ ਕਰਨ ਲਈ ਆਪਣੀ ਮੁਹਾਰਤ ਦੀ ਵਰਤੋਂ ਕਰੇਗੀ। ਇਹ ਕੰਪਨੀ ਭਾਰਤੀ ਮੂਲ ਦੇ ਭੰਡਾਰਾਂ 'ਤੇ ਕੈਂਸਰ ਪੈਦਾ ਕਰਨ ਵਾਲੀਆਂ ਅਸ਼ੁੱਧੀਆਂ ਨੂੰ ਦੂਰ ਕਰੇਗੀ ਅਤੇ ਨੈਨੋ ਤਕਨੀਕ ਨਾਲ ਕੈਂਸਰ ਪੈਦਾ ਕਰਨ ਵਾਲੇ ਸਾਰੇ ਤੱਤਾਂ ਨੂੰ ਨਸ਼ਟ ਕਰੇਗੀ। ਉਨ੍ਹਾਂ ਕਿਹਾ ਕਿ ਪਾਣੀ ਦੇ ਟੀਡੀਐੱਸ ਦੇ ਪੱਧਰ ਨੂੰ 100 ਤੋਂ ਘੱਟ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ ਤਾਂ ਕਿ ਇਹ ਪਾਣੀ ਪੀਣ ਦੇ ਯੋਗ ਹੋ ਸਕੇ। ਇਸ ਦੌਰਾਨ ਕੰਪਨੀ ਨੇ ਪਲਾਸਟਿਕ ਦੇ ਕੂੜਾ ਖਾਸ ਕਰਕੇ ਪਲਾਸਟਿਕ ਬੋਤਲਾਂ ਦੀ ਰਿਸਾਈਕਲਿੰਗ ਲਈ ਸੂਬੇ ਵਿੱਚ ਪਲਾਂਟ ਸਥਾਪਤ ਕਰਨ ਲਈ ਵੀ ਸਹਿਮਤੀ ਦੇ ਦਿੱਤੀ ਹੈ।

# ਪੰਜਾਬ ਵਿਚ 20 ਹਜ਼ਾਰ ਖੇਤੀ ਸੋਲਰ ਪੰਪ ਲੱਗਣਗੇ

**ਚੰਡੀਗੜ੍ਹ:** ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਐਲਾਨ ਕੀਤਾ ਹੈ ਕਿ ਸੂਬਾ ਸਰਕਾਰ ਨੇ ਖੇਤੀਬਾੜੀ ਵਾਸਤੇ ਅਨੁਸੂਚਿਤ ਜਾਤੀ (ਐਸ.ਸੀ.) ਦੇ ਕਿਸਾਨਾਂ ਅਤੇ ਗ੍ਰਾਮ ਪੰਚਾਇਤਾਂ ਲਈ 5000 ਸੋਲਰ ਪੰਪ ਰਾਖਵੇਂ ਕਰਨ ਦਾ ਫ਼ੈਸਲਾ ਕੀਤਾ ਹੈ।



ਅਰੋੜਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਕੁਸੁਮ ਸਕੀਮ ਦੇ ਪਹਿਲੇ ਪੜਾਅ ਤਹਿਤ 20,000 ਸੋਲਰ ਪੰਪ (ਸਰਫੇਸ ਅਤੇ ਸਬਮਰਸੀਬਲ) ਲਗਾਉਣ ਸਬੰਧੀ ਸਕੀਮ ਦੀ ਸ਼ੁਰੂਆਤ ਲਈ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿਚ ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ 2000 ਸੋਲਰ ਪੰਪ ਸੈੱਟ ਰਾਖਵੇਂ ਰੱਖੇ ਗਏ ਹਨ, ਜਿਨ੍ਹਾਂ ਨੂੰ ਇਸ ਦੀ ਕੁੱਲ ਲਾਗਤ 'ਤੇ 80 ਫ਼ੀਸਦੀ ਸਬਸਿਡੀ ਦਿੱਤੀ ਜਾਵੇਗੀ।

ਇਸ ਤੋਂ ਇਲਾਵਾ ਗ੍ਰਾਮ ਪੰਚਾਇਤਾਂ ਲਈ 3000 ਸੋਲਰ ਪੰਪ ਰਾਖਵੇਂ ਰੱਖੇ ਗਏ ਹਨ। ਜਨਰਲ ਸ਼੍ਰੇਣੀ ਦੇ ਕਿਸਾਨਾਂ ਨੂੰ ਸੋਲਰ ਪੰਪ ਦੀ ਲਾਗਤ ਉਤੇ 60 ਫ਼ੀਸਦ ਸਬਸਿਡੀ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਨੇ ਸੋਲਰ ਪੰਪਾਂ ਵਾਸਤੇ ਆਨਲਾਈਨ ਅਪਲਾਈ ਕਰਨ ਅਤੇ ਇਨ੍ਹਾਂ ਦੀ ਅਲਾਟਮੈਂਟ ਲਈ ਪੰਜਾਬ ਦੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਦੀ ਸਹਾਇਤਾ ਨਾਲ ਪੇਡਾ ਵੱਲੋਂ ਤਿਆਰ ਕੀਤੇ ਗਏ ਪੋਰਟਲ ਦੀ ਸਮੀਖਿਆ ਵੀ ਕੀਤੀ।

## ਡਿਬਰੂਗੜ੍ਹ ਗੁਰਦੁਆਰੇ ਦੇ ਮੈਂਬਰ ਦਖ਼ਲ ਖ਼ਿਲਾਫ਼ ਅਕਾਲ ਤਖ਼ਤ ਪੁੱਜੇ

**ਅੰਮ੍ਰਿਤਸਰ:** ਸ੍ਰੀ ਗੁਰੂ ਸਿੱਖ ਸਭਾ ਗੁਰਦੁਆਰਾ ਡਿਬਰੂਗੜ੍ਹ (ਅਸਾਮ) ਦੇ ਮੈਂਬਰਾਂ ਨੇ ਅਕਾਲ ਤਖ਼ਤ ਸਾਹਿਬ ਪਹੁੰਚ ਕੇ ਦੋਸ਼ ਲਾਇਆ ਹੈ ਕਿ ਦੂਜੇ ਗਰੁੱਪ ਵੱਲੋਂ ਕੀਤੀਆਂ ਜਾ ਰਹੀਆਂ ਗੈਰ-ਸੰਵਿਧਾਨਕ ਕਾਰਵਾਈਆਂ ਕਾਰਨ ਗੁਰਦੁਆਰੇ ਦੇ ਪ੍ਰਬੰਧਕੀ ਮਾਮਲਿਆਂ ਵਿਚ ਰੁਕਾਵਟ ਆ ਰਹੀ ਹੈ। ਉਨ੍ਹਾਂ ਨੇ ਅਕਾਲ ਤਖ਼ਤ ਸਕੱਤਰੇਤ ਵਿਖੇ ਮੰਗ ਪੱਤਰ ਸੌਂਪ ਕੇ ਇਸ ਮਾਮਲੇ ਵਿਚ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਦਖ਼ਲ ਦੀ ਮੰਗ ਕੀਤੀ ਹੈ।

ਸਿੱਖ ਪ੍ਰਤੀਨਿਧੀ ਬੋਰਡ ਪੂਰਬੀ ਜ਼ੋਨ ਦੇ ਪ੍ਰਧਾਨ ਬਘੇਲ ਸਿੰਘ ਨੇ ਦਾਅਵਾ ਕੀਤਾ ਹੈ ਕਿ 18 ਅਗਸਤ ਨੂੰ ਸਾਬਕਾ ਪ੍ਰਧਾਨ ਦਲਜੀਤ ਸਿੰਘ ਸੇਠੀ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਧੂਬੜੀ ਸਾਹਿਬ ਗੁਰਦੁਆਰਾ ਵਿਖੇ ਗੈਰ-ਸੰਵਿਧਾਨਕ ਮੀਟਿੰਗ ਕਰ ਕੇ ਨਿਯਮਾਂ ਦੀ ਉਲੰਘਣਾ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਸੇਠੀ ਧਿਰ ਮੈਂਬਰਾਂ 'ਤੇ ਦਬਾਅ ਬਣਾਉਣ ਲਈ ਕਥਿਤ ਤੌਰ 'ਤੇ ਆਪਣੇ ਸਿਆਸੀ ਸਬੰਧਾਂ ਦੀ ਦੁਰਵਰਤੋਂ ਕਰ ਰਹੀ ਹੈ ਅਤੇ ਸਿੱਖ ਬੋਰਡ (1981 ਤੋਂ ਸਥਾਪਤ ਤੇ ਮੌਜੂਦਾ ਸਮੇਂ 182 ਮੈਂਬਰ) ਨੂੰ ਅਸਥਿਰ ਕਰਨਾ ਚਾਹੁੰਦਾ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਉੱਤਰ ਪੂਰਬ ਖੇਤਰ ਤੋਂ 90 ਫੀਸਦੀ ਤੋਂ ਵੱਧ ਸੰਗਤ ਉਨ੍ਹਾਂ ਨਾਲ ਹੈ। ਉਨ੍ਹਾਂ ਦੋਸ਼ ਲਾਇਆ ਕਿ 18 ਅਗਸਤ ਨੂੰ ਸਿਰਫ 10-12 ਮੈਂਬਰਾਂ ਅਤੇ 20-25 ਸਿੱਖਾਂ ਦੇ ਸਹਿਯੋਗ ਨਾਲ ਗੈਰ-ਸੰਵਿਧਾਨਕ ਮੀਟਿੰਗ ਕਰਕੇ ਮੌਜੂਦਾ ਬੋਰਡ ਮੈਂਬਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਤੇ ਇਸ ਦੇ ਬਰਾਬਰ ਬੋਰਡ ਦਾ ਗਠਨ ਕੀਤਾ ਗਿਆ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਤਾਂ ਬੋਰਡ ਦੇ ਸਕੱਤਰ ਨੇ 25 ਅਗਸਤ ਨੂੰ ਹੰਗਾਮੀ ਮੀਟਿੰਗ ਸੱਦੀ ਜਿਸ ਵਿਚ ਲਗਭਗ 130 ਮੈਂਬਰ ਅਤੇ 325 ਸਿੱਖਾਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਨੇ ਸਰਬਸੰਮਤੀ ਨਾਲ ਇਸ ਦਾ ਵਿਰੋਧ ਕੀਤਾ।

# ਪੰਜਾਬ ਵਿਚ ਪੈਟਰੋਲ, ਡੀਜ਼ਲ ਅਤੇ ਬਿਜਲੀ ਹੋਰ ਮਹਿੰਗੇ ਹੋਏ

**ਚੰਡੀਗੜ੍ਹ:** ਪੰਜਾਬ ਦੀ 'ਆਪ' ਸਰਕਾਰ ਨੇ ਆਰਥਿਕ ਸਥਿਤੀ ਵਿਚ ਸੁਧਾਰ ਲਿਆਉਣ ਲਈ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਉਤੇ ਵੈਟ ਵਧਾਉਣ ਦਾ ਫੈਸਲਾ ਕੀਤਾ ਹੈ। ਇਸ ਨਾਲ ਸੂਬੇ ਵਿਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵੱਧ ਗਈਆਂ ਹਨ।

ਸੂਬਾ ਸਰਕਾਰ ਨੇ ਘਰੇਲੂ ਬਿਜਲੀ ਖਪਤਕਾਰਾਂ ਨੂੰ ਝਟਕਾ ਦਿੰਦਿਆਂ 7 ਕਿਲੋਵਾਟ ਤੱਕ ਦੇ ਲੋਡ ਵਾਲੇ ਘਰੇਲੂ ਬਿਜਲੀ ਖਪਤਕਾਰਾਂ ਨੂੰ ਦਿੱਤੀ ਜਾ ਰਹੀ ਕਰੀਬ 3 ਰੁਪਏ ਪ੍ਰਤੀ ਯੂਨਿਟ ਦੀ ਬਿਜਲੀ ਸਬਸਿਡੀ ਵੀ ਖਤਮ ਕਰ ਦਿੱਤੀ ਹੈ। ਇਹ ਫੈਸਲੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਏ ਗਏ ਹਨ। ਸੂਬਾ ਸਰਕਾਰ ਨੇ ਢੋਆ-ਢੁਆਈ ਵਾਲੇ ਵਾਹਨਾਂ ਤੇ ਆਟੋ-ਰਿਕਸ਼ਾ ਮਾਲਕਾਂ ਨੂੰ ਵੱਡੀ ਰਾਹਤ ਦਿੰਦਿਆਂ ਹਰੇਕ ਤਿਮਾਹੀ ਬਾਅਦ ਟੈਕਸ ਅਦਾ ਕਰਨ ਦੇ ਅਮਲ ਨੂੰ ਖ਼ਤਮ ਕਰਨ ਦੀ ਸਹਿਮਤੀ ਦਿੱਤੀ ਹੈ।




ਪੰਜਾਬ ਕੈਬਨਿਟ ਦੀ ਮੀਟਿੰਗ ਉਪਰੰਤ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੰਤਰੀ ਮੰਡਲ ਨੇ ਪੈਟਰੋਲ 'ਤੇ 61 ਪੈਸੇ ਤੇ ਡੀਜ਼ਲ 'ਤੇ 92 ਪੈਸੇ ਪ੍ਰਤੀ ਲਿਟਰ ਵੈਟ ਵਧਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਤੇਲ ਕੀਮਤਾਂ 'ਤੇ ਵੈਟ ਵਧਾਉਣ ਨਾਲ ਪੈਟਰੋਲ ਤੋਂ 150 ਕਰੋੜ ਰੁਪਏ ਦੇ ਕਰੀਬ ਅਤੇ ਡੀਜ਼ਲ ਤੋਂ 390-400 ਕਰੋੜ ਰੁਪਏ ਮਾਲੀਆ ਆਉਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਮੰਤਰੀ ਮੰਡਲ ਨੇ 7 ਕਿਲੋਵਾਟ ਲੋਡ ਤੱਕ ਦੇ ਘਰੇਲੂ ਬਿਜਲੀ ਖਪਤਕਾਰਾਂ ਨੂੰ ਦਿੱਤੀ ਜਾ ਰਹੀ ਕਰੀਬ ਤਿੰਨ ਰੁਪਏ ਪ੍ਰਤੀ ਯੂਨਿਟ ਦੀ ਸਬਸਿਡੀ ਵੀ ਖ਼ਤਮ ਕਰ ਦਿੱਤੀ ਹੈ। ਇਸ ਨਾਲ ਸੂਬੇ ਨੂੰ 1500 ਤੋਂ 1800 ਕਰੋੜ ਰੁਪਏ ਦਾ ਵਿੱਤੀ ਲਾਭ ਹੋਵੇਗਾ। ਇਹ ਬਿਜਲੀ ਸਬਸਿਡੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਸਾਲ 2022 ਦੀ ਸ਼ੁਰੂਆਤ ਵਿਚ ਦੇਣੀ ਸ਼ੁਰੂ ਕੀਤੀ ਗਈ ਸੀ। ਸ੍ਰੀ ਚੀਮਾ ਨੇ ਸਪਸ਼ਟ ਕੀਤਾ ਕਿ ਸੂਬਾ ਸਰਕਾਰ ਵੱਲੋਂ ਘਰੇਲੂ ਖਪਤਕਾਰ ਨੂੰ ਦਿੱਤੀ ਜਾ ਰਹੀ ਮਾਸਿਕ 300 ਯੂਨਿਟ ਮੁਫ਼ਤ ਬਿਜਲੀ ਪਹਿਲਾਂ ਵਾਂਗ ਜਾਰੀ ਰਹੇਗੀ। ਉਸ ਵਿਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ।

ਵਿੱਤ ਮੰਤਰੀ ਨੇ ਕਿਹਾ ਕਿ ਮੰਤਰੀ ਮੰਡਲ ਨੇ ਸੂਬੇ ਵਿਚ ਢੋਆ-ਢੁਆਈ ਵਾਲੇ ਵਾਹਨਾਂ ਤੇ ਥ੍ਰੀਵੀਲ੍ਹਰ (ਯਾਤਰੀ, ਆਟੋ ਰਿਕਸ਼ਾ) ਮਾਲਕਾਂ ਨੂੰ ਵੱਡੀ ਰਾਹਤ ਦਿੰਦਿਆਂ ਹਰੇਕ ਤਿਮਾਹੀ ਬਾਅਦ ਟੈਕਸ ਅਦਾ ਕਰਨ ਦੀ ਪ੍ਰਕਿਰਿਆ ਨੂੰ ਖ਼ਤਮ ਕਰ ਦਿੱਤਾ ਹੈ। ਇਨ੍ਹਾਂ ਪੁਰਾਣੇ ਕਮਰਸ਼ੀਅਲ ਵਾਹਨਾਂ ਦੇ ਮਾਲਕ ਆਪਣੇ ਵਾਹਨਾਂ ਲਈ ਸਾਲਾਨਾ ਉੱਕਾ-ਪੁੱਕਾ ਟੈਕਸ ਜਮ੍ਹਾਂ ਕਰਵਾ ਸਕਣਗੇ, ਜਿਸ ਨਾਲ ਉਨ੍ਹਾਂ ਦੇ ਪੈਸੇ, ਸਮੇਂ ਤੇ ਊਰਜਾ ਦੀ ਬੱਚਤ ਹੋਵੇਗੀ। ਉਨ੍ਹਾਂ ਕਿਹਾ ਕਿ ਨਵੇਂ ਵਾਹਨ ਲੈਣ ਵਾਲਿਆਂ ਨੂੰ ਇਕੱਠੇ ਚਾਰ ਸਾਲ ਦਾ ਟੈਕਸ ਭਰਨ ਉਤੇ 10 ਫੀਸਦ ਅਤੇ ਅੱਠ ਸਾਲਾਂ ਦਾ ਟੈਕਸ ਭਰਨ 'ਤੇ 20 ਫੀਸਦੀ ਤੱਕ ਦੀ ਰਿਆਇਤ ਦਿੱਤੀ ਜਾਵੇਗੀ। ਮੰਤਰੀ ਮੰਡਲ ਨੇ ਪੰਜਾਬ ਦੇ ਵਪਾਰੀਆਂ ਨੂੰ ਲਾਭ ਦੇਣ ਲਈ ਵੈਟ ਦੇ ਲਟਕਦੇ ਕੇਸਾਂ ਦੇ ਨਿਬੇੜੇ ਲਈ ਓਟੀਐਸ-3 ਦਾ ਦਾਇਰਾ ਵਧਾਉਣ ਦੀ ਵੀ ਸਹਿਮਤੀ ਦਿੱਤੀ ਹੈ। ਸੂਬਾ ਸਰਕਾਰ ਨੇ ਓਟੀਐੱਸ ਰਾਹੀਂ ਪਿਛਲੇ ਵਿੱਤੀ ਵਰ੍ਹੇ ਦੇ ਮੁਕਾਬਲੇ ਐਤਕੀਂ 164 ਕਰੋੜ ਰੁਪਏ ਵਾਧੂ ਕਮਾਏ ਹਨ। ਇਸ ਸਕੀਮ ਦਾ ਦਾਇਰਾ ਵਧਾਉਣ ਬਾਰੇ ਰਸਮੀ ਆਦੇਸ਼ ਜਲਦੀ ਜਾਰੀ ਕੀਤੇ ਜਾਣਗੇ।

### ਤੇਲ ਕੀਮਤਾਂ 'ਚ ਵਾਧਾ ਅਵਾਮ ਦੀਆਂ ਜੇਬਾਂ 'ਤੇ ਡਾਕਾ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਤੇਲ ਕੀਮਤਾਂ ਵਧਾਉਣ ਦੇ ਫੈਸਲੇ ਨੂੰ ਆਮ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਸਰਕਾਰ ਨੇ ਤੇਲ ਕੀਮਤਾਂ ਵਧਾਉਣ ਦੇ ਨਾਲ 7 ਕਿਲੋਵਾਟ ਲੋਡ ਤੱਕ ਦੇ ਘਰੇਲੂ ਬਿਜਲੀ ਖਪਤਕਾਰਾਂ ਨੂੰ ਮਿਲਦੀ ਸਬਸਿਡੀ ਵੀ ਖ਼ਤਮ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਡੀਜ਼ਲ ਦੀਆਂ ਕੀਮਤਾਂ ਵਧਣ ਨਾਲ ਨਾ ਸਿਰਫ਼ ਕਿਸਾਨਾਂ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ ਬਲਕਿ ਮਹਿੰਗਾਈ ਵੀ ਵਧੇਗੀ। 'ਆਪ' ਸਰਕਾਰ ਉਧਾਰ ਲਏ ਫੰਡਾਂ ਨਾਲ ਆਪਣੀਆਂ ਰੋਜ਼ਮੱਰਾ ਦੀਆਂ ਸਰਗਰਮੀਆਂ ਚਲਾ ਰਹੀ ਹੈ।

### ਆਮ ਆਦਮੀ ਅਤੇ ਕਿਸਾਨਾਂ ਨੂੰ ਪਏਗੀ ਮਾਰ: ਮਜੀਠੀਆ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਸੂਬਾ ਸਰਕਾਰ ਵੱਲੋਂ ਪੈਟਰੋਲ ਅਤੇ ਡੀਜ਼ਲ 'ਤੇ ਵੈਟ ਵਧਾਉਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਆਮ ਆਦਮੀ ਦੇ ਨਾਲ-ਨਾਲ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਮਾਰ ਪਏਗੀ ਅਤੇ ਜ਼ਰੂਰੀ ਵਸਤਾਂ ਦੀ ਟਰਾਂਸਪੋਰਟੇਸ਼ਨ ਦੀ ਲਾਗਤ ਵਧਣ ਦੇ ਨਾਲ ਮਹਿੰਗਾਈ ਵਧੇਗੀ। ਉਨ੍ਹਾਂ ਮੰਗ ਕੀਤੀ ਕਿ ਵੈਟ ਵਿਚ ਕੀਤਾ ਗਿਆ ਵਾਧਾ ਤੁਰਤ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਬਿਜਲੀ ਸਬਸਿਡੀ ਵਾਪਸ ਲੈਣ ਨਾਲ ਲੱਖਾਂ ਘਰੇਲੂ ਖਪਤਕਾਰਾਂ ਨੂੰ ਵੱਡੀ ਮਾਰ ਪਏਗੀ।

## ਸਬਸਿਡੀ ਕਟੌਤੀ ਨਾਲ 1500 ਕਰੋੜ ਸਾਲਾਨਾ ਬਚਾਏਗੀ ਮਾਨ ਸਰਕਾਰ

**ਚੰਡੀਗੜ੍ਹ:** ਪੰਜਾਬ ਕੈਬਨਿਟ ਨੇ ਫੈਸਲਾ ਕੀਤਾ ਹੈ ਕਿ ਸੱਤ ਕਿੱਲੋਵਾਟ ਤੱਕ ਦੇ ਬਿਜਲੀ ਲੋਡ ਵਾਲੇ ਘਰੇਲੂ ਖਪਤਕਾਰਾਂ ਨੂੰ ਹੁਣ ਢਾਈ ਰੁਪਏ ਪ੍ਰਤੀ ਯੂਨਿਟ ਬਿਜਲੀ ਸਬਸਿਡੀ ਨਹੀਂ ਮਿਲੇਗੀ। ਪੰਜਾਬ ਸਰਕਾਰ ਨੇ ਇਹ ਫੈਸਲਾ ਵਾਪਸ ਲੈ ਕੇ ਕਰੀਬ 1500 ਕਰੋੜ ਰੁਪਏ ਸਾਲਾਨਾ ਦੀ ਬਿਜਲੀ ਸਬਸਿਡੀ ਘਟਾ ਲਈ ਹੈ।



ਪੰਜਾਬ ਮੰਤਰੀ ਮੰਡਲ ਦੇ ਫ਼ੈਸਲੇ ਨਾਲ ਸੂਬਾ ਸਰਕਾਰ ਦੇ ਮੋਢਿਆਂ ਤੋਂ ਬਿਜਲੀ ਸਬਸਿਡੀ ਦਾ ਬੋਝ ਘਟੇਗਾ। ਪਹਿਲੀ ਜੁਲਾਈ 2022 ਤੋਂ ਘਰੇਲੂ ਬਿਜਲੀ ਉਤੇ ਪ੍ਰਤੀ ਮਹੀਨਾ 300 ਯੂਨਿਟ ਦੀ ਮੁਆਫ਼ੀ ਨੇ ਬਿਜਲੀ ਸਬਸਿਡੀ ਦੀ ਪੰਡ ਭਾਰੀ ਕਰ ਦਿੱਤੀ ਸੀ। ਵੇਰਵਿਆਂ ਅਨੁਸਾਰ ਪੰਜਾਬ ਵਿਚ ਇਸ ਵੇਲੇ ਕਰੀਬ 78 ਲੱਖ ਘਰੇਲੂ ਕੁਨੈਕਸ਼ਨ ਹਨ, ਜਿਨ੍ਹਾਂ 'ਚੋਂ ਸਿਰਫ਼ ਤਿੰਨ ਲੱਖ ਘਰੇਲੂ ਖਪਤਕਾਰ ਅਜਿਹੇ ਸਨ, ਜਿਨ੍ਹਾਂ ਦਾ ਬਿਜਲੀ ਲੋਡ 7 ਕਿੱਲੋਵਾਟ ਤੋਂ ਜ਼ਿਆਦਾ ਸੀ ਅਤੇ ਉਨ੍ਹਾਂ ਨੂੰ ਢਾਈ ਰੁਪਏ ਪ੍ਰਤੀ ਯੂਨਿਟ ਸਬਸਿਡੀ ਦਾ ਕੋਈ ਲਾਭ ਨਹੀਂ ਮਿਲਦਾ ਸੀ।

ਢਾਈ ਰੁਪਏ ਪ੍ਰਤੀ ਯੂਨਿਟ ਦੀ ਸਬਸਿਡੀ ਲੈਣ ਵਾਲੇ ਕਰੀਬ 75 ਲੱਖ ਕੁਨੈਕਸ਼ਨ ਸਨ, ਜਿਨ੍ਹਾਂ 'ਚੋਂ 80 ਫ਼ੀਸਦੀ ਖਪਤਕਾਰ ਹੁਣ 300 ਯੂਨਿਟ ਪ੍ਰਤੀ ਮਹੀਨਾ ਮੁਆਫ਼ੀ ਦਾ ਫ਼ਾਇਦਾ ਲੈ ਰਹੇ ਸਨ। ਪਾਵਰਕੌਮ ਦੇ ਅਧਿਕਾਰੀ ਆਖਦੇ ਹਨ ਕਿ ਢਾਈ ਰੁਪਏ ਪ੍ਰਤੀ ਯੂਨਿਟ ਦੀ ਸਬਸਿਡੀ ਖ਼ਤਮ ਹੋਣ ਮਗਰੋਂ ਖਪਤਕਾਰਾਂ ਦੀ ਕੋਸ਼ਿਸ਼ ਹੋਵੇਗੀ ਕਿ ਉਹ ਆਪਣੇ ਘਰੇਲੂ ਬਿਜਲੀ ਦੇ ਯੂਨਿਟ 300 ਤੱਕ ਹੀ ਪ੍ਰਤੀ ਮਹੀਨਾ ਰੱਖਣ ਜਿਸ ਨਾਲ ਬਿਜਲੀ ਸੰਜਮ ਨਾਲ ਵਰਤੇ ਜਾਣ ਕਰਕੇ ਬਿਜਲੀ ਦੀ ਖਪਤ ਵੀ ਘਟੇਗੀ।

ਇਸ ਫ਼ੈਸਲੇ ਦਾ ਮਾੜਾ ਪੱਖ ਇਹ ਹੈ ਕਿ ਘਰੇਲੂ ਖਪਤਕਾਰ ਹੁਣ ਆਪਣੀ ਬਿਜਲੀ ਖਪਤ 300 ਯੂਨਿਟ ਤੱਕ ਰੱਖਣ ਵਾਸਤੇ ਬਿਜਲੀ ਚੋਰੀ ਦਾ ਰਾਹ ਵੀ ਫੜ ਸਕਦੇ ਹਨ। ਬਿਜਲੀ ਚੋਰੀ ਰੋਕਣ ਵਾਸਤੇ ਵੀ ਮੁੱਖ ਸਕੱਤਰ ਨੇ ਡਿਪਟੀ ਕਮਿਸ਼ਨਰਾਂ ਨੂੰ ਪਾਵਰਕੌਮ ਅਧਿਕਾਰੀਆਂ ਦੀ ਮਦਦ ਕਰਨ ਲਈ ਕਿਹਾ ਹੈ ਅਤੇ ਸਰਕਾਰੀ ਬਿੱਲਾਂ ਦੇ ਬਕਾਏ ਤਾਰਨ ਵਾਸਤੇ ਵੀ ਕਿਹਾ ਹੈ।

## ਕਿਸਾਨ ਜਥੇਬੰਦੀਆਂ ਵੱਲੋਂ ਤੇਲ ਕੀਮਤਾਂ 'ਚ ਵਾਧੇ ਦਾ ਵਿਰੋਧ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪੈਟਰੋਲ 'ਤੇ 61 ਪੈਸੇ ਅਤੇ ਡੀਜ਼ਲ 'ਤੇ 92 ਪੈਸੇ ਪ੍ਰਤੀ ਲਿਟਰ ਵੈਟ ਦੇ ਰੂਪ ਵਿਚ ਕੀਤੇ ਵਾਧੇ ਖ਼ਿਲਾਫ਼ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਨੇ ਸੂਬੇ ਭਰ ਵਿਚ ਵੱਖ-ਵੱਖ ਥਾਵਾਂ ਉਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਸਾੜ ਕੇ ਪ੍ਰਦਰਸ਼ਨ ਕੀਤੇ।

ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਤੇ ਜਨਰਲ ਸਕੱਤਰ ਰਾਣਾ ਰਣਬੀਰ ਸਿੰਘ ਨੇ ਦੱਸਿਆ ਕਿ ਸੂਬੇ ਦੇ 17 ਜ਼ਿਲ੍ਹਿਆਂ ਵਿਚ ਲਗਭਗ 95 ਥਾਵਾਂ ਉਤੇ ਮੁੱਖ ਮੰਤਰੀ ਪੰਜਾਬ ਦੇ ਪੁਤਲੇ ਸਾੜ ਕੇ ਵਿਰੋਧ ਪ੍ਰਦਰਸ਼ਨ ਕੀਤਾ ਗਿਆ ਅਤੇ ਪੈਟਰੋਲ ਤੇ ਡੀਜ਼ਲ ਦੀਆਂ ਵਧਾਈਆਂ ਕੀਮਤਾਂ ਵਾਪਸ ਲੈਣ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਸਾਲ-2022 ਵਿਚ ਪਿਛਲੀ ਸਰਕਾਰ ਵੱਲੋਂ ਬਿਜਲੀ ਖਪਤਕਾਰਾਂ ਨੂੰ ਪ੍ਰਤੀ ਯੂਨਿਟ 3 ਰੁਪਏ ਦੀ ਸਬਸਿਡੀ ਦਿੱਤੀ ਗਈ ਸੀ, ਜਿਸ ਨੂੰ ਕੈਬਨਿਟ ਮੀਟਿੰਗ ਵਿਚ ਮਾੜੀ ਨੀਤੀ ਤਹਿਤ ਖਤਮ ਕਰ ਦਿੱਤਾ ਗਿਆ ਹੈ। ਇਸ ਨਾਲ ਆਉਂਦੇ ਸਮੇਂ ਵਿਚ ਖਪਤਕਾਰਾਂ ਦੀ ਲੁੱਟ ਕਰਨ ਦੇ ਰਾਹ ਖੋਲ੍ਹ ਦਿੱਤੇ ਗਏ ਹਨ। ਉਨ੍ਹਾਂ ਮੰਗ ਕੀਤੀ ਕਿ ਬਿਜਲੀ ਸਬਸਿਡੀ ਖ਼ਤਮ ਕਰਨ ਦੇ ਫੈਸਲੇ ਨੂੰ ਤੁਰਤ ਵਾਪਸ ਲਿਆ ਜਾਵੇ।

ਤੇਲ ਕੀਮਤਾਂ ਵਿਚ ਵਾਧੇ ਬਾਰੇ ਆਗੂਆਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਢੋਆ-ਢੁਆਈ ਦੇ ਰੇਟਾਂ ਵਿਚ ਵਾਧਾ ਹੋਣ ਕਾਰਨ ਖਾਣ-ਪੀਣ ਦੀਆਂ ਚੀਜ਼ਾਂ ਤੋਂ ਲੈ ਕੇ ਆਮ ਵਰਤੋਂ ਦੀਆਂ ਚੀਜ਼ਾਂ ਮਹਿੰਗੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਕਦਮ ਨੂੰ ਕਮਾਈ ਵਧਾਉਣ ਵਾਲਾ ਦੱਸ ਰਹੀ ਹੈ, ਜੋ ਬੇਹੱਦ ਸ਼ਰਮਨਾਕ ਬਿਆਨ ਹੈ। ਉਨ੍ਹਾਂ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਇਹ ਫੈਸਲੇ ਤੁਰਤ ਵਾਪਸ ਨਾ ਲਏ ਗਏ ਤਾਂ ਜਥੇਬੰਦੀ ਵੱਲੋਂ ਤਿੱਖੇ ਐਕਸ਼ਨ ਪ੍ਰੋਗਰਾਮ ਵੀ ਉਲੀਕੇ ਜਾਣਗੇ।

### ਫੈਸਲਾ ਵਾਪਸ ਲਵੇ ਸਰਕਾਰ: ਡਕੌਂਦਾ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਡਕੌਂਦਾ ਨੇ ਪੰਜਾਬ ਵਿਚਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਕੀਤਾ ਗਿਆ ਵਾਧਾ ਅਤੇ ਬਿਜਲੀ ਉਤੇ ਸਬਸਿਡੀ ਖ਼ਤਮ ਕਰਨ ਦੇ ਫ਼ੈਸਲੇ ਦਾ ਵਿਰੋਧ ਕੀਤਾ ਹੈ। ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਇੰਦਰਪਾਲ ਸਿੰਘ ਨੇ ਕਿਹਾ ਕਿ 'ਆਪ' ਸਰਕਾਰ ਨੇ ਤੇਲ ਕੀਮਤਾਂ ਵਧਾਉਣ ਦੇ ਨਾਲ 7 ਕਿਲੋਵਾਟ ਲੋਡ ਤੱਕ ਦੇ ਘਰੇਲੂ ਬਿਜਲੀ ਖਪਤਕਾਰਾਂ ਨੂੰ ਮਿਲਦੀ ਸਬਸਿਡੀ ਵੀ ਖ਼ਤਮ ਕਰ ਦਿੱਤੀ ਹੈ। ਡੀਜ਼ਲ ਦੀਆਂ ਕੀਮਤਾਂ ਵਧਣ ਨਾਲ ਨਾ ਸਿਰਫ਼ ਕਿਸਾਨਾਂ ਨੂੰ ਭਾਰੀ ਕੀਮਤ ਚੁਕਾਉਣੀ ਪਵੇਗੀ ਬਲਕਿ ਮਹਿੰਗਾਈ ਵੀ ਵਧੇਗੀ।

## ਪੰਚਾਇਤੀ ਚੋਣਾਂ: ਸਰਕਾਰ ਵੱਲੋਂ ਰਾਖਵੇਂਕਰਨ 'ਚ ਚੁੱਪ-ਚੁਪੀਤੇ ਤਬਦੀਲੀ

**ਚੰਡੀਗੜ੍ਹ:** ਪੰਜਾਬ ਦੀ 'ਆਪ' ਸਰਕਾਰ ਨੇ ਬਿਨਾਂ ਕਿਸੇ ਨੂੰ ਭਿਣਕ ਲੱਗੇ ਪੰਚਾਇਤੀ ਚੋਣਾਂ ਲਈ ਸਰਪੰਚਾਂ ਦੇ ਬਲਾਕ ਵਾਈਜ਼ ਰਾਖਵੇਂਕਰਨ ਦੀ ਪੁਰਾਣੀ ਪ੍ਰਥਾ ਬਹਾਲ ਕਰ ਦਿੱਤੀ ਹੈ। ਪੰਜਾਬ ਵਿਧਾਨ ਸਭਾ 'ਚ ਇਸ ਬਿੱਲ ਨੂੰ ਪ੍ਰਵਾਨਗੀ ਮਿਲ ਗਈ ਹੈ ਅਤੇ ਵਿਰੋਧੀ ਧਿਰ ਇਸ ਉਪਰੋਕਤ ਨੁਕਤੇ ਨੂੰ ਫੜਨ ਵਿਚ ਅਸਫਲ ਰਹੀ ਹੈ।



ਮੁੱਖ ਮੰਤਰੀ ਭਗਵੰਤ ਮਾਨ ਨੇ ਸਦਨ ਵਿਚ ਪੇਸ਼ ਹੋਣ ਸਮੇਂ ਕਿਹਾ ਸੀ ਕਿ ਇਹ ਬਿੱਲ ਪੰਚਾਇਤੀ ਰਾਜ ਚੋਣ ਨਿਯਮਾਂ ਵਿਚ ਸੋਧਾਂ ਨਾਲ ਸਬੰਧਤ ਹੈ, ਜਿਸ ਤਹਿਤ ਉਮੀਦਵਾਰ ਪਾਰਟੀ ਦੇ ਚੋਣ ਨਿਸ਼ਾਨ ਉਤੇ ਚੋਣ ਨਹੀਂ ਲੜ ਸਕਣਗੇ। ਪੰਜਾਬ ਵਿਧਾਨ ਸਭਾ ਨੇ 'ਪੰਜਾਬ ਪੰਚਾਇਤੀ ਰਾਜ ਐਕਟ 1994' ਦੇ ਸੈਕਸ਼ਨ 12 (4) 'ਚ ਸੋਧ ਕਰ ਦਿੱਤੀ ਹੈ। ਇਸ ਨਵੀਂ ਸੋਧ ਮਗਰੋਂ ਹੁਣ ਸਰਪੰਚਾਂ ਦੇ ਰਾਖਵੇਂਕਰਨ ਲਈ ਬਲਾਕ ਨੂੰ ਇਕਾਈ ਮੰਨਿਆ ਜਾਵੇਗਾ, ਜਦੋਂ ਕਿ ਪਹਿਲਾਂ ਜ਼ਿਲ੍ਹੇ ਨੂੰ ਇਕਾਈ ਮੰਨ ਕੇ ਸਰਪੰਚਾਂ ਦਾ ਰਾਖਵਾਂਕਰਨ ਕੀਤਾ ਜਾਂਦਾ ਸੀ। ਸੋਧ ਮਗਰੋਂ ਰਾਖਵੇਂਕਰਨ ਦਾ ਪੈਟਰਨ ਬਦਲਣ ਕਰਕੇ ਹੁਣ ਰਾਖਵੇਂਕਰਨ ਲਈ ਰੋਸਟਰ ਨਵੇਂ ਸਿਰਿਓਂ ਤਿਆਰ ਹੋਵੇਗਾ। ਪੰਜਾਬ ਵਿਧਾਨ ਸਭਾ ਵੱਲੋਂ ਉਪਰੋਕਤ ਪਾਸ ਬਿੱਲ ਹੁਣ ਰਾਜਪਾਲ ਕੋਲ ਪ੍ਰਵਾਨਗੀ ਲਈ ਜਾਵੇਗਾ। ਰਾਜਪਾਲ ਦੀ ਪ੍ਰਵਾਨਗੀ ਮਗਰੋਂ ਪੰਚਾਇਤੀ ਚੋਣਾਂ ਲਈ ਰਾਖਵੇਂਕਰਨ ਵਾਸਤੇ ਰਾਹ ਪੱਧਰਾ ਹੋ ਜਾਵੇਗਾ ਅਤੇ ਹਰ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਰਾਖਵੇਂਕਰਨ ਦੀ ਪ੍ਰਕਿਰਿਆ ਨੂੰ ਨੇਪਰੇ ਚਾੜ੍ਹੇਗਾ। ਚੇਤੇ ਰਹੇ ਕਿ ਪੰਚਾਇਤੀ ਰਾਜ ਸੰਸਥਾਵਾਂ ਦੇ ਮੁਖੀਆਂ (ਸਰਪੰਚ/ਚੇਅਰਮੈਨ) ਦੇ ਰਾਖਵੇਂਕਰਨ ਅਤੇ ਸੀਟਾਂ ਦੀ ਰੋਟੇਸ਼ਨ ਬਾਰੇ 'ਦਿ ਪੰਜਾਬ ਰਿਜ਼ਰਵੇਸ਼ਨ ਫ਼ਾਰ ਦੀ ਆਫ਼ਿਸ ਆਫ਼ ਸਰਪੰਚਿਜ਼ ਆਫ਼ ਗਰਾਮ ਪੰਚਾਇਤ ਐਂਡ ਚੇਅਰਮੈਨ ਐਂਡ ਵਾਈਸ ਚੇਅਰਮੈਨ ਆਫ਼ ਪੰਚਾਇਤ ਸੰਮਤੀਜ਼ ਐਂਡ ਜ਼ਿਲ੍ਹਾ ਪਰਿਸ਼ਦ ਰੂਲਜ਼, 1994' ਵਿਚ ਵਿਵਸਥਾ ਹੈ।

ਪੰਜਾਬ ਕੈਬਨਿਟ ਨੇ ਇਸ ਬਿੱਲ ਨੂੰ 14 ਅਗਸਤ ਨੂੰ ਹੀ ਹਰੀ ਝੰਡੀ ਦੇ ਦਿੱਤੀ ਸੀ। ਤਰਕ ਦਿੱਤਾ ਗਿਆ ਹੈ ਕਿ ਜ਼ਿਲ੍ਹੇ ਨੂੰ ਬਤੌਰ ਮੂਲ ਇਕਾਈ ਮੰਨਦੇ ਹੋਏ ਸਮੁੱਚੀ ਕਾਰਵਾਈ ਸਮੇਤ ਰੋਟੇਸ਼ਨ ਕੀਤੀ ਜਾਂਦੀ ਸੀ ਅਤੇ ਅਜਿਹਾ ਕਰਨ ਨਾਲ ਬਲਾਕ ਦੀ ਅਸਲ ਆਬਾਦੀ ਨਜ਼ਰਅੰਦਾਜ਼ ਹੋ ਜਾਂਦੀ ਸੀ। ਮਿਸਾਲ ਵਜੋਂ ਕਿਸੇ ਜ਼ਿਲ੍ਹੇ ਦੀ ਅਨੁਸੂਚਿਤ ਜਾਤੀਆਂ ਦੀ ਔਸਤਨ ਆਬਾਦੀ 35 ਫ਼ੀਸਦੀ ਹੈ ਪ੍ਰੰਤੂ ਜ਼ਿਲ੍ਹੇ ਦੇ ਕਿਸੇ ਬਲਾਕ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ 45 ਫ਼ੀਸਦੀ ਹੈ ਜਾਂ ਉਲਟਾ 25 ਫ਼ੀਸਦੀ ਹੈ ਤਾਂ ਉਸ ਸੂਰਤ ਵਿਚ ਜ਼ਿਲ੍ਹੇ ਨੂੰ ਮੂਲ ਇਕਾਈ ਮੰਨਦੇ ਹੋਏ 35 ਫ਼ੀਸਦੀ ਦੇ ਹਿਸਾਬ ਨਾਲ ਹੀ ਰਾਖਵਾਂਕਰਨ ਕਰਕੇ ਰੋਟੇਸ਼ਨ ਕਰ ਦਿੱਤੀ ਜਾਂਦੀ ਸੀ।

'ਆਪ' ਸਰਕਾਰ ਨੇ ਨਵੀਂ ਸੋਧ ਨਾਲ ਸਰਪੰਚਾਂ ਦਾ ਰਾਖਵਾਂਕਰਨ ਆਪਣੇ ਮੁਤਾਬਕ ਕਰਨ ਦਾ ਮੌਕਾ ਆਪਣੇ ਹੱਥ ਲੈ ਲਿਆ ਹੈ। ਹੁਣ ਪੰਚਾਇਤੀ ਚੋਣਾਂ ਮੌਕੇ ਨਵਾਂ ਰੋਸਟਰ ਤਿਆਰ ਹੋਵੇਗਾ ਅਤੇ ਪੁਰਾਣੇ ਰੋਸਟਰ ਨੂੰ ਮੰਨਣ ਦੀ ਹੁਣ ਕੋਈ ਬੰਦਿਸ਼ ਨਹੀਂ ਰਹਿ ਗਈ ਹੈ। ਪਿਛਾਂਹ ਨਜ਼ਰ ਮਾਰੀਏ ਤਾਂ ਸਾਲ 2013 ਵਿਚ ਪੰਚਾਇਤੀ ਚੋਣਾਂ ਮੌਕੇ ਵੀ ਰਾਖਵੇਂਕਰਨ ਲਈ ਮੂਲ ਇਕਾਈ ਬਲਾਕ ਨੂੰ ਮੰਨਿਆ ਗਿਆ ਸੀ।

### ਕਾਂਗਰਸ ਸਰਕਾਰ ਵੇਲੇ ਸ਼ੁਰੂ ਹੋਈ ਸੀ ਇਹ ਪ੍ਰਥਾ

**ਚੰਡੀਗੜ੍ਹ:** ਕਾਂਗਰਸ ਸਰਕਾਰ ਸਮੇਂ ਕੈਬਨਿਟ ਨੇ 30 ਜੁਲਾਈ 2018 ਨੂੰ ਸਰਪੰਚਾਂ ਦੇ ਰਾਖਵੇਂਕਰਨ ਲਈ ਬਲਾਕ ਨੂੰ ਇਕਾਈ ਮੰਨਣ ਵਾਲੀ ਪ੍ਰਥਾ ਖ਼ਤਮ ਕਰ ਕੇ ਜ਼ਿਲ੍ਹੇ ਨੂੰ ਮੂਲ ਇਕਾਈ ਮੰਨ ਕੇ ਰਾਖਵੇਂਕਰਨ ਨੂੰ ਪ੍ਰਵਾਨਗੀ ਦਿੱਤੀ ਸੀ। ਉਸ ਵਕਤ ਪੰਚਾਇਤੀ ਸੰਸਥਾਵਾਂ ਵਿਚ ਔਰਤਾਂ ਲਈ ਰਾਖਵਾਂਕਰਨ 33% ਤੋਂ ਵਧਾ ਕੇ 50% ਕੀਤਾ ਗਿਆ ਸੀ ਅਤੇ ਇਸ ਵਾਧੇ ਨੂੰ ਬਹਾਨਾ ਬਣਾ ਕੇ ਕਾਂਗਰਸ ਸਰਕਾਰ ਨੇ ਰਾਖਵੇਂਕਰਨ ਲਈ ਰੋਸਟਰ ਨਵੇਂ ਸਿਰਿਓਂ ਤਿਆਰ ਕੀਤਾ ਸੀ।

# ਵਿੱਤੀ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਵੱਲੋਂ ਕਰਜ਼ਾ ਹੱਦ ਵਧਾਉਣ ਦੀ ਮੰਗ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਚਾਲੂ ਵਿੱਤੀ ਸਾਲ ਲਈ ਆਪਣੀ ਕਰਜ਼ਾ ਹੱਦ ਵਿਚ 10 ਹਜ਼ਾਰ ਕਰੋੜ ਦੇ ਵਾਧੇ ਦੀ ਮੰਗ ਕੀਤੀ ਹੈ। ਕੇਂਦਰੀ ਵਿੱਤ ਮੰਤਰਾਲੇ ਨੂੰ ਭੇਜੇ ਪੱਤਰ ਵਿਚ 10 ਹਜ਼ਾਰ ਕਰੋੜ ਦੀ ਵਾਧੂ ਕਰਜ਼ਾ ਹੱਦ ਨੂੰ ਪ੍ਰਵਾਨਗੀ ਦੇਣ ਲਈ ਕਿਹਾ ਗਿਆ ਹੈ।

ਵਿੱਤੀ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਨੇ ਪੱਤਰ ਵਿਚ ਆਪਣੇ ਖ਼ਰਚਿਆਂ ਦੀ ਪੂਰਤੀ ਦਾ ਹਵਾਲਾ ਦਿੱਤਾ ਹੈ। ਸੂਬਾ ਸਰਕਾਰ ਨੂੰ ਜਾਪਦਾ ਹੈ ਕਿ ਮੌਜੂਦਾ ਸਾਲਾਨਾ ਕਰਜ਼ਾ ਹੱਦ ਨਾਲ ਮੌਜੂਦਾ ਵਿੱਤੀ ਵਰ੍ਹੇ ਦੌਰਾਨ ਭਰਪਾਈ ਨਹੀਂ ਹੋਵੇਗੀ। ਪੰਜਾਬ ਸਰਕਾਰ ਹੋਰ ਕਰਜ਼ਾ ਚੁੱਕ ਕੇ ਆਪਣੇ ਖ਼ਰਚਿਆਂ ਦੀ ਪੂਰਤੀ ਕਰਨਾ ਚਾਹੁੰਦੀ ਹੈ। ਸਾਲ 2024-25 ਲਈ ਪੰਜਾਬ ਦੀ ਕਰਜ਼ਾ ਹੱਦ 30,464.92 ਕਰੋੜ ਰੁਪਏ ਹੈ ਜਿਸ 'ਚੋਂ ਜੁਲਾਈ ਤੱਕ ਸਰਕਾਰ ਨੇ 13,094 ਕਰੋੜ ਦਾ ਕਰਜ਼ਾ ਚੁੱਕ ਲਿਆ ਹੈ।

ਇਸ ਤੋਂ ਇਲਾਵਾ ਸਰਕਾਰ ਨੇ ਚਾਲੂ ਵਿੱਤੀ ਸਾਲ ਲਈ 10 ਹਜ਼ਾਰ ਕਰੋੜ ਦੀ ਕਰਜ਼ਾ ਹੱਦ ਦੀ ਲੋੜ ਮਹਿਸੂਸ ਕੀਤੀ ਹੈ। ਵਿੱਤੀ ਸਾਲ 2023-24 ਵਿਚ ਸੂਬਾ ਸਰਕਾਰ ਦੀ ਕਰਜ਼ਾ ਲੈਣ ਦੀ ਹੱਦ 45,730 ਕਰੋੜ ਰੁਪਏ ਸੀ। ਕੇਂਦਰ ਸਰਕਾਰ ਨੇ ਪਿਛਲੇ ਸਾਲ ਇੱਕ ਦਫ਼ਾ ਪੰਜਾਬ ਦੀ ਕਰਜ਼ਾ ਹੱਦ ਵਿਚ 2387 ਕਰੋੜ ਰੁਪਏ ਦੀ ਕਟੌਤੀ ਕੀਤੀ ਸੀ। ਅਗਸਤ ਮਹੀਨੇ ਹੋਈ ਕੈਬਨਿਟ ਮੀਟਿੰਗ ਵਿਚ ਕੇਂਦਰੀ ਵਿੱਤ ਮੰਤਰਾਲੇ ਨੂੰ ਕਰਜ਼ਾ ਹੱਦ ਵਧਾਉਣ ਲਈ ਪੱਤਰ ਲਿਖੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਸੀ ਜਿਸ ਮਗਰੋਂ ਸੂਬਾ ਸਰਕਾਰ ਨੇ ਇਹ ਪੱਤਰ ਵਿੱਤ ਮੰਤਰਾਲੇ ਨੂੰ ਭੇਜ ਦਿੱਤਾ ਹੈ।



ਸੂਬਾ ਸਰਕਾਰ ਨੇ ਦਲੀਲ ਦਿੱਤੀ ਹੈ ਕਿ ਉਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਤੋਂ ਵਿਰਾਸਤ 'ਚ ਕਰਜ਼ਾ ਮਿਲਿਆ ਹੈ ਜਿਸ ਨੂੰ ਵਾਪਸ ਕੀਤਾ ਜਾਣਾ ਹੈ। ਪੰਜਾਬ ਸਰਕਾਰ ਵੱਲੋਂ ਇਸ ਸਾਲ 69,867 ਕਰੋੜ ਰੁਪਏ ਦੀ ਰਕਮ ਅਦਾ ਕੀਤੀ ਜਾਣੀ ਹੈ ਅਤੇ 23,900 ਕਰੋੜ ਰੁਪਏ ਤਾਂ ਕੇਵਲ ਕਰਜ਼ਿਆਂ ਦੇ ਵਿਆਜ ਦੀ ਅਦਾਇਗੀ ਵਿਚ ਚਲੇ ਜਾਣੇ ਹਨ। ਪਿਛਲੇ ਕੁਝ ਦਿਨਾਂ ਤੋਂ ਪੰਜਾਬ ਸਰਕਾਰ ਨੇ ਪੰਜਾਬ ਦੇ ਵਿੱਤੀ ਸੰਕਟ ਦੇ ਮੱਦੇਨਜ਼ਰ ਸਖ਼ਤ ਫ਼ੈਸਲੇ ਵੀ ਕੀਤੇ ਹਨ ਜਿਨ੍ਹਾਂ ਵਿਚ ਘਰੇਲੂ ਬਿਜਲੀ ਦੀ ਢਾਈ ਰੁਪਏ ਪ੍ਰਤੀ ਯੂਨਿਟ ਸਬਸਿਡੀ ਦੀ ਵਾਪਸੀ, ਤੇਲ ਕੀਮਤਾਂ 'ਤੇ ਵੈਟ ਵਿਚ ਵਾਧਾ, ਜ਼ਮੀਨਾਂ ਦੇ ਸਰਕਾਰੀ ਭਾਅ 'ਚ ਬੜੋਤਰੀ, ਬੱਸ ਕਿਰਾਏ ਵਿਚ ਵਾਧਾ ਅਤੇ ਗਰੀਨ ਟੈਕਸ ਆਦਿ ਲਗਾਇਆ ਗਿਆ ਹੈ। ਪੰਜਾਬ ਸਰਕਾਰ ਨੂੰ ਮਾਲੀਆ ਪ੍ਰਾਪਤੀਆਂ ਵਿਚ ਵਾਧੇ ਤੋਂ ਤਾਂ ਤਸੱਲੀ ਹੈ ਪਰ ਸਰਕਾਰ ਦੇ ਖ਼ਰਚਿਆਂ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਆਮਦਨ ਤੇ ਖ਼ਰਚ ਵਿਚਲਾ ਖੱਪਾ ਵਧਦਾ ਜਾ ਰਿਹਾ ਹੈ।

ਸਰਕਾਰ ਦੀ ਵੱਡੀ ਚਿੰਤਾ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖ਼ਾਹਾਂ ਦੇਣ ਦੀ ਹੈ। ਅਗਸਤ ਮਹੀਨੇ ਦੀ ਤਨਖ਼ਾਹ 4 ਸਤੰਬਰ ਨੂੰ ਦਿੱਤੀ ਜਾ ਸਕੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਦਿਨਾਂ ਤੋਂ ਵਿੱਤੀ ਸੰਕਟ ਦੇ ਮੱਦੇਨਜ਼ਰ ਕਮਾਨ ਆਪਣੇ ਹੱਥ ਲੈ ਲਈ ਹੈ ਪਰ ਪੰਜਾਬ ਦੇ ਵਿੱਤ ਨੂੰ ਲੈ ਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਲਈ ਇਹ ਪਰਖ ਦੀ ਘੜੀ ਹੈ। ਸੂਬਾ ਸਰਕਾਰ ਨੇ ਵੱਖ ਵੱਖ ਵਿਭਾਗਾਂ ਨੂੰ ਪੱਤਰ ਲਿਖ ਕੇ ਮੌਜੂਦ ਪਏ ਫੰਡਾਂ ਦੇ ਵੇਰਵੇ ਵੀ ਪੁੱਛੇ ਹਨ। ਪੁੱਡਾ ਨੇ ਵੀ ਸੂਬੇ ਭਰ ਵਿਚ ਆਪਣੀਆਂ ਸੰਮਤੀਆਂ ਦੀ ਨਿਲਾਮੀ ਦੀ ਮੁਹਿੰਮ ਵਿੱਢੀ ਹੋਈ ਹੈ।

### ਪ੍ਰਧਾਨ ਮੰਤਰੀ ਕੋਲ ਮੁੱਦਾ ਰੱਖਿਆ ਜਾਵੇਗਾ

**ਚੰਡੀਗੜ੍ਹ:** ਕੇਂਦਰੀ ਵਿੱਤ ਮੰਤਰਾਲੇ ਨੇ ਕਰਜ਼ਾ ਹੱਦ ਵਿਚ ਵਾਧੇ ਲਈ ਕੋਈ ਹੁੰਗਾਰਾ ਨਾ ਭਰਿਆ ਤਾਂ ਮੁੱਖ ਮੰਤਰੀ ਭਗਵੰਤ ਮਾਨ ਇਹ ਮਾਮਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਉਠਾ ਸਕਦੇ ਹਨ। ਇਕ ਉੱਚ ਅਧਿਕਾਰੀ ਨੇ ਦੱਸਿਆ ਕਿ ਕੇਂਦਰ ਨੇ ਪੰਜਾਬ ਦੇ ਕੌਮੀ ਸਿਹਤ ਮਿਸ਼ਨ ਅਤੇ ਪੇਂਡੂ ਵਿਕਾਸ ਫ਼ੰਡ ਦੇ ਬਕਾਏ ਜਾਰੀ ਨਹੀਂ ਕੀਤੇ ਹਨ ਅਤੇ ਜੀ.ਐਸ.ਟੀ. ਦੇ ਲਾਗੂ ਹੋਣ ਤੋਂ ਬਾਅਦ ਮੁਆਵਜ਼ਾ ਵੀ ਬੰਦ ਕਰ ਦਿੱਤਾ ਹੈ। ਇਸੇ ਤਰ੍ਹਾਂ 15ਵੇਂ ਵਿੱਤ ਕਮਿਸ਼ਨ ਦੁਆਰਾ ਦਿੱਤੀ ਗਈ ਮਾਲੀਆ ਘਾਟਾ ਗ੍ਰਾਂਟ ਚਾਲੂ ਵਿੱਤੀ ਸਾਲ ਲਈ ਘੱਟ ਕੇ 1995 ਕਰੋੜ ਰੁਪਏ ਰਹਿ ਗਈ ਹੈ।

## ਮਾਲੇਰਕੋਟਲਾ ਦੇ 22 ਸਾਲਾ ਨੌਜਵਾਨ ਦਾ ਕੈਨੇਡਾ ਵਿਚ ਕਤਲ

**ਮਲੇਰਕੋਟਲਾ:** ਕੈਨੇਡੀਅਨ ਸੂਬੇ ਅਲਬਰਟਾ ਦੇ ਸ਼ਹਿਰ ਐਡਮਿੰਟਨ ਦੇ ਡਾਊਨਟਾਊਨ ਪਾਰਕਿੰਗ 'ਚ 22 ਸਾਲਾ ਸਿੱਖ ਨੌਜਵਾਨ ਦੀ ਕਥਿਤ ਤੌਰ ਉਤੇ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰ ਦਿੱਤੀ ਗਈ ਹੈ। ਅੱਠ ਮਹੀਨੇ ਪਹਿਲਾਂ ਪੜ੍ਹਾਈ ਕਰਨ ਲਈ ਕੈਨੇਡਾ ਗਏ ਪੀੜਤ ਦੀ ਪਛਾਣ ਜਸ਼ਨਦੀਪ ਸਿੰਘ ਮਾਨ ਵਜੋਂ ਹੋਈ ਹੈ, ਜੋ ਮਾਲੇਰਕੋਟਲਾ ਜ਼ਿਲ੍ਹੇ ਦੇ ਪਿੰਡ ਬਡਲਾ ਦਾ ਰਹਿਣ ਵਾਲਾ ਸੀ।

ਐਡਮਿੰਟਨ ਪੁਲਿਸ ਨੇ 40 ਸਾਲਾ ਐਡਗਰ ਵਿਸਕਰ 'ਤੇ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਘਟਨਾ ਤੋਂ ਬਾਅਦ ਸ਼ੱਕੀ ਮੌਕੇ ਉਤੇ ਹੀ ਰਿਹਾ। ਹਮਲੇ ਵਿਚ ਵਰਤਿਆ ਗਿਆ ਹਥਿਆਰ ਇਕ ਬਾਕਸ ਕਟਰ ਮੰਨਿਆ ਜਾ ਰਿਹਾ ਹੈ। ਈ.ਪੀ.ਐਸ. ਹੋਮੀਸਾਈਡ ਸੈਕਸ਼ਨ ਦੇ ਸਟਾਫ ਸਾਰਜੈਂਟ ਕੋਲਿਨ ਲੈਥਮ ਨੇ ਅਧਿਕਾਰਤ ਰਿਲੀਜ਼ ਵਿਚ ਕਿਹਾ, "ਅਸੀਂ ਪੁਸ਼ਟੀ ਕਰ ਸਕਦੇ ਹਾਂ ਕਿ ਦੋਵੇਂ ਵਿਅਕਤੀ ਇਕ ਦੂਜੇ ਨੂੰ ਨਹੀਂ ਜਾਣਦੇ ਸਨ ਅਤੇ ਇਹ ਇਕ ਵੱਖਰੀ ਘਟਨਾ ਜਾਪਦੀ ਹੈ।"

ਸਾਬਕਾ ਸਰਪੰਚ ਭਰਪੂਰ ਸਿੰਘ ਅਤੇ ਉਨ੍ਹਾਂ ਦੀ ਪਤਨੀ ਨੇ ਕੈਨੇਡਾ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਤੋਂ ਉਨ੍ਹਾਂ ਦੇ ਪੁੱਤਰ ਦੀ ਮੌਤ ਦੀ ਘਟਨਾ ਬਾਰੇ ਜਾਂਚ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਸਿਰਫ਼ ਇਹ ਜਾਣਨਾ ਚਾਹੁੰਦੇ ਹਾਂ ਕਿ ਹਮਲਾਵਰ ਨੂੰ ਕਿਸ ਗੱਲ ਨੇ ਉਕਸਾਇਆ, ਕਿ ਉਸ ਨੇ ਜਸ਼ਨਦੀਪ ਨੂੰ ਸਾਡੇ ਕੋਲੋਂ ਖੋਹ ਕੇ ਸਾਡੀ ਦੁਨੀਆਂ ਨੂੰ ਤਬਾਹ ਕਰ ਦਿੱਤਾ ਹੈ।



## ਕਰਮਜੀਤ ਸਿੰਘ ਤਲਵਾੜ ਨਿਊਜ਼ੀਲੈਂਡ 'ਚ ਪਹਿਲੇ ਸਿੱਖ ਅਫਸਰ ਬਣੇ

**ਦਸੂਹਾ:** ਇੱਥੋਂ ਦੇ ਜੰਮਪਲ ਕਰਮਜੀਤ ਸਿੰਘ ਤਲਵਾੜ ਨੇ ਨਿਊਜ਼ੀਲੈਂਡ ਵਿਚ ਮਨਿਸਟਰੀ ਆਫ ਜਸਟਿਸ ਸਰਵਿਸਿਜ਼ ਨਾਲ ਸਬੰਧਤ 'ਇਸ਼ੂਇੰਗ ਅਫਸਰ' ਵਜੋਂ ਅਹੁਦਾ ਸੰਭਾਲ ਲਿਆ ਹੈ। ਉਨ੍ਹਾਂ ਦੀ ਇਸ ਉਪਲਬਧੀ ਨਾਲ ਵਿਸ਼ਵ ਭਰ ਵਿਚ ਪੰਜਾਬੀਆਂ ਦਾ ਸਿਰ ਮਾਣ ਨਾਲ ਉੱਚਾ ਹੋਇਆ ਹੈ। ਉਹ ਧਾਰਮਿਕ ਸਿੱਖ ਆਗੂ ਜੋਗਿੰਦਰ ਸਿੰਘ ਤਲਵਾੜ ਦੇ ਪੁੱਤਰ ਹਨ।

ਇਸ ਤੋਂ ਪਹਿਲਾਂ ਤਲਵਾੜ ਨਿਊਜ਼ੀਲੈਂਡ ਦੇ ਨੌਰਥ ਸ਼ੋਰ ਇਲਾਕੇ ਦੇ ਇਕਲੌਤੇ 'ਜਸਟਿਸ ਆਫ ਪੀਸ' (ਜੇਪੀ) ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਨਿਊਜ਼ੀਲੈਂਡ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਅੰਮ੍ਰਿਤਧਾਰੀ ਸਿੱਖ ਇਸ਼ੂਇੰਗ ਅਫਸਰ ਬਣਿਆ ਹੋਵੇ। ਸ੍ਰੀ ਤਲਵਾੜ ਦੀ ਇਸ ਉਪਲਬਧੀ ਉਤੇ ਦੇਸ਼ਾਂ ਵਿਦੇਸ਼ਾਂ ਤੋਂ ਵਧਾਈ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਉਨ੍ਹਾਂ ਨੂੰ ਇਹ ਵੱਕਾਰੀ ਜ਼ਿੰਮੇਵਾਰੀ ਨਿਊਜ਼ੀਲੈਂਡ ਦੇ 'ਅਟਾਰਨੀ ਜਨਰਲ' ਵੱਲੋਂ ਆਗਾਮੀ ਤਿੰਨ ਸਾਲ ਲਈ ਸੌਂਪੀ ਗਈ ਹੈ। ਉਨ੍ਹਾਂ ਨੂੰ ਕਿਸੇ ਮੁਲਜ਼ਮ ਖ਼ਿਲਾਫ਼ ਕਾਨੂੰਨੀ ਕਾਰਵਾਈ ਦੌਰਾਨ ਸਬੂਤਾਂ ਦੀ ਜਾਂਚ ਕਰਨ ਮਗਰੋਂ ਵਾਰੰਟ ਜਾਰੀ ਕਰਨ ਸਬੰਧੀ ਸਮੁੱਚੇ ਕਾਰਜਾਂ ਦਾ ਅਧਿਕਾਰ ਹੋਵੇਗਾ। ਜ਼ਿਕਰਯੋਗ ਹੈ ਕਿ ਕਰੀਬ 27 ਸਾਲ ਤੋਂ ਪਰਿਵਾਰ ਸਣੇ ਨਿਊਜ਼ੀਲੈਂਡ ਵਿਚ ਰਹਿ ਰਹੇ ਕਰਮਜੀਤ ਸਿੰਘ ਤਲਵਾੜ ਨਿਊਜ਼ੀਲੈਂਡ ਸਕੂਲ ਬੋਰਡ ਦੇ ਤਿੰਨ ਵਾਰ ਟਰੱਸਟੀ ਵੀ ਬਣੇ। ਇਸ ਤੋਂ ਇਲਾਵਾ ਉਹ 2009 ਤੋਂ ਮੈਰਿਜ ਸੈਲੀਬ੍ਰੈਂਟ ਅਤੇ ਨੌਰਥ ਸ਼ੋਰ ਨਿਊਜ਼ੀਲੈਂਡ ਦੇ ਗੁਰਦੁਆਰੇ ਦੇ ਮੁੱਖ ਸੇਵਾਦਾਰ ਦੀ ਜ਼ਿੰਮੇਵਾਰੀ ਵੀ ਨਿਭਾਅ ਰਹੇ ਹਨ।



## ਪੰਜਾਬ ਸਰਕਾਰ ਪੰਚਾਇਤੀ ਤੇ ਜ਼ਿਮਨੀ ਚੋਣਾਂ ਲਈ ਤਿਆਰ: ਧਾਲੀਵਾਲ

**ਰਮਦਾਸ:** ਪੰਜਾਬ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੀਆਂ ਪੰਚਾਇਤੀ ਅਤੇ ਵਿਧਾਨ ਸਭਾ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਇਸ ਸਾਲ ਦੇ ਅਖੀਰ ਤੱਕ ਹੋਣ ਦੀ ਸੰਭਾਵਨਾ ਹੈ ਅਤੇ ਸਰਕਾਰ ਇਨ੍ਹਾਂ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ। ਉਹ ਸਰਹੱਦ ਨਾਲ ਲੱਗਦੇ ਪਿੰਡ ਕੋਟ ਰਜਾਦਾ ਦਾ ਦੌਰਾ ਕਰਨ ਮਗਰੋਂ ਗੱਲ ਕਰ ਰਹੇ ਸਨ। ॥

ਸ੍ਰੀ ਧਾਲੀਵਾਲ ਨੇ ਕਿਹਾ ਕਿ ਪੰਜਾਬ ਵਿਚੋਂ ਇਸ ਵੇਲੇ ਸ਼੍ਰੋਮਣੀ ਅਕਾਲੀ ਦਲ ਦਾ ਪੂਰਨ ਤੌਰ 'ਤੇ ਸਫਾਇਆ ਹੋ ਚੁੱਕਾ ਹੈ, ਜਦਕਿ ਆਉਂਦੇ ਦਸੰਬਰ ਵਾਲੇ ਵਿਧਾਨ ਸਭਾ ਸੈਸ਼ਨ ਵਿਚ ਕਾਂਗਰਸ ਦਾ ਵੀ ਸਫਾਇਆ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਪਾਰਟੀਆਂ ਤੋਂ ਮੂੰਹ ਮੋੜ ਲਏ ਹਨ ਅਤੇ ਲੋਕ ਭਗਵੰਤ ਮਾਨ ਦੀ ਸਰਕਾਰ ਦੇ ਕੀਤੇ ਕੰਮਾਂ ਨੂੰ ਤਰਜੀਹ ਦੇ ਰਹੇ ਹਨ।

## ਹੰਸ ਰਾਜ ਹੰਸ ਦਾ ਵਿਰੋਧ ਕਰਨ ਵਾਲੇ ਆਗੂਆਂ ਖ਼ਿਲਾਫ਼ ਜਾਰੀ ਵਾਰੰਟ ਰੱਦ

**ਫਰੀਦਕੋਟ:** ਇੱਥੋਂ ਦੇ ਐਸ.ਡੀ.ਐਮ. ਵੱਲੋਂ ਕੁਝ ਦਿਨ ਪਹਿਲਾਂ ਕਿਰਤੀ ਕਿਸਾਨ ਦੇ ਸੂਬਾ ਆਗੂ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਅਤੇ ਨੌਜਵਾਨ ਭਾਰਤ ਸਭਾ ਦੇ ਆਗੂ ਨੌਨਿਹਾਲ ਸਿੰਘ ਖਿਲਾਫ ਧਾਰਾ 107/151 ਤਹਿਤ ਜਾਰੀ ਕੀਤੇ ਗਏ ਗ੍ਰਿਫਤਾਰੀ ਵਾਰੰਟ ਐਸ.ਡੀ.ਐਮ. ਦੀ ਅਦਾਲਤ ਨੇ ਚੁੱਪ ਚੁਪੀਤੇ ਤੇ ਬਿਨਾਂ ਸ਼ਰਤ ਵਾਪਸ ਲੈ ਲਏ ਹਨ। ਦੱਸਣਯੋਗ ਹੈ ਕਿ ਇਨ੍ਹਾਂ ਆਗੂਆਂ ਨੇ ਗ੍ਰਿਫ਼ਤਾਰੀ ਵਾਰੰਟਾਂ ਨੂੰ ਗੈਰਕਾਨੂੰਨੀ ਦੱਸਦਿਆਂ ਅਦਾਲਤ ਵਿਚ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਇਹ ਆਗੂ ਅਦਾਲਤ ਵਿਚ ਪੇਸ਼ ਵੀ ਨਹੀਂ ਹੋਏ। ਲੋਕ ਸਭਾ ਚੋਣਾਂ ਦੌਰਾਨ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਅਤੇ ਨੌਨਿਹਾਲ ਸਿੰਘ ਨੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਫਰੀਦਕੋਟ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਪਿੰਡਾਂ ਵਿਚ ਵਿਰੋਧ ਕੀਤਾ ਸੀ। ਇਸ ਤੋਂ ਬਾਅਦ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਨੌਨਿਹਾਲ ਸਿੰਘ ਨੂੰ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਸੀ ਪਰ ਅਗਲੇ ਦਿਨ ਹੀ ਉਨ੍ਹਾਂ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ। ਐਸ.ਡੀ.ਐਮ. ਦੀ ਅਦਾਲਤ ਨੇ ਦੱਸਿਆ ਕਿ ਇਨ੍ਹਾਂ ਆਗੂਆਂ ਖਿਲਾਫ ਜਾਰੀ ਹੋਏ ਵਾਰੰਟ ਗਲਤਫਹਿਮੀ ਵਿਚ ਜਾਰੀ ਹੋ ਗਏ ਸਨ ਜੋ ਰੱਦ ਕਰ ਦਿੱਤੇ ਗਏ ਹਨ। ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਇਸ ਦੇ ਅਫਸਰਾਂ ਦਾ ਆਪਸ ਵਿਚ ਕੋਈ ਤਾਲਮੇਲ ਨਹੀਂ ਹੈ। ਨੌਨਿਹਾਲ ਸਿੰਘ ਨੇ ਕਿਹਾ ਕਿ ਉਹ ਫਰੀਦਕੋਟ ਇਲਾਕੇ ਵਿਚ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਦੀ ਮੰਗ ਨੂੰ ਲੈ ਕੇ ਪ੍ਰਸ਼ਾਸਨ ਖਿਲਾਫ ਸੰਘਰਸ਼ ਕਰਦੇ ਆ ਰਹੇ ਹਨ ਅਤੇ ਇਸੇ ਰੰਜਿਸ਼ ਕਰਕੇ ਇਹ ਵਾਰੰਟ ਜਾਰੀ ਕਰਵਾਏ ਗਏ ਸੀ।

## ਪੰਜਾਬ ਵਿਚ ਬਿਜਲੀ ਚੋਰੀ ਦੇ ਪਿਛਲੇ ਸਾਰੇ ਰਿਕਾਰਡ ਟੁੱਟੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬਿਜਲੀ ਚੋਰੀ ਖ਼ਿਲਾਫ਼ ਵਿਸ਼ੇਸ਼ ਮੁਹਿੰਮ ਵਿੱਢੀ ਹੈ। ਪਾਵਰਕੌਮ ਦੀ ਸਾਲ 2023-24 ਦੌਰਾਨ ਬਿਜਲੀ ਘਾਟਿਆਂ ਦੀ ਰਿਪੋਰਟ ਵੀ ਬਿਜਲੀ ਚੋਰੀ ਵੱਲ ਇਸ਼ਾਰਾ ਕਰਦੀ ਹੈ ਜਿਸ 'ਚ ਸਾਹਮਣੇ ਆਇਆ ਹੈ ਕਿ ਪੰਜਾਬ ਵਿਚ ਬਿਜਲੀ ਚੋਰੀ ਦਾ ਅੰਕੜਾ 2600 ਕਰੋੜ ਨੂੰ ਪਾਰ ਕਰ ਗਿਆ ਹੈ। ਇਕ ਸੀਨੀਅਰ ਅਧਿਕਾਰੀ ਦਾ ਕਹਿਣਾ ਸੀ ਕਿ ਹੁਣ ਬਿਜਲੀ ਦੀ ਖਪਤ ਵਿਚ ਵਾਧਾ ਹੋਣ ਕਰਕੇ ਬਿਜਲੀ ਚੋਰੀ ਦੀ ਰਕਮ ਕਾਫ਼ੀ ਵਧ ਗਈ ਹੈ।

ਇਸ ਵਿਚ ਪਾਵਰਕੌਮ ਦੇ ਹੇਠਲੇ ਅਧਿਕਾਰੀ ਤੇ ਮੁਲਾਜ਼ਮ ਵੀ ਭਾਗੀਦਾਰ ਦੱਸੇ ਜਾ ਰਹੇ ਹਨ। ਰਿਪੋਰਟ ਅਨੁਸਾਰ ਪੰਜਾਬ ਦੀਆਂ 104 ਡਿਵੀਜ਼ਨਾਂ ਵਿਚੋਂ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਹਲਕਾ ਪੱਟੀ ਦਾ ਨਾਮ ਸਿਖਰ ਉਤੇ ਹੈ। ਪੱਟੀ ਡਿਵੀਜ਼ਨ 'ਚ ਸਾਲਾਨਾ 144 ਕਰੋੜ ਦੀ ਬਿਜਲੀ ਚੋਰੀ ਹੁੰਦੀ ਹੈ। ਪੰਜਾਬ ਵਿਚੋਂ ਪੱਟੀ, ਜ਼ੀਰਾ, ਭਿੱਖੀਵਿੰਡ ਅਤੇ ਅੰਮ੍ਰਿਤਸਰ ਪੱਛਮੀ ਅਜਿਹੀਆਂ ਡਿਵੀਜ਼ਨਾਂ ਹਨ ਜੋ ਬਿਜਲੀ ਚੋਰੀ ਦੇ ਰੈੱਡ ਜ਼ੋਨ ਵਿਚ ਆਉਂਦੀਆਂ ਹਨ ਅਤੇ ਇਨ੍ਹਾਂ ਚਾਰ ਡਿਵੀਜ਼ਨਾਂ ਵਿਚ 520 ਕਰੋੜ ਰੁਪਏ ਦੀ ਸਾਲਾਨਾ ਬਿਜਲੀ ਚੋਰੀ ਹੁੰਦੀ ਹੈ।



ਪੰਜਵਾਂ ਨੰਬਰ ਬਾਘਾਪੁਰਾਣਾ ਡਿਵੀਜ਼ਨ ਦਾ ਹੈ ਜਿੱਥੇ 99.25 ਕਰੋੜ ਦੀ ਬਿਜਲੀ ਚੋਰੀ ਹੋ ਰਹੀ ਹੈ। ਜਲਾਲਾਬਾਦ ਡਿਵੀਜ਼ਨ ਵਿਚ ਸਾਲਾਨਾ 94.93 ਕਰੋੜ ਦੀ ਬਿਜਲੀ ਚੋਰੀ ਹੋ ਰਹੀ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਦੇ ਹਲਕੇ 'ਚ ਪੈਂਦੀ ਸੁਨਾਮ ਡਿਵੀਜ਼ਨ ਵਿਚ 40 ਕਰੋੜ ਸਾਲਾਨਾ ਅਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਹਲਕੇ ਅਜਨਾਲਾ ਡਿਵੀਜ਼ਨ ਵਿਚ ਸਾਲਾਨਾ 90 ਕਰੋੜ ਦੀ ਬਿਜਲੀ ਚੋਰੀ ਹੋ ਰਹੀ ਹੈ ਜਦੋਂ ਕਿ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੀ ਡਿਵੀਜ਼ਨ ਬਾਦਲ ਵਿਚ ਵੀ ਕਰੀਬ 27 ਕਰੋੜ ਦੀ ਬਿਜਲੀ ਚੋਰੀ ਹੋ ਰਹੀ ਹੈ। ਡਿਵੀਜ਼ਨ ਦਿੜ੍ਹਬਾ ਵਿਚ ਸਾਲਾਨਾ 13 ਕਰੋੜ ਦੀ ਬਿਜਲੀ ਚੋਰੀ ਹੋ ਰਹੀ ਹੈ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਹਲਕੇ ਦੀ ਮਲੋਟ ਡਿਵੀਜ਼ਨ ਦਾ ਪੰਜਾਬ ਵਿਚੋਂ ਨੌਵਾਂ ਨੰਬਰ ਹੈ ਜਿੱਥੇ ਸਾਲਾਨਾ 83 ਕਰੋੜ ਦੀ ਬਿਜਲੀ ਚੋਰੀ ਹੁੰਦੀ ਹੈ। ਪੰਜਾਬ ਦੀਆਂ 34 ਡਿਵੀਜ਼ਨਾਂ ਵਿਚ ਸਾਲਾਨਾ ਬਿਜਲੀ ਚੋਰੀ 22 ਕਰੋੜ ਰੁਪਏ ਤੋਂ ਜ਼ਿਆਦਾ ਹੈ। ਪੰਜਾਬ ਦੀਆਂ ਸਿਰਫ਼ 17 ਡਿਵੀਜ਼ਨਾਂ ਅਜਿਹੀਆਂ ਬਚੀਆਂ ਹਨ ਜਿੱਥੇ ਕੋਈ ਬਿਜਲੀ ਚੋਰੀ ਨਹੀਂ ਹੋ ਰਹੀ ਹੈ। ਪਾਵਰਕੌਮ ਵੱਲੋਂ ਹੁਣ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਤਹਿਤ ਹੁਣ ਤੱਕ ਕੁੱਲ 81,262 ਕੁਨੈਕਸ਼ਨਾਂ ਦੀ ਜਾਂਚ ਕੀਤੀ ਗਈ ਹੈ ਅਤੇ ਡਿਫਾਲਟਰਾਂ ਨੂੰ ਲਗਭਗ 13.30 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ।

### ਚੋਰੀ ਕਰਾਉਣ ਵਾਲੇ ਬਖ਼ਸ਼ੇ ਨਹੀਂ ਜਾਣਗੇ: ਬਿਜਲੀ ਮੰਤਰੀ

**ਚੰਡੀਗੜ੍ਹ:** ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਮਾਲੀਆ ਘਾਟੇ ਦੀ ਪੂਰਤੀ ਲਈ ਬਿਜਲੀ ਚੋਰੀ ਰੋਕਣ ਲਈ ਚੈਕਿੰਗ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਗਏ ਹਨ ਜਿਸ ਬਾਰੇ ਰੋਜ਼ਾਨਾ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਜੋ ਅਧਿਕਾਰੀ ਅਤੇ ਕਰਮਚਾਰੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਬਿਜਲੀ ਚੋਰੀ ਵਿਚ ਸ਼ਾਮਲ ਪਾਇਆ ਗਿਆ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

ਪੰਜਾਬ ਟਾਈਮਜ਼

ਸ਼ਨਿਚਰਵਾਰ, 14 ਸਤੰਬਰ, 2024

# ਪੰਜਾਬ ਦੀ ਹੋਣੀ

ਪੰਜਾਬ ਦੇ ਆਰਥਿਕ ਸੰਕਟ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਬਾਰੇ ਚਰਚਾ ਨਵੇਂ ਸਿਰਿਓਂ ਛੇੜ ਦਿੱਤੀ ਹੈ। 2022 ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਮਿਸਾਲੀ ਜਿੱਤ ਹਾਸਿਲ ਕੀਤੀ ਸੀ। ਇਨ੍ਹਾਂ ਚੋਣਾਂ ਵਿਚ ਪੰਜਾਬ ਦੇ ਲੋਕਾਂ ਦਾ ਰਵਾਇਤੀ ਪਾਰਟੀ ਲਈ ਗੁੱਸਾ ਬਾਕਾਇਦਾ ਜ਼ਾਹਿਰ ਹੋਇਆ ਸੀ। ਇਹ ਅਜਿਹੀਆਂ ਵਿਧਾਨ ਸਭਾ ਚੋਣਾਂ ਸਨ ਜਿਸ ਵਿਚ ਪੰਜਾਬ ਦੀਆਂ ਮੁੱਖ ਸਿਆਸੀ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਸਾਰੇ ਦੇ ਸਾਰੇ ਸਰਕਰਦਾ ਲੀਡਰ ਚੋਣ ਹਾਰ ਗਏ ਸਨ। ਲੋਕਾਂ ਨੂੰ ਆਸ ਸੀ ਕਿ ਆਮ ਆਦਮੀ ਪਾਰਟੀ ਦੀ ਨਵੀਂ ਸਰਕਾਰ ਸੂਬੇ ਅੰਦਰ ਬੜਾ ਕੁਝ ਬਦਲ ਦੇਵੇਗੀ। ਉਂਞ ਵੀ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਸੁਫਨੇ ਵੀ ਬਹੁਤ ਵੱਡੇ ਦਿਖਾਏ ਸਨ। ਇਸੇ ਕਰ ਕੇ ਇਹ ਪਹਿਲੀ ਵਾਰ ਸੀ ਕਿ ਸਰਕਾਰ ਬਣਦਿਆਂ ਸਾਰ ਲੋਕਾਂ ਨੇ ਸਰਕਾਰ ਅੱਗੇ ਸਵਾਲ ਰੱਖਣੇ ਸ਼ੁਰੂ ਕਰ ਦਿੱਤੇ। ਉਦੋਂ ਇਕ ਵਾਰ ਤਾਂ ਇੰਞ ਵੀ ਲੱਗਣ ਲੱਗ ਪਿਆ ਕਿ ਸਵਾਲ ਜਾਣ-ਬੁੱਝ ਕੇ ਰੱਖੇ ਜਾ ਰਹੇ ਹਨ ਤਾਂ ਕਿ ਨਵੀਂ ਸਰਕਾਰ ਨੂੰ ਫੇਲ੍ਹ ਕੀਤਾ ਜਾ ਸਕੇ। ਮੀਡੀਆ ਵਿਚ ਇਹ ਚਰਚਾ ਬਹੁਤ ਭਖੀ ਕਿ ਸਰਕਾਰ ਨੂੰ ਕੰਮ ਕਰਨ ਦਾ ਸਮਾਂ ਹੀ ਨਹੀਂ ਦਿੱਤਾ ਜਾ ਰਿਹਾ, ਕੁਝ ਉਡੀਕ ਤਾਂ ਕਰਨੀ ਹੀ ਚਾਹੀਦੀ ਹੈ। ਉਸ ਵਕਤ ਸਰਕਾਰ ਦੇ ਕਰਤਿਆਂ-ਧਰਤਿਆਂ ਨੇ ਵੱਖ-ਵੱਖ ਮੀਡੀਆਂ ਹਾਊਸਾਂ ਤੱਕ ਆਪ ਪਹੁੰਚ ਕਰ ਕੇ ਕਿਹਾ ਕਿ ਸਰਕਾਰ ਨੂੰ ਘੱਟੋ-ਘੱਟ ਤਿੰਨ ਮਹੀਨੇ ਦਾ ਮਸਾਂ ਦਿੱਤਾ ਜਾਵੇ, ਇਸ ਤੋਂ ਬਾਅਦ ਹਾਲਾਤ ਬਦਲਣੇ ਆਰੰਭ ਹੋ ਜਾਣਗੇ। ਖੈਰ, ਮੀਡੀਆ ਨੇ ਸਰਕਾਰ ਦੀ ਬੇਨਤੀ 'ਤੇ ਫੁੱਲ ਚੜ੍ਹਾਏ ਅਤੇ ਸਰਕਾਰ ਦੀ ਨੁਕਤਾਚੀਨੀ ਤੋਂ ਗੁਰੇਜ਼ ਕੀਤਾ ਪਰ ਇਹ ਤਿੰਨ ਮਹੀਨੇ ਬੀਤਣ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਚਲਾਉਣ ਵਾਲਿਆਂ ਦੇ ਤੌਰ-ਤਰੀਕੇ ਹੀ ਬਦਲ ਗਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਇਹ ਦੋਸ਼ ਅਕਸਰ ਲੱਗਦੇ ਰਹੇ ਸਨ ਕਿ ਉਹ ਆਪਣੀ ਸਰਕਾਰ ਦੀ ਨੁਕਤਾਚੀਨੀ ਬਿਲਕੁਲ ਬਰਦਾਸ਼ਤ ਨਹੀਂ ਕਰ ਰਹੇ ਅਤੇ ਉਨ੍ਹਾਂ ਇਕ-ਇਕ ਕਰ ਕੇ ਬਹੁਤੇ ਟੈਲੀਵਿਜ਼ਨ ਚੈਨਲਾਂ ਤੇ ਹੋਰ ਮੀਡੀਆ ਹਾਊਸਾਂ ਨੂੰ ਇਕ ਤਰ੍ਹਾਂ ਨਾਲ ਖਰੀਦ ਹੀ ਲਿਆ ਪਰ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਜੋ ਹਾਲ ਮੀਡੀਆ ਦਾ ਕੀਤਾ, ਉਹ ਨਰਿੰਦਰ ਮੋਦੀ ਨਾਲੋਂ ਬੇਹੱਦ ਭਿਆਨਕ ਸੀ। ਪੰਜਾਬ ਸਰਕਾਰ ਨੇ ਮੀਡੀਆ ਦਾ ਗਲਾ ਬੁਰੀ ਤਰ੍ਹਾਂ ਨਾਲ ਦਬਾਅ ਦਿੱਤਾ ਅਤੇ ਕੁਸਕਣ ਦੀ ਆਗਿਆ ਤੱਕ ਨਹੀਂ ਦਿੱਤੀ ਗਈ। ਹੁਣ ਹਾਲ ਇਹ ਹੈ ਕਿ ਪੰਜਾਬ ਸਰਕਾਰ ਬੁਰੀ ਤਰ੍ਹਾਂ ਆਰਥਿਕ ਸੰਕਟ ਵਿਚ ਘਿਰ ਗਈ ਹੈ ਅਤੇ ਇਸ ਸੰਕਟ ਵਿਚੋਂ ਨਿਕਲਣ ਲਈ ਹੱਥ-ਪੈਰ ਮਾਰ ਰਹੀ ਹੈ ਪਰ ਇਸ ਦਾ ਕਿਸੇ ਪਾਸੇ ਕੋਈ ਹੱਥ ਨਹੀਂ ਪੈ ਰਿਹਾ।

ਵਿੱਤੀ ਸੰਕਟ ਦੇ ਮੱਦੇਨਜ਼ਰ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੁਣ ਅੱਕ ਚੱਬਣਾ ਪੈ ਰਿਹਾ ਹੈ। ਭਗਵੰਤ ਮਾਨ ਸਰਕਾਰ ਨੇ ਪਿਛਲੀ ਕਾਂਗਰਸ ਸਰਕਾਰ ਵੇਲੇ ਤੋਂ ਘਰੇਲੂ ਬਿਜਲੀ ਖਪਤਕਾਰਾਂ ਨੂੰ ਸੱਤ ਕਿਲੋਵਾਟ ਲੋਡ ਤੱਕ ਦੇ ਕੁਨੈਕਸ਼ਨਾਂ ਲਈ 3 ਰੁਪਏ ਪ੍ਰਤੀ ਯੂਨਿਟ ਦੀ ਦਿੱਤੀ ਜਾਂਦੀ ਸਬਸਿਡੀ ਵਾਪਸ ਲੈ ਲਈ ਹੈ। ਪੈਟਰੋਲ ਅਤੇ ਡੀਜ਼ਲ ਉਪਰ ਵੈਟ ਵਧਾ ਦਿੱਤਾ ਹੈ ਜਿਸ ਨਾਲ ਰਾਜ ਵਿਚ ਇਸ ਦੇ ਗੁਆਂਢੀ ਰਾਜਾਂ ਨਾਲੋਂ ਜ਼ਿਆਦਾ ਭਾਅ 'ਤੇ ਵਿਕ ਰਿਹਾ ਵਾਹਨਾਂ ਦਾ ਈਂਧਨ ਹੋਰ ਮਹਿੰਗਾ ਹੋ ਗਿਆ ਹੈ। ਸਰਕਾਰ ਨੂੰ ਫੰਡਾਂ ਦੀ ਤੋਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਨ੍ਹਾਂ ਕਦਮਾਂ ਨਾਲ ਇਸ ਨੂੰ ਸਾਲ ਵਿਚ 2000-2500 ਕਰੋੜ ਰੁਪਏ ਦਾ ਵਾਧੂ ਮਾਲੀਆ ਮਿਲਣ ਦੀ ਆਸ ਹੈ ਪਰ ਇਸ ਕਰ ਕੇ ਇਸ ਨੂੰ ਲੋਕਾਂ ਦੀ ਨਾਰਾਜ਼ਗੀ ਦਾ ਵੀ ਸਾਹਮਣਾ ਕਰਨ ਲਈ ਤਿਆਰ ਰਹਿਣਾ ਪਵੇਗਾ। ਪੰਜਾਬ ਵਿਚ ਆਪ ਦੀ ਸਰਕਾਰ ਦਾ ਅੱਧਾ ਕਾਰਜਕਾਲ ਮੁੱਕ ਰਿਹਾ ਹੈ ਪਰ ਅਜੇ ਤੱਕ ਇਹ ਰਾਜ ਦੀ ਆਰਥਿਕ ਸਥਿਤੀ ਨੂੰ ਲੀਹ 'ਤੇ ਲਿਆਉਣ ਲਈ ਕੋਈ ਠੋਸ ਰੂਪ-ਰੇਖਾ ਨੂੰ ਅਮਲ ਵਿਚਨਹੀਂ ਲਿਆ ਸਕੀ। ਸਬਸਿਡੀਆਂ ਕਰ ਕੇ ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਖਜ਼ਾਨੇ ਦੀ ਹਾਲਤ ਤਰਸਯੋਗ ਹੈ। ਰਾਜ ਦੇ ਵਿੱਤੀ ਸਰੋਤਾਂ ਬਾਰੇ ਕੈਗ ਦੀ ਰਿਪੋਰਟ ਜੋ ਇਸੇ ਹਫਤੇ ਵਿਧਾਨ ਸਭਾ ਵਿਚ ਪੇਸ਼ ਕੀਤੀ ਗਈ ਸੀ, ਮੁਤਾਬਿਕ 2018 ਤੋਂ 2023 ਤੱਕ ਰਾਜ ਦੀਆਂ ਕੁੱਲ ਸਬਸਿਡੀਆਂ ਦਾ 68 ਫੀਸਦੀ ਹਿੱਸਾ ਬਿਜਲੀ ਸਬਸਿਡੀਆਂ ਦੇ ਖਾਤੇ ਵਿਚ ਪੈ ਰਿਹਾ ਹੈ। ਪਿਛਲੇ ਕਈ ਸਾਲਾਂ ਤੋਂ ਮਾਹਿਰਾਂ ਜਿਨ੍ਹਾਂ ਵਿਚ ਯੋਜਨਾ ਕਮਿਸ਼ਨ ਦੇ ਸਾਬਕਾ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਵੀ ਸ਼ਾਮਿਲ ਸਨ, ਨੇ ਬਿਜਲੀ ਸਬਸਿਡੀਆਂ ਨੂੰ ਤਰਕਸੰਗਤ ਕਰਨ ਦੀ ਸਿਫ਼ਾਰਸ਼ ਕੀਤੀ ਸੀ ਤਾਂ ਕਿ ਪੰਜਾਬ ਦੀ ਵਿੱਤੀ ਹਾਲਤ ਨੂੰ ਸੁਧਾਰਿਆ ਜਾ ਸਕੇ। ਹਾਲਾਂਕਿ ਚੁਣਾਵੀ ਗਿਣਤੀਆਂ-ਮਿਣਤੀਆਂ ਨੂੰ ਧਿਆਨ ਵਿਚ ਰੱਖਦਿਆਂ ਰਾਜ ਦੀ ਸਿਆਸੀ ਲੀਡਰਸ਼ਿਪ ਇਹ ਕਦਮ ਚੁੱਕਣ 'ਚ ਝਿਜਕਦੀ ਰਹੀ।

ਆਮ ਆਦਮੀ ਪਾਰਟੀ ਲਈ ਹੁਣ ਇਸ ਰਸਤੇ ਉਤੇ ਚੱਲਣਾ ਭਾਵੇਂ ਮੁਸ਼ਕਿਲ ਹੈ ਪਰ ਰਾਜ ਦੀ ਵਿੱਤੀ ਹਾਲਤ ਨੂੰ ਗੇੜਾ ਦੇਣ ਲਈ ਇਸ ਤੋਂ ਬਿਨਾਂ ਹੁਣ ਸਰਨਾ ਵੀ ਨਹੀਂ। ਆਪਣੇ ਸਾਧਨਾਂ ਤੋਂ ਬਾਹਰ ਪੈਰ ਪਸਾਰਨ ਨਾਲ ਸੰਕਟ ਅਗਾਂਹ ਤੋਂ ਅਗਾਂਹ ਵਧ ਰਿਹਾ ਹੈ। ਅਸਲ ਵਿਚ ਸਰਕਾਰ ਨੇ ਸੂਬੇ ਦੇ ਵਿੱਤੀ ਹਾਲਾਤ ਵੱਲ ਕਦੀ ਨਿੱਠ ਕੇ ਧਿਆਨ ਦਿੱਤਾ ਹੀ ਨਹੀਂ। ਉਹ ਸਰਕਾਰ ਜਿਹੜੀ ਆਪਣੀ ਵਧੀਆ ਕਾਰਗੁਜ਼ਾਰੀ ਲਈ ਸ਼ੁਰੂਆਤ ਵਿਚ ਸਿਰਫ ਤਿੰਨ ਮਹੀਨੇ ਦਾ ਸਮਾਂ ਮੰਗ ਰਹੀ ਸੀ, ਅੱਜ ਆਪਣੇ ਪੰਜ ਸਾਲ ਦੇ ਕਾਰਜ ਕਾਲ ਦਾ ਅੱਧਾ ਸਮਾਂ ਬੀਤਣ 'ਤੇ ਵੀ ਉਸੇ ਥਾਂ ਖੜ੍ਹੀ ਹੈ। ਹੋਰ ਤਾਂ ਹੋਰ, ਸੂਬੇ ਨੂੰ ਦਰਪੇਸ਼ ਮਸਲੇ ਜਿਉਂ ਦੇ ਤਿਉਂ ਮੂੰਹ ਅੱਡੀ ਖੜ੍ਹੇ ਹਨ। ਸਰਕਾਰ ਦਾ ਹਾਲ ਹੁਣ ਇਹ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਲਤੀਫਿਆਂ ਵਾਲੀ ਸਿਆਸਤ ਤੋਂ ਬਾਹਰ ਨਹੀਂ ਆ ਰਹੇ। ਉਹ ਜਿੱਥੇ ਵੀ ਜਾਂਦੇ ਹਨ, ਲਤੀਫਿਆਂ ਨਾਲ ਲੋਕਾਂ ਨੂੰ ਲੋਟ-ਪੋਟ ਕਰ ਆਉਂਦੇ ਹਨ। ਇਉਂ ਸੂਬੇ ਦੀਆਂ ਸਮੱਸਿਆਵਾਂ ਜਿਉਂ ਦੀਆਂ ਤਿਉਂ ਖੜ੍ਹੀਆਂ ਹਨ। ਮੁੱਖ ਮੰਤਰੀ ਦੀ ਇਸ ਨਾਲਾਇਕੀ ਦਾ ਖਮਿਆਜ਼ਾ ਸੂਬੇ ਦੇ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮਿ.ਲੋ ਨਿਮਾਣਿਆਂ ਨੂੰ !

ਵਾਂਗੂੰ 'ਦਰਸ਼ਕਾਂ' ਦੇਖਿਆ ਚੁੱਪ ਰਹਿ ਕੇ ਰਾਜ-ਭਾਗ ਦੇ ਜਲਵਿਆਂ ਮਾਣਿਆਂ ਨੂੰ।
ਤਖਤ ਸਾਹਬ ਨੂੰ ਸਮਝਦੇ ਖੇਡ੍ਹ ਜਿਹੜੇ ਹੁੰਦੀ ਮੱਤ ਨਹੀਂ ਵਿਗੜਿਆਂ ਲਾਣਿਆਂ ਨੂੰ।
ਅੰਦਰਖਾਤੇ ਫਿਰ ਖੇਡ੍ਹਣੀ 'ਗੇਮ' ਚਾਹੁੰਦੇ ਜਿੱਦਾਂ 'ਵਰਤਦੇ' ਰਹੇ 'ਪੁਰਾਣਿਆਂ' ਨੂੰ।
ਕਿੱਲਾ ਧੌਣ ਵਿਚ ਅੜਿਆ ਹੰਕਾਰ ਵਾ.ਲਾ ਕਿੱਥੇ ਮੰਨਣਾ ਆਉਂਦਾ ਫਿਰ ਭਾਣਿਆਂ ਨੂੰ।
ਹੁਣ ਨਹੀਂ ਜਾਪਦਾ ਕਿਸੇ ਪ੍ਰਵਾਨ ਕਰਨਾ ਹੋਏ ਲੋਕਾਂ ਦੀ ਨਜ਼ਰ ਵਿਚ 'ਕਾਣਿਆਂ' ਨੂੰ।
ਹੁਣ ਚਿੱਠੀਆਂ ਲਿਖ ਲਿਖ ਕੇ ਦੱਸਦੇ ਐ ਪੰਥ 'ਜਾਣਦਾ' ਇਨ੍ਹਾਂ 'ਨਿਮਾਣਿਆਂ' ਨੂੰ!

# ਢਾਈ ਦਿਨ ਦਾ ਸੈਸ਼ਨ ਅਤੇ ਵਧ ਰਹੇ ਕਰਜ਼ੇ ਦਾ ਮਸਲਾ

**ਪੰਜਾਬ ਸਿਰ ਲਗਾਤਾਰ ਵਧ ਰਿਹਾ ਕਰਜ਼ਾ ਚਿੰਤਾ ਦਾ ਵਿਸ਼ਾ ਹੈ ਪਰ ਢਾਈ ਦਿਨ ਦਾ ਸੈਸ਼ਨ ਮਹਿਜ਼ ਖਾਨਾਪੂਰਤੀ ਹੋ ਨਿੱਬੜਿਆ ਹੈ। ਹੁਣ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸੂਬੇ ਦੀ ਹਕੀਕੀ ਆਰਥਿਕ ਹਾਲਤ ਲੋਕਾਂ ਸਾਹਮਣੇ ਰੱਖੇ ਅਤੇ ਸਰਬ ਪਾਰਟੀ ਮੀਟਿੰਗ ਬੁਲਾ ਕੇ ਮਸਲੇ ਦੇ ਸਥਾਈ ਹੱਲ ਲਈ ਉਪਰਾਲੇ ਕਰੇ।**

ਭਾਰਤੀ ਸੰਸਦ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਲਈ ਮਾਨਸੂਨ ਇਜਲਾਸ ਅਹਿਮ ਮੰਨਿਆ ਜਾਂਦਾ ਹੈ ਪਰ ਪੰਜਾਬ ਵਿਧਾਨ ਸਭਾ ਦਾ ਮਾਨਸੂਨ ਇਜਲਾਸ ਜਿਵੇਂ ਕਾਹਲੀ-ਕਾਹਲੀ ਮਹਿਜ਼ ਢਾਈ ਦਿਨ ਵਿਚ ਨਿਬੇੜ ਦਿੱਤਾ ਗਿਆ, ਉਸ ਤੋਂ 'ਆਪ' ਸਰਕਾਰ ਦੀ ਲੋਕ ਮਸਲਿਆਂ ਲਈ ਸੁਹਿਰਦਤਾ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। 2 ਸਤੰਬਰ ਨੂੰ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋਇਆ ਸੈਸ਼ਨ 4 ਸਤੰਬਰ ਨੂੰ ਉਠਾ ਦਿੱਤਾ। ਢਾਈ ਦਿਨਾਂ ਦੌਰਾਨ ਪੰਜਾਬ ਦੇ ਕਿਸੇ ਵੀ ਮਾਮਲੇ ਉਪਰ ਸੁਹਿਰਦਤਾ ਨਾਲ ਨਿੱਠ ਕੇ ਚਰਚਾ ਕਰਨਾ ਤਾਂ ਦੂਰ ਦੀ ਗੱਲ, ਕਿਸੇ ਮਾਮਲੇ ਨੂੰ ਢੰਗ ਨਾਲ ਛੂਹਿਆ ਵੀ ਨਹੀਂ ਜਾ ਸਕਿਆ। ਵਿਰੋਧੀ ਧਿਰ ਵਿਚ ਹੁੰਦਿਆਂ 'ਆਪ' ਮੰਗ ਕਰਦੀ ਰਹੀ ਹੈ ਕਿ ਸੈਸ਼ਨ ਲੰਮੇ ਹੋਣੇ ਚਾਹੀਦੇ ਹਨ ਪਰ ਹੁਣ ਇਹ ਦੋ-ਦੋ, ਤਿੰਨ-ਤਿੰਨ ਦਿਨ ਦੇ ਸੈਸ਼ਨ ਬੁਲਾ ਕੇ ਡੰਗ ਟਪਾ ਰਹੀ ਹੈ। ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਦਰਮਿਆਨ ਵੀ ਸੂਬੇ ਅੰਦਰ ਫ਼ਿਰੋਜ਼ਪੁਰ ਵਿਚ ਦੋ ਚਚੇਰੇ ਭੈਣ-ਭਰਾਵਾਂ ਸਮੇਤ ਤਿੰਨ ਨੌਜਵਾਨਾਂ ਦੇ ਕਤਲ ਵਰਗੀਆਂ ਕਈ ਵਾਰਦਾਤਾਂ ਹੋਈਆਂ ਪਰ ਇਸ ਸਭ ਦੇ ਬਾਵਜੂਦ ਵਿਧਾਨ ਸਭਾ ਨੇ ਅਮਨ-ਕਾਨੂੰਨ ਦੇ ਮੁੱਦੇ 'ਤੇ ਚਰਚਾ ਕਰਨੀ ਮੁਨਾਸਿਫ ਨਹੀਂ ਸਮਝੀ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਸੈਸ਼ਨ ਦੌਰਾਨ ਪੰਜਾਬ ਦੇ ਦਹਿ-ਹਜ਼ਾਰਾਂ ਕਿਸਾਨ ਚੰਡੀਗੜ੍ਹ ਵਿਚ ਰੋਸ ਪ੍ਰਦਰਸ਼ਨ ਕਰਦੇ ਰਹੇ ਲੇਕਿਨ ਵਿਧਾਨ ਸਭਾ ਦੇ ਸਿਫਰ ਕਾਲ ਵਿਚ ਕਿਸਾਨੀ ਮੁੱਦਿਆਂ ਉਪਰ ਮਾਮੂਲੀ ਸਵਾਲ-ਜਵਾਬ ਤੋਂ ਬਿਨਾ ਖੇਤੀ ਖੇਤਰ ਨਾਲ ਸਬੰਧਿਤ ਮੁੱਦਿਆਂ ਨੂੰ ਛੂਹਿਆ ਤੱਕ ਨਹੀਂ ਗਿਆ। ਕਿਸਾਨ ਜਥੇਬੰਦੀਆਂ ਸੂਬੇ ਦੀਆਂ ਠੋਸ ਹਾਲਤਾਂ ਦੇ ਹਿਸਾਬ ਨਾਲ ਖੇਤੀ ਨੀਤੀ ਦੀ ਮੰਗ ਕਰ ਰਹੀਆਂ ਹਨ। ਖੇਤੀ ਨੀਤੀ ਤਿਆਰ ਕਰਨ ਲਈ ਸਰਕਾਰ ਵੱਲੋਂ ਨਿਯੁਕਤ ਕਮੇਟੀ ਆਪਣੀ ਰਿਪੋਰਟ ਸਰਕਾਰ ਨੂੰ ਸੌਂਪ ਚੁੱਕੀ ਹੈ ਤਾਂ ਸਰਕਾਰ ਉਸ ਰਿਪੋਰਟ ਨੂੰ ਚਰਚਾ ਲਈ ਵਿਧਾਨ ਸਭਾ ਵਿਚ ਰੱਖ ਸਕਦੀ ਸੀ।

ਸਰਕਾਰ ਨੇ ਢਾਈ ਦਿਨ ਦੇ ਸੈਸ਼ਨ ਦਾ ਇਕੋ-ਇਕ ਕੇਂਦਰੀ ਨੁਕਤਾ ਇਹ ਉਭਾਰਿਆ ਕਿ ਸਰਕਾਰ ਨੇ ਪਲਾਟਾਂ ਦੀ ਰਜਿਸਟਰੀ ਸਮੇਂ ਮੰਗੀ ਜਾਣ ਵਾਲੀ ਐੱਨ.ਓ.ਸੀ. ਦੀ ਸ਼ਰਤ ਖਤਮ ਕਰ ਦਿੱਤੀ ਹੈ ਹਾਲਾਂਕਿ ਪਿਛਲੇ ਕਰੀਬ ਇਕ ਸਾਲ ਤੋਂ ਸੂਬਾ ਸਰਕਾਰ ਕਈ ਵਾਰ ਕੁਝ ਕਾਲੋਨੀਆਂ ਵਿਚਲੇ ਪਲਾਟਾਂ ਦੀ ਐੱਨ.ਓ.ਸੀ. ਵਾਲੀ ਲਾਈ ਸ਼ਰਤ ਖਤਮ ਕਰਨ ਦਾ ਪ੍ਰਾਪੇਗੰਡਾ ਕਰ ਕੇ ਸਿਆਸੀ ਲਾਭ ਲੈ ਚੁੱਕੀ ਹੈ। ਐੱਨ.ਓ.ਸੀ. ਵਾਲੀ ਸ਼ਰਤ ਲਾਈ ਕਿਸ ਨੇ ਸੀ ਤੇ ਕਦ ਲਾਈ ਸੀ? ਜਦ ਤੱਕ ਗੈਰ-ਕਾਨੂੰਨੀ ਕਾਲੋਨੀਆਂ ਕੱਟਣ ਵਾਲਿਆਂ ਖਿਲਾਫ ਕਾਰਵਾਈ ਨਹੀਂ ਹੁੰਦੀ, ਤਦ ਤੱਕ ਇਹ ਕਾਲੋਨੀਆਂ ਕੱਟਣ ਦਾ ਸਿਲਸਿਲਾ ਬੰਦ ਹੋਣਾ ਮੁਸ਼ਕਿਲ ਹੈ।

ਪੰਜਾਬ ਇਸ ਸਮੇਂ ਬੇਰੁਜ਼ਗਾਰੀ, ਨਸ਼ੇ, ਬੇਲੋੜੇ ਪਰਵਾਸ ਵਰਗੇ ਗੰਭੀਰ ਮਾਮਲਿਆਂ ਦਾ ਸਾਹਮਣਾ ਕਰ ਰਿਹਾ ਹੈ। ਬਣਦਾ ਇਹ ਸੀ ਕਿ ਪੰਜਾਬ ਵਿਧਾਨ ਸਭਾ ਵਿਚ ਇਹਨਾਂ ਮੁੱਦਿਆਂ ਉਪਰ ਚਰਚਾ ਹੁੰਦੀ ਲੇਕਿਨ ਵਿਧਾਨ ਸਭਾ ਨੇ ਇਹਨਾਂ ਮੁੱਦਿਆਂ ਨੂੰ ਛੂਹਿਆ ਤੱਕ ਨਹੀਂ। ਸੈਸ਼ਨ ਦੌਰਾਨ 'ਆਪ' ਦੇ ਕੁੰਵਰ ਵਿਜੇ ਪ੍ਰਤਾਪ ਵਰਗੇ ਕੁਝ ਵਿਧਾਇਕਾਂ ਨੇ ਸਰਕਾਰ ਨੂੰ ਸਵਾਲ ਜ਼ਰੂਰ ਕੀਤੇ ਪਰ ਵਿਰੋਧੀ ਧਿਰ ਦੇ ਵਿਧਾਇਕ ਸਰਕਾਰ ਨੂੰ ਘੇਰਨ ਵਿਚ ਅਸਫਲ ਸਿੱਧ ਹੋਏ। ਕਾਂਗਰਸ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ ਅਤੇ ਪ੍ਰਤਾਪ ਸਿੰਘ ਬਾਜਵਾ ਸੈਸ਼ਨ ਦੌਰਾਨ ਕਈ ਮਾਮਲਿਆਂ ਉਪਰ ਸੱਤਾਧਾਰੀ ਆਗੂਆਂ ਨਾਲ ਖਹਿਬੜਦੇ ਨਜ਼ਰ ਆਏ ਪਰ ਉਹਨਾਂ ਦਾ ਅੰਦਾਜ਼ ਸਰਕਾਰ ਨੂੰ ਘੇਰਨ ਨਾਲੋਂ 'ਆਪਾ' ਚਮਕਾਊ ਵੱਧ ਲੱਗਿਆ। ਵਿਰੋਧੀ ਧਿਰ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਸੂਬੇ ਦੇ ਹਿੱਤਾਂ ਲਈ ਸਮੁੱਚੇ ਵਿਰੋਧੀ ਕੈਂਪ ਨੂੰ ਇਕਜੁਟ ਕਰ ਕੇ ਲੋਕ ਮੁੱਦਿਆਂ ਉਪਰ ਸਰਕਾਰ ਨੂੰ ਘੇਰਦੇ ਪਰ ਬਾਜਵਾ, ਖਹਿਰਾ ਵਰਗੇ ਆਗੂ ਸਿਰਫ ਮੀਡੀਆ ਵਿਚ ਛਾ ਜਾਣ ਤੱਕ ਹੀ ਬਿਆਨਬਾਜ਼ੀ ਕਰਦੇ ਰਹੇ। ਕੁੱਲ ਮਿਲਾ ਕੇ ਵਿਰੋਧੀ ਧਿਰ, 'ਦੋਸਤਾਨਾ' ਲਹਿਜੇ ਵਿਚ ਪਾਸ ਦੇ ਕੇ ਹੀ ਚੱਲ ਰਹੀ ਸੀ। ਵਿਧਾਨ ਸਭਾ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਤਾਂ ਹੋਂਦ ਹੀ ਖਤਰੇ ਵਿਚ ਨਜ਼ਰ ਆ ਰਹੀ ਹੈ ਕਿਉਂਕਿ ਉਸ ਦੇ ਤਿੰਨ ਵਿਧਾਇਕਾਂ ਵਿਚੋਂ ਇਕ



ਸੁਖਵਿੰਦਰ ਸੁੱਖੀ 'ਆਪ' ਵਿਚ ਚਲਾ ਗਿਆ ਹੈ; ਦੂਜੇ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦੀ ਮੁੱਖ ਮੰਤਰੀ ਨੇ 'ਤਾਰੀਫ' ਹੀ ਐਨੀ ਕਰ ਦਿੱਤੀ ਕਿ ਉਹ ਸਰਕਾਰ ਨੂੰ ਘੇਰੇ ਕਿਵੇਂ, ਤੇ ਤੀਜੀ ਵਿਧਾਇਕ ਗਨੀਵ ਕੌਰ ਮਜੀਠੀਆ ਸਿਆਸੀ ਤੌਰ 'ਤੇ ਬਹੁਤੀ ਸਰਗਰਮ ਨਜ਼ਰ ਨਹੀਂ ਆ ਰਹੀ।

ਮੁੱਖ ਮੰਤਰੀ ਭਗਵੰਤ ਮਾਨ ਸਦਾ ਵਾਂਗ ਇਸ ਸੈਸ਼ਨ ਵਿਚ ਵੀ ਆਪਣੀ ਕਮੇਡੀ ਨਾਲ ਹਾਜ਼ਿਰ ਸੀ। ਉਹਨਾਂ ਕੁੰਵਰ ਵਿਜੇ ਪ੍ਰਤਾਪ ਵਰਗੇ ਸਾਥੀ ਵਿਧਾਇਕਾਂ ਦੇ ਸਵਾਲ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕੀਤੇ; ਕਾਂਗਰਸੀ ਵਿਧਾਇਕ ਪਰਗਟ ਸਿੰਘ ਨੂੰ 'ਭਾਅ ਜੀ' ਕਹਿੰਦੇ ਰਹੇ ਅਤੇ ਮਨਪ੍ਰੀਤ ਸਿੰਘ ਇਯਾਲੀ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦੇ ਰਹੇ ਹਾਲਾਂਕਿ ਬੇਅਦਬੀਆਂ ਸਮੇਤ ਕਈ ਮੁੱਦੇ ਉਠਾਉਂਦਿਆਂ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਸੂਬੇ ਵਿਚ ਮਾਫੀਆ ਰਾਜ ਹੋਣ ਤੱਕ ਦੀਆਂ ਗੱਲਾਂ ਕਹੀਆਂ ਸਨ।

ਅਸਲ ਵਿਚ ਵਿਧਾਨ ਸਭਾ ਦੀ ਕਾਰਵਾਈ ਦਾ ਮਿਆਰ ਦੇਖ ਕੇ ਮਹਿਸੂਸ ਹੀ ਨਹੀਂ ਹੋਇਆ ਕਿ ਇਹ ਕਿਸੇ ਸੂਬੇ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਚਰਚਾ ਹੈ ਬਲਕਿ ਬਹਿਸ ਦਾ ਪੱਧਰ ਬਹੁਤ ਨੀਵਾਂ ਸੀ। ਸਭ ਨੂੰ ਪਤਾ ਹੈ ਕਿ ਪੁਲਿਸ ਵਿਚ ਏ.ਐੱਸ.ਆਈ. ਦਾ ਅਹੁਦਾ ਕੋਈ ਬਹੁਤਾ ਵੱਡਾ ਅਹੁਦਾ ਨਹੀਂ ਬਲਕਿ ਇਸ ਰੈਂਕ ਦੇ ਮੁਲਾਜ਼ਮ ਤਾਂ ਮੰਤਰੀਆਂ ਦੀ ਸੁਰੱਖਿਆ ਵਿਚ ਲੱਗੇ ਹੋਏ ਹਨ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਥਾਣਾ ਸਿਟੀ ਕੋਟਕਪੂਰਾ 'ਚ ਏ.ਐੱਸ.ਆਈ. ਬੋਹੜ ਸਿੰਘ ਖਿਲਾਫ ਦਰਜ ਕੇਸ ਦੇ ਹਵਾਲੇ ਦੇ ਕੇ ਇਸ ਮਾਮਲੇ 'ਚ ਡੀ.ਜੀ.ਪੀ. ਤੋਂ ਰਿਪੋਰਟ ਤਲਬ ਕਰਨ ਲਈ ਸਦਨ ਦੀ ਸਹਿਮਤੀ ਲਈ। ਜੇ ਸਪੀਕਰ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਰਵਾਉਣ ਲਈ ਜ਼ਿੰਮੇਵਾਰ ਕਿਸੇ ਆਈ.ਪੀ.ਐੱਸ. ਅਫਸਰ ਖ਼ਿਲਾਫ ਕਾਰਵਾਈ ਦੀ ਗੱਲ ਕਰਦੇ ਤਾਂ ਗੱਲ ਸਮਝ ਪੈਂਦੀ ਪਰ ਕਿੰਨੀ ਹਾਸੋਹੀਣੀ ਗੱਲ ਹੈ ਕਿ ਵਿਧਾਨ ਸਭਾ ਦਾ ਸਪੀਕਰ ਕਿਸੇ ਏ.ਐੱਸ.ਆਈ. ਖਿਲਾਫ ਕਾਰਵਾਈ ਲਈ ਵਿਧਾਨ ਸਭਾ ਵਿਚ ਚਰਚਾ ਛੇੜ ਰਿਹਾ ਹੈ!

ਸੈਸ਼ਨ ਦੌਰਾਨ ਪੰਜਾਬ ਪੁਲਿਸ ਖਾਸਕਰ ਪੁਲਿਸ ਵਿਚਲੀਆਂ ਕਾਲੀਆਂ ਭੇਡਾਂ ਦਾ ਜ਼ਿਕਰ ਤਾਂ ਹੁੰਦਾ ਰਿਹਾ ਪਰ ਇਕ 'ਛੋਟੇ ਠਾਣੇਦਾਰ' ਤੋਂ ਬਿਨਾਂ ਕਿਸੇ ਵੀ ਪੁਲਿਸ ਅਫਸਰ ਦੇ ਨਾਮ ਦਾ ਜ਼ਿਕਰ ਨਹੀਂ ਕੀਤਾ ਗਿਆ। ਲਾਰੈਂਸ ਬਿਸ਼ਨੋਈ ਦੀ ਪਹਿਲੀ ਇੰਟਰਵਿਊ ਮੁਹਾਲੀ ਜ਼ਿਲ੍ਹੇ ਵਿਚ ਹੋਣ ਦਾ ਤੱਥ ਸਾਹਮਣੇ ਆਉਣ ਦੇ ਬਾਵਜੂਦ ਇਸ ਮਾਮਲੇ ਦੀ ਚਰਚਾ ਅਤੇ ਮਾਮਲੇ ਵਿਚ ਸ਼ਾਮਲ ਅਫਸਰਾਂ ਦਾ ਜ਼ਿਕਰ ਕਰਨ ਤੋਂ ਗੁਰੇਜ਼ ਕੀਤਾ ਗਿਆ।

ਸਭ ਤੋਂ ਅਹਿਮ ਗੱਲ, ਪੰਜਾਬ ਦੀ ਹਕੀਕਤ ਪੇਸ਼ ਕਰਦੀ ਕੈਗ ਰਿਪੋਰਟ ਉਪਰ ਚਰਚਾ ਕਰਨ ਤੋਂ ਵਿਧਾਨ ਸਭਾ ਨੇ ਟਾਲਾ ਵੱਟੀ ਰੱਖਿਆ। ਸੈਸ਼ਨ ਦੌਰਾਨ ਪੇਸ਼ ਸਾਲ 2022-23 ਦੀ ਕੈਗ ਰਿਪੋਰਟ ਦਰਸਾਉਂਦੀ ਹੈ ਕਿ ਸੂਬੇ ਦੀਆਂ ਵਿੱਤੀ ਪ੍ਰਾਪਤੀਆਂ ਅਤੇ ਖਰਚਿਆਂ ਵਿਚ ਖੱਪਾ ਲਗਾਤਾਰ ਵਧ ਰਿਹਾ ਹੈ; ਮਾਲੀਆ ਪ੍ਰਾਪਤੀ 10.76 ਫ਼ੀਸਦੀ ਸਾਲਾਨਾ ਦੀ ਔਸਤ ਵਿਕਾਸ ਦਰ ਨਾਲ ਵਧੀ, ਦੂਜੇ ਪਾਸੇ ਸੂਬੇ ਦੇ ਖ਼ਰਚੇ 13 ਫ਼ੀਸਦੀ ਦੀ ਦਰ ਨਾਲ ਵਧੇ ਹਨ। ਰਿਪੋਰਟ ਅਨੁਸਾਰ, ਮਾਲੀਆ ਘਾਟਾ 2018-19 ਵਿਚ 13135 ਕਰੋੜ ਰੁਪਏ ਤੋਂ ਵਧ ਕੇ 2022-23 ਵਿਚ 26045 ਕਰੋੜ ਰੁਪਏ ਹੋ ਗਿਆ। ਪਿਛਲੇ ਕਈ ਸਾਲਾਂ ਤੋਂ ਸੂਬੇ ਦੀ ਆਮਦਨ ਦੇ ਮੁਕਾਬਲੇ ਖਰਚਿਆਂ ਦਾ ਲਗਾਤਾਰ ਵਧਦੇ ਜਾਣਾ ਕੋਈ ਆਮ ਗੱਲ ਨਹੀਂ। 'ਬਦਲਾਅ' ਵਾਲੀ ਸਰਕਾਰ ਦੀ ਇਹ ਪਹਿਲੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਵਿਧਾਨ ਸਭਾ ਵਿਚ ਕੈਗ ਰਿਪੋਰਟ ਉਪਰ ਚਰਚਾ ਕਰਵਾਉਂਦੇ। ਜਦ ਅਜਿਹੇ ਗੰਭੀਰ ਮਾਮਲਿਆਂ ਨੂੰ ਵਿਧਾਨ ਸਭਾ ਵਿਚ ਲਿਜਾਣਾ ਨਹੀਂ ਅਤੇ ਇਹਨਾਂ ਮਾਮਲਿਆਂ ਉਪਰ ਚਰਚਾ ਨਹੀਂ ਕਰਨੀ ਤਾਂ ਵਿਧਾਨ ਸਭਾ ਸੈਸ਼ਨ ਦੀ ਅਹਿਮੀਅਤ ਉਪਰ ਪ੍ਰਸ਼ਨ ਚਿੰਨ੍ਹ ਲੱਗਣਾ ਸੁਭਾਵਿਕ ਹੈ। ਸੂਬਾ ਸਰਕਾਰ ਵਿਧਾਨ ਸਭਾ ਸੈਸ਼ਨ ਵਿਚ ਮਾਮਲਾ ਰੱਖਣ ਦੀ ਬਜਾਇ 5 ਸਤੰਬਰ ਨੂੰ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਮਾਮਲਾ ਲੈ ਗਈ ਅਤੇ ਸੂਬਾ ਸਰਕਾਰ ਨੇ ਚਾਲੂ ਵਿੱਤੀ ਸਾਲ ਲਈ ਆਪਣੀ ਕਰਜ਼ਾ ਹੱਦ ਵਿਚ 10 ਹਜ਼ਾਰ ਕਰੋੜ ਦੇ ਵਾਧੇ ਦੀ ਮੰਗ ਲਈ ਕੇਂਦਰੀ ਵਿੱਤ ਮੰਤਰਾਲੇ ਨੂੰ ਪੱਤਰ ਭੇਜ ਦਿੱਤਾ। ਹਕੀਕਤ ਇਹ ਹੈ ਕਿ ਪੰਜਾਬ ਸਰਕਾਰ ਆਪਣੇ ਖਰਚੇ ਘਟਾਉਣ ਦੀ ਥਾਂ ਹੋਰ ਕਰਜ਼ਾ ਚੁੱਕ ਕੇ ਆਪਣੇ ਖਰਚਿਆਂ ਦੀ ਪੂਰਤੀ ਕਰਨਾ ਚਾਹੁੰਦੀ ਹੈ। ਹਾਲ ਇਹ ਹੈ ਕਿ 2024-25 ਲਈ ਪੰਜਾਬ ਦੀ ਕਰਜ਼ਾ ਹੱਦ 30464.92 ਕਰੋੜ ਰੁਪਏ ਵਿਚੋਂ ਸੂਬਾ ਸਰਕਾਰ ਜੁਲਾਈ ਤੱਕ ਹੀ 13094 ਕਰੋੜ ਦਾ ਕਰਜ਼ਾ ਲੈ ਚੁੱਕੀ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਆਰ.ਡੀ.ਐੱਫ. ਸਮੇਤ ਕਈ ਤਰ੍ਹਾਂ ਦੇ ਫੰਡ ਰੋਕਣ ਕਾਰਨ ਵੀ ਆਰਥਿਕ ਹਾਲਤ ਡਾਵਾਂਡੋਲ ਹੋਈ ਹੈ ਪਰ ਇਸ ਸਭ ਦੇ ਬਾਵਜੂਦ ਪੰਜਾਬ ਦੀ ਆਰਥਿਕ ਹਾਲਤ ਦੇ ਹਿਸਾਬ ਨਾਲ ਖਰਚੇ ਘਟਾਉਣ ਦੇ ਸਰਕਾਰ ਕੋਲ ਹੋਰ ਵੀ ਬਹੁਤ ਸਾਰੇ ਰਾਹ ਹਨ- ਜਿਵੇਂ ਮੁੱਖ ਮੰਤਰੀ ਨੂੰ ਜਹਾਜ਼ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਅਫਸਰਸ਼ਾਹੀ ਦਾ ਬੇਲੋੜਾ ਬੋਝ ਘਟਾਉਣਾ ਚਾਹੀਦਾ ਹੈ; ਮੰਤਰੀਆਂ, ਵਿਧਾਇਕਾਂ ਦੇ ਖਰਚਿਆਂ/ਭੱਤਿਆਂ ਉਪਰ ਕੱਟ ਲਾਉਣਾ ਚਾਹੀਦਾ ਹੈ। ਸਬਸਿਡੀਆਂ ਨੂੰ ਤਰਕਸੰਗਤ ਬਣਾਉਂਦਿਆਂ ਹਰ ਕਿਸੇ ਨੂੰ ਸਬਸਿਡੀ ਦੇਣ ਦੀ ਥਾਂ ਸਿਰਫ ਲੋੜਵੰਦਾਂ ਨੂੰ ਸਬਸਿਡੀਆਂ ਦੇਣ ਦਾ ਰਾਹ ਅਖਤਿਆਰ ਕੀਤਾ ਜਾ ਸਕਦਾ ਹੈ ਲੇਕਿਨ ਸਰਕਾਰ ਨੇ ਖੁਦ ਦੇ ਖਰਚੇ ਘਟਾਉਣ ਦੀ ਥਾਂ ਉਲਟਾ ਪੈਟਰੋਲ, ਡੀਜ਼ਲ ਅਤੇ ਘਰੇਲੂ ਬਿਜਲੀ ਦਰਾਂ ਵਿਚ ਵਾਧਾ ਕਰ ਕੇ ਆਮ ਲੋਕਾਂ ਉਪਰ ਬੋਝ ਪਾ ਦਿੱਤਾ ਹੈ ਤੇ ਕੇਂਦਰ ਸਰਕਾਰ ਤੋਂ ਹੋਰ ਕਰਜ਼ਾ ਮੰਗ ਲਿਆ ਹੈ।

ਪੰਜਾਬ ਸਿਰ ਲਗਾਤਾਰ ਵਧ ਰਿਹਾ ਕਰਜ਼ਾ ਚਿੰਤਾ ਦਾ ਵਿਸ਼ਾ ਹੈ ਪਰ ਢਾਈ ਦਿਨ ਦਾ ਸੈਸ਼ਨ ਮਹਿਜ਼ ਖਾਨਾਪੂਰਤੀ ਹੋ ਨਿੱਬੜਿਆ ਹੈ। ਹੁਣ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਸੂਬੇ ਦੀ ਹਕੀਕੀ ਆਰਥਿਕ ਹਾਲਤ ਲੋਕਾਂ ਸਾਹਮਣੇ ਰੱਖੇ ਅਤੇ ਉਸ ਉਪਰ ਸੂਬੇ ਦੇ ਹੱਕਾਂ ਲਈ ਸੰਘਰਸ਼ਸ਼ੀਲ ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੀ ਸ਼ਮੂਲੀਅਤ ਵਾਲੀ ਸਰਬ ਪਾਰਟੀ ਮੀਟਿੰਗ ਬੁਲਾ ਕੇ ਮਸਲੇ ਦੇ ਸਥਾਈ ਹੱਲ ਲਈ ਉਪਰਾਲੇ ਕਰਨ ਦਾ ਰਾਹ ਅਖਤਿਆਰ ਕੀਤਾ ਜਾਵੇ।

# ਜ਼ਮਾਨਤ ਆਦਰਸ਼ ਅਤੇ ਸੁਪਰੀਮ ਕੋਰਟ ਦੀ ਪਹੁੰਚ

**ਹਕੂਮਤ ਵੱਲੋਂ ਜ਼ਬਾਨਬੰਦੀ ਕਰਨ ਅਤੇ ਬਦਲਾ ਲੈਣ ਦੇ ਮਨੋਰਥ ਨਾਲ ਪਾਏ ਕੇਸਾਂ ਬਾਰੇ ਸੁਪਰੀਮ ਕੋਰਟ ਦੇ ਦੋਹਰੇ ਮਿਆਰ ਸਪਸ਼ਟ ਦੇਖੇ ਜਾ ਸਕਦੇ ਹਨ। ਇਸ ਦੀਆਂ ਮੁੱਖ ਮਿਸਾਲਾਂ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ 6 ਸਾਲ ਤੋਂ ਅਤੇ ਪੂਰਬ-ਉੱਤਰੀ ਦਿੱਲੀ ਹਿੰਸਾ ਕੇਸ ਵਿਚ 4 ਸਾਲ ਤੋਂ ਬਿਨਾਂ ਜ਼ਮਾਨਤ ਜੇਲ੍ਹਾਂ 'ਚ ਡੱਕੇ ਕਾਰਕੁਨ ਹਨ। ਇਸੇ ਤਰ੍ਹਾਂ ਕਸ਼ਮੀਰੀਆਂ, ਮੁਸਲਮਾਨਾਂ, ਮਾਓਵਾਦੀਆਂ, ਆਦਿਵਾਸੀਆਂ ਆਦਿ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ।**

ਭਾਰਤ ਦੀ ਸੁਪਰੀਮ ਕੋਰਟ ਦੇ ਫ਼ੈਸਲਿਆਂ ਬਾਰੇ ਅਕਸਰ ਸਵਾਲ ਉੱਠਦੇ ਹਨ; ਖ਼ਾਸਕਰ, ਮਈ 2014 'ਚ ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਅਦਾਲਤ ਨੇ ਬਹੁਤ ਸਾਰੇ ਅਜਿਹੇ ਫ਼ੈਸਲੇ ਸੁਣਾਏ ਹਨ ਜੋ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਅਤੇ ਘੱਟਗਿਣਤੀਆਂ ਨੂੰ ਦੋਇਮ ਦਰਜੇ ਦੇ ਨਾਗਰਿਕ ਬਣਾਉਣ ਦੇ ਭਗਵਾ ਹਕੂਮਤ ਦੇ ਵਿਚਾਰਧਾਰਕ ਪ੍ਰੋਜੈਕਟ ਦੀ ਸਿੱਧੀ-ਅਸਿੱਧੀ ਸਹਾਇਤਾ ਕਰਦੇ ਹਨ। ਇਉਂ ਅਦਾਲਤ ਦੇ ਫ਼ੈਸਲੇ ਹਕੂਮਤ ਦੇ ਸਤਾਏ ਅਤੇ ਦਬਾਏ ਹਿੱਸਿਆਂ ਲਈ ਰਾਹਤ ਬਣਨ ਦੀ ਥਾਂ ਉਨ੍ਹਾਂ ਨੂੰ ਕੰਡਿਆਂ 'ਤੇ ਘਸੀਟਦੇ ਹਨ; ਜਿਵੇਂ ਬਾਬਰੀ ਮਸਜਿਦ, ਧਾਰਾ 370 ਦਾ ਖ਼ਾਤਮਾ ਆਦਿ ਮਾਮਲਿਆਂ 'ਚ ਹੋਇਆ ਹੈ।

ਇਸ ਹਕੂਮਤ ਹੇਠ ਸੱਤਾ ਧਿਰ ਤੋਂ ਵੱਖਰੇ ਵਿਚਾਰ ਰੱਖਦੇ ਅਗਾਂਹਵਧੂ ਜਾਗਰੂਕ ਹਿੱਸਿਆਂ ਵਿਰੁੱਧ ਯੂ.ਏ.ਪੀ.ਏ. ਅਤੇ ਪੀ.ਐੱਮ.ਐੱਲ.ਏ. (ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ-2002) ਵਰਗੇ ਜਾਬਰ ਕਾਨੂੰਨ ਲਗਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਸਾੜਨਾ ਆਮ ਗੱਲ ਹੈ। ਸੰਘ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਬ੍ਰਿਗੇਡ ਲਈ ਸੱਤਾ ਦਾ ਰਾਹ ਪੱਧਰਾ ਕਰਨ ਵਾਸਤੇ ਅਰਵਿੰਦ ਕੇਜਰੀਵਾਲ ਸਮੇਤ ਵਿਰੋਧੀ ਧਿਰ ਦੇ ਕਈ ਆਗੂਆਂ ਵਿਰੁੱਧ ਪੀ.ਐੱਮ.ਐੱਲ.ਏ. ਲਗਾ ਕੇ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੱਕਣ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ। ਪੀੜਤਾਂ ਲਈ ਸੰਤਾਪ ਹੋਰ ਲੰਮਾ ਹੋ ਜਾਂਦਾ ਹੈ ਜਦੋਂ ਸੁਪਰੀਮ ਕੋਰਟ ਵੀ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੰਦੀ ਹੈ। ਹਾਈ ਕੋਰਟਾਂ ਦੇ ਜੱਜ ਅਕਸਰ ਜ਼ਮਾਨਤ 'ਤੇ ਰੋਕ ਲਾਉਂਦੀਆਂ ਕਾਨੂੰਨੀ ਧਾਰਾਵਾਂ ਜਿਵੇਂ ਪੀ.ਐੱਮ.ਐੱਲ.ਏ. ਦੇ ਸੈਕਸ਼ਨ 45 ਅਤੇ ਯੂ.ਏ.ਪੀ.ਏ. ਦੇ ਸੈਕਸ਼ਨ 43ਡੀ(5) ਦਾ ਹਵਾਲਾ ਦੇ ਕੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੰਦੇ ਹਨ। ਸਿੱਟੇ ਵਜੋਂ ਇਹ ਗੱਲ ਮਜ਼ਾਕ ਬਣ ਕੇ ਰਹਿ ਗਈ ਹੈ ਕਿ ਭਾਰਤੀ ਨਿਆਂ ਪ੍ਰਣਾਲੀ ਵਿਚ 'ਜ਼ਮਾਨਤ ਆਦਰਸ਼ ਹੈ ਅਤੇ ਜੇਲ੍ਹ ਅਪਵਾਦ'; ਹਾਲ ਸਗੋਂ ਐਨ ਉਲਟ ਹੈ- ਜੇਲ੍ਹ ਆਦਰਸ਼ ਹੈ ਅਤੇ ਜ਼ਮਾਨਤ ਅਪਵਾਦ!

ਪਿਛਲੇ ਮਹੀਨਿਆਂ 'ਚ ਸੁਪਰੀਮ ਕੋਰਟ ਨੇ ਯੂ.ਏ.ਪੀ.ਏ./ਪੀ.ਐੱਮ.ਐੱਲ.ਏ. ਦੇ ਕੁਝ ਕੇਸਾਂ 'ਚ ਜੋ ਫ਼ੈਸਲੇ ਸੁਣਾਏ, ਉਪਰੀ ਨਜ਼ਰੇ ਦੇਖਿਆਂ ਉਹ ਨਵੀਂ ਲੀਹ ਵਾਲੇ ਜਾਪਦੇ ਹਨ। ਸਵਾਲ ਹੈ: ਕੀ ਇਹ ਕੁਝ ਕੁ ਫ਼ੈਸਲੇ ਸੱਚਮੁੱਚ ਜੇਲ੍ਹ ਨੂੰ ਅਪਵਾਦ ਬਣਾ ਦੇਣਗੇ ਜਾਂ ਇਹ ਨਿਆਂ ਪ੍ਰਣਾਲੀ 'ਚੋਂ ਉੱਠ ਰਹੇ ਵਿਸ਼ਵਾਸ ਨੂੰ ਠੁੰਮਣਾ ਦੇਣ ਦੀ ਕਵਾਇਦ ਹਨ? ਹਕੀਕਤ ਸਮਝਣ ਲਈ ਦੋਵੇਂ ਤਰ੍ਹਾਂ ਦੇ ਫ਼ੈਸਲਿਆਂ 'ਤੇ ਨਜ਼ਰ ਮਾਰਨੀ ਪਵੇਗੀ। ਇਲਾਹਾਬਾਦ ਹਾਈਕੋਰਟ ਵਿਚ ਪ੍ਰੈਕਟਿਸ ਕਰ ਰਹੇ ਵਕੀਲ ਅਰੀਬ ਉਦਦੀਨ ਅਹਿਮਦ ਨੇ ਦਸ ਮਹੀਨਿਆਂ 'ਚ ਕੀਤੇ 11 ਫ਼ੈਸਲੇ ਸੂਚੀਬੱਧ ਕੀਤੇ ਹਨ ਜਿਨ੍ਹਾਂ ਵਿਚ ਸੁਪਰੀਮ ਕੋਰਟ ਨੇ ਪੀੜਤਾਂ ਨੂੰ ਜ਼ਮਾਨਤ ਦੇ ਰੂਪ 'ਚ ਵੱਡੀ ਰਾਹਤ ਦਿੱਤੀ।

ਅਗਸਤ 2024 'ਚ ਪ੍ਰੇਮ ਪ੍ਰਕਾਸ਼ ਬਨਾਮ ਕੇਂਦਰ ਸਰਕਾਰ, ਅਕਤੂਬਰ 2023 'ਚ ਪੰਕਜ ਬਾਂਸਲ ਬਨਾਮ ਕੇਂਦਰ ਸਰਕਾਰ, ਮਈ 2024 'ਚ ਪ੍ਰਬੀਰ ਪੁਰਕਾਇਸਥ ਬਨਾਮ ਰਾਜ (ਐੱਨ.ਸੀ.ਟੀ. ਆਫ ਦਿੱਲੀ), ਜੁਲਾਈ 2024 'ਚ ਜਾਵੇਦ ਗ਼ੁਲਾਮ ਸ਼ੇਖ ਬਨਾਮ ਮਹਾਰਾਸ਼ਟਰ ਰਾਜ, ਜੁਲਾਈ 2024 'ਚ ਸ਼ੇਖ ਜਾਵੇਦ ਬਨਾਮ ਯੂ.ਪੀ. ਰਾਜ, ਅਗਸਤ 2024 'ਚ ਜਲਾਲੁਦੀਨ ਖ਼ਾਨ ਬਨਾਮ ਯੂਨੀਅਨ ਆਫ ਇੰਡੀਆ ਅਤੇ ਪੰਜ ਹੋਰ ਕੇਸਾਂ ਵਿਚ ਸੁਪਰੀਮ ਕੋਰਟ ਦੇ ਬੈਂਚਾਂ ਨੇ ਟਰਾਇਲ ਕੋਰਟਾਂ ਅਤੇ ਸਬੰਧਿਤ ਹਾਈ ਕੋਰਟਾਂ ਦੇ ਜ਼ਮਾਨਤ ਨਾ ਦੇਣ ਦੇ ਫ਼ੈਸਲੇ ਰੱਦ ਕੀਤੇ ਅਤੇ 'ਜ਼ਮਾਨਤ ਨੂੰ ਆਦਰਸ਼' ਬਣਾਉਣ 'ਤੇ ਜ਼ੋਰ ਦਿੱਤਾ। ਜਲਾਲੁਦੀਨ ਕੇਸ 'ਚ ਤਾਂ ਸੁਪਰੀਮ ਕੋਰਟ ਨੇ ਕਿਹਾ ਕਿ ਮੁਕੱਦਮਾ ਪੱਖ ਵੱਲੋਂ ਦੋਸ਼ ਬਹੁਤ ਜ਼ਿਆਦਾ ਗੰਭੀਰ ਵੀ ਹੋਣ, ਫਿਰ ਵੀ ਅਦਾਲਤ ਨੇ ਜ਼ਮਾਨਤ ਦੇਣ ਦੇ ਕੇਸ ਨੂੰ ਕਾਨੂੰਨ ਅਨੁਸਾਰ ਵਿਚਾਰਨਾ ਹੁੰਦਾ ਹੈ। ਜੇ ਜ਼ਮਾਨਤ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ ਤਾਂ ਯੂ.ਏ.ਪੀ.ਏ. ਵਰਗੇ ਵਿਸ਼ੇਸ਼ ਕਾਨੂੰਨ ਲਗਾਏ ਜਾਣ ਦੇ ਬਾਵਜੂਦ ਜ਼ਮਾਨਤ ਦਿੱਤੀ ਜਾ ਸਕਦੀ ਹੈ; ਜੇ ਯੋਗ ਕੇਸਾਂ 'ਚ ਵੀ ਅਦਾਲਤਾਂ ਜ਼ਮਾਨਤ ਦੇਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿੰਦੀਆਂ ਹਨ ਤਾਂ ਇਹ ਸੰਵਿਧਾਨ ਦੀ ਧਾਰਾ 21 ਤਹਿਤ ਗਾਰੰਟੀ ਕੀਤੇ ਹੱਕਾਂ ਦੀ ਉਲੰਘਣਾ ਹੋਵੇਗੀ।

ਉਂਝ, ਹਕੂਮਤ ਵੱਲੋਂ ਜ਼ਬਾਨਬੰਦੀ ਕਰਨ ਅਤੇ ਬਦਲਾ ਲੈਣ ਦੇ ਮਨੋਰਥ ਨਾਲ ਪਾਏ ਕੇਸਾਂ ਨੂੰ ਸੁਪਰੀਮ ਕੋਰਟ ਇਸ ਤਰ੍ਹਾਂ ਨਹੀਂ ਲੈਂਦੀ। ਦੋਹਰੇ ਮਿਆਰ ਸਪਸ਼ਟ ਦੇਖੇ ਜਾ ਸਕਦੇ ਹਨ।



ਖੱਬਿਓਂ: ਸੁਰਿੰਦਰ ਗਾਡਲਿੰਗ, ਰੋਨਾ ਵਿਲਸਨ, ਮਹੇਸ਼ ਰਾਵਤ ਅਤੇ ਹਨੀ ਬਾਬੂ।



ਖੱਬਿਓਂ: ਜਯੋਤੀ ਜਗਤਾਪ, ਸਾਗਰ ਗੋਰਖੇ, ਉਮਰ ਖ਼ਾਲਿਦ ਅਤੇ ਸ਼ਰਜੀਲ ਇਮਾਮ।

ਇਸ ਦੀਆਂ ਮੁੱਖ ਮਿਸਾਲਾਂ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ 'ਚ 6 ਸਾਲ ਤੋਂ ਅਤੇ ਪੂਰਬ-ਉੱਤਰੀ ਦਿੱਲੀ ਹਿੰਸਾ ਕੇਸ ਵਿਚ 4 ਸਾਲ ਤੋਂ ਬਿਨਾਂ ਜ਼ਮਾਨਤ ਜੇਲ੍ਹਾਂ 'ਚ ਡੱਕੇ ਕਾਰਕੁਨ ਹਨ। ਇਸੇ ਤਰ੍ਹਾਂ ਕਸ਼ਮੀਰੀਆਂ, ਮੁਸਲਮਾਨਾਂ, ਮਾਓਵਾਦੀਆਂ, ਆਦਿਵਾਸੀਆਂ ਆਦਿ ਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ। ਇਨ੍ਹਾਂ ਕੇਸਾਂ 'ਚ ਯੂ.ਏ.ਪੀ.ਏ., ਰਾਜਧ੍ਰੋਹ (124 ਏ), ਭਾਈਚਾਰਿਆਂ ਦਰਮਿਆਨ ਦੁਸ਼ਮਣੀ ਭੜਕਾਉਣ, ਦੰਗੇਬਾਜ਼ੀ, ਕਤਲ ਤੇ ਗ਼ੈਰ-ਕਾਨੂੰਨੀ ਇਕੱਠ ਕਰਨ ਆਦਿ ਸੰਗੀਨ ਧਾਰਾਵਾਂ ਅਤੇ ਕੁਝ ਕੇਸਾਂ 'ਚ ਆਰਮਜ਼ ਐਕਟ ਵੀ ਲਗਾਇਆ ਗਿਆ ਹੈ ਤਾਂ ਜੁ ਉਨ੍ਹਾਂ ਦੀ ਜ਼ਮਾਨਤ ਨਾ ਹੋ ਸਕੇ।

ਇਹ ਕੇਸ ਝੂਠੇ ਹੋਣ ਅਤੇ ਇਨ੍ਹਾਂ ਸ਼ਖ਼ਸੀਅਤਾਂ ਵਿਰੁੱਧ ਕਥਿਤ ਸਬੂਤ ਮਨਘੜਤ ਹੋਣ ਬਾਰੇ ਕਿਸੇ ਨੂੰ ਕੋਈ ਭੁਲੇਖਾ ਨਹੀਂ। ਝੂਠੇ ਕੇਸ ਬਣਾਉਣ ਪਿੱਛੇ ਭਗਵਾ ਹਕੂਮਤ ਦੇ ਮਨੋਰਥ ਬਾਰੇ ਬਹੁਤ ਚਰਚਾ ਹੋ ਚੁੱਕੀ ਹੈ। ਇਜ਼ਰਾਈਲੀ ਜਾਸੂਸੀ ਸਾਫਟਵੇਅਰ ਪੈਗਾਸਸ ਦੀ ਮਦਦ ਨਾਲ ਕੰਪਿਊਟਰਾਂ ਅਤੇ ਮੋਬਾਈਲ ਫੋਨਾਂ ਵਿਚ ਝੂਠੇ ਸਬੂਤ ਪਲਾਂਟ ਕਰਨ ਦੀ ਸਾਜ਼ਿਸ਼ ਕੌਮਾਂਤਰੀ ਫੋਰੈਂਸਿਕ ਲੈਬ ਅਤੇ ਐਮਨੈਸਟੀ ਇੰਟਰਨੈਸ਼ਨਲ ਤੇ ਹੋਰ ਸੰਸਥਾਵਾਂ ਦੇ ਸਾਂਝੇ ਉੱਦਮਾਂ ਨਾਲ ਨੰਗੀ ਕੀਤੀ ਜਾ ਚੁੱਕੀ ਹੈ। ਖੋਜੀ ਪੱਤਰਕਾਰਾਂ ਦੀਆਂ ਰਿਪੋਰਟਾਂ ਨਾਮਵਰ ਰਸਾਲਿਆਂ ਵਿਚ ਛਪ ਚੁੱਕੀਆਂ ਹਨ; ਉਪਰੋਕਤ ਦੋਵਾਂ ਘਟਨਾਵਾਂ ਬਾਰੇ ਖੋਜ ਆਧਾਰਿਤ ਕਿਤਾਬਾਂ ਵੀ ਛਪੀਆਂ ਹਨ। ਸੁਪਰੀਮ ਕੋਰਟ ਨੇ ਇਨ੍ਹਾਂ ਰਿਪੋਰਟਾਂ ਦਾ ਆਪਣੇ ਆਪ ਨੋਟਿਸ ਤਾਂ ਕੀ ਲੈਣਾ ਸੀ, ਜ਼ਮਾਨਤ ਦੀਆਂ ਅਰਜ਼ੀਆਂ ਵੀ ਉਨ੍ਹਾਂ ਦੇ 'ਸੰਵਿਧਾਨਕ ਹੱਕਾਂ ਦੀ ਉਲੰਘਣਾ' ਨੂੰ ਨਜ਼ਰਅੰਦਾਜ਼ ਕਰ ਕੇ ਵਾਰ-ਵਾਰ ਰੱਦ ਕੀਤੀਆਂ ਜਾ ਰਹੀਆਂ ਹਨ। ਹੁਣ ਤੱਕ ਉਨ੍ਹਾਂ ਨੂੰ ਬਿਨਾਂ ਜ਼ਮਾਨਤ ਜਾਂ ਉਨ੍ਹਾਂ ਵਿਚੋਂ ਕੁਝ ਨੂੰ ਕੁਝ ਦਿਨਾਂ ਦੀ ਅੰਤ੍ਰਿਮ ਜ਼ਮਾਨਤ/ਪੈਰੋਲ ਸਮੇਤ ਜਿੰਨੇ ਸਾਲ ਜੇਲ੍ਹ ਵਿਚ ਗੁਜ਼ਾਰਨੇ ਪਏ ਹਨ, ਕੀ ਇਹ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਦੀ ਘੋਰ ਉਲੰਘਣਾ ਨਹੀਂ? ਨੇੜ ਭਵਿੱਖ ਵਿਚ ਇਨ੍ਹਾਂ ਵਿਰੁੱਧ ਮੁਕੱਦਮਾ ਚਲਾਉਣ ਦੀ ਕੋਈ ਉਮੀਦ ਨਹੀਂ, ਇਸ ਹਕੀਕਤ ਨੂੰ ਸੁਪਰੀਮ ਕੋਰਟ ਨੇ ਵੀ ਆਪਣੇ ਫ਼ੈਸਲਿਆਂ ਵਿਚ ਮੰਨਿਆ ਹੈ।

ਇਸ ਦਾ ਭਾਵ ਇਹ ਹੈ ਕਿ ਜੱਜ ਦਿੱਲੀ ਪੁਲਿਸ ਜਾਂ ਕੌਮੀ ਜਾਂਚ ਏਜੰਸੀ ਵਰਗੀਆਂ ਜਾਂਚ ਏਜੰਸੀਆਂ ਦੇ ਲਾਏ ਦੋਸ਼ਾਂ ਨੂੰ ਸੱਚ ਮੰਨਦੇ ਹਨ। ਕੀ ਉਹ ਨਹੀਂ ਜਾਣਦੇ ਕਿ ਦਿੱਲੀ ਪੁਲਿਸ, ਖ਼ਾਸਕਰ ਇਸ ਦਾ ਸਪੈਸ਼ਲ ਸੈੱਲ ਪਤਾ ਨਹੀਂ ਕਿੰਨੇ ਬੇਕਸੂਰਾਂ, ਖ਼ਾਸਕਰ ਮੁਸਲਮਾਨਾਂ ਤੇ ਕਸ਼ਮੀਰੀਆਂ ਨੂੰ ਦਹਿਸ਼ਤਵਾਦ ਦੇ ਝੂਠੇ ਕੇਸਾਂ 'ਚ ਫਸਾ ਕੇ 10 ਤੋਂ 15 ਸਾਲ ਤੱਕ ਜੇਲ੍ਹਾਂ 'ਚ ਸਾੜਨ ਲਈ ਕਿੰਨਾ ਬਦਨਾਮ ਹੈ? ਨਾਗਰਿਕਤਾ ਸੋਧ ਕਾਨੂੰਨ ਖ਼ਿਲਾਫ ਮਹੀਨਿਆਂ ਤੱਕ ਚੱਲੇ ਪ੍ਰਦਰਸ਼ਨਾਂ ਸਮੇਂ ਜਾਮੀਆ ਮਿਲੀਆ ਇਸਲਾਮੀਆ ਤੇ ਹੋਰ ਯੂਨੀਵਰਸਿਟੀਆਂ ਦੇ ਜਾਗਰੂਕ ਵਿਦਿਆਰਥੀਆਂ ਅਤੇ ਸ਼ਾਹੀਨ ਬਾਗ਼ ਮੋਰਚਾ ਤੋੜਨ ਲਈ ਕਪਿਲ ਮਿਸ਼ਰਾ ਵਰਗੇ ਭਾਜਪਾ ਆਗੂਆਂ ਤੇ ਦਿੱਲੀ ਪੁਲਿਸ ਵੱਲੋਂ ਮਿਲ ਕੇ ਅਤੇ ਹਿੰਸਕ ਗਰੋਹਾਂ ਨੂੰ ਲਾਮਬੰਦ ਕਰ ਕੇ ਜੋ ਘਿਨਾਉਣੀ ਹਿੰਸਾ ਕੀਤੀ ਗਈ, ਜਿਵੇਂ ਪੁਰਅਮਨ ਪ੍ਰਦਰਸ਼ਨਾਂ ਤੇ ਹੋਸਟਲਾਂ ਉਪਰ ਹਮਲੇ ਕੀਤੇ ਗਏ, ਉਹ ਦੁਨੀਆ ਨੇ ਦੇਖਿਆ। ਦਿੱਲੀ ਪੁਲਿਸ ਨੇ ਮੋਦੀ ਵਜ਼ਾਰਤ ਦੇ ਇਸ਼ਾਰੇ 'ਤੇ ਉਲਟਾ ਅਮਨਪਸੰਦ ਅਤੇ ਫਿਰਕੂ ਸਦਭਾਵਨਾ ਲਈ ਕੰਮ ਕਰ ਰਹੇ ਕਾਰਕੁਨਾਂ ਅਤੇ ਜ਼ਹੀਨ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰਨ ਉਪਰੰਤ ਯੂ.ਏ.ਪੀ.ਏ. ਤੇ ਹੋਰ ਸੰਗੀਨ ਕਾਨੂੰਨ ਲਗਾ ਕੇ ਜੇਲ੍ਹਾਂ ਵਿਚ ਡੱਕ ਦਿੱਤਾ। ਕੀ ਜੱਜ ਨਹੀਂ ਜਾਣਦੇ ਕਿ ਫਿਰਕੂ ਪਾਲਾਬੰਦੀ ਕਰਨ, ਨਫ਼ਰਤ, ਹਿੰਸਾ ਤੇ ਦੰਗੇ ਕਰਵਾਉਣ ਵਾਲੀ ਧਿਰ ਕਿਹੜੀ ਹੈ?

31 ਅਗਸਤ 2024 ਤੱਕ ਐਡਵੋਕੇਟ ਸੁਰਿੰਦਰ ਗਾਡਲਿੰਗ ਨੂੰ ਜੇਲ੍ਹ 'ਚ 2279 ਦਿਨ ਹੋ ਗਏ। ਇਸ ਦੌਰਾਨ ਉਸ ਨੂੰ ਪਰਿਵਾਰਕ ਸਮਾਗਮ 'ਚ ਸ਼ਾਮਲ ਹੋਣ ਲਈ ਸਿਰਫ਼ ਦੋ ਹਫ਼ਤੇ ਦੀ ਜ਼ਮਾਨਤ ਦਿੱਤੀ। ਉਸ ਦਾ ਪ੍ਰੋਫੈਸਰ ਸਾਈਬਾਬਾ ਵਰਗੇ ਮਨੁੱਖੀ ਹੱਕਾਂ ਦੇ ਕਾਰਕੁਨਾਂ ਅਤੇ ਝੂਠੇ ਕੇਸਾਂ 'ਚ ਫਸਾਏ ਬੇਕਸੂਰ ਆਦਿਵਾਸੀਆਂ ਦੇ ਕੇਸਾਂ ਦੀ ਕਾਨੂੰਨੀ ਪੈਰਵਾਈ ਕਰਨਾ ਸਟੇਟ ਨੂੰ ਚੁਭਦਾ ਸੀ। ਪ੍ਰੋ. ਸਾਈਬਾਬਾ ਵਿਰੁੱਧ ਝੂਠਾ ਕੇਸ ਘੜਨ ਵਾਲੇ ਮਹਾਰਾਸ਼ਟਰ ਪੁਲਿਸ ਦੇ ਅਧਿਕਾਰੀ ਉਸ ਨੂੰ ਅਦਾਲਤ ਵਿਚ ਹੀ ਨਤੀਜੇ ਭੁਗਤਣ ਅਤੇ ਜੇਲ੍ਹ ਜਾਣ ਲਈ ਤਿਆਰ ਰਹਿਣ ਦੀਆਂ ਧਮਕੀਆਂ ਦਿੰਦੇ ਸਨ। ਜਿਨ੍ਹਾਂ ਦੇ ਉਹ ਕੇਸ ਲੜਦਾ ਸੀ, ਉਨ੍ਹਾਂ ਵਿਚੋਂ ਬਹੁਤ ਸਾਰੇ ਆਖ਼ਿਰਕਾਰ ਬਰੀ ਕਰ ਦਿੱਤੇ ਗਏ ਪਰ ਵਕੀਲ ਨੂੰ ਜੇਲ੍ਹ ਵਿਚ ਪਹੁੰਚਾ ਦਿੱਤਾ ਗਿਆ।

ਸਿਆਸੀ ਕੈਦੀਆਂ ਦੇ ਹੱਕਾਂ ਦੀ ਰਾਖੀ ਲਈ ਸਰਗਰਮ ਰੌਸ਼ਨ ਖ਼ਿਆਲ ਕਾਰਕੁਨ ਰੋਨਾ ਵਿਲਸਨ ਨੂੰ ਵੀ ਸੁਰਿੰਦਰ ਗਾਡਲਿੰਗ ਨਾਲ ਜੂਨ 2018 'ਚ ਭੀਮਾ-ਕੋਰੇਗਾਓਂ ਕੇਸ 'ਚ ਗ੍ਰਿਫ਼ਤਾਰੀਆਂ ਦੇ ਪਹਿਲੇ ਗੇੜ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਨੂੰ ਅਜੇ ਤੱਕ ਜ਼ਮਾਨਤ ਨਹੀਂ ਮਿਲੀ। ਉਸ ਦੇ ਪਰਿਵਾਰ ਵਿਚ ਮੌਤ ਹੋਣ 'ਤੇ ਵੀ ਪੈਰੋਲ ਨਹੀਂ ਦਿੱਤੀ।

ਇਹੀ ਕੁਝ ਮਹੇਸ਼ ਰਾਵਤ ਨਾਲ ਵਾਪਰਿਆ। ਉਸ ਨੂੰ ਵੀ ਉਪਰੋਕਤ ਕੇਸ 'ਚ ਪਹਿਲੇ ਗੇੜ 'ਚ ਗ੍ਰਿਫ਼ਤਾਰ ਕੀਤਾ ਸੀ। ਸਵਾ ਪੰਜ ਸਾਲ ਬਿਨਾਂ ਜ਼ਮਾਨਤ ਜੇਲ੍ਹ 'ਚ ਰੱਖਣ ਤੋਂ ਬਾਅਦ 21 ਸਤੰਬਰ 2023 ਨੂੰ ਬੰਬਈ ਹਾਈ ਕੋਰਟ ਨੇ ਉਸ ਨੂੰ ਜ਼ਮਾਨਤ ਦਿੰਦਿਆਂ ਟਿੱਪਣੀ ਕੀਤੀ ਕਿ ਉਸ ਵਿਰੁੱਧ ਯੂ.ਏ.ਪੀ.ਏ. ਲਗਾਉਣ ਦਾ ਪਹਿਲੀ ਨਜ਼ਰੇ ਕੋਈ ਸਬੂਤ ਨਹੀਂ ਪਰ ਨਾਲ ਹੀ ਅਦਾਲਤ ਨੇ ਜ਼ਮਾਨਤ ਦਾ ਹੁਕਮ ਇਕ ਹਫ਼ਤੇ ਲਈ ਰੋਕ ਕੇ ਕੌਮੀ ਜਾਂਚ ਏਜੰਸੀ ਨੂੰ ਇਸ ਵਿਰੁੱਧ ਸੁਪਰੀਮ ਕੋਰਟ ਵਿਚ ਅਪੀਲ ਕਰਨ ਦਾ ਸਮਾਂ ਦੇ ਦਿੱਤਾ। 27 ਸਤੰਬਰ ਨੂੰ ਸੁਪਰੀਮ ਕੋਰਟ ਨੇ ਨਾ ਸਿਰਫ਼ ਉਸ ਦੀ ਰਿਹਾਈ ਉਪਰ ਰੋਕ ਲਗਾ ਦਿੱਤੀ ਸਗੋਂ ਹਾਈ ਕੋਰਟ ਵੱਲੋਂ ਜ਼ਮਾਨਤ ਦੇ ਹੁਕਮ ਉਪਰ ਰੋਕ ਵਿਚ ਵੀ ਵਾਧਾ ਕਰ ਦਿੱਤਾ।

ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਹਨੀ ਬਾਬੂ ਨੂੰ ਵੀ ਐੱਨ.ਆਈ.ਏ. ਨੇ ਭੀਮਾ-ਕੋਰੇਗਾਓਂ ਕੇਸ ਦੀ ਕਥਿਤ ਜਾਂਚ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਸੀ। ਪ੍ਰੋ. ਸਾਈਬਾਬਾ ਦੀ ਗ੍ਰਿਫ਼ਤਾਰੀ ਤੋਂ ਬਾਅਦ ਸਿਆਸੀ ਕੈਦੀਆਂ ਦੀ ਰਿਹਾਈ ਲਈ ਮੁਹਿੰਮ ਵਿਚ ਉਸ ਦੀ ਆਗੂ ਭੂਮਿਕਾ ਸੀ। ਉਹ ਵੀ ਬਿਨਾਂ ਜ਼ਮਾਨਤ ਜੇਲ੍ਹ ਵਿਚ ਹੈ।

ਕਬੀਰ ਕਲਾ ਮੰਚ ਦੀ ਕਲਾਕਾਰ ਜਯੋਤੀ ਜਗਤਾਪ ਸਤੰਬਰ 2020 ਤੋਂ ਬਿਨਾਂ ਜ਼ਮਾਨਤ ਜੇਲ੍ਹ ਵਿਚ ਬੰਦ ਹੈ। ਉਸ ਨੂੰ ਦੋ ਹੋਰ ਸਾਥੀ ਕਲਾਕਾਰਾਂ ਸਾਗਰ ਗੋਰਖੇ ਅਤੇ ਰਮੇਸ਼ ਗਾਏਚਰ ਸਮੇਤ ਭੀਮਾ-ਕੋਰੇਗਾਓਂ ਕੇਸ 'ਚ ਗ੍ਰਿਫ਼ਤਾਰੀਆਂ ਦੇ ਤੀਜੇ ਗੇੜ 'ਚ ਫੜਿਆ ਗਿਆ ਸੀ। ਜੁਲਾਈ 2024 'ਚ ਸੁਪਰੀਮ ਕੋਰਟ ਨੇ ਉਸ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ। ਉਹਨੇ ਹਾਈਕੋਰਟ ਦੇ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ। ਹਾਈ ਕੋਰਟ ਦਾ ਕਹਿਣਾ ਸੀ ਕਿ ਉਸ ਵਿਰੁੱਧ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ 'ਪਹਿਲੀ ਨਜ਼ਰੇ' ਸਬੂਤ ਹੋਣ ਕਾਰਨ ਉਸ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ।


ਇਹੀ ਸਥਿਤੀ ਪੂਰਬ-ਉੱਤਰ ਦਿੱਲੀ ਸਾਜ਼ਿਸ਼ ਕੇਸ ਦੀ ਹੈ ਜੋ 2020 'ਚ ਭਾਜਪਾ ਸਰਕਾਰ ਦੇ ਪਾਸ ਕੀਤੇ ਫਿਰਕੂ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਇਤਿਹਾਸਕ ਲੋਕ ਅੰਦੋਲਨ ਉਪਰ ਦਿੱਲੀ ਪੁਲਿਸ ਅਤੇ ਭਗਵੇਂ ਦਹਿਸ਼ਤਵਾਦੀ ਗਰੋਹਾਂ ਦੀ ਹਿੰਸਕ ਭੂਮਿਕਾ ਉਪਰ ਪਰਦਾ ਪਾਉਣ, ਖ਼ਾਸਕਰ ਨਾਗਰਿਕ ਹੱਕਾਂ ਦੀ ਰਾਖੀ ਲਈ ਜੂਝਣ ਵਾਲੇ ਕਾਰਕੁਨਾਂ ਤੇ ਪੜ੍ਹੀਆਂ-ਲਿਖੀਆਂ ਮੁਸਲਿਮ ਲੜਕੀਆਂ ਨੂੰ ਜੇਲ੍ਹਾਂ 'ਚ ਸਾੜਨ ਲਈ ਬਣਾਇਆ ਗਿਆ ਸੀ। ਬਹੁਤ ਸਾਰੇ ਕੇਸਾਂ ਵਿਚ ਸੁਪਰੀਮ ਕੋਰਟ ਆਪਣੀਆਂ ਹੀ ਟਿੱਪਣੀਆਂ ਵਿਰੁੱਧ ਫ਼ੈਸਲੇ ਕਰ ਦਿੰਦੀ ਹੈ।

ਇਸ ਦੀ ਮੁੱਖ ਮਿਸਾਲ ਜੇ.ਐੱਨ.ਯੂ. ਦਾ ਵਿਦਿਆਰਥੀ ਕਾਰਕੁਨ ਉਮਰ ਖ਼ਾਲਿਦ ਹੈ। ਉਮਰ ਉਨ੍ਹਾਂ ਕਾਰਕੁਨਾਂ ਵਿਚੋਂ ਮੁੱਖ ਹੈ ਜਿਨ੍ਹਾਂ ਨੂੰ 'ਵੱਡੀ ਸਾਜ਼ਿਸ਼' ਦਾ 'ਸਰਗਨਾ' ਕਰਾਰ ਦੇ ਕੇ ਗ੍ਰਿਫ਼ਤਾਰ ਕੀਤਾ। ਉਹ ਸਤੰਬਰ 2020 ਤੋਂ ਜੇਲ੍ਹ ਵਿਚ ਬੰਦ ਹੈ। ਇਸ ਸਾਲ 28 ਮਈ ਨੂੰ ਟਰਾਇਲ ਕੋਰਟ ਨੇ ਉਸ ਦੀ ਜ਼ਮਾਨਤ ਅਰਜ਼ੀ ਦੂਜੀ ਵਾਰ ਇਹ ਕਹਿ ਕੇ ਰੱਦ ਕੀਤੀ ਕਿ ਦਿੱਲੀ ਹਾਈਕੋਰਟ ਉਸ ਦੀ ਜ਼ਮਾਨਤ ਅਰਜ਼ੀ ਅਕਤੂਬਰ 2022 'ਚ ਪਹਿਲਾਂ ਹੀ ਰੱਦ ਕਰ ਚੁੱਕੀ ਹੈ; ਉਸ ਨੇ ਸੁਪਰੀਮ ਕੋਰਟ 'ਚ ਜੋ ਪਟੀਸ਼ਨ ਦਾਇਰ ਕੀਤੀ ਸੀ, ਕਿਉਂਕਿ ਉਹ ਵੀ ਵਾਪਸ ਲੈ ਲਈ ਹੈ, ਇਸ ਲਈ ਉਸ ਦੀ ਜ਼ਮਾਨਤ ਦੀ ਪਹਿਲੀ ਪਟੀਸ਼ਨ ਉਪਰ ਟਰਾਇਲ ਕੋਰਟ ਦਾ ਮਾਰਚ 2022 ਵਾਲਾ ਹੁਕਮ ਅੰਤਮ ਬਣ ਗਿਆ ਅਤੇ ਉਸ ਦੀ ਰਾਹਤ ਅਰਜ਼ੀ ਉਪਰ ਵਿਚਾਰ ਨਹੀਂ ਕੀਤਾ ਜਾ ਸਕਦਾ। ਦਰਅਸਲ, ਉਮਰ ਖ਼ਾਲਿਦ ਨੇ ਇਸ ਸਾਲ ਫਰਵਰੀ 'ਚ ਸੁਪਰੀਮ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਚੌਦਾਂ ਵਾਰ ਮੁਲਤਵੀ ਕੀਤੇ ਜਾਣ ਤੋਂ ਬਾਅਦ ਇਹ ਸੋਚ ਕੇ ਵਾਪਸ ਲਈ ਗਈ ਸੀ ਕਿ ਹੁਣ ਹਾਲਾਤ ਬਦਲ ਚੁੱਕੇ ਹਨ। ਦਿੱਲੀ ਹਾਈਕੋਰਟ ਨੇ ਉਸ ਦੀ ਜ਼ਮਾਨਤ ਅਪੀਲ ਰੱਦ ਕਰਨ ਦਾ ਫ਼ੈਸਲਾ ਇਹ ਦਲੀਲ ਦਿੰਦੇ ਬਰਕਰਾਰ ਰੱਖਿਆ ਕਿ ਉਸ ਵਿਰੁੱਧ ਦਿੱਲੀ ਪੁਲਿਸ ਦੇ ਦੋਸ਼ 'ਪਹਿਲੀ ਨਜ਼ਰੇ ਸਹੀ' ਹਨ। ਹਾਈਕੋਰਟ ਨੇ ਇੱਥੋਂ ਤੱਕ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਰੋਸ ਵਿਖਾਵੇ ਹਿੰਸਕ ਦੰਗਿਆਂ 'ਚ ਬਦਲ ਗਏ ਜੋ 'ਪਹਿਲੀ ਨਜ਼ਰੇ ਸਾਜ਼ਿਸ਼ੀ ਮੀਟਿੰਗਾਂ 'ਚ ਵਿਉਂਤੇ ਗਏ ਜਾਪਦੇ' ਹਨ।

ਦੂਜੀ ਮੁੱਖ ਮਿਸਾਲ ਐੱਮ.ਟੈੱਕ.ਕਰ ਚੁੱਕਾ ਜੇ.ਐੱਨ.ਯੂ. ਰਿਸਰਚ ਸਕਾਲਰ ਸ਼ਰਜੀਲ ਇਮਾਮ ਹੈ। ਉਹ ਬਿਨਾਂ ਜ਼ਮਾਨਤ 1678 ਦਿਨ ਤੋਂ ਜੇਲ੍ਹ ਵਿਚ ਬੰਦ ਹੈ। ਉਸ ਦਾ ਕੇਸ ਅਦਾਲਤ ਅੱਗੇ ਜ਼ਮਾਨਤ ਲਈ 60 ਵਾਰ ਪੇਸ਼ ਕੀਤਾ ਜਾ ਚੁੱਕਾ ਹੈ। ਇਸੇ ਤਰ੍ਹਾਂ ਗੁਲਫ਼ਿਸ਼ਾਂ ਫ਼ਾਤਿਮਾ ਦਾ ਕੇਸ ਹੈ ਜੋ 1522 ਦਿਨਾਂ ਤੋਂ ਬਿਨਾਂ ਜ਼ਮਾਨਤ ਜੇਲ੍ਹ ਵਿਚ ਹੈ। ਹਕੂਮਤ ਅਨੁਸਾਰ ਉਹ 'ਪੜ੍ਹੀਲਿਖੀ ਦਹਿਸ਼ਤਪਸੰਦ' ਹੈ ਕਿਉਂਕਿ ਐੱਮ.ਬੀ.ਏ. ਤੱਕ ਪੜ੍ਹੀ ਸਾਧਾਰਨ ਮੁਸਲਮਾਨ ਪਰਿਵਾਰ ਦੀ ਇਹ ਜ਼ਹੀਨ ਧੀ ਬੇਹੱਦ ਸੰਵੇਦਨਸ਼ੀਲ ਹੈ ਜੋ ਸ਼ਾਹੀਨ ਬਾਗ਼ ਮੋਰਚਿਆਂ 'ਚ ਵੀ ਅੰਦੋਲਨਕਾਰੀ ਔਰਤਾਂ ਤੇ ਬੱਚਿਆਂ ਨੂੰ ਪੜ੍ਹਾਉਣ ਦਾ 'ਦੇਸ਼ਧ੍ਰੋਹ' ਕਰਦੀ ਸੀ! ਉਹਦੀ ਜ਼ਮਾਨਤ ਅਰਜ਼ੀ ਦਿੱਲੀ ਹਾਈਕੋਰਟ ਵਿਚ ਘੱਟੋ-ਘੱਟ 65 ਵਾਰ ਲੱਗ ਚੁੱਕੀ ਹੈ। ਉਹਦੀ ਅਰਜ਼ੀ ਦੀ ਸੁਣਵਾਈ ਕਰਨ ਵਾਲਾ ਬੈਂਚ ਚਾਰ ਵਾਰ ਬਦਲ ਚੁੱਕਾ ਹੈ। ਜ਼ਮਾਨਤ ਕੇਸ ਉਪਰ ਚਾਰ ਵਾਰ ਜਿਰਹਾ ਵੀ ਹੋ ਚੁੱਕੀ ਹੈ ਪਰ ਜਦੋਂ ਬੈਂਚ ਨੇ ਫ਼ੈਸਲਾ ਸੁਣਾਉਣਾ ਹੁੰਦਾ ਹੈ, ਜੱਜ ਦਾ ਤਬਾਦਲਾ ਹੋ ਜਾਂਦਾ ਹੈ। ਇਸੇ ਕੇਸ ਵਿਚ ਹੋਰ ਕਾਰਕੁਨਾਂ ਦੇਵਾਂਗਨਾ ਕਲੀਤਾ, ਨਤਾਸ਼ਾ ਨਰਵਾਲ, ਸਫ਼ੂਰਾ ਜ਼ਰਗਰ ਤੇ ਇਸ਼ਰਤ ਜਹਾਂ ਨੂੰ ਜ਼ਮਾਨਤ ਦਿੱਤੀ ਜਾ ਚੁੱਕੀ ਹੈ।

ਉਮਰ ਖ਼ਾਲਿਦ, ਸ਼ਰਜੀਲ ਇਮਾਮ ਆਦਿ ਦੀ ਕੁਝ ਕੇਸਾਂ 'ਚ ਜ਼ਮਾਨਤ ਹੋ ਚੁੱਕੀ ਹੈ ਪਰ ਕਿਉਂਕਿ ਪੁਲਿਸ ਦੀ ਕਹਾਣੀ 'ਚ ਉਹ 'ਸਰਗਨੇ' ਹਨ ਅਤੇ ਉਨ੍ਹਾਂ ਵਿਰੁੱਧ ਯੂ.ਏ.ਪੀ.ਏ. ਲਗਾਇਆ ਹੈ, ਇਸ ਲਈ ਉਦੋਂ ਤੱਕ ਬਾਹਰ ਨਹੀਂ ਆ ਸਕਣਗੇ ਜਦ ਤੱਕ ਸੁਪਰੀਮ ਕੋਰਟ ਜਾਂ ਹਾਈ ਕੋਰਟਾਂ ਨੂੰ ਇਹ ਨਹੀਂ ਜਚ ਜਾਂਦਾ ਹੈ ਕਿ ਉਹ ਵੀ 'ਜ਼ਮਾਨਤ ਆਦਰਸ਼ ਹੈ' ਦੇ ਹੱਕਦਾਰ ਹਨ। ਆਖ਼ਿਰਕਾਰ ਜਦੋਂ ਉਹ ਬਿਨਾਂ ਦੋਸ਼ ਸਾਬਤ ਕੀਤੇ 8-10 ਸਾਲ ਬਾਅਦ ਰਿਹਾਅ ਹੋ ਜਾਣਗੇ ਤਾਂ ਉਨ੍ਹਾਂ ਦੀ ਜ਼ਿੰਦਗੀ ਦਾ ਵੱਡਮੁੱਲਾ ਸਮਾਂ ਕੌਣ ਵਾਪਸ ਕਰੇਗਾ? ਕੀ ਸੁਪਰੀਮ ਕੋਰਟ ਕਦੇ ਇਸ ਪਹਿਲੂ ਦਾ ਨੋਟਿਸ ਲਵੇਗੀ?

# ਧੁੱਪ ਵਾਂਗ ਧਰਤੀ ’ਤੇ ਖਿੜਿਆ ਪਾਸ਼



ਪਾਸ਼ (9 ਸਤੰਬਰ 1950 - 23 ਮਾਰਚ 1988)

ਇਹ 24 ਮਾਰਚ 1988 ਦੀ ਗੱਲ ਹੈ, ਕੁਝ ਦਿਨ ਪਹਿਲਾਂ ਮੈਂ ਪੰਜ-ਛੇ ਮਹੀਨਿਆਂ ਬਾਅਦ ਘਰ ਵਾਪਸ ਆਇਆ ਸਾਂ, ਖ਼ਬਰਾਂ ਤੋਂ ਦਿਲ ਥੱਕ ਚੁੱਕਾ ਸੀ। 23 ਮਾਰਚ ਵਾਲੇ ਦਿਨ ਸ਼ਾਮੀਂ ਮੈਂ ਖ਼ਬਰਾਂ ਨਹੀਂ ਸਨ ਸੁਣੀਆਂ, ਸਵੇਰ ਦੇ ਸਾਢੇ ਕੁ ਸੱਤ ਵੱਜੇ ਨੇ, ਮੈਂ ਅਖ਼ਬਾਰ ਚੁੱਕੀ ਤਾਂ ਵੱਡੇ ਅੱਖਰਾਂ ਵਿਚ ਪਾਸ਼ ਦੇ ਕਤਲ ਦੀ ਖ਼ਬਰ ਸੀ। ਮੈਨੂੰ ਨਹੀਂ ਸੀ ਪਤਾ ਕਿ ਪਾਸ਼ ਵਾਪਸ ਪੰਜਾਬ ਆਇਆ ਹੋਇਆ ਹੈ, ਮੈਂ ਰੋਣ ਤੇ ਗੁੱਸੇ ਨਾਲ ਭਰ ਗਿਆ, ਮੇਰੀ ਮਾਂ ਮੇਰੇ ਲਈ ਨਾਸ਼ਤਾ ਲੈ ਕੇ ਆਈ ਸੀ ਤੇ ਮੇਰਾ ਖਾਣ ਨੂੰ ਬਿਲਕੁਲ ਜੀਅ ਨਹੀਂ ਸੀ। ਮੈਨੂੰ ਵੇਖ ਕੇ ਕਹਿਣ ਲੱਗੀ, ‘ਕੁਝ ਦੱਸੇਂ ਵੀ ਤਾਂ ਕੀ ਹੋਇਆ ਹੈ?’ ਮੈਂ ਉਸ ਨੂੰ ਕੀ ਕਹਿੰਦਾ, ਮੈਨੂੰ ਬਹੁਤ ਗੁੱਸਾ ਸੀ ਤੇ ਮੈਂ ਮਾਂ ’ਤੇ ਵਰ੍ਹ ਪਿਆ, ‘ਕੁਝ ਨਹੀਂ, ਬਸ ਹੁਣ ਤੁਸੀਂ ਲੋਕ ਇਹ ਤਾਂ ਨਹੀਂ ਕਹਿ ਸਕੋਗੇ ਕਿ ਪਾਸ਼ ਮਰਿਆ ਨਹੀਂ ਸੀ।’

ਮਾਂ ਨਹੀਂ ਜਾਣਦੀ ਸੀ ਕਿ ਪਾਸ਼ ਉਸ ਪੀੜ੍ਹੀ ਨਾਲ ਸਬੰਧ ਰੱਖਦਾ ਸੀ, ਜਿਸ ਤੋਂ ਅਸੀਂ ਕਵਿਤਾ ਲਿਖਣੀ ਸਿੱਖੀ। ਸੱਤਰਵਿਆਂ ਦੀ ਪੰਜਾਬੀ ਸ਼ਾਇਰੀ ਵਿਚ ਪਾਸ਼ ਨੇ ਨਰੋਏ ਰੰਗ ਭਰੇ ਸਨ। ਇਹੀ ਨਹੀਂ, ਪਾਸ਼ ਨਿੱਜੀ ਤੌਰ ’ਤੇ ਮੇਰੇ ਲਈ ਇੱਕ ਰਹੱਸ, ਇੱਕ ਬੁਝਾਰਤ ਵਾਂਗ ਰਿਹਾ ਹੈ।



**ਸਵਰਾਜਬੀਰ**

1980ਵਿਆਂ ਦੇ ਸ਼ੁਰੂ ਵਿਚ ਲਿਖੀਆਂ ਮੇਰੀਆਂ ਕਵਿਤਾਵਾਂ ਵਿਚ ਪਾਸ਼ ਨਾਲ ਡੂੰਘਾ ਸੰਵਾਦ ਸੀ। ਮੈਂ ਇਹ ਮਹਿਸੂਸ ਕਰਦਾ ਸਾਂ/ਹਾਂ ਕਿ ਪਾਸ਼ ਨੇ ਪੰਜਾਬੀ ਕਵਿਤਾ ਵਿਚ ਪਹਿਲੀ ਵਾਰ ਪ੍ਰੋਲੇਤਾਰੀ ਨਾਇਕ ਦੀ ਸਥਾਪਨਾ ਕੀਤੀ, ਇਹ ਨਾਇਕ ਪ੍ਰੋਲੇਤਾਰੀ ਵੀ ਹੈ ਤੇ ਪੰਜਾਬੀ ਵੀ। ਇਸ ਨਾਇਕ ਵਿਚ ਉਹ ਸਾਰੇ ਅੰਸ਼ ਹਨ, ਜਿਸ ਦੀ ਪੰਜਾਬੀ ਕਲਾਸਕੀ ਤੇ ਆਧੁਨਿਕ ਸ਼ਾਇਰੀ ਨੇ ਵੱਖ-ਵੱਖ ਹਿੱਸਿਆਂ ਵਿਚ ਸਿਰਜਣਾ ਕੀਤੀ ਹੈ; ਉਸ ਵਿਚ ਨਾਥ ਜੋਗੀਆਂ ਵਾਲਾ ਅਲਗਾਓ, ਗੁਰੂ ਨਾਨਕ ਦੇਵ ਜੀ ਦਾ ਮਾਨਵਵਾਦ, ਸੂਫ਼ੀਆਂ ਦਾ ਅਲਬੇਲਾਪਣ ਤੇ ਪ੍ਰਗਤੀਵਾਦੀ ਕਵਿਤਾ ਦੇ ਲੜਾਕੂ ਤੇ ਰੋਮਾਂਚਿਕ ਅੰਸ਼ ਸਾਰੇ ਮੌਜੂਦ ਹਨ। ਪਾਸ਼ ਦੇ ਨਾਇਕ ਨੇ ਉਸ ਲਘੂ-ਮਨੁੱਖ ਦੇ ਸੰਕਲਪ ਨੂੰ ਨਕਾਰਿਆ ਹੈ ਜੋ ਸਾਡੇ ਪ੍ਰਯੋਗਵਾਦੀ ਸ਼ਾਇਰ ਲੈ ਕੇ ਆਏ ਸਨ। ਪ੍ਰਯੋਗਵਾਦੀ ਸ਼ਾਇਰ ਪ੍ਰਗਤੀਵਾਦੀ ਕਵਿਤਾ ਦੇ ਰੋਮਾਂਟਿਕ ਹੀਰੋ ਨੂੰ ਸਨਅਤੀ ਤੇ ਉੱਤਰ-ਸਨਅਤੀ ਸਮਾਜ ਵਿਚ ਲੈ ਜਾਣਾ ਚਾਹੁੰਦੇ ਸਨ, ਜਿਹੜਾ ਹਿੰਦੋਸਤਾਨ ਵਿਚ ਅਜੇ ਹੋਂਦ ਵਿਚ ਨਹੀਂ ਸੀ ਆਇਆ। ਪਾਸ਼ ਨੇ ਇਸ ਨਾਇਕ ਨੂੰ ਵਾਪਸ ਪਿੰਡ ਲਿਆਂਦਾ ਤੇ ਇਹਨੂੰ ਆਪਣੇ ਸਮਿਆਂ ਦੇ ਕੌੜੇ ਯਥਾਰਥ ਦੀ ਠੋਸ ਜ਼ਮੀਨ ਦਿੱਤੀ। ਇੱਥੇ ਮੈਂ ਬਹਿਸ ਨਹੀਂ ਕਰਨਾ ਚਾਹਾਂਗਾ ਕਿ ਪਾਸ਼ ਦਾ ਇਤਿਹਾਸ ਬਾਰੇ ਨਿਰਣਾ ਕਿੰਨਾ ਠੀਕ ਤੇ ਕਿੰਨਾ ਗ਼ਲਤ ਹੈ; ਇਹ ਸਭ ਗੱਲਾਂ ਤਾਂ ਚੱਲਦੀਆਂ ਰਹਿਣਗੀਆਂ ਪਰ ਇਹ ਸੱਚ ਹੈ ਕਿ ਪਾਸ਼ ਨੇ ਆਮ ਲੋਕਾਂ ਦੀ ਦਿਨ-ਪ੍ਰਤੀਦਿਨ ਦੀ ਲੜਾਈ ਦੀ ਮਹੱਤਤਾ ਨੂੰ ਪਛਾਣਿਆ ਤੇ ਇਹਨੂੰ ਕਦੇ ਆਪਣੇ ਜੁਝਾਰੂ, ਕਦੇ ਗੁੱਸੇ ਭਰੇ ਤੇ ਕਦੇ ਉਦਾਸ ਤੇਵਰ ਦਿੱਤੇ। ਉਸ ਨੇ ਆਪਣੀ ਕਵਿਤਾ ਵਿਚ ਜੀਉਣ ਦੇ ਸਲੀਕੇ ਨੂੰ ਇਉਂ ਚਿਤਰਿਆ:

ਧੁੱਪ ਵਾਂਗ ਧਰਤੀ ’ਤੇ ਖਿੜ ਜਾਣਾ
ਤੇ ਫਿਰ ਗਲਵੱਕੜੀ ’ਚ ਸਿਮਟ ਜਾਣਾ
ਬਾਰੂਦ ਵਾਂਗ ਭੜਕ ਉੱਠਣਾ
ਤੇ ਚੌਂਹ ਕੂੰਟਾਂ ਅੰਦਰ ਗੂੰਜ ਜਾਣਾ
ਜੀਣ ਦਾ ਇਹੋ ਹੀ ਸਲੀਕਾ ਹੁੰਦਾ ਹੈ
ਪਿਆਰ ਕਰਨਾ ਤੇ ਜੀਣਾ
ਉਨ੍ਹਾਂ ਨੂੰ ਕਦੇ ਨਹੀਂ ਆਉਣਾ
ਜਿਨ੍ਹਾਂ ਨੂੰ ਜ਼ਿੰਦਗੀ ਨੇ ਬਾਣੀਏ ਬਣਾ ਦਿੱਤਾ

ਪਾਸ਼ ਦਾ ਨਾਂ ਪਹਿਲੀ ਵਾਰ ਮੈਂ ਕਦ ਸੁਣਿਆ? ਸ਼ਾਇਦ ਨੌਵੀਂ ਜਾਂ ਦਸਵੀਂ ਵਿਚ ਪੜ੍ਹਦਾ ਸਾਂ, ਨਵਾਂ-ਨਵਾਂ ਅੰਮ੍ਰਿਤਸਰ ਆਇਆ ਸਾਂ, ਸ਼ਹਿਰੋਂ ਬਾਹਰ ਬਾਗ਼ਾਂ ਵਿਚ ਨਿਕਲ ਜਾਂਦਾ ਸਾਂ। ਸਿਆਲ ਦੇ ਦਿਨ ਸਨ- ਦਸੰਬਰ ਜਨਵਰੀ ਦੇ, ਇੱਕ ਮੁੰਡਾ ਜੋ ਮੇਰੇ ਨਾਲੋਂ ਕਾਫ਼ੀ ਵੱਡਾ ਸੀ ਉਹ ਵੀ ਉੱਥੇ ਪੜ੍ਹਨ ਆਉਂਦਾ ਸੀ, ਮੈਨੂੰ ਉਹਦਾ ਨਾਂ ਯਾਦ ਨਹੀਂ, ਨਾਲ ਉਹ ਦੋ-ਤਿੰਨ ਡੰਗਰ ਲਈ ਆਉਂਦਾ, ਜੋ ਚਾਲੀ ਖੂਹਾਂ ਦੇ ਵਿਚਕਾਰ ਚਰਦੇ ਰਹਿੰਦੇ। ਉਹ ਮੇਰੇ ਨਾਲ ਕਦੀ-ਕਦੀ ਬੋਲਦਾ ਸੀ ਪਰ ਜਦ ਵੀ ਬੋਲਦਾ ਤਾਂ ਬੜੇ ਪਿਆਰ ਨਾਲ। ਇੱਕ ਦਿਨ ਬੈਠਾ ਪੜ੍ਹ ਰਿਹਾ ਸੀ ਤਾਂ ਮੈਂ ਪੁੱਛਿਆ, ‘ਭਾਅ ਜੀ, ਕੀ ਪੜ੍ਹਨ ਡਹੇ ਓ?’ ਤਾਂ ਕਹਿਣ ਲੱਗਾ, ‘ਐਧਰ ਆ, ਐਵੇਂ ਸਾਹਿਤ-ਭੂਸ਼ਨ ਪੜ੍ਹਦਾ ਰਹਿੰਦੈਂ, ਤੈਨੂੰ ਪਾਸ਼ ਦੀ ਕਵਿਤਾ ਸੁਣਾਉਂਦਾਂ।’

ਇਸ ਤੋਂ ਪਹਿਲਾਂ ਮੈਨੂੰ ਪੰਜਾਬੀ ਦੇ ਸਿਰਫ਼ ਉਨ੍ਹਾਂ ਕਵੀਆਂ ਬਾਰੇ ਪਤਾ ਸੀ ਜੋ ਸਕੂਲ ਦੀਆਂ ਕਿਤਾਬਾਂ ਵਿਚ ਸਨ ਜਾਂ ਕਰਤਾਰ ਸਿੰਘ ਕਲਾਸਵਾਲੀਆ ਤੇ ਕੁਝ ਹੋਰ ਧਾਰਮਿਕ ਕਵੀ, ਜਿਨ੍ਹਾਂ ਦਾ ਲਿਖਿਆ ਮੇਰੀ ਜ਼ਬਾਨ ’ਤੇ ਸੀ ਪਰ ਏਦਾਂ ਦੀ ਕਵਿਤਾ ਮੈਂ ਪਹਿਲੀ ਵਾਰ ਸੁਣੀ ਸੀ, ਜਿਸ ਵਿਚ ਪਿੰਡ ਦੇ ਮੋਹ-ਵੈਰਾਗ ਵਾਲੇ ਤਸੱਵਰ (ਸਾਡੇ ਖੂਹ ’ਤੇ ਵੱਸਦਾ ਰੱਬ ਨੀਂ) ਨੂੰ ਤੋੜ ਕੇ ਉੱਥੋਂ ਦੀ ਗ਼ਰੀਬੀ ਤੇ ਗ਼ਰੀਬੀ ਦੀ ਜ਼ਲਾਲਤ ਦਾ ਜ਼ਿਕਰ ਸੀ। ਪਿੰਡ ਵਿਚਲੀਆਂ ਨਿੱਕੀਆਂ-ਨਿੱਕੀਆਂ ਗੱਲਾਂ ਸਨ: ਕਣਕਾਂ, ਸਰਪੰਚ, ਬੀ.ਡੀ.ਓ., ਥਾਣੇਦਾਰ, ਪਿੰਡ ਦੇ ਬੁੱਢੇ ਤੇ ਸੱਥਾਂ, ਜੱਟ ਦੇ ਕਾਮੇ ਮਜ਼ਦੂਰ ਤੇ ਖ਼ਾਸੀ ਉੱਚੀ ਰੋਬੀਲੀ ਸੁਰ ਸੀ, ਪੁਰਾਣਾ ਸਭ ਕੁਝ ਢਾਹ ਕੇ ਸੁਫ਼ਨਿਆਂ ਜਿਹਾ ਕੁਝ ਨਵਾਂ ਬਣਾਉਣ ਦੀ। ਮੈਨੂੰ ਯਾਦ ਹੈ, ਘਸਮੈਲੀ ਜਿਹੀ ਲੋਈ ਦੀ ਬੁੱਕਲ ਮਾਰੀ ਰੁੱਖ ਨਾਲ ਢੋਅ ਲਾਈ ਬੈਠਾ ਉਹ ਵਾਗੀ-ਪਾਹਡੂ ਮੁੰਡਾ, ਸਿਆਲ ਦੀ ਧੁੱਪ ’ਚ ਚਮਕਦਾ ਉਹਦਾ ਪੱਕਾ ਰੰਗ, ਉਹਦੇ ਗੰਦੇ ਪੈਰ, ਉਹਦੀਆਂ ਕਾਲੀਆਂ ਖ਼ਾਮੋਸ਼ ਅੱਖਾਂ ਤੇ ਉਹਦੀ ਆਵਾਜ਼ ਜਿਉਂ ਢੋਲਕੀ ’ਤੇ ਲਗਾਤਾਰ ਤਾਂਬੇ ਦੀ ਮੁੰਦਰੀ ਦੀ ਟੁਣਕਾਰ ਹੋ ਰਹੀ ਹੋਵੇ ਤੇ ਉਸ ਮੁੰਡੇ ’ਤੇ ਛੋਟੇ ਜਿਹੇ ਰਸਾਲੇ ਤੋਂ ਪੜ੍ਹੀ ਉਸ ਕਵਿਤਾ ਨੇ, ਉਸ ਧੁੱਪ ਵਿਚ ਮੇਰੇ ਲਈ ਉਹ ਜਾਦੂ ਬੁਣਿਆ ਜੋ ਅੱਜ ਤੀਕ ਮੇਰੇ ਦਿਲ ਵਿਚ ਆਲ੍ਹਣਾ ਪਾਈ ਬੈਠਾ ਹੈ, ਉਸ ਕਵਿਤਾ ਦਾ ਆਲ੍ਹਣਾ ਜਿਸ ਦਾ ਕਵੀ ਉਨ੍ਹਾਂ ਦਿਨਾਂ ਵਿਚ ਕਹਿ ਰਿਹਾ ਸੀ, ‘ਮੈਂ ਰੋਂਦੂ ਨਹੀਂ ਹਾਂ, ਕਵੀ ਹਾਂ, ਕਿਸ ਤਰ੍ਹਾਂ ਚੁੱਪ ਰਹਿ ਸਕਦਾ ਹਾਂ।’

ਮੈਂ ਨਹੀਂ ਜਾਣਦਾ ਉਹ ਮੁੰਡਾ ਰਾਜਨੀਤਕ ਤੌਰ ’ਤੇ ਸਰਗਰਮ ਸੀ ਜਾਂ ਨਹੀਂ, ਖ਼ੁਦ ਲਿਖਦਾ ਸੀ ਜਾਂ ਨਹੀਂ ਪਰ ਪਾਸ਼ ਦੀ ਕਵਿਤਾ ਦਾ ਰਹੱਸ ਅੱਜ ਤੀਕ ਮੇਰੇ ਲਈ ਓਹੀ ਹੈ, ਉਹ ਕਵਿਤਾ ਜਿਸ ਨੂੰ ਉਹੋ ਜਿਹੇ ਵਾਗੀ-ਪਾਹਡੂ ਮੁੰਡੇ ਪੜ੍ਹ ਸਕਦੇ ਨੇ ਤੇ ਮੇਰੇ ਵਰਗੇ ਕਿਤਾਬੀ ਕੀੜਿਆਂ ਨੂੰ ਕਹਿ ਸਕਦੇ ਨੇ, ‘ਕੀ ਪੜ੍ਹਨ ਡਹੇ ਓ, ਐਧਰ ਆਓ ਤੁਹਾਨੂੰ ਪਾਸ਼ ਦੀ ਕਵਿਤਾ ਪੜ੍ਹਾਈਏ।’

ਅਮਰਜੀਤ ਚੰਦਨ ਨੇ ਲਿਖਿਆ ਹੈ ਕਿ ਪਾਸ਼ ਦੀਆਂ ਕਵਿਤਾਵਾਂ ਦੇ ਕੁਝ ਬਿੰਬ ਲਾਸਾਨੀ ਹਨ। ਇਸੇ ਤਰ੍ਹਾਂ ਉਸ ਦੀ ਕਵਿਤਾ ਵਿਚ ਕੁਝ ਮੂਲ-ਭਾਵ ਤੇ ਤੱਤ (Motif) ਬਹੁਤ ਲਾਸਾਨੀ, ਜ਼ੋਰਦਾਰ ਤੇ ਕਲਾਤਮਕ ਤਰੀਕੇ ਨਾਲ ਉੱਭਰੇ ਜਿਨ੍ਹਾਂ ਵਿਚੋਂ ਮੁੱਖ ਇਹ ਸਨ: ਸਮਾਂ, ਇਤਿਹਾਸ, ਦੇਸ਼ ਤੇ ਜ਼ਿੰਦਗੀ। ਉਸ ਦੀ ਆਖ਼ਰੀ ਕਿਤਾਬ ਦਾ ਨਾਂ ਹੀ ‘ਸਾਡੇ ਸਮਿਆਂ ਵਿਚ’ ਹੈ, ਜਿਸ ਵਿਚ ਉਸ ਨੇ ਸਮੇਂ ਨੂੰ ਚਿਤਵਿਆ-ਲਿਖਿਆ :

ਇਹ ਕੁਝ ਸਾਡੇ ਹੀ ਸਮਿਆਂ ਵਿਚ ਹੋਣਾ ਸੀ
ਕਿ ਸਮੇਂ ਨੇ ਖੜ੍ਹ ਜਾਣਾ ਸੀ ਹੰਭੀ ਹੋਈ ਜੋਗ ਵਾਂਗ
ਤੇ ਕੱਚੀਆਂ ਕੰਧਾਂ ਉੱਤੇ ਲਮਕਦੇ ਕਲੰਡਰਾਂ ਨੇ
ਪ੍ਰਧਾਨ ਮੰਤਰੀ ਦੀ ਫੋਟੋ ਬਣ ਕੇ ਰਹਿ ਜਾਣਾ ਸੀ
ਧੁੱਪ ਨਾਲ ਤਿੜਕੇ ਕੰਧਾਂ ਦੇ ਲੇਂਆਂ
ਤੇ ਧੂੰਏਂ ਨੂੰ ਤਰਸੇ ਚੁੱਲ੍ਹਿਆਂ ਨੇ
ਸਾਡੇ ਈ ਵੇਲਿਆਂ ਦੇ ਗੀਤ ਬਣਨਾ ਸੀ

ਕੁਝ ਇਸ ਤਰ੍ਹਾਂ ਦਾ ਹੀ ਅਹਿਸਾਸ ਰੂਸੀ ਕਵੀ ਓਸਿਪ ਮੈਂਡਲਸਟਾਮ ਨੂੰ ਆਪਣੇ ਸਮੇਂ ਨਾਲ ਦੋ-ਚਾਰ ਹੁੰਦਿਆਂ ਹੋਇਆ ਸੀ ਜਦੋਂ ਉਸ ਨੇ ਲਿਖਿਆ, ‘ਮੈਂ ਸਮੇਂ ਦੀਆਂ ਡੂੰਘਾਣਾਂ ਵਿਚ ਗਿਆ ਤੇ ਮੈਨੂੰ ਇਹ ਲੱਗਾ ਕਿ ਉੱਥੇ ਸੁੰਞ ਹੈ, ਬੇਹਿੱਸੀ ਹੈ (I have gone into depths of time and found it numb)

ਏਸੇ ਕਵਿਤਾ ਵਿਚ ਪਾਸ਼ ਅੱਗੇ ਜਾ ਕੇ ਲਿਖਦਾ ਹੈ ‘ਬੇਪਤੀ ਵਕਤ ਦੀ ਸਾਡੇ ਹੀ ਵਕਤਾਂ ਵਿਚ ਹੋਣੀ ਸੀ।’ ਇਸ ਤਰ੍ਹਾਂ ਪਾਸ਼ ਆਪਣੇ ਵੇਲੇ ਦੇ ਕੁੜੱਤਣ ਭਰੇ ਯਥਾਰਥ ਨੂੰ ਚਿੱਥਦਾ ਹੋਇਆ ਵਕਤ ਨੂੰ ਨੰਗਿਆਂ ਕਰ ਕੇ ਉਸ ਦੇ ਸੱਚ ਅਤੇ ਯਥਾਰਥ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਇਹ ਸੱਚ, ਇਹ ਯਥਾਰਥ ਕੀ ਹੈ? ਇਹ ਸਾਡਾ ਜੀਵਨ ਹੈ। ਗ੍ਰਾਮਸ਼ੀ ਦਾ ਇੱਕ ਕਥਨ ਉਸ ਦੇ ਜੇਲ੍ਹ ਵਿਚੋਂ ਲਿਖੇ ਇੱਕ ਖ਼ਤ ਵਿਚ ਦਰਜ ਹੈ ‘ਠਮਿਏ ਸਿ ਬੁਟ ਅ ਪਸਏੁਦੋਨੇਮ ੋਰ ਲਇਿ ਟਿਸਏਲਾ’’. ਸਰਲ ਪੰਜਾਬੀ ਵਿਚ ਕਹੀਏ ਤਾਂ ਇਸ ਦੇ ਅਰਥ ਇਹੀ ਨਿਕਲਦੇ ਹਨ ਕਿ ਸਮਾਂ ਜ਼ਿੰਦਗੀ ਦਾ ਹੀ ਦੂਸਰਾ ਨਾਂ ਹੈ। ਸ਼ਾਇਦ ਏਸੇ ਲਈ ਪਾਸ਼ ਨੇ ਇਹ ਸਵਾਲ ਕੀਤਾ ਸੀ:

ਮੈਂ ਪੁੱਛਦਾ ਹਾਂ ਅਸਮਾਨ ’ਚ ਉੜਦੇ ਹੋਏ ਸੂਰਜ ਨੂੰ
ਕੀ ਵਕਤ ਏਸੇ ਦਾ ਨਾਂ ਹੈ
ਕਿ ਘਟਨਾਵਾਂ ਕੁਚਲਦੀਆਂ ਤੁਰੀਆਂ ਜਾਣ
ਮਸਤ ਹਾਥੀ ਵਾਂਗ
ਇੱਕ ਸਮੁੱਚੇ ਮਨੁੱਖ ਦੀ ਚੇਤਨਾ?
ਕਿ ਹਰ ਸਵਾਲ
ਕੇਵਲ ਕੰਮ ’ਚ ਰੁੱਝੇ ਜਿਸਮ ਦੀ ਗ਼ਲਤੀ ਹੀ ਹੋਵੇ?

ਸਮੇਂ ਬਾਰੇ ਗੱਲ ਕਰਦਿਆਂ ਪਾਸ਼ ਨੇ ਇੱਕ ਹੋਰ ਥਾਂ ’ਤੇ ਆਪਣਾ ਫ਼ੈਸਲਾ ਇਸ ਤਰ੍ਹਾਂ ਦਿੱਤਾ ਸੀ:

ਜੇ ਸਮਾਂ ਆਪਣਾ ਹੁੰਦਾ
ਤਾਂ ਤੈਨੂੰ ਸੱਖਣੀਆਂ ਕਲਾਈਆਂ ਨੂੰ
ਢਕ ਢਕ ਰੱਖਣ ਦਾ ਫ਼ਿਕਰ ਨਾ ਹੁੰਦਾ
ਹਾਲੇ ਸਮਾਂ ਕੋਈ ਲਹੂ ਮੰਗਦੀ ਸੂਈ ਹੈ
ਜੋ ਪੁੜ ਤਾਂ ਸਕਦੀ ਹੈ
ਤੇਰੇ ਫੁੱਲਾਂ ਦਾ ਭਰਮ ਉਣ ਰਹੇ ਪੋਟੇ ਦੇ ਫੁੱਲ ’ਚ
ਪਰ ਸਿਊਂ ਨਹੀਂ ਸਕਦੀ
ਤੇਰੀ ਵੱਖੀ ਤੋਂ ਘਸਦੀ ਜਾ ਰਹੀ ਕੁੜਤੀ

ਇਸ ਤਰ੍ਹਾਂ ਪਾਸ਼ ਦੀ ਕਵਿਤਾ ਵਿਚ ਸਮਾਂ ਉਹ ਵਿਸ਼ਾਲ ਬਿੰਬ ਬਣ ਜਾਂਦਾ ਹੈ ਜੋ ਇਤਿਹਾਸ ਦੇ ਨਾਲ ਸਾਧਨਹੀਣ ਲੋਕਾਂ ਦੀਆਂ ਲੋੜਾਂ, ਥੁੜ੍ਹਾਂ, ਦੁੱਖ-ਦੁਸ਼ਵਾਰੀਆਂ, ਤਕਲੀਫ਼ਾਂ ਤੇ ਮਜਬੂਰੀਆਂ ਨੂੰ ਵੀ ਆਪਣੇ ਕਲਾਵੇ ਵਿਚ ਸਮੇਟਦਾ ਹੈ। ਇਸੇ ਤਰ੍ਹਾਂ ਦੇਸ਼ ਦਾ ਬਿੰਬ ਖੇਤਾਂ, ਖੇਤਾਂ ਦੇ ਪੁੱਤਰਾਂ ਤੇ ਵਕਤ (ਸਮੇਂ) ਨਾਲ ਜਾ ਜੁੜਦਾ ਹੈ:

ਭਾਰਤ-
ਮੇਰੇ ਸਤਿਕਾਰ ਦਾ ਸਭ ਤੋਂ ਮਹਾਨ ਸ਼ਬਦ
ਜਿੱਥੇ ਕਿਤੇ ਵੀ ਵਰਤਿਆ ਜਾਏ
ਬਾਕੀ ਸਾਰੇ ਸ਼ਬਦ ਅਰਥਹੀਣ ਹੋ ਜਾਂਦੇ ਹਨ
ਇਸ ਸ਼ਬਦ ਦੇ ਭਾਵ,
ਖੇਤਾਂ ਦੇ ਉਨ੍ਹਾਂ ਪੁੱਤਰਾਂ ਤੋਂ ਹਨ
ਜਿਹੜੇ ਅੱਜ ਵੀ ਰੁੱਖਾਂ ਦੇ ਪਰਛਾਵਿਆਂ ਨਾਲ,
ਵਕਤ ਮਿਣਦੇ ਹਨ।
ਕਿ ਭਾਰਤ ਦੇ ਅਰਥ
ਕਿਸੇ ਦੁਸ਼ਯੰਤ ਨਾਲ ਸਬੰਧਤ ਨਹੀਂ।
ਸਗੋਂ ਖੇਤਾਂ ਵਿਚ ਦਾਇਰ ਹਨ।
ਜਿੱਥੇ ਅੰਨ ਉੱਗਦਾ ਹੈ
ਜਿੱਥੇ ਸੰਨ੍ਹਾਂ ਲੱਗਦੀਆਂ ਹਨ...

ਇਹ ਸ਼ਬਦ 1960ਵਿਆਂ ਦੇ ਅਖ਼ੀਰ ਵਿਚ ਲਿਖੇ ਗਏ ਸਨ ਤੇ ਉਸ ਸਮੇਂ ਦਾ ਚਿਤਰਨ ਸਨ, ਪਰ 2020-21 ਦੇ ਕਿਸਾਨ ਅੰਦੋਲਨ ਦੌਰਾਨ ਇਹ ਸ਼ਬਦ ਨਵੇਂ ਮਾਅਨੇ, ਨਵੇਂ ਅਰਥ-ਰੂਪ ਲੈ ਕੇ ਉੱਭਰੇ ਤੇ ਖੇਤਾਂ ਦੇ ਪੁੱਤਰਾਂ ਨੇ ਵਕਤ ਨੂੰ ਰੁੱਖਾਂ ਦੇ ਪ੍ਰਛਾਵਿਆਂ ਨਾਲ ਨਹੀਂ, ਸਗੋਂ ਸੱਤਾ ਤੇ ਤਾਕਤ ਦੇ ਅਗਨ-ਜਲੌਅ ਨਾਲ ਮਿਣਿਆ ਤੇ ਉਸ ਨੂੰ ਮਾਤ ਦਿੱਤੀ; ਉਸ ਸਮੇਂ ਸਾਰੇ ਦੇਸ਼ ਦੇ ਲੋਕਾਂ ਨੇ ਮਹਿਸੂਸ ਕੀਤਾ ਕਿ ਭਾਰਤ ਦੇ ਅਰਥ, ਉਨ੍ਹਾਂ ‘ਖੇਤਾਂ ਵਿਚ ਦਾਇਰ ਹਨ/ ਜਿੱਥੇ ਅੰਨ ਉੱਗਦਾ ਹੈ/ ਜਿੱਥੇ ਸੰਨ੍ਹਾਂ ਲੱਗਦੀਆਂ ਹਨ।’

ਪਾਸ਼ ਦਾ ਜਨਮ 9 ਸਤੰਬਰ 1950 ਨੂੰ ਹੋਇਆ। 23 ਮਾਰਚ 1988 ਨੂੰ ਅਤਿਵਾਦੀਆਂ ਨੇ ਉਸ ਨੂੰ ਤੇ ਉਸ ਦੇ ਸਾਥੀ ਹੰਸ ਰਾਜ ਨੂੰ ਕਤਲ ਕਰ ਦਿੱਤਾ। ਪੰਜਾਬ ਦਾ ਇਤਿਹਾਸ ਅਜੀਬ ਇਤਫ਼ਾਕ ਹੈ ਕਿ ਪਾਸ਼ ਦੇ ਕਤਲ ਵਾਲੇ ਦਿਨ ਤੋਂ 57 ਸਾਲ ਪਹਿਲਾਂ ਪੰਜਾਬ ਦਾ ਵੀਹਵੀਂ ਸਦੀ ਦਾ ਸਭ ਤੋਂ ਲਾਡਲਾ ਪੁੱਤਰ ਭਗਤ ਸਿੰਘ ਅੰਗਰੇਜ਼ਾਂ ਨੇ ਫਾਹੇ ਲਾ ਦਿੱਤਾ ਸੀ; ਉਹ ਮੁੰਡਾ ਜਿਸ ਨੂੰ ਸੁਭਾਸ਼ ਚੰਦਰ ਬੋਸ ਨੇ ਭਾਰਤ ਦੀ ਇਨਕਲਾਬੀ ਭਾਵਨਾ ਦਾ ਚਿੰਨ੍ਹ ਆਖਿਆ ਸੀ। ...ਤੇ ਇਹ ਵੀ ਇਤਫ਼ਾਕ ਹੈ ਕਿ ਭਗਤ ਸਿੰਘ ਤੇ ਪਾਸ਼ ਦੋਹਾਂ ਦੇ ਵਿਚਾਰਾਂ ਵਿਚ ਵੱਡੀ ਸਾਂਝ ਸੀ।

## ਧੁੱਪ ਵਾਂਗ ਧਰਤੀ ’ਤੇ ਖਿੜਿਆ ਪਾਸ਼

ਇਨਕਲਾਬੀਆਂ ਦੇ ਵਿਚਾਰਾਂ ਦੀ ਜ਼ਮੀਨ ਸਦਾ ਸਾਂਝੀ ਹੁੰਦੀ ਹੈ। ਇੱਕ ਵਿਦਵਾਨ ਨੇ ਰੂਸੋ ਤੇ ਮਾਰਕਸ ਦੇ ਵਿਚਾਰਾਂ ਦਾ ਅਧਿਐਨ ਕਰਦਿਆਂ ਇਸ ਗੱਲ ਵੱਲ ਧਿਆਨ ਦਿਵਾਇਆ ਹੈ ਕਿ ਇਹ ਸੰਜੋਗ ਨਹੀਂ ਕਿ ਰੂਸੋ ਦੇ ਐਲਾਨ (ਮਨੁੱਖ ਆਜ਼ਾਦ ਜੰਮਦਾ ਹੈ ਪਰ ਹਰ ਕਿਤੇ ਉਹ ਜ਼ੰਜੀਰਾਂ ਵਿਚ ਜਕੜਿਆ ਹੋਇਆ ਹੈ) ਤੇ ਕਮਿਊਨਿਸਟ ਮੈਨੀਫੈਸਟੋ ਦੀ ਵੰਗਾਰ (ਪ੍ਰੋਲੇਤਾਰੀਆਂ ਕੋਲ ਗੁਆਉਣ ਲਈ ਕੁਝ ਨਹੀਂ ਸਿਵਾਏ ਆਪਣੀਆਂ ਜ਼ੰਜੀਰਾਂ ਦੇ) ਵਿਚ ਆਪਣੀ ਤਰ੍ਹਾਂ ਦੀ ਸਾਂਝ ਹੈ। ਇਹ ਅਸਲ ਵਿਚ ਇਨਕਲਾਬੀ ਸਾਂਝ-ਪਦਾਰਥਵਾਦੀ ਸੋਚ ਦੇ ਵਿਕਾਸ ਦੀ ਸਾਂਝ ਹੈ ਤੇ ਇਸ ਤਰ੍ਹਾਂ ਦੀ ਸਾਂਝ ਸਦਾ ਬਣੀ ਰਹਿੰਦੀ ਹੈ। ਭਗਤ ਸਿੰਘ ਤੇ ਪਾਸ਼ ਦੇ ਵਿਚਾਰਾਂ ਵਿਚ ਵੀ ਅਜਿਹੀ ਹੀ ਸਾਂਝ ਸੀ। ਇਸ ਸਾਂਝ ਨੂੰ ਚਿਤਵਦਿਆਂ ਮੈਂ 1989 ਵਿਚ ਲਿਖਿਆ ਸੀ:

ਭਗਤ ਸਿੰਘ ਨੂੰ
ਪ੍ਰਛਾਵੇਂ ਰੁਕ ਜਾਂਦੇ ਨੇ
ਤੂੰ ਪੱਗ ਉਤਾਰਦਾ ਏਂ
ਪਾਸ਼ ਨੂੰ
ਪ੍ਰਛਾਵੇਂ ਰੁਕ ਜਾਂਦੇ ਨੇ
ਤੂੰ ਮੁਸਕਰਾਉਂਦਾ ਏਂ
ਪ੍ਰਛਾਵੇਂ ਮੁੱਕ ਜਾਂਦੇ ਨੇ
ਤੁਸੀਂ ਮਿਲਦੇ ਹੋ
ਇਹ ਮਿਲਨ ਦੀ ਹਲਦੀ-ਘਾਟੀ ਹੈ
ਇਹ ਗਲਵੱਕੜੀਆਂ ਦੀ ਸਭਰਾਉਂ ਹੈ
ਸੂਰਜਾਂ ਦੇ ਲੁੱਟੇ ਸ਼ਹਿਰਾਂ ਵਿਚ
ਯਾਦਾਂ ਦੇ ਖੰਡਰਾਂ ਵਿਚ
ਇਹ ਯਾਰੀਆਂ ਦਾ ਰੁੱਖ ਹੈ
ਇਹ ਅਣਜੀਵੇ ਪਾਣੀਆਂ ਦਾ ਸਮਾਂ ਹੈ
ਇਹ ਅਣ-ਪਾਏ ਸੁਫ਼ਨਿਆਂ ਦਾ ਡਰ ਹੈ
ਜਿਸਮਾਂ ਦੀ ਅੱਗ ਵਿਚ ਬਲਦਾ
ਜਿਸਮਾਂ ਦੀ ਅੱਗ ਵਿਚ ਖੋਂਹਦਾ
ਇਹ ਖਾਲੀ ਕੰਧਾਂ ਦਾ ਸਾਗਰ ਹੈ
ਪਰ ਤੁਸੀਂ ਮਿਲਦੇ ਹੋ
ਅੰਨ ਤੇ ਆਸ ਦੇ ਦੀਵੇ ਨੇ ਜਗ ਪੈਂਦੇ
ਅੱਡੀਆਂ ’ਚ ਨਾਚ ਉਤਰਦਾ ਹੈ

ਕਤਲ ਹੋਏ ਤਾਰੇ ਨੇ ਮੁੜ ਆਉਂਦੇ
ਓਥੇ ਸੂਰਜ ਯਾਦ ਦਾ ਖੰਭ ਬਣ ਚਮਕਦਾ ਹੈ
ਓਥੇ ਪਿਆਰ ਹੈ
ਓਥੇ ਲੋਅ ਹੈ
ਓਥੇ ਤੁਸੀਂ ਮਿਲਦੇ ਹੋ
ਇਤਿਹਾਸ ਇੱਕ ਸਾਂਵਲੀ ਲਹਿਰ ਹੈ ਬਣ ਜਾਂਦਾ

ਬਚਪਨ ਨੂੰ ਛੰਡਦੀ ਕੁੜੀ ਮੁਸਕਰਾਉਂਦੀ ਹੈ
ਓਥੇ ਗਲਵੱਕੜੀ ਹੈ
ਓਥੇ ਪਾਣੀਆਂ ਦਾ ਰਕਸ ਹੈ
ਓਥੇ ਜ਼ਿੰਦਗੀ ਹੈ
ਓਥੇ ਮੈਂ ਹਾਂ
ਓਥੇ ਤੁਸੀਂ ਹੋ
ਓਥੇ ਲੋਕ ਨੇ
ਕਣਕਾਂ ਦੀ ਇਕੱਲ ਹੈ
ਝੋਨੇ ਤੇ ਮਨੁੱਖ ਦੀ ਚੁੱਪ ਹੈ
ਓਥੇ ਪਰ ਸਭ ਕੁਝ ਇਕੱਠਾ ਮਿਲਦਾ ਹੈ
ਮੌਤ, ਸਮਾਂ, ਜ਼ਿੰਦਗੀ
ਤੇ ਪਿਆਰ
ਸਭ ਤੋਂ ਖ਼ਤਰਨਾਕ
ਕਿਰਤ ਦੀ ਲੁੱਟ
ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਪੁਲਸ ਦੀ ਕੁੱਟ
ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਗੱਦਾਰੀ-ਲੋਭ ਦੀ ਮੁੱਠ
ਸਭ ਤੋਂ ਖ਼ਤਰਨਾਕ ਨਹੀਂ ਹੁੰਦੀ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ
ਨਾ ਹੋਣਾ ਤੜਪ ਦਾ
ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ’ਤੇ
ਤੇ ਕੰਮ ਤੋਂ ਘਰ ਜਾਣਾ
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ
ਸਭ ਤੋਂ ਖ਼ਤਰਨਾਕ
ਉਹ ਘੜੀ ਹੁੰਦੀ ਹੈ
ਤੁਹਾਡੇ ਗੁੱਟ ’ਤੇ ਚੱਲਦੀ ਹੋਈ
ਜੋ ਤੁਹਾਡੀ ਨਜ਼ਰ ਦੇ ਲਈ
ਖੜ੍ਹੀ ਹੁੰਦੀ ਹੈ
ਸਭ ਤੋਂ ਖ਼ਤਰਨਾਕ
ਉਹ ਅੱਖ ਹੁੰਦੀ ਹੈ
ਜੋ ਸਭ ਕੁਝ ਦੇਖਦੀ ਹੋਈ ਵੀ
ਠੰਢੀ ਯੱਖ ਹੁੰਦੀ ਹੈ।
ਸਭ ਤੋਂ ਖ਼ਤਰਨਾਕ
ਉਹ ਗੀਤ ਹੁੰਦਾ ਹੈ
ਤੁਹਾਡੇ ਕੰਨਾਂ ਤੱਕ ਪਹੁੰਚਣ ਲਈ
ਜਿਹੜਾ ਕੀਰਨਾ ਉਲੰਘਦਾ ਹੈ
ਡਰੇ ਹੋਏ ਲੋਕਾਂ ਦੇ
ਬਾਰ ਮੂਹਰੇ
ਜੋ ਵੈਲੀ ਦੀ ਖੰਘ ਖੰਘਦਾ ਹੈ
ਸਭ ਤੋਂ ਖ਼ਤਰਨਾਕ
ਉਹ ਦਿਸ਼ਾ ਹੁੰਦੀ ਹੈ
ਜੀਹਦੇ ਵਿਚ ਆਤਮਾ ਦਾ
ਸੂਰਜ ਡੁੱਬ ਜਾਵੇ
ਤੇ ਉਸ ਦੀ ਮਰੀ ਹੋਈ ਧੁੱਪ ਦੀ
ਕੋਈ ਛਿਲਤਰ
ਤੁਹਾਡੇ ਜਿਸਮ ਦੇ
ਪੂਰਬ ਵਿਚ ਖੁੱਭ ਜਾਵੇ...।

ਪਾਸ਼

# ਵਿਦਿਅਕ ਸੰਸਥਾਵਾਂ ਦੀ ਰੈਂਕਿੰਗ ਦੀ ਦੌੜ

**ਬਾਜ਼ਾਰੂ ਮਾਨਸਿਕਤਾ ਦੇ ਬੇਰੋਕ ਖ਼ਪਤ ਵਾਲੇ ਇਸ ਦੌਰ ਵਿਚ 'ਬਰਾਂਡ ਚੇਤਨਾ' ਦੇ ਜਾਲ ਵਿਚੋਂ ਬਚ ਨਿਕਲਣਾ ਵੀ ਬਹੁਤ ਮੁਸ਼ਕਿਲ ਹੋ ਰਿਹਾ ਹੈ। ਰਵਾਇਤੀ ਖ਼ਪਤਕਾਰ ਜਾਣਦਾ ਹੈ ਕਿ ਕੌਫੀ ਦੇ ਸੁਆਦ ਨਾਲੋਂ 'ਸਟਾਰਬੱਕਸ' ਬਰਾਂਡ ਪ੍ਰਤੀ ਜ਼ਿਆਦਾ ਖਿੱਚ ਹੈ। ਇਸੇ ਤਰ੍ਹਾਂ ਕਿਸੇ ਕਾਲਜ ਜਾਂ ਯੂਨੀਵਰਸਿਟੀ ਨੂੰ ਵੀ 'ਬਰਾਂਡ' ਵਿਚ ਬਦਲ ਦਿੱਤਾ ਗਿਆ ਹੈ।**

ਇਨ੍ਹੀਂ ਦਿਨੀਂ ਭਾਰਤ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਮੁਸ਼ਕਿਲ ਨਾਲ ਹੀ ਇਹ ਸੋਚਣ ਵਿਚਾਰਨ ਦਾ ਮੌਕਾ ਮਿਲ ਰਿਹਾ ਹੈ ਕਿ ਅਸਲ 'ਚ ਕੀਮਤੀ ਕੀ ਹੈ- ਅਰਥਪੂਰਨ ਖੋਜ ਤੇ ਅਧਿਆਪਨ ਦਰਮਿਆਨ ਜੀਵੰਤ ਰਿਸ਼ਤਾ, ਕਲਾਸ ਰੂਮ ਸੰਚਾਲਨ ਤੇ ਸੰਸਾਰਕ ਮਸਲਿਆਂ 'ਤੇ ਗੰਭੀਰ ਚਿੰਤਨ ਜਾਂ ਫਿਰ ਬੁਨਿਆਦੀ ਵਿਗਿਆਨ ਦੀਆਂ ਗਿਣਤੀਆਂ-ਮਿਣਤੀਆਂ ਜਾਂ ਨਿਆਂਸੰਗਤ ਤੇ ਸੁਹਿਰਦ ਸਮਾਜ ਦੇ ਨਿਰਮਾਣ ਲਈ 'ਲਿਬਰਲ



ਆਰਟਸ ਤੇ ਹਿਊਮੈਨਿਟੀਜ਼'। ਇਸ ਦੀ ਬਜਾਇ ਸਿੱਖਿਆ ਦੇ ਇਨ੍ਹਾਂ ਕੇਂਦਰਾਂ ਨੂੰ ਦਰਜਾਬੰਦੀ ਏਜੰਸੀਆਂ ਅੱਗੇ ਆਪਣੀ 'ਕੀਮਤ' ਸਾਬਿਤ

ਅਵਿਜੀਤ ਪਾਠਕ

ਕਰਨ ਲਈ ਹਰ ਰਣਨੀਤੀ ਅਪਣਾਉਣ ਖਾਤਰ ਲਗਾਤਾਰ ਜੱਦੋਜਹਿਦ ਦੇ ਦੌਰ ਵਿਚੋਂ ਲੰਘਣਾ ਪੈਂਦਾ ਹੈ। ਇਨ੍ਹਾਂ ਨੂੰ 'ਕਿਊ.ਐੱਸ. ਵਰਲਡ ਯੂਨੀਵਰਸਿਟੀ ਰੈਂਕਿੰਗਜ਼' ਤੋਂ ਲੈ ਕੇ ਸਾਡੇ ਆਪਣੇ ਰੈਂਕਿੰਗ ਸਿਸਟਮ- ਰਾਸ਼ਟਰੀ ਸੰਸਥਾਈ ਦਰਜਾਬੰਦੀ ਢਾਂਚੇ (ਐੱਨ.ਆਈ.ਆਰ.ਐੱਫ.) ਅੱਗੇ ਆਪਣਾ ਮੁੱਲ ਪਵਾਉਣ ਲਈ ਕਈ ਹੱਥਕੰਡੇ ਅਪਣਾਉਣੇ ਪੈਂਦੇ ਹਨ। 'ਟੌਪ' 10 ਕਾਲਜਾਂ/ਯੂਨੀਵਰਸਿਟੀਆਂ 'ਚ ਥਾਂ ਬਣਾਉਣ ਵਿਚ ਅਸਫਲ ਹੋਣਾ ਸਾਡੇ ਕਈ ਪ੍ਰਿੰਸੀਪਲਾਂ ਤੇ ਉਪ ਕੁਲਪਤੀਆਂ ਲਈ ਸ਼ਰਮ ਦੀ ਗੱਲ ਹੈ।

ਲੰਮੇ ਸਮੇਂ ਤੋਂ ਦਰਜਾਬੰਦੀ ਢਾਂਚੇ ਨਾਲ ਇਸ ਲਗਾਓ ਦੇ ਕਾਰਨ ਸਮਝਣਾ ਮੁਸ਼ਕਿਲ ਨਹੀਂ ਹੈ। ਇਹ ਨਾ ਭੁੱਲੀਏ ਕਿ ਅਸੀਂ ਉਨ੍ਹਾਂ ਸਮਿਆਂ ਵਿਚ ਰਹਿ ਰਹੇ ਹਾਂ ਜੋ ਅੰਕਾਂ 'ਤੇ ਚੱਲਦਾ ਹੈ; ਅਸਲ 'ਚ ਸਭ ਕੁਝ ਮੁਲਕ ਦੇ ਨਾਗਰਿਕਾਂ ਦੀ ਖ਼ੁਸ਼ੀ ਦੇ ਪੱਧਰ ਤੋਂ ਲੈ ਕੇ ਕਿਸੇ 'ਚ ਕਿੰਨੀ 'ਬੁੱਧੀ' ਹੈ- ਨਾਪਿਆ, ਮਿਣਿਆ ਜਾਂਦਾ ਹੈ, ਦਰਜਾਬੰਦੀ ਕਰ ਕੇ ਕ੍ਰਮ ਵਿਚ ਲਾਇਆ ਜਾਂਦਾ ਹੈ। ਟੈਕਨੋ-ਵਿਗਿਆਨ ਤੇ 'ਗਣਿਤ ਸੁਖਮਤਾ' ਦੇ ਦੌਰ 'ਚ ਜਾਪਦਾ ਹੈ ਕਿ ਸਾਡੀ ਉਸ ਚੀਜ਼ ਨਾਲ ਤਸੱਲੀ ਹੀ ਨਹੀਂ ਹੁੰਦੀ ਜਿਸ ਨੂੰ ਨਾਪਿਆ ਨਾ ਗਿਆ ਹੋਵੇ। ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਕਿ ਸਿੱਖਿਅਤ ਹੋਣ ਦੇ ਗੁਣਾਤਮਕ ਭਾਵ ਨੂੰ ਵੀ ਮਿਣਿਆ ਤੇ ਕ੍ਰਮ ਵਿਚ ਲਾਇਆ ਜਾ ਰਿਹਾ ਹੈ ਕਿ ਕਿਵੇਂ ਇਹ ਦੁਨੀਆ ਨੂੰ ਦੇਖਣ ਦੇ ਸਾਡੇ ਨਜ਼ਰੀਏ ਨੂੰ ਰੂਪ ਦਿੰਦਾ ਹੈ ਜਾਂ ਕਿਸ ਤਰ੍ਹਾਂ ਸਾਡੇ ਵਿਚਾਰਾਂ ਤੇ ਦ੍ਰਿਸ਼ਟੀਕੋਣਾਂ ਨੂੰ ਅਮੀਰੀ ਬਖ਼ਸ਼ਦਾ ਹੈ।

ਕੋਈ ਅਲੋਕਾਰੀ ਗੱਲ ਨਹੀਂ ਕਿ ਕਿਸੇ ਕਾਲਜ/ਯੂਨੀਵਰਸਿਟੀ ਨੂੰ ਮਹਿਜ਼ ਅੰਕ ਤੱਕ ਸੀਮਤ ਕਰ ਦਿੱਤਾ ਗਿਆ ਹੈ (ਕਹਿ ਲਈਏ ਕਿ ਜਿੱਥੋਂ ਤੱਕ ਰਾਸ਼ਟਰੀ ਮੁਲਾਂਕਣ ਤੇ ਮਾਨਤਾ ਪ੍ਰੀਸ਼ਦ ਜਾਂ 'ਨੈਕ' ਦਾ ਸਵਾਲ ਹੈ, ਜਵਾਹਰਲਾਲ ਨਹਿਰੂ ਯੂਨੀਵਰਸਿਟੀ ਨਵੀਂ ਦਿੱਲੀ ਦਾ ਗ੍ਰੇਡ ਪੁਆਇੰਟ ਚਾਰ ਵਿਚੋਂ 3.91 ਹੈ) ਜਿਸ ਨੂੰ ਰੈਂਕਿੰਗ ਏਜੰਸੀਆਂ ਬਹੁਤ ਸੰਦੇਹਪੂਰਨ ਢੰਗ ਨਾਲ ਤੈਅ ਕਰਦੀਆਂ ਹਨ।



ਇਸੇ ਤਰ੍ਹਾਂ ਬਾਜ਼ਾਰੂ ਮਾਨਸਿਕਤਾ ਦੇ ਬੇਰੋਕ ਖ਼ਪਤ ਵਾਲੇ ਇਸ ਦੌਰ ਵਿਚ 'ਬਰਾਂਡ ਚੇਤਨਾ' ਦੇ ਜਾਲ ਵਿਚੋਂ ਬਚ ਨਿਕਲਣਾ ਵੀ ਬਹੁਤ ਮੁਸ਼ਕਿਲ ਹੋ ਰਿਹਾ ਹੈ। ਰਵਾਇਤੀ ਖ਼ਪਤਕਾਰ ਜਾਣਦਾ ਹੈ ਕਿ ਕੌਫੀ ਦੇ ਸੁਆਦ ਨਾਲੋਂ 'ਸਟਾਰਬੱਕਸ' ਬਰਾਂਡ ਪ੍ਰਤੀ ਜ਼ਿਆਦਾ ਖਿੱਚ ਹੈ। ਇਸੇ ਤਰ੍ਹਾਂ ਕਿਸੇ ਕਾਲਜ/ਯੂਨੀਵਰਸਿਟੀ ਨੂੰ ਵੀ 'ਬਰਾਂਡ' ਵਿਚ ਬਦਲ ਦਿੱਤਾ ਗਿਆ ਹੈ ਅਤੇ ਨਵ-ਉਦਾਰਵਾਦੀ ਬਾਜ਼ਾਰ 'ਚ ਵਿਦਿਆਰਥੀ ਹੁਣ ਅਸਲੀ ਜਗਿਆਸੂ ਨਹੀਂ ਬਣੇ ਰਹਿ ਸਕਦੇ; ਉਹ ਬਰਾਂਡ ਦੀ ਭਾਲ 'ਚ ਭਟਕ ਰਹੇ ਖਪਤਕਾਰ ਹਨ, ਭਾਵੇਂ ਉਹ ਜਾਦਵਪੁਰ ਯੂਨੀਵਰਸਿਟੀ ਹੋਵੇ ਜਾਂ ਇੰਡੀਅਨ ਇੰਸਟੀਚਿਊਟ ਆਫ ਸਾਇੰਸ। ਇਹ ਮਹੱਤਵਪੂਰਨ ਨਹੀਂ ਹੈ ਕਿ ਤੁਸੀਂ ਸੱਚਮੁੱਚ ਅੰਗਰੇਜ਼ੀ ਸਾਹਿਤ ਜਾਂ ਭੌਤਿਕ ਵਿਗਿਆਨ ਦੇ ਕਾਰਜ ਖੇਤਰ ਦੀ ਪੜਚੋਲ ਕਰਨਾ ਪਸੰਦ ਕਰਦੇ ਹੋ; ਮਹੱਤਵਪੂਰਨ ਹੈ ਤੁਹਾਡਾ ਸਾਧਕ ਤਰਕ ਕਿਸ ਤਰ੍ਹਾਂ ਤੁਹਾਡੇ ਕਾਲਜ/ਯੂਨੀਵਰਸਿਟੀ ਦੀ 'ਬਰਾਂਡ ਵੈਲਿਊ', ਨੌਕਰੀ ਬਾਜ਼ਾਰ ਲਈ ਤੁਹਾਡੇ 'ਸੀਵੀ' ਨੂੰ ਬਿਹਤਰ ਕਰਦੀ ਹੈ! ਇਸ ਤੋਂ ਇਲਾਵਾ ਕਿਉਂਕਿ ਸੰਸਥਾ ਦੀ 'ਉਤਪਾਦਕਤਾ' ਵਧਾਉਣ ਲਈ ਅਤਿ ਮੁਕਾਬਲੇ ਦੀ ਪ੍ਰਵਿਰਤੀ ਨੂੰ ਲਾਜ਼ਮੀ ਖ਼ੂਬੀ ਵਜੋਂ ਦੇਖਿਆ ਜਾ ਰਿਹਾ ਹੈ, ਇਹ ਮੰਨ ਕੇ ਚੱਲਿਆ ਜਾ ਰਿਹਾ ਹੈ ਕਿ ਕਿਸੇ ਕਾਲਜ/ਯੂਨੀਵਰਸਿਟੀ ਦੀ ਅਕਾਦਮਿਕ ਸਮਰੱਥਾ ਨੂੰ ਉਦੋਂ ਹੀ ਵਧਾਇਆ ਜਾ ਸਕਦਾ ਹੈ ਜਦੋਂ ਇਸ ਨੂੰ ਕਾਰਗੁਜ਼ਾਰੀ ਦੇ ਲਗਾਤਾਰ ਦਬਾਅ ਹੇਠ ਰੱਖਿਆ ਜਾਵੇ, ਦਰਜੇ ਜਾਂ ਮਨਘੜਤ ਨੰਬਰ ਦੇ ਮਗਰ ਲਾ ਕੇ ਰੱਖਿਆ ਜਾਵੇ ਤੇ ਦੂਜੀਆਂ ਸੰਸਥਾਵਾਂ ਨੂੰ ਹਰਾਇਆ ਜਾਵੇ।

ਵਿਦਿਆਰਥੀਆਂ ਤੇ ਅਧਿਆਪਕਾਂ ਸਣੇ ਭਾਵੇਂ ਕਈ ਦਰਜਾਬੰਦੀ ਦੇ ਇਸ 'ਵਿਗਿਆਨ' ਨਾਲ ਕਾਫੀ ਸਹਿਜ ਹਨ ਪਰ ਇਸ ਦੇ ਨੁਕਸਾਨਦੇਹ ਅਸਰਾਂ ਨੂੰ ਵੀ ਸਾਨੂੰ ਅਣਗੌਲਿਆਂ ਨਹੀਂ ਕਰਨਾ ਚਾਹੀਦਾ।

ਇਸ ਪ੍ਰਸੰਗ ਵਿਚ ਮੈਂ ਤਿੰਨ ਨੁਕਤੇ ਰੱਖਣਾ ਚਾਹਾਂਗਾ। ਪਹਿਲਾ, ਕਿਉਂਕਿ ਰੈਂਕਿੰਗ 'ਚ ਬਸ ਗਿਣਨਯੋਗ ਚੀਜ਼ ਨੂੰ ਹੀ ਮਹੱਤਵ ਦਿੱਤਾ ਜਾ ਰਿਹਾ ਹੈ, ਇਸ ਨਾਲ ਜੋ ਬੁਨਿਆਦੀ ਤੌਰ 'ਤੇ ਅਹਿਮ ਹੈ, ਉਸ ਦੀ ਕੀਮਤ ਵੀ ਡਿੱਗਦੀ ਜਾਂਦੀ ਹੈ; ਇਸ ਵਿਚ ਅਧਿਆਪਨ ਤੇ ਸਿੱਖਣ ਦਾ ਤਜਰਬਾ, ਅਧਿਆਪਕ-ਵਿਦਿਆਰਥੀ ਦੇ ਰਿਸ਼ਤੇ ਦਾ ਮਿਜ਼ਾਜ, ਕਾਲਜ/ਯੂਨੀਵਰਸਿਟੀ ਦਾ ਸੱਭਿਆਚਾਰਕ ਵਾਤਾਵਰਨ ਤੇ ਵਿਦਿਆਰਥੀ ਦੀ ਮਾਨਸਿਕ ਤੰਦਰੁਸਤੀ ਆਦਿ ਸ਼ਾਮਿਲ ਹਨ। ਤੁਹਾਡੇ ਸਾਹਮਣੇ ਇਹ ਸਥਿਤੀ ਹੈ: ਪ੍ਰੋਫੈਸਰ ਸਖ਼ਤ ਮਿਹਨਤ ਕਰਦੀ ਹੈ, ਚੰਗੀਆਂ ਲਾਇਬਰੇਰੀਆਂ ਵਿਚ ਜਾਂਦੀ ਹੈ, ਅਕਾਦਮਿਕ ਬਿਰਾਦਰੀ ਨਾਲ ਵਿਚਾਰ-ਵਟਾਂਦਰਾ ਕਰਦੀ ਹੈ, ਨਵਾਂ ਕੋਰਸ ਤਿਆਰ ਕਰਦੀ ਹੈ, ਖ਼ੂਬਸੂਰਤੀ ਨਾਲ ਪੜ੍ਹਾ ਕੇ ਨੌਜਵਾਨਾਂ ਵਿਦਿਆਰਥੀਆਂ ਨੂੰ ਗੰਭੀਰ ਚਿੰਤਨ ਦੀ ਚਿਣਗ ਲਾਉਂਦੀ ਹੈ; ਹਾਲਾਂਕਿ ਨਵੇਂ ਕੋਰਸ ਲਈ ਇਸ ਤੀਬਰ ਵਚਨਬੱਧਤਾ ਕਰ ਕੇ ਉਸ ਨੇ ਕੋਈ ਪੇਪਰ ਪ੍ਰਕਾਸ਼ਿਤ ਨਹੀਂ ਕੀਤਾ, ਜਾਂ ਕਹਿ ਲਓ ਕਿ ਉਸ ਨੇ ਕਿਸੇ ਕੌਮਾਂਤਰੀ ਕਾਨਫਰੰਸ ਵਿਚ ਹਿੱਸਾ ਨਹੀਂ ਲਿਆ। ਹੁਣ ਰੈਂਕਿੰਗ ਏਜੰਸੀ ਦੇ ਮਾਹਿਰਾਂ ਦੀਆਂ ਨਜ਼ਰਾਂ ਵਿਚ ਉਸ ਨੇ ਕੁਝ ਨਹੀਂ ਕੀਤਾ; ਉਸ ਦਾ ਯੋਗਦਾਨ ਸਿਫ਼ਰ ਹੈ ਕਿਉਂਕਿ ਉਸ ਦੀ ਬੌਧਿਕ ਕਿਰਤ ਨੂੰ ਤਾਂ ਮਿਣਿਆ ਹੀ ਨਹੀਂ ਜਾ ਸਕਦਾ। ਅਸਲ 'ਚ ਗਿਣਤੀ ਪ੍ਰਤੀ ਇਹ ਸਨਕ ਅਕਸਰ ਪ੍ਰਕਾਸ਼ਨਾਂ ਦੇ ਮਿਆਰ ਨੂੰ ਵੀ ਡੇਗ ਦਿੰਦੀ ਹੈ। ਇਸ ਲਈ ਬਿਹਤਰੀਨ 'ਨੈੱਟਵਰਕਿੰਗ' ਮੁਹਾਰਤ ਵਾਲਾ ਅਜਿਹਾ 'ਲਾਇਕ' ਪ੍ਰੋਫੈਸਰ ਲੱਭਣਾ ਅਸੰਭਵ ਨਹੀਂ ਹੈ ਜਿਸ ਨੇ ਇਕ ਸਮੈਸਟਰ ਵਿਚ ਸ਼ਾਇਦ ਪੰਜ ਖੋਜ ਪੱਤਰ ਪ੍ਰਕਾਸ਼ਿਤ ਕੀਤੇ ਹੋਣ, ਤਿੰਨ ਕੌਮਾਂਤਰੀ ਕਾਨਫਰੰਸਾਂ ਵਿਚ ਹਿੱਸਾ ਲਿਆ ਹੋਵੇ ਅਤੇ ਕਿਤਾਬ ਦਾ ਸੰਪਾਦਨ ਕੀਤਾ ਹੋਵੇ। ਉਸ ਦੇ ਖੋਜ ਕਾਰਜ ਦੀ ਗੁਣਵੱਤਾ ਬਾਰੇ ਨਾ ਪੁੱਛੋ। ਅੰਕੜੇ ਕਿਉਂਕਿ ਉਸ ਦੇ ਹੱਕ 'ਚ ਹਨ, ਇਸ ਲਈ ਉਹ ਸੰਜੀਦਾ ਅਧਿਆਪਕ ਨਾਲੋਂ ਵੱਧ ਮੁੱਲਵਾਨ ਹੈ। ਹਾਂ, ਖੋਜ ਕਾਰਜ ਦਾ ਹਲਕਾਪਣ ਜਾਂ ਸੁਹਿਰਦ ਕਾਰਜ ਵਜੋਂ ਅਧਿਆਪਨ ਦਾ ਡਿੱਗਦਾ ਮਿਆਰ, ਦਰਜਾਬੰਦੀ ਦੀ ਸਿਆਸਤ ਦੇ ਤਰਕ ਸਿੱਧ ਸਿੱਟੇ ਹਨ।

ਦੂਜਾ, ਰੈਂਕਿੰਗ ਦੀ ਸਨਕ ਫੈਕਲਟੀ ਨੂੰ ਮਸ਼ੀਨ ਬਣਨ ਵੱਲ ਮੋੜ ਦਿੰਦੀ ਹੈ ਜੋ ਲਗਾਤਾਰ 'ਰਿਸਰਚ ਪੇਪਰ' ਘੜ ਰਹੀ ਹੈ। ਜਿਹੜਾ ਉੱਚ ਸਿੱਖਿਆ ਨਾਲ ਸੁਹਿਰਦ ਹੋ ਕੇ ਜੁੜਿਆ ਹੈ, ਉਹ ਜਾਣਦਾ ਹੈ ਕਿ ਅਰਥਪੂਰਨ ਅਧਿਆਪਨ ਤੇ ਸੰਜੀਦਾ ਖੋਜ ਕਾਰਜਾਂ ਲਈ ਤਪਾਕ ਨਾਲ ਸੋਚ-ਵਿਚਾਰ ਤੇ ਚਿੰਤਨਸ਼ੀਲ ਪਲਾਂ ਦੀ ਲੋੜ ਪੈਂਦੀ ਹੈ; ਫੈਕਟਰੀ 'ਚ ਟੁੱਥ ਪੇਸਟ ਬਣਨ ਵਾਂਗ ਤੁਸੀਂ ਖੋਜ ਪੱਤਰ ਨਹੀਂ ਬਣਾ ਸਕਦੇ ਪਰ ਫਿਰ ਜੇ ਕੋਈ ਅਧਿਆਪਕ ਉਤੇ ਅਕਾਦਮਿਕ ਸੰਸਥਾ ਦੇ 'ਬਰਾਂਡ ਸੁਚੇਤ' ਮੁਖੀ ਵੱਲੋਂ ਖੋਜ ਪੱਤਰ ਪੈਦਾ ਕਰਨ ਹਵਾਲਾ ਇੰਡੈਕਸ ਸੰਭਾਲਣ, ਨਵੇਂ ਪ੍ਰੋਜੈਕਟ ਲੈਣ ਜਾਂ ਪੂੰਜੀਪਤੀਆਂ ਨਾਲ ਤਾਲਮੇਲ ਕਰਨ ਦਾ ਲਗਾਤਾਰ ਦਬਾਅ ਬਣਾਇਆ ਜਾਂਦਾ ਹੈ ਤਾਂ ਕਿ ਵਿਦਿਆਰਥੀਆਂ ਨੂੰ ਢੁੱਕਵੀ 'ਪਲੇਸਮੈਂਟ' ਮਿਲੇ ਤਾਂ ਉੱਥੇ ਪ੍ਰੋਫੈਸਰ ਅਤੇ ਸੇਲਜ਼ਮੈਨ ਵਿਚਾਲੇ ਕੋਈ ਜ਼ਿਆਦਾ ਫ਼ਰਕ ਨਹੀਂ ਰਹਿ ਜਾਂਦਾ।

ਤੇ ਆਖਰ 'ਚ, ਰੈਂਕਿੰਗ ਏਜੰਸੀਆਂ ਇਹ ਸਮਝਣ 'ਚ ਸ਼ਾਇਦ ਹੀ ਕਦੇ ਦਿਲਚਸਪੀ ਲੈਂਦੀਆਂ ਹੋਣਗੀਆਂ ਕਿ ਜਿਸ ਮਿਆਰ ਦੀ ਸਿੱਖਿਆ ਨੌਜਵਾਨ ਲੈ ਰਹੇ ਹਨ, ਕੀ ਉਹ ਉਨ੍ਹਾਂ 'ਚ ਕੋਈ ਬਦਲਾਓ ਵੀ ਲਿਆ ਰਹੀ ਹੈ ਜਾਂ ਨਹੀਂ, ਉਨ੍ਹਾਂ 'ਚ ਮਾਨਵਵਾਦੀ/ਅਧਿਆਤਮਕ ਭਾਵ ਪੈਦਾ ਕਰ ਰਹੀ ਹੈ ਜਾਂ ਨਹੀਂ, ਉਨ੍ਹਾਂ ਨੂੰ ਜੰਗਾਂ, ਨਫ਼ਰਤੀ ਰਾਸ਼ਟਰਵਾਦ, ਖੁੱਲ੍ਹੀ ਮੰਡੀ ਦੇ ਕੱਟੜਵਾਦ ਤੇ ਵਿਨਾਸ਼ਕ ਵਿਕਾਸਵਾਦ ਦਾ ਵਿਰੋਧ ਕਰਨ ਲਈ ਪ੍ਰੇਰਦੀ ਹੈ ਜਾਂ ਨਹੀਂ ਤੇ ਕੀ ਇਸ ਕਸ਼ਟ ਝੱਲ ਰਹੇ ਸੰਸਾਰ 'ਚ ਇਹ ਉਨ੍ਹਾਂ ਨੂੰ ਢੁੱਕਵੇਂ ਗਿਆਨ, ਹੁਨਰਾਂ ਤੇ ਰਾਜਨੀਤਕ-ਇਖ਼ਲਾਕੀ ਭਾਵਾਂ ਨਾਲ ਲੈਸ ਕਰਦੀ ਹੈ। ਇਹ ਜ਼ਰੂਰੀ ਨਹੀਂ ਕਿ ਕੋਈ 'ਟੌਪ ਰੈਂਕ' ਯੂਨੀਵਰਸਿਟੀ 'ਚੰਗੀ' ਯੂਨੀਵਰਸਿਟੀ ਵੀ ਹੋਵੇ। 'ਚੰਗੇ' ਹੋਣ ਤੋਂ ਮੇਰਾ ਅਤੇ ਤੁਹਾਡਾ ਮਤਲਬ ਹੈ- ਸੋਝੀ, ਸਨੇਹ ਅਤੇ ਦੇਖਭਾਲ ਦੇ ਸਦਾਚਾਰ ਨਾਲ ਗਿਆਨ ਦੀ ਕਾਸ਼ਤ ਕਰਨਾ।

ਉਂਝ, ਇਨ੍ਹਾਂ ਅਕਾਦਮਿਕ ਨੌਕਰਸ਼ਾਹਾਂ ਅਤੇ ਉਨ੍ਹਾਂ ਦੇ ਨਵ-ਉਦਾਰਵਾਦੀ ਮਾਲਕਾਂ ਨੂੰ ਕੌਣ ਦੱਸੇਗਾ ਕਿ ਪ੍ਰਕਾਸ਼ਨਾਂ, ਪੇਟੈਂਟਾਂ, ਕੌਮਾਂਤਰੀ ਕਾਨਫਰੰਸਾਂ ਅਤੇ ਪਲੇਸਮੈਂਟ ਬਿਰਤਾਂਤਾਂ ਦੀਆਂ ਗਿਣਤੀਆਂ-ਮਿਣਤੀਆਂ ਤੋਂ ਪਰ੍ਹੇ ਵੀ ਸਿੱਖਿਆ ਪ੍ਰਣਾਲੀ ਵਿਚ ਬਹੁਤ ਕੁਝ ਹੈ।

# ਪੂੰਜੀਵਾਦੀ ਵਿਕਾਸ ਅਤੇ ਧਰਤੀ ਦੀ ਤਬਾਹੀ

ਸਾਨੂੰ ਦੱਸਿਆ ਜਾ ਰਿਹਾ ਹੈ ਕਿ ਦੁਨੀਆ ਵਿਕਾਸ ਕਰ ਰਹੀ ਹੈ ਪਰ ਧਰਤੀ ਦੀ ਤਬਾਹੀ ਨੂੰ ਵਿਕਾਸ ਸਮਝਣਾ ਸਾਡਾ ਭਰਮ ਹੈ। ਹਕੀਕਤ ਵਿਚ ਇਹ ਵਿਕਾਸ ਪੂੰਜੀਵਾਦ ਦੀ ਹਵਸ ਲਈ ਹੈ। ਇਸ ਅਖੌਤੀ ਵਿਕਾਸ ਵਿਚ ਬਹੁਤ ਕੁਝ ਤਬਾਹ ਹੋ ਰਿਹਾ ਹੈ। ਇਸ ਤਬਾਹੀ ਵਿਚੋਂ ਮਨੁੱਖ ਆਪਣੇ ਸੁਨਿਹਰੀ ਭਵਿੱਖ ਦੇ ਸੁਫਨੇ ਦੇਖ ਰਿਹਾ ਹੈ ਜਦਕਿ ਇਹ ਉਸ

ਗੁਰਚਰਨ ਸਿੰਘ ਨੂਰਪੁਰ
ਫੋਨ: +91-98550-51099

ਦੀ ਭੁੱਲ ਹੈ। ਅਸੀਂ ਕਿਹੋ ਜਿਹੀ ਦੁਨੀਆ ਦੀ ਸਿਰਜਣਾ ਵੱਲ ਵਧ ਰਹੇ ਹਾਂ, ਇਸ ਲਈ ਵੱਡੇ ਚਿੰਤਨ ਦੀ ਲੋੜ ਹੈ। ਜਿਸ ਸੰਸਾਰ ਦੀ ਅਸੀਂ ਸਿਰਜਣਾ ਕਰ ਰਹੇ ਹਾਂ, ਉਸ ਵਿਚ ਧਰਤੀ ਦੇ ਜੰਗਲਾਂ ਦੀ ਤਬਾਹੀ, ਪਾਣੀਆਂ ਦੀ ਬਰਬਾਦੀ, ਪਹਾੜਾਂ ਦਾ ਸਫਾਇਆ, ਖਾਣਾਂ ਪੁੱਟ-ਪੁੱਟ ਕੇ ਧਰਤੀ ਦੇ ਬਹੁਮੁੱਲੇ ਖਣਿਜਾਂ ਦੀ ਖੋਹਾ-ਖੋਹੀ ਹੈ। ਤੇਲ ਦੇ ਭੰਡਾਰਾਂ 'ਤੇ ਕਬਜ਼ੇ, ਪਰਮਾਣੂ, ਹਾਈਡ੍ਰੋਜਨ ਹਥਿਆਰਾਂ ਦੇ ਜ਼ਖੀਰੇ, ਨਸ਼ਿਆਂ ਦਾ ਕਾਰੋਬਾਰ ਤੇ ਧਰਤੀ ਦੇ ਜੈਵ ਚੱਕਰ ਨੂੰ ਤਬਾਹ ਕਰਨ ਲਈ ਜ਼ਹਿਰਾਂ ਸਪਰੇਆਂ ਹਨ। ਧਰਤੀ, ਹਵਾ ਤੇ ਪਾਣੀ ਦਾ ਪ੍ਰਦੂਸ਼ਣ ਹੈ ਜਿਸ ਨੇ ਧਰਤੀ ਦੇ ਸੁਹੱਪਣ ਨੂੰ ਦਾਗਦਾਰ ਕਰ ਦਿੱਤਾ ਹੈ। ਇਸ ਨਾਲ ਜੀਵਨ ਲਈ ਵੱਡੇ ਖਤਰੇ ਪੈਦਾ ਹੋ ਗਏ ਹਨ। ਸਵਾਲ ਹੈ: ਇਹ ਸਭ ਕੁਝ ਕਿਸ ਨੇ ਪੈਦਾ ਕੀਤਾ? ਜਵਾਬ ਹੈ: ਮਨੁੱਖੀ ਹਵਸ ਨੇ। ਅਸੀਂ ਇਸ ਭਰਮ ਵਿਚ ਹਾਂ ਕਿ ਸੰਸਾਰ ਭਰ ਦੀਆਂ ਸਰਕਾਰਾਂ ਲੋਕ ਨੁਮਾਇੰਦੇ ਚਲਾਉਂਦੇ ਹਨ ਅਤੇ ਸਰਕਾਰਾਂ ਇਸ ਸੰਸਾਰ ਨੂੰ ਚਲਾਉਂਦੀਆਂ ਹਨ ਪਰ ਹਕੀਕਤ ਇਹ ਹੈ ਕਿ ਇਸ ਦੁਨੀਆ ਨੂੰ ਕਾਰਪੋਰੇਟ ਜਗਤ ਚਲਾ ਰਿਹਾ ਹੈ।

ਪੂੰਜੀਵਾਦੀ ਕਾਰਪੋਰੇਸ਼ਨਾਂ ਦੇ ਉਜਾੜੇ ਨਾਲ ਦੁਨੀਆ ਵਿਚ ਅਜਿਹੀਆਂ ਅਲਾਮਤਾਂ ਪੈਦਾ ਹੋ ਰਹੀਆਂ ਹਨ ਜੋ ਧਰਤੀ ਦੀ ਤਬਾਹੀ ਦਾ ਕਾਰਨ ਬਣ ਰਹੀਆਂ ਹਨ। ਇਨ੍ਹਾਂ ਨੀਤੀਆਂ ਨੇ ਜਿੱਥੇ ਦੁਨੀਆ ਭਰ ਵਿਚ ਜਨਤਕ ਅਦਾਰੇ ਖਤਮ ਕਰ ਦਿੱਤੇ ਹਨ, ਉੱਥੇ ਅਜਿਹੇ ਕਰੂਰ ਹਾਲਾਤ ਪੈਦਾ ਕਰ ਦਿੱਤੇ ਹਨ ਕਿ 21ਵੀਂ ਸਦੀ ਵਿਚ ਵੀ ਧਰਤੀ ਦੇ ਕਰੋੜਾਂ ਲੋਕ ਭੁੱਖ ਨਾਲ ਮਰ ਰਹੇ ਹਨ। ਕਰੋੜਾਂ ਲੋਕ ਹਨ ਜਿਨ੍ਹਾਂ ਕੋਲ ਪੀਣ ਵਾਲਾ ਪਾਣੀ ਨਹੀਂ। ਲੱਖਾਂ ਲੋਕ ਬਿਮਾਰੀਆਂ ਨਾਲ ਘੁਲਦੇ ਨਰਕ ਭਰਿਆ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਇਨ੍ਹਾਂ ਅੰਦਰ ਕਾਰਪੋਰੇਟ ਹਸਪਤਾਲਾਂ ਵਿਚ ਜਾ ਕੇ ਆਪਣਾ ਇਲਾਜ ਕਰਾਉਣ ਦੀ ਆਰਥਿਕ ਸੱਤਿਆ ਨਹੀਂ।

ਪੂਰੀ ਦੁਨੀਆ ਵਿਚ ਜੇ ਅੱਜ ਵਾਤਾਵਰਨ ਦੀ ਤਬਾਹੀ ਦੀ ਹਾਲ ਪਾਹਰਿਆ ਹੈ ਤਾਂ ਇਸ ਲਈ ਜ਼ਿੰਮੇਵਾਰ ਪੂੰਜੀਵਾਦੀ ਨੀਤੀਆਂ ਹਨ ਜਿਨ੍ਹਾਂ 'ਤੇ ਚੱਲਦਿਆਂ ਜੰਗਲ ਤਬਾਹ ਕੀਤੇ ਜਾ ਰਹੇ ਹਨ। ਧਰਤੀ 'ਤੇ ਕੂੜੇ ਦੇ ਢੇਰ ਹਰ ਦਿਨ ਵਧ ਰਹੇ ਹਨ। ਸਮੁੰਦਰ ਦੇ ਪਾਣੀਆਂ ਵਿਚ ਪਲਾਸਟਿਕ ਕਚਰੇ ਦੇ ਟਾਪੂ ਬਣ ਰਹੇ ਹਨ। ਇਹ ਕਚਰਾ ਜਿੱਥੇ ਸਮੁੰਦਰੀ ਜੀਵਾਂ ਦੀ ਜਾਨ ਦਾ ਖੌਅ ਬਣ ਰਿਹਾ ਹੈ, ਉੱਥੇ ਇਸ ਨਾਲ ਸਮੁੰਦਰੀ ਜੀਵਾਂ 'ਤੇ ਨਿਰਭਰ ਲੱਖਾਂ ਲੋਕਾਂ ਦੀ ਸਿਹਤ ਲਈ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ।

ਭਵਿੱਖ ਵਿਚ ਤੇਲ ਦੀ ਆਰਥਿਕ ਸਰਦਾਰੀ ਖ਼ੁਸ ਜਾਵੇਗੀ ਜਿਸ ਨਾਲ ਦੁਨੀਆ ਵਿਚ ਵੱਡੀਆਂ ਤਬਦੀਲੀਆਂ ਆਉਣਗੀਆਂ। ਤੇਲ 'ਤੇ ਨਿਰਭਰਤਾ ਖਤਮ ਹੋਣ ਨਾਲ ਦੁਨੀਆ ਨਵੇਂ ਦੌਰ ਵਿਚ ਪ੍ਰਵੇਸ਼ ਕਰ ਰਹੀ ਹੈ ਜਿਸ ਲਈ ਕਾਰਪੋਰੇਟ ਲਾਬੀ ਹੁਣ ਤੋਂ ਹੀ ਸਰਗਰਮ ਹੈ। ਭਵਿੱਖ ਵਿਚ ਮੋਬਾਈਲ ਨੈੱਟਵਰਕ, ਸੰਚਾਰ ਸਾਧਨ, ਇੰਟਰਨੈੱਟ ਦੀ ਦੁਨੀਆ, ਖਾਣ ਪੀਣ, ਦਫ਼ਤਰੀ ਕੰਮਕਾਜ ਆਦਿ ਸਭ ਕੁਝ ਤੇਜ਼ੀ ਨਾਲ ਬਦਲ ਰਿਹਾ ਹੈ। ਇਸ ਨੂੰ ਪੂੰਜੀਪਤੀ ਕੰਪਨੀਆਂ ਨੇ ਬਹੁਤ ਚੰਗੀ ਤਰ੍ਹਾਂ ਤਾੜ ਲਿਆ ਹੈ। ਇੰਟਰਨੈੱਟ, ਦੂਰਸੰਚਾਰ, ਆਟੋਮੋਬੀਲ ਅਤੇ ਤੇਲ ਦੇ ਕਾਰੋਬਾਰ ਤੋਂ ਮੋਟੀਆਂ ਕਮਾਈਆਂ ਹੁੰਦੀਆਂ ਸਨ। ਉਹ ਜਾਣ ਗਈਆਂ ਹਨ ਕਿ ਭਵਿੱਖ ਵਿਚ ਸਪੇਸਐਕਸ, ਸਟਾਰਲਿੰਕ ਅਤੇ ਟੈਸਲਾ ਮੋਟਰ ਜਿਹੀਆਂ ਕੰਪਨੀਆਂ ਦੀ ਸਰਦਾਰੀ ਕਰ ਕੇ ਉਨ੍ਹਾਂ ਦੇ ਇਹ ਕਾਰੋਬਾਰ ਖੁੱਸ ਜਾਣਗੇ। ਇਸ ਲਈ ਇਨ੍ਹਾਂ ਖੇਤਰਾਂ ਵਿਚ ਕੰਮ ਕਰਦੀਆਂ ਕੰਪਨੀਆਂ ਦਾ ਸਾਰਾ ਜ਼ੋਰ ਵੱਧ ਤੋਂ ਵੱਧ ਜ਼ਮੀਨਾਂ ਹਥਿਆਉਣ, ਬੀਜਾਂ, ਦਵਾਈਆਂ, ਅਨਾਜ ਅਤੇ ਮੰਡੀਆਂ, ਰੇਲਾਂ, ਅਨਾਜ ਦੀ ਢੋਆ-ਢੋਆਈ ਲਈ ਸੜਕਾਂ ਦੇ ਜਾਲ 'ਤੇ ਗਲਬਾ ਪਾਉਣ ਲਈ ਲੱਗਾ ਹੋਇਆ ਹੈ। ਕਾਰਪੋਰੇਟ ਦੁਨੀਆ ਭਰ ਵਿਚ ਕਿਸੇ ਵੀ ਢੰਗ ਨਾਲ ਜ਼ਮੀਨਾਂ 'ਤੇ ਕਾਬਜ਼ ਹੋਣ ਲਈ ਯਤਨਸ਼ੀਲ ਹਨ।

ਸਾਨੂੰ ਸਮਝਣਾ ਪਵੇਗਾ ਕਿ ਕਾਰਪੋਰੇਟ ਪੂੰਜੀਪਤੀਆਂ ਦੀ ਆਪਸੀ ਮੁਕਾਬਲੇਬਾਜ਼ੀ ਵੀ ਚੱਲਦੀ ਰਹਿੰਦੀ ਹੈ। ਜਿੱਥੇ ਕੁਝ ਪੂੰਜੀਪਤੀ ਦੁਨੀਆ ਦੇ ਪੁਲਾੜ ਖੇਤਰ, ਇੰਟਰਨੈੱਟ ਅਤੇ ਆਟੋਮੋਬੀਲ ਖੇਤਰ ਵਿਚ ਕਾਬਜ਼ ਹੋ ਰਹੇ ਹਨ ਉਥੇ ਇਨ੍ਹਾਂ ਖੇਤਰਾਂ ਤੋਂ ਬਾਹਰ ਹੋ ਰਹੀਆਂ ਕੰਪਨੀਆਂ ਦਾ ਅਗਲਾ ਮਿਸ਼ਨ ਮਨੁੱਖ ਦੀ ਭੁੱਖ ਤੋਂ ਮੋਟੀਆਂ ਕਮਾਈਆਂ ਕਰਨਾ ਹੈ। ਇਸ ਸਬੰਧੀ ਖੋਜਾਂ ਹੋ ਰਹੀਆਂ ਹਨ ਕਿ ਮਨੁੱਖ ਦੇ ਖਾਣੇ ਦੇ ਸਵਾਦ ਨੂੰ ਸਮਝਿਆ ਜਾਵੇ। ਪੂਰੀ ਦੁਨੀਆ ਵਿਚ ਖਾਣੇ ਦਾ ਰਵਾਇਤੀ ਢੰਗ ਬਦਲ ਰਿਹਾ ਹੈ। ਛੋਟੇ ਵੱਡੇ ਸ਼ਹਿਰਾਂ ਵਿਚ ਮੈਕਡੌਨਲ, ਸਬਵੇਅ, ਬਰਿਸਟਾ, ਕੇ.ਐਫ.ਸੀ. ਵਰਗੀਆਂ ਕੰਪਨੀਆਂ ਕਰੋੜਾਂ ਰੁਪਏ ਖਰਚ ਕੇ ਆਪਣੇ ਸੈਂਟਰ ਸਥਾਪਤ ਕਰ ਰਹੀਆਂ ਹਨ। ਆਨਲਾਈਨ ਆਰਡਰ ਕਰਨ ਨਾਲ ਖਾਣਾ ਮੰਗਵਾਉਣ ਅਤੇ ਖਾਣ ਦਾ ਰੁਝਾਨ ਵਧ ਜਾਵੇਗਾ। ਦੁਨੀਆ ਭਰ ਵਿਚ ਰੋਟੀ ਵੱਡੀ ਸਨਅਤ ਬਣ ਰਹੀ ਹੈ। ਸਾਡੀ ਰਸੋਈ ਸਾਡੇ ਦੇਖਦਿਆਂ-ਦੇਖਦਿਆਂ ਸਾਡੇ ਘਰਾਂ 'ਚੋਂ ਗਾਇਬ ਹੋ ਜਾਵੇਗੀ। ਭਵਿੱਖ ਵਿਚ ਅਜਿਹੀ ਵਿਵਸਥਾ ਬਣਾ ਦਿੱਤੀ ਜਾਵੇਗੀ ਕਿ ਸਾਨੂੰ ਇਹ ਲੱਗਣ ਲੱਗੇਗਾ ਕਿ ਘਰ ਖਾਣਾ ਬਣਾਉਣ ਨਾਲੋਂ ਬਾਹਰ ਦਾ ਖਾਣਾ ਸਸਤਾ ਪੈਂਦਾ ਹੈ। ਖਾਣ-ਪੀਣ ਦੀਆਂ ਆਦਤਾਂ ਤਬਦੀਲ ਹੋ ਜਾਣਗੀਆਂ। ਇਸ ਨਾਲ ਜਿੱਥੇ ਸਿਹਤ ਸਮੱਸਿਆਵਾਂ ਗੰਭੀਰ ਹੋਣਗੀਆਂ ਉਥੇ ਸਾਡਾ ਤੰਦਰੁਸਤ ਰਹਿਣ ਲਗਭਗ ਅਸੰਭਵ ਹੋ ਜਾਵੇਗਾ ਤੇ ਵਾਤਾਵਰਨ ਸੰਕਟ ਹੋਰ ਭਿਆਨਕ ਬਣੇਗਾ। ਸਾਡੀਆਂ ਲੋੜਾਂ ਹੋਣ ਜਾਂ ਸੰਕਟ, ਕਾਰਪੋਰੇਟ ਜਗਤ ਦੋਹਾਂ ਹਾਲਤਾਂ ਵਿਚ ਹੀ ਲੋਕਾਂ ਤੋਂ ਕਮਾਈ ਕਰਨੀ ਜਾਣਦਾ ਹੈ। ਘਰਾਂ ਵਿਚ ਬਣਦੇ ਖਾਣੇ ਦੀ ਰਹਿੰਦ-ਖੂੰਹਦ ਖੇਤਾਂ ਜਾਂ ਪਸ਼ੂਆਂ ਦੇ ਕੰਮ ਆਉਂਦੀ ਹੈ ਪਰ ਕੰਪਨੀਆਂ ਖਾਣੇ ਦੀ ਪੈਕਿੰਗ ਲਈ ਜੋ ਸਾਮਾਨ ਵਰਤਦੀਆਂ ਹਨ, ਉਹ ਭਵਿੱਖ ਵਿਚ ਵਾਤਾਵਰਨ ਲਈ ਹੋਰ ਵੱਡੇ ਸੰਕਟ ਦਾ ਕਾਰਨ ਬਣੇਗਾ। ਇਨ੍ਹਾਂ ਖਾਣਿਆਂ ਦੀ ਪੈਕਿੰਗ ਦਾ ਕੂੜਾ ਵਧਦਾ ਜਾਵੇਗਾ।

ਉਪਜਾਊ ਅਤੇ ਖਣਿਜ ਪਦਾਰਥ ਪੈਦਾ ਕਰਨ ਵਾਲੀਆਂ ਜ਼ਮੀਨਾਂ 'ਤੇ ਕਬਜ਼ੇ ਕਰਨ ਲਈ ਕਾਰਪੋਰੇਟ ਲਾਬੀ ਪਿਛਲੇ ਅਰਸੇ ਤੋਂ ਸਰਗਰਮੀ ਨਾਲ ਕੰਮ ਕਰ ਰਹੀ ਹੈ। ਦੁਨੀਆ ਦੇ ਵੱਖ-ਵੱਖ ਖਿੱਤਿਆਂ ਵਿਚ ਜ਼ਮੀਨਾਂ ਹਥਿਆਉਣ ਲਈ ਵਾਤਾਵਰਨ ਤਬਾਹ ਕੀਤਾ ਜਾ ਰਿਹਾ ਹੈ। ਜੰਗਲ ਸਾੜੇ ਜਾ ਰਹੇ ਹਨ। ਕਬਾਇਲੀ ਇਲਾਕਿਆਂ ਵਿਚ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਲੋਕਾਂ ਨੂੰ ਉਜਾੜਿਆ ਜਾ ਰਿਹਾ ਹੈ। ਇਲਜ਼ਾਮ ਇਹ ਲਾਇਆ ਜਾਂਦਾ ਕਿ ਇਹ ਲੋਕ ਵਿਕਾਸ ਵਿਚ ਰੋੜਾ ਬਣਦੇ ਹਨ।

ਸਾਡੀ ਧਰਤੀ ਯੁੱਗਾਂ-ਯੁਗਾਂਤਰਾਂ ਤੋਂ ਸਾਨੂੰ ਪਾਲ ਅਤੇ ਸੰਭਾਲ ਰਹੀ ਹੈ; ਇਹ ਇੱਥੇ ਰਹਿਣ ਵਾਲੇ ਹਰ ਮਨੁੱਖ ਲਈ ਸਾਫ ਪਾਣੀ ਤੇ ਚੰਗੀ ਖੁਰਾਕ ਪੈਦਾ ਕਰਨ ਦੇ ਸਮਰੱਥ ਹੈ। ਫਿਰ ਉਹ ਕਿਹੜੀਆਂ ਧਿਰਾਂ ਹਨ ਜੋ ਇਸ ਦੀ ਤਬਾਹੀ ਕਰ ਰਹੀਆਂ ਹਨ, ਉਨ੍ਹਾਂ ਦੀ ਸ਼ਨਾਖਤ ਕਰਨ ਦੀ ਲੋੜ ਹੈ। ਹਰ ਇੱਕ ਨੂੰ ਆਪਣਾ ਕਾਰੋਬਾਰ ਕਰਨ ਦਾ ਅਧਿਕਾਰ ਹੈ ਪਰ ਇਹ ਕਾਰੋਬਾਰ ਹਵਾ, ਪਾਣੀ ਤੇ ਮਿੱਟੀ ਦੀ ਬਰਬਾਦੀ ਦੀ ਕੀਮਤ 'ਤੇ ਨਹੀਂ ਹੋਣੇ ਚਾਹੀਦੇ।

ਅੱਜ ਇਹ ਵਿਚਾਰਨ ਦੀ ਲੋੜ ਹੈ ਕਿ ਕਾਰਪੋਰੇਟ ਵਿਕਾਸ ਮਾਡਲ ਨਾਲ ਦੁਨੀਆ ਦਾ ਭਲਾ ਨਹੀਂ ਹੋ ਸਕਦਾ। ਇਹ ਵਿਕਾਸ ਮਾਡਲ ਧਰਤੀ ਦੀ ਤਬਾਹੀ ਲਿਖ ਰਿਹਾ ਹੈ। ਇਹ ਉਹ ਵਿਕਾਸ ਮਾਡਲ ਹੈ ਜਿਸ ਵਿਚ ਦੁਨੀਆ ਦਾ ਪੈਸਾ ਕੁਝ ਹੱਥਾਂ ਤੱਕ ਸੀਮਤ ਹੋ ਰਿਹਾ ਹੈ। ਇਹ ਵਿਕਾਸ ਮਾਡਲ ਇੰਨਾ ਭਿਆਨਕ ਹੈ ਕਿ ਇਹ ਲੋਕਾਂ ਦੇ ਰੁਜ਼ਗਾਰ ਹੀ ਨਹੀਂ ਰੁਜ਼ਗਾਰ ਪੈਦਾ ਕਰਨ ਵਾਲੀਆਂ ਸੰਸਥਾਵਾਂ ਨੂੰ ਹੀ ਨਿਗਲ ਰਿਹਾ ਹੈ। ਬੇਰੁਜ਼ਗਾਰਾਂ ਲਈ ਨੌਕਰੀਆਂ ਨਹੀਂ; ਨੌਕਰੀ ਵਾਲਿਆਂ ਨੂੰ ਡਰ ਹੈ ਕਿ ਉਨ੍ਹਾਂ ਦਾ ਰੁਜ਼ਗਾਰ ਖੁੱਸ ਸਕਦਾ ਹੈ। ਅੱਜ ਸਮਾਂ ਮੰਗ ਕਰਦਾ ਹੈ ਕਿ ਦੁਨੀਆ ਭਰ ਦੇ ਲੋਕਾਂ ਨੂੰ ਇਸ ਵਿਸ਼ੇ 'ਤੇ ਲਿਖਣ, ਬੋਲਣ, ਇਨ੍ਹਾਂ ਵਰਤਾਰਿਆਂ ਨੂੰ ਸਮਝਣ ਤੇ ਜਾਗਰੂਕ ਹੋਣ ਦੀ ਬਹੁਤ ਵੱਡੀ ਲੋੜ ਹੈ।

**ਭਾਰਤੀ ਵਿਦੇਸ਼ ਸੇਵਾ (ਆਈ.ਐੱਫ.ਐੱਸ.) ਦੇ ਮੁੱਢਲੇ ਰੰਗਰੂਟ ਕਿੰਨੇ ਇਨਸਾਨਪ੍ਰਸਤ ਅਤੇ ਜਾਂਬਾਜ਼ ਸਨ, ਅਜਿਹੇ ਡਿਪਲੋਮੈਟਾਂ ਦੀਆਂ ਪ੍ਰਾਪਤੀਆਂ ਅਤੇ ਭਾਰਤੀ ਵਿਦੇਸ਼ ਸੇਵਾ ਦੇ ਮੁੱਢਲੇ ਦਿਨਾਂ ਦੀ ਜੱਦੋਜਹਿਦ ਤੇ ਲਾਚਾਰੀਆਂ-ਮਜਬੂਰੀਆਂ ਦੀ ਦਾਸਤਾਨ ਪੇਸ਼ ਕਰਦੀ ਹੈ ਕਾਲੋਲ ਭੱਟਾਚਾਰਜੀ ਦੀ ਨਵੀਂ ਕਿਤਾਬ 'ਨਹਿਰੂ'ਜ਼ ਫਸਟ ਰੈਕਰੂਟਸ'। ਬੁਨਿਆਦੀ ਤੌਰ 'ਤੇ 1957 ਵਿਚ ਪ੍ਰਕਾਸ਼ਿਤ ਸਰਕਾਰੀ ਪੁਸਤਕ 'ਦਿ ਹਿਸਟਰੀ ਆਫ ਸਰਵਿਸਿਜ਼' ਵਿਚਲੀ ਜਾਣਕਾਰੀ ਉਤੇ ਆਧਾਰਿਤ ਹੋਣ ਦੇ ਬਾਵਜੂਦ ਕਾਲੋਲ ਭੱਟਾਚਾਰਜੀ ਦੀ ਕਿਤਾਬ ਇਨ੍ਹਾਂ 'ਰੰਗਰੂਟਾਂ' ਦੇ ਕਰਤਬਾਂ ਤੇ ਕਾਰਨਾਮਿਆਂ ਦਾ ਖ਼ੁਲਾਸਾ ਬੜੇ ਪੁਰਕਸ਼ਿਸ਼ ਅੰਦਾਜ਼ ਵਿਚ ਪੇਸ਼ ਕਰਦੀ ਹੈ। ਇਹ ਖੁਲਾਸੇ ਬੜੇ ਦਿਲਚਸਪ ਹਨ ਅਤੇ ਇਨ੍ਹਾਂ ਤੋਂ ਉਨ੍ਹਾਂ ਵਕਤਾਂ ਦੀ ਤਾਸੀਰ ਦੀ ਕਨਸੋਅ ਵੀ ਮਿਲਦੀ ਹੈ। ਇਨ੍ਹਾਂ ਵਕਤਾਂ ਬਾਰੇ ਵਿਸਥਾਰ ਸਹਿਤ ਚਰਚਾ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਤੇਜ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

# ਭਾਰਤੀ ਵਿਦੇਸ਼ ਸੇਵਾ ਦੀ ਜਨਮ ਕਹਾਣੀ

ਪੂਰਬੀ ਯੂਰਪੀ ਮੁਲਕ ਹੰਗਰੀ ਵਿਚ ਪਹਿਲੀਆਂ ਆਜ਼ਾਦ ਜਮਹੂਰੀ ਚੋਣਾਂ 1990-91 ਵਿਚ ਹੋਈਆਂ ਜਿਨ੍ਹਾਂ ਰਾਹੀਂ ਆਰਪਦ ਗੌਂਚ ਰਾਸ਼ਟਰਪਤੀ ਚੁਣੇ ਗਏ। ਉਹ 1991 ਵਿਚ ਭਾਰਤ ਦੇ ਸਰਕਾਰੀ ਦੌਰੇ 'ਤੇ ਆਏ। ਦਿੱਲੀ ਪੁੱਜਣ ਤੋਂ ਇੱਕ ਦਿਨ ਬਾਅਦ ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਦੇ ਪ੍ਰੋਟੋਕੋਲ ਅਫਸਰ ਨੂੰ ਕਿਹਾ ਕਿ ਉਹ ਸਾਬਕਾ ਡਿਪਲੋਮੈਟ ਮੁਹੰਮਦ ਅਤਾਉਰ ਰਹਿਮਾਨ ਨੂੰ ਮਿਲਣਾ ਚਾਹੁੰਦੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਨੂੰ ਇਸ ਤੋਂ ਹੈਰਾਨੀ ਹੋਣੀ ਸੁਭਾਵਿਕ ਹੀ ਸੀ। ਰਹਿਮਾਨ 1985 ਵਿਚ



ਭਾਰਤੀ ਵਿਦੇਸ਼ ਸੇਵਾ (ਆਈ.ਐੱਫ.ਐੱਸ.) ਤੋਂ ਰਿਟਾਇਰ ਹੋ ਚੁੱਕੇ ਸਨ। ਵਿਦੇਸ਼ੀ ਮਹਿਮਾਨ ਦੀ ਮੰਗ ਟਾਲੀ ਨਹੀਂ ਸੀ ਜਾ ਸਕਦੀ, ਇਸ ਲਈ ਰਹਿਮਾਨ ਨਾਲ

**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਸੰਪਰਕ ਕਰ ਕੇ ਉਨ੍ਹਾਂ ਨੂੰ ਰਾਸ਼ਟਰਪਤੀ ਭਵਨ ਪੁੱਜਣ ਲਈ ਕਿਹਾ ਗਿਆ ਜਿੱਥੇ ਆਰਪਦ ਗੌਂਚ ਠਹਿਰੇ ਹੋਏ ਸਨ ਪਰ ਗੌਂਚ ਨੇ ਇਹ ਸੁਣ ਕੇ ਕਿਹਾ ਕਿ ਉਹ ਰਹਿਮਾਨ ਨੂੰ ਉਨ੍ਹਾਂ ਦੇ ਘਰ ਜਾ ਕੇ ਮਿਲਣਗੇ, ਰਾਸ਼ਟਰਪਤੀ ਭਵਨ 'ਚ ਨਹੀਂ। ਵਿਦੇਸ਼ ਮੰਤਰਾਲੇ ਨੂੰ ਇਹ ਮੰਗ ਪੂਰੀ ਕਰਨ ਅਤੇ ਰਹਿਮਾਨ ਦੇ ਘਰ ਨੂੰ ਵਿਦੇਸ਼ੀ ਮਹਿਮਾਨ ਵਾਸਤੇ ਸੁਰੱਖਿਅਤ ਬਣਾਉਣ ਲਈ ਅੱਛਾ-ਖ਼ਾਸਾ ਤਰੱਦਦ ਕਰਨਾ ਪਿਆ।

ਗੌਂਚ ਨੇ ਵਸੰਤ ਵਿਹਾਰ ਸਥਿਤ ਘਰ ਵਿਚ ਪੁੱਜਣ 'ਤੇ ਪਹਿਲਾਂ ਰਹਿਮਾਨ ਦੇ ਪੈਰੀਂ ਹੱਥ ਲਾਏ ਅਤੇ ਫਿਰ ਉਨ੍ਹਾਂ ਨੂੰ ਦੱਸਿਆ ਕਿ ਉਹ ਉਹੀ ਬੰਦਾ ਹੈ ਜਿਸ ਨੂੰ 1956 ਵਿਚ ਰਹਿਮਾਨ ਨੇ ਬੁਡਾਪੈਸਟ ਸਥਿਤ ਭਾਰਤੀ ਦੂਤਘਰ ਵਿਚ ਤਿੰਨ ਦਿਨਾਂ ਲਈ ਪਨਾਹ ਦਿੱਤੀ ਸੀ ਅਤੇ ਫਿਰ ਦੂਤਘਰ ਦੀ ਕਾਰ ਰਾਹੀਂ ਆਸਟ੍ਰੀਆ ਪਹੁੰਚਾਇਆ ਸੀ। ਇਸ ਘਟਨਾ ਤੋਂ ਤਿੰਨ ਵਰ੍ਹੇ ਬਾਅਦ ਗੌਂਚ ਦੀ ਧੀ ਕਿੰਗਾ ਗੌਂਚ ਨੇ ਵੀ ਹੰਗਰੀ ਦੀ ਵਿਦੇਸ਼ ਮੰਤਰੀ ਵਜੋਂ ਆਪਣੇ ਪਹਿਲੀ ਭਾਰਤ ਫੇਰੀ ਦੌਰਾਨ ਰਹਿਮਾਨ ਦੇ ਘਰ ਜਾਣਾ ਅਤੇ ਉਨ੍ਹਾਂ ਦੀ ਦੇਹਲੀ ਦੀ ਧੂੜ ਆਪਣੇ ਮੱਥੇ ਲਾਉਣਾ ਆਪਣਾ ਸੁਭਾਗ ਦੱਸਿਆ।


ਇਹ ਕਹਾਣੀ ਦਰਸਾਉਂਦੀ ਹੈ ਕਿ ਭਾਰਤੀ ਵਿਦੇਸ਼ ਸੇਵਾ (ਆਈ.ਐੱਫ.ਐੱਸ.) ਦੇ ਮੁੱਢਲੇ ਰੰਗਰੂਟ ਕਿੰਨੇ ਇਨਸਾਨਪ੍ਰਸਤ ਅਤੇ ਜਾਂਬਾਜ਼ ਸਨ। ਅਜਿਹੇ ਡਿਪਲੋਮੈਟਾਂ ਦੀਆਂ ਪ੍ਰਾਪਤੀਆਂ ਅਤੇ ਭਾਰਤੀ ਵਿਦੇਸ਼ ਸੇਵਾ ਦੇ ਮੁੱਢਲੇ ਦਿਨਾਂ ਦੀ ਜੱਦੋਜਹਿਦ ਤੇ ਲਾਚਾਰੀਆਂ-ਮਜਬੂਰੀਆਂ ਦੀ ਦਾਸਤਾਨ ਪੇਸ਼ ਕਰਦੀ ਹੈ ਕਾਲੋਲ ਭੱਟਾਚਾਰਜੀ ਦੀ ਨਵੀਂ ਕਿਤਾਬ 'ਨਹਿਰੂ'ਜ਼ ਫਸਟ ਰੈਕਰੂਟਸ'। ਬੁਨਿਆਦੀ ਤੌਰ 'ਤੇ 1957 ਵਿਚ ਪ੍ਰਕਾਸ਼ਿਤ ਸਰਕਾਰੀ ਪੁਸਤਕ 'ਦਿ ਹਿਸਟਰੀ ਆਫ ਸਰਵਿਸਿਜ਼' ਵਿਚਲੀ ਜਾਣਕਾਰੀ ਉਤੇ ਆਧਾਰਿਤ ਹੋਣ ਦੇ ਬਾਵਜੂਦ ਭੱਟਾਚਾਰਜੀ ਦੀ ਕਿਤਾਬ ਇਨ੍ਹਾਂ 'ਰੰਗਰੂਟਾਂ' ਦੇ ਕਰਤਬਾਂ ਤੇ ਕਾਰਨਾਮਿਆਂ ਦਾ ਖ਼ੁਲਾਸਾ ਬੜੇ ਪੁਰਕਸ਼ਿਸ਼ ਅੰਦਾਜ਼ ਵਿਚ ਪੇਸ਼ ਕਰਦੀ ਹੈ।

ਭਾਰਤੀ ਅਫਸਰਸ਼ਾਹੀ ਦੀਆਂ ਤਿੰਨ ਸੇਵਾਵਾਂ ਨੂੰ ਆਲ ਇੰਡੀਆ ਸਿਵਲ ਸਰਵਿਸਿਜ਼ ਦਾ ਰੁਤਬਾ ਹਾਸਿਲ ਹੈ। ਇਹ ਹਨ: ਭਾਰਤੀ ਵਿਦੇਸ਼ ਸੇਵਾ (ਆਈ.ਐੱਫ.ਐੱਸ.), ਭਾਰਤੀ ਪ੍ਰਸ਼ਾਸਨਿਕ ਸੇਵਾ (ਆਈ.ਏ.ਐੱਸ.) ਤੇ ਭਾਰਤੀ ਪੁਲੀਸ ਸੇਵਾ (ਆਈ.ਪੀ.ਐੱਸ.)। ਇਨ੍ਹਾਂ ਤਿੰਨਾਂ ਇਲੀਟ ਸੇਵਾਵਾਂ ਤੋਂ ਬਾਅਦ ਵਾਲੀਆਂ ਸੇਵਾਵਾਂ (ਜੋ ਸਾਲਾਨਾ ਸਿਵਲ ਸੇਵਾਵਾਂ ਪ੍ਰੀਖਿਆ ਦਾ ਹੀ ਹਿੱਸਾ ਹੁੰਦੀਆਂ ਹਨ) ਕੁਲ ਹਿੰਦ ਸੇਵਾਵਾਂ/ਕੇਂਦਰੀ ਸੇਵਾਵਾਂ ਜਾਂ ਐਲਾਈਡ ਸੇਵਾਵਾਂ ਵਜੋਂ ਜਾਣੀਆਂ ਜਾਂਦੀਆਂ ਹਨ। ਉਨ੍ਹਾਂ ਦਾ ਰੁਤਬਾ ਪਹਿਲੀਆਂ ਤਿੰਨ ਸੇਵਾਵਾਂ ਜਿੰਨਾ ਉਚਾ ਨਹੀਂ।

ਇਸੇ ਲਈ ਇਨ੍ਹਾਂ ਸੇਵਾਵਾਂ ਵਿਚ ਆਉਣ ਵਾਲੇ ਅਫਸਰ ਨਵੇਂ ਸਿਰਿਉਂ ਪ੍ਰੀਖਿਆ ਦੇ ਕੇ ਆਪਣਾ ਰੈਂਕ ਸੁਧਾਰਨ ਅਤੇ ਤਿੰਨ 'ਇਲੀਟ' (ਕੁਲੀਨ) ਸੇਵਾਵਾਂ ਵਿਚ ਦਾਖ਼ਲਾ ਪਾਉਣ ਦੇ ਯਤਨ ਕਰਦੇ ਰਹਿੰਦੇ ਹਨ। ਆਈ.ਏ.ਐੱਸ. ਦੀ ਪੇਸ਼-ਰੌਅ ਭਾਰਤੀ ਸਿਵਲ ਸੇਵਾ (ਆਈ.ਸੀ.ਐੱਸ.) ਅਤੇ ਭਾਰਤੀ ਪੁਲੀਸ ਸੇਵਾ (ਆਈ.ਪੀ.ਐੱਸ.) ਆਜ਼ਾਦੀ ਤੋਂ ਪਹਿਲਾਂ ਹੀ ਮੌਜੂਦ ਸਨ। ਵਿਦੇਸ਼ ਸੇਵਾ, ਆਜ਼ਾਦੀ ਤੋਂ ਬਾਅਦ ਵਜੂਦ ਵਿਚ ਆਈ ਅਤੇ ਇਸ ਦੇ ਗਠਨ ਦੀ ਨਿਗਰਾਨੀ ਖ਼ੁਦ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਨੇ ਕੀਤੀ। ਮੰਨਿਆ ਜਾਂਦਾ ਹੈ ਕਿ ਇਸ ਦੇ ਹਰ ਮੈਂਬਰ ਦੀ ਚੋਣ 'ਤੇ ਪੰਡਿਤ ਨਹਿਰੂ ਦੀ ਛਾਪ ਸੀ। ਇਸ ਸੇਵਾ ਲਈ ਪ੍ਰਤੀਯੋਗੀ ਪ੍ਰੀਖਿਆ ਤਾਂ 1949 ਵਿਚ ਸ਼ੁਰੂ ਹੋਈ ਪਰ ਉਸ ਤੋਂ ਪਹਿਲਾਂ ਮੁਲਕ ਨੂੰ ਵੱਖ-ਵੱਖ ਵਿਦੇਸ਼ੀ ਰਾਜਧਾਨੀਆਂ ਵਿਚ ਆਪਣੇ ਸਫ਼ਾਰਤੀ ਮਿਸ਼ਨ ਕਾਇਮ ਕਰਨ ਅਤੇ ਰਾਜਦੂਤ ਨਿਯੁਕਤ ਕਰਨ ਦੀ ਲੋੜ ਸੀ। ਇਹ ਲੋੜ ਪੂਰੀ ਕਰਨ ਵਾਸਤੇ ਜਿੱਥੇ ਵੱਖ-ਵੱਖ ਕੇਂਦਰੀ ਸੇਵਾਵਾਂ ਤੋਂ ਅਧਿਕਾਰੀ, ਆਈ.ਐੱਫ.ਐੱਸ. ਵਿਚ ਲਿਆਂਦੇ ਗਏ, ਉਥੇ ਸਿਆਸਤਦਾਨਾਂ, ਅਕਾਦਮੀਸ਼ਨਾਂ, ਕੁਝ ਨਾਮਵਰ ਪੱਤਰਕਾਰਾਂ, ਆਜ਼ਾਦ ਹਿੰਦ ਫ਼ੌਜ (ਆਈ.ਐੱਨ.ਏ.) ਦੇ ਕੁਝ ਵੈਟਰਨਜ਼ ਅਤੇ ਰਾਜਿਆਂ-ਰਾਣਿਆਂ ਦੇ ਫ਼ਰਜ਼ੰਦਾਂ ਨੂੰ ਵੀ ਡਿਪਲੋਮੈਟਾਂ ਵਜੋਂ ਕੰਮ ਕਰਨ ਦੇ ਅਵਸਰ ਮੁਹੱਈਆ ਕੀਤੇ ਗਏ। ਦੂਤਘਰਾਂ ਲਈ ਦਫਤਰੀ ਅਮਲਾ ਵੀ ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਤੋਂ ਲਿਆ ਗਿਆ। ਮਾਮਲਾ ਸਿਰਫ਼ ਇੱਥੇ ਹੀ ਨਹੀਂ ਨਿਪਟਿਆ, ਪੰਡਿਤ ਨਹਿਰੂ ਨੇ ਤਿੰਨ ਸੀਨੀਅਰ ਕਲਰਕਾਂ ਤੇ ਤਿੰਨ ਸਟੈਨੋਗ੍ਰਾਫਰਾਂ ਦੀ ਸਰਕਾਰੀ ਖ਼ਤੋ-ਕਿਤਾਬਤ ਵਿਚਲੀ ਮੁਹਾਰਤ ਦੀ ਕਦਰ ਕਰਦਿਆਂ ਉਨ੍ਹਾਂ ਨੂੰ ਵੀ ਭਾਰਤੀ ਵਿਦੇਸ਼ ਸੇਵਾ ਦਾ ਹਿੱਸਾ ਬਣਾਇਆ।

ਆਈ.ਸੀ.ਐੱਸ. ਵਿਚੋਂ ਲਏ ਅਫਸਰਾਂ ਨੂੰ ਸਿੱਧੇ ਰਾਜਦੂਤ (ਅੰਬੈਸਡਰ) ਥਾਪਣ ਦੀ ਸ਼ੁਰੂਆਤ ਹਰਦਿੱਤ ਸਿੰਘ ਮਲਿਕ ਤੋਂ ਹੋਈ। ਉਹ ਕੈਨੇਡਾ ਵਿਚ ਪਹਿਲੇ ਭਾਰਤੀ ਹਾਈ ਕਮਿਸ਼ਨਰ ਥਾਪੇ ਗਏ ਅਤੇ ਫਿਰ ਫਰਾਂਸ ਵਿਚ ਪਹਿਲੇ ਭਾਰਤੀ ਰਾਜਦੂਤ ਵੀ ਰਹੇ। ਮਲਿਕ 1917 ਵਿਚ ਰਾਇਲ ਏਅਰ ਫੋਰਸ ਦੇ ਲੜਾਕੂ ਪਾਇਲਟ ਵਜੋਂ ਪਹਿਲੀ ਆਲਮੀ ਜੰਗ ਦੌਰਾਨ ਆਪਣੇ ਜਹਾਜ਼ ਨੂੰ 100 ਗੋਲੀਆਂ ਵੱਜਣ ਕਾਰਨ ਸਖ਼ਤ ਜ਼ਖ਼ਮੀ ਹੋ ਗਏ ਸਨ।

ਅੰਤਾਂ ਦੀ ਜਾਂਬਾਜ਼ੀ ਦਿਖਾਉਣ ਦੇ ਬਾਵਜੂਦ ਜਦੋਂ ਉਨ੍ਹਾਂ ਨੂੰ ਢੁਕਵਾਂ ਫ਼ੌਜੀ ਸਨਮਾਨ ਨਾ ਮਿਲਿਆ ਤਾਂ ਉਹ ਰਾਇਲ ਏਅਰ ਫੋਰਸ ਤੋਂ ਅਸਤੀਫ਼ਾ ਦੇ ਕੇ ਵਤਨ ਪਰਤ ਆਏ। ਇੱਥੇ ਉਨ੍ਹਾਂ ਨੇ ਆਈ.ਸੀ.ਐੱਸ. ਪ੍ਰੀਖਿਆ ਪਾਸ ਕਰ ਕੇ ਭਾਰਤੀ ਪ੍ਰਸ਼ਾਸਨਿਕ ਸੇਵਾ ਵਿਚ ਦਾਖ਼ਲਾ ਹਾਸਿਲ ਕੀਤਾ। ਭਾਰਤੀ ਆਜ਼ਾਦੀ ਸਮੇਂ ਉਹ ਸੀਨੀਅਰ (ਆਈ.ਸੀ.ਐੱਸ.) ਅਫਸਰ ਸਨ। ਇਸੇ ਕਰ ਕੇ ਉਨ੍ਹਾਂ ਨੂੰ ਸਿੱਧਾ ਰਾਜਦੂਤ ਥਾਪਿਆ ਗਿਆ।



*ਕਿਤਾਬ 'ਨਹਿਰੂ'ਜ਼ ਫਸਟ ਰੈਕਰੂਟਸ' ਦਾ ਮੁਖੜਾ।*

***ਆਈ.ਸੀ.ਐੱਸ. ਵਿਚੋਂ ਲਏ ਅਫਸਰਾਂ ਨੂੰ ਸਿੱਧੇ ਰਾਜਦੂਤ ਥਾਪਣ ਦੀ ਸ਼ੁਰੂਆਤ ਹਰਦਿੱਤ ਸਿੰਘ ਮਲਿਕ ਤੋਂ ਹੋਈ। ਉਹ ਕੈਨੇਡਾ ਵਿਚ ਪਹਿਲੇ ਭਾਰਤੀ ਹਾਈ ਕਮਿਸ਼ਨਰ ਬਣੇ, ਫਿਰ ਫਰਾਂਸ ਵਿਚ ਪਹਿਲੇ ਭਾਰਤੀ ਰਾਜਦੂਤ ਵੀ ਰਹੇ। ਉਹ 1917 ਵਿਚ ਰਾਇਲ ਏਅਰ ਫੋਰਸ ਦੇ ਲੜਾਕੂ ਪਾਇਲਟ ਵਜੋਂ ਪਹਿਲੀ ਆਲਮੀ ਜੰਗ ਦੌਰਾਨ ਆਪਣੇ ਜਹਾਜ਼ ਨੂੰ 100 ਗੋਲੀਆਂ ਵੱਜਣ ਕਾਰਨ ਸਖ਼ਤ ਜ਼ਖ਼ਮੀ ਹੋ ਗਏ ਸਨ। ਅੰਤਾਂ ਦੀ ਜਾਂਬਾਜ਼ੀ ਦਿਖਾਉਣ ਦੇ ਬਾਵਜੂਦ ਜਦੋਂ ਉਨ੍ਹਾਂ ਨੂੰ ਢੁਕਵਾਂ ਫ਼ੌਜੀ ਸਨਮਾਨ ਨਾ ਮਿਲਿਆ ਤਾਂ ਉਹ ਅਸਤੀਫ਼ਾ ਦੇ ਕੇ ਵਤਨ ਪਰਤ ਆਏ; ਆਈ.ਸੀ.ਐੱਸ. ਪ੍ਰੀਖਿਆ ਪਾਸ ਕੀਤੀ। ਭਾਰਤ ਦੀ ਆਜ਼ਾਦੀ ਸਮੇਂ ਉਹ ਸੀਨੀਅਰ (ਆਈ.ਸੀ.ਐੱਸ.) ਅਫਸਰ ਸਨ। ਇਸੇ ਕਰ ਕੇ ਉਨ੍ਹਾਂ ਨੂੰ ਸਿੱਧਾ ਰਾਜਦੂਤ ਥਾਪਿਆ ਗਿਆ।***



*ਕਿਤਾਬ ਦਾ ਲੇਖਕ ਕਾਲੋਲ ਭੱਟਾਚਾਰਜੀ।*

ਵਿਡੰਬਨਾ ਵਾਲੀ ਗੱਲ ਇਹ ਸੀ ਕਿ ਮਲਿਕ ਵਾਲੇ ਵੱਡ-ਰੁਤਬੇ ਤੋਂ ਐਨ ਉਲਟ ਮੁਹੰਮਦ ਅਤਾਉਰ ਰਹਿਮਾਨ ਬਿਜਲੀ ਮੰਤਰਾਲੇ ਵਿਚ ਸਟੈਨੋਗ੍ਰਾਫਰ ਸਨ। ਪੰਡਿਤ ਨਹਿਰੂ ਵੱਲੋਂ ਆਈ.ਐੱਫ.ਐੱਸ. ਨਾਮਜ਼ਦ ਕੀਤੇ ਜਾਣ ਮਗਰੋਂ ਉਨ੍ਹਾਂ ਨੂੰ ਸਾਲ ਭਰ ਸਫ਼ਾਰਤੀ ਤਰੀਕਾਕਾਰੀ ਦੀ ਸਿਖਲਾਈ ਦਿੱਤੀ ਗਈ। ਸਿਖਲਾਈ ਤੋਂ ਬਾਅਦ ਦੋ ਵਰ੍ਹੇ ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਵਿਚ ਦਫ਼ਤਰੀ ਕੰਮਕਾਜ ਹੀ ਕੀਤਾ। 1956 ਵਿਚ ਉਨ੍ਹਾਂ ਨੂੰ ਬੁਡਾਪੈਸਟ (ਹੰਗਰੀ) ਵਿਚ ਭਾਰਤ ਦਾ ਉਪ ਰਾਜਦੂਤ (ਚਾਰਜ ਡੀ'ਅਫੇਅਰਜ਼) ਥਾਪਿਆ ਗਿਆ। ਇਹ ਉਹ ਦਿਨ ਸਨ ਜਦੋਂ ਪ੍ਰਧਾਨ ਮੰਤਰੀ ਇਮਰੇ ਨੇਗਈ ਦੀ ਅਗਵਾਈ ਹੇਠ ਹੰਗਰੀ ਤਾਂ ਸੋਵੀਅਤ ਜੂਲੇ ਤੋਂ ਮੁਕਤ ਹੋਣ ਲਈ ਛਟਪਟਾ ਰਿਹਾ ਸੀ ਪਰ ਸੋਵੀਅਤ ਸੰਘ ਇਸ ਜਕੜ ਨੂੰ ਹੋਰ ਕਰੜਾ ਬਣਾਉਣ 'ਤੇ ਬਜ਼ਿੱਦ ਸੀ (ਇਸੇ ਕਾਰਨ ਨੇਗਈ ਨੂੰ 1958 ਵਿਚ ਫਾਂਸੀ ਦੇ ਦਿੱਤੀ ਗਈ)। ਇਨ੍ਹਾਂ ਇਨਕਲਾਬੀ ਦਿਨਾਂ ਦੌਰਾਨ ਇੱਕ ਹੰਗੇਰੀਅਨ ਨੌਜਵਾਨ ਭਾਰਤੀ ਦੂਤਘਰ ਅੰਦਰ ਆ ਵੜਿਆ। ਰਹਿਮਾਨ ਉਸ ਸਮੇਂ ਨਵੇਂ-ਨਵੇਂ ਹੰਗਰੀ ਆਏ ਸਨ। ਉਹ ਦੂਤਾਵਾਸ ਦੇ ਅਹਾਤੇ ਵਿਚ ਸਥਿਤ ਆਪਣੀ ਰਿਹਾਇਸ਼ ਦੀ ਮੁਰੰਮਤ ਦਾ ਮੁਆਇਨਾ ਕਰ ਰਹੇ ਸਨ। ਨੌਜਵਾਨ ਨੇ ਰਹਿਮਾਨ ਨੂੰ ਪੰਡਿਤ ਨਹਿਰੂ ਦੇ ਨਾਮ ਚਿੱਠੀ ਸੌਂਪੀ ਹੀ ਸੀ ਕਿ ਦੋ ਹਥਿਆਰਬੰਦ ਰੂਸੀ ਫ਼ੌਜੀ ਵੀ ਉਥੇ ਆ ਧਮਕੇ। ਰਹਿਮਾਨ ਨੇ ਇਨਕਲਾਬੀ ਨੌਜਵਾਨ ਨੂੰ ਰੰਗ-ਰੋਗਨ ਕਰਨ ਵਾਲਾ ਪੇਂਟਰ ਦੱਸਿਆ ਅਤੇ ਗ੍ਰਿਫ਼ਤਾਰੀ ਤੋਂ ਬਚਾ ਲਿਆ। ਤਿੰਨ ਦਿਨ ਬਾਅਦ ਇਸ ਨੌਜਵਾਨ ਨੂੰ ਸਰਹੱਦ ਪਾਰ ਕਰਵਾ ਕੇ ਆਸਟ੍ਰੀਆ ਪਹੁੰਚਾਉਣ ਦਾ ਇੰਤਜ਼ਾਮ ਵੀ ਉਨ੍ਹਾਂ ਨੇ ਕਰ ਦਿੱਤਾ। ਇਹੋ ਨੌਜਵਾਨ ਤਿੰਨ ਦਹਾਕੇ ਬਾਅਦ ਹੰਗਰੀ ਦਾ ਰਾਸ਼ਟਰਪਤੀ ਬਣਿਆ।

ਇਸੇ ਤਰ੍ਹਾਂ ਰਹਿਮਾਨ ਨੇ ਆਂਦ੍ਰੇ ਡ੍ਰੈਸ਼ੈਲ ਨਾਮੀ ਇੱਕ ਹੋਰ ਇਨਕਲਾਬੀ ਨੂੰ ਭਾਰਤੀ ਦੂਤਾਵਾਸ ਵਿਚ ਪਨਾਹ ਦਿੱਤੀ। ਉਹ ਨੌਂ ਦਿਨ ਉਸ ਤੋਂ ਆਪਣੀ ਕਾਰ ਦੇ ਡਰਾਈਵਰ ਦਾ ਕੰਮ ਲੈਂਦੇ ਰਹੇ ਅਤੇ ਫਿਰ ਇੱਕ ਦਿਨ ਮੌਕਾ ਪਾ ਕੇ ਸਰਹੱਦ ਪਾਰ ਛੱਡ ਆਏ। ਡ੍ਰੈਸ਼ੈਲ ਉਥੋਂ ਪੱਛਮੀ ਜਰਮਨੀ ਚਲਾ ਗਿਆ ਜਿੱਥੇ ਇੱਕ ਦਹਾਕਾ ਬਾਅਦ ਉਸ ਨੇ ਅਕਾਦਮੀਸ਼ਨ ਵਜੋਂ ਚੰਗਾ ਮੁਕਾਮ ਬਣਾ ਲਿਆ ਅਤੇ ਫਿਰ ਕੋਲੋਨ ਯੂਨੀਵਰਸਿਟੀ ਵਿਚ ਪ੍ਰੋਫੈਸਰ ਵੀ ਰਿਹਾ।

ਕਲਰਕ ਤੋਂ ਡਿਪਲੋਮੈਟ ਬਣਾਏ ਐੱਸ.ਜੇ. ਵਿਲਫਰੈੱਡ ਦੀ ਕਹਾਣੀ ਵੀ ਕਿਤਾਬ ਰੌਚਿਕ ਢੰਗ ਨਾਲ ਪੇਸ਼ ਕਰਦੀ ਹੈ। 1949 ਵਿਚ ਉਸ ਨੂੰ ਕਾਠਮੰਡੂ (ਨੇਪਾਲ) ਸਥਿਤ ਭਾਰਤੀ ਦੂਤਾਵਾਸ ਵਿਚ ਜੂਨੀਅਰ ਡਿਪਲੋਮੈਟ ਵਜੋਂ ਤਾਇਨਾਤ ਕੀਤਾ ਗਿਆ। ਨੇਪਾਲ ਉਸ ਸਮੇਂ ਰਾਜਸੀ ਸੰਕਟ ਵਿਚੋਂ ਗੁਜ਼ਰ ਰਿਹਾ ਸੀ। 1950 ਦੇ ਸ਼ੁਰੂ ਵਿਚ ਇੱਕ ਸ਼ਾਮ ਨੇਪਾਲ ਨਰੇਸ਼ ਤ੍ਰਿਭੁਵਨ ਇੱਕ ਸ਼ਹਿਜ਼ਾਦੇ ਸਮੇਤ ਭਾਰਤੀ ਦੂਤਾਵਾਸ ਵਿਚ ਆ ਦਾਖ਼ਲ ਹੋਇਆ ਅਤੇ ਪਨਾਹ ਮੰਗੀ। ਉਸ ਸਮੇਂ ਭਾਰਤੀ ਰਾਜਦੂਤ ਸੀ.ਪੀ.ਐੱਨ. ਸਿੰਘ ਦਿੱਲੀ 'ਚ ਸੀ। ਹੋਰ ਕੋਈ ਸੀਨੀਅਰ ਡਿਪਲੋਮੈਟ ਵੀ ਦੂਤਾਵਾਸ ਦੇ ਅੰਦਰ ਨਹੀਂ ਸੀ। ਤ੍ਰਿਭੁਵਨ ਤੇ ਸ਼ਹਿਜ਼ਾਦੇ ਨੂੰ ਪਨਾਹ ਦੇਣ ਦਾ ਫ਼ੈਸਲਾ ਵਿਲਫਰੈੱਡ ਨੇ ਲਿਆ। ਇਸ ਫ਼ੈਸਲੇ ਸਦਕਾ ਨੇਪਾਲ ਨਰੇਸ਼ ਤੇ ਸ਼ਹਿਜ਼ਾਦੇ ਦੀਆਂ ਜਾਨਾਂ ਬਚ ਗਈਆਂ।

***1950 ਦੇ ਸ਼ੁਰੂ ਵਿਚ ਇੱਕ ਸ਼ਾਮ ਨੇਪਾਲ ਨਰੇਸ਼ ਤ੍ਰਿਭੁਵਨ ਇੱਕ ਸ਼ਹਿਜ਼ਾਦੇ ਸਮੇਤ ਭਾਰਤੀ ਦੂਤਾਵਾਸ ਵਿਚ ਆ ਦਾਖ਼ਲ ਹੋਇਆ ਅਤੇ ਪਨਾਹ ਮੰਗੀ। ਉਸ ਸਮੇਂ ਭਾਰਤੀ ਰਾਜਦੂਤ ਸੀ.ਪੀ.ਐੱਨ. ਸਿੰਘ ਦਿੱਲੀ 'ਚ ਸੀ। ਹੋਰ ਕੋਈ ਸੀਨੀਅਰ ਡਿਪਲੋਮੈਟ ਵੀ ਦੂਤਾਵਾਸ ਦੇ ਅੰਦਰ ਨਹੀਂ ਸੀ। ਤ੍ਰਿਭੁਵਨ ਤੇ ਸ਼ਹਿਜ਼ਾਦੇ ਨੂੰ ਪਨਾਹ ਦੇਣ ਦਾ ਫ਼ੈਸਲਾ ਵਿਲਫਰੈੱਡ ਨੇ ਲਿਆ। ਇਸ ਫ਼ੈਸਲੇ ਸਦਕਾ ਨੇਪਾਲ ਨਰੇਸ਼ ਤੇ ਸ਼ਹਿਜ਼ਾਦੇ ਦੀਆਂ ਜਾਨਾਂ ਬਚ ਗਈਆਂ।***

ਕਿਤਾਬ ਵਿਚ ਅਜਿਹੀਆਂ ਦਰਜਨਾਂ ਕਹਾਣੀਆਂ ਹਨ। ਇਸ 'ਚ ਕਈ ਨਿੱਕੀਆਂ-ਨਿੱਕੀਆਂ ਤੇ ਕੁਝ ਵੱਡੀਆਂ ਬਗ਼ਾਵਤਾਂ ਦੀਆਂ ਵੀ ਗਾਥਾਵਾਂ ਹਨ। ਲੇਖਕ ਤੇ ਪੱਤਰਕਾਰ ਖ਼ੁਸ਼ਵੰਤ ਸਿੰਘ ਦਾ ਵੀ ਜ਼ਿਕਰ ਹੈ। ਉਨ੍ਹਾਂ ਨੂੰ ਵੀ 1947 ਵਿਚ ਵਿਦੇਸ਼ ਸੇਵਾ ਵਿਚ ਨਾਮਜ਼ਦ ਕੀਤਾ ਗਿਆ ਸੀ। ਉਹ ਕੈਨੇਡਾ ਦੇ ਭਾਰਤੀ ਕਮਿਸ਼ਨ ਵਿਚ ਵੀ ਤਾਇਨਾਤ ਰਹੇ ਅਤੇ ਲੰਡਨ ਸਥਿਤ ਹਾਈ ਕਮਿਸ਼ਨ ਵਿਚ ਵੀ।

ਲੰਡਨ ਰਹਿੰਦਿਆਂ ਹੀ ਉਨ੍ਹਾਂ ਨੇ ਵਿਦੇਸ਼ ਸੇਵਾ ਛੱਡ ਕੇ ਭਾਰਤੀ ਸੂਚਨਾ ਸੇਵਾ (ਆਈ.ਐੱਫ.ਐੱਸ.) ਵਿਚ ਜਾਣਾ ਬਿਹਤਰ ਸਮਝਿਆ। ਇਹ ਫ਼ੈਸਲਾ ਨਾਮਵਰ ਪੱਤਰਕਾਰ ਵਜੋਂ ਉਨ੍ਹਾਂ ਦੀ ਪ੍ਰਗਤੀ ਦਾ ਮੁੱਖ ਵਸੀਲਾ ਸਾਬਤ ਹੋਇਆ। ਕਿਤਾਬ ਜਿੱਥੇ ਨਹਿਰੂ ਦੇ ਰਾਜ ਵੇਲੇ ਦੀ ਭਾਰਤੀ ਵਿਦੇਸ਼ ਸੇਵਾ ਦਾ ਝਰੋਖਾ ਹੈ, ਉਥੇ ਸਮਕਾਲੀ ਘਟਨਾਵਾਂ ਤੇ ਇਤਿਹਾਸ ਦਾ ਸੰਤੁਲਿਤ ਬਿਰਤਾਂਤ ਵੀ ਹੈ। ਇਹ ਦੋਵੇਂ ਤੱਤ ਮੁੱਖ ਤੌਰ 'ਤੇ ਇਸ ਨੂੰ ਪੜ੍ਹਨ ਤੇ ਸਾਂਭਣਯੋਗ ਬਣਾਉਂਦੇ ਹਨ।

**ਪੁਰਸ਼ ਪ੍ਰਧਾਨੀ ਦੇ ਖਿਲਾਫ਼ ਜੱਦੋਜਹਿਦ:** 1949 ਵਿਚ ਸੰਘ ਲੋਕ ਸੇਵਾ ਆਯੋਗ (ਯੂ.ਪੀ.ਐੱਸ.ਸੀ.) ਦੀ ਸਿਵਲ ਸੇਵਾਵਾਂ ਪ੍ਰੀਖਿਆ ਪਾਸ ਕਰ ਕੇ ਜਿਹੜੇ 'ਰੰਗਰੂਟ' ਭਾਰਤੀ ਵਿਦੇਸ਼ ਸੇਵਾ ਵਿਚ ਆਏ, ਉਨ੍ਹਾਂ ਵਿਚ ਪੀ.ਆਰ.ਐੱਸ. ਮਣੀ ਅਤੇ ਬ੍ਰਿਜੇਸ਼ ਮਿਸ਼ਰਾ ਸ਼ਾਮਿਲ ਸਨ। ਮਣੀ ਬਾਅਦ ਵਿਚ ਭਾਰਤੀ ਵਿਦੇਸ਼ ਸਕੱਤਰ ਵਜੋਂ ਸੇਵਾਮੁਕਤ ਹੋਏ; ਬ੍ਰਿਜੇਸ਼ ਮਿਸ਼ਰਾ (ਜੋ ਮੱਧ ਪ੍ਰਦੇਸ਼ ਦੇ ਪਹਿਲੇ ਮੁੱਖ ਮੰਤਰੀ ਤੇ ਕਾਂਗਰਸੀ ਨੇਤਾ ਡੀ.ਪੀ. ਮਿਸ਼ਰਾ ਦੇ ਪੁੱਤਰ ਸਨ) ਵੱਖ-ਵੱਖ ਉਚ ਅਹੁਦਿਆਂ 'ਤੇ ਰਹਿਣ ਮਗਰੋਂ 1999 ਤੋਂ 2004 ਤੱਕ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਪ੍ਰਮੁੱਖ ਸਕੱਤਰ ਅਤੇ ਕੌਮੀ ਸੁਰੱਖਿਆ ਸਲਾਹਕਾਰ ਰਹੇ। 1951 ਵਿਚ ਸੀ.ਬੀ. ਮੁਥੰਮਾ ਪਹਿਲੀ ਮਹਿਲਾ ਆਈ.ਐਫ.ਐੱਸ. ਅਫਸਰ ਬਣੀ। ਉਸ ਨੂੰ ਮਹਿਲਾ ਹੋਣ ਕਾਰਨ ਪੁਰਸ਼ ਪ੍ਰਧਾਨੀ ਚੁਣੌਤੀਆਂ ਨਾਲ ਲਗਾਤਾਰ ਨਜਿੱਠਣਾ ਪਿਆ। ਸੀ.ਬੀ. ਮੁਥੰਮਾ ਵਾਂਗ ਮੀਰਾ ਈਸ਼ਰਦਾਸ ਮਲਿਕ ਜੋ ਚੀਨੀ ਮਾਮਲਿਆਂ ਦੀ ਮਾਹਿਰ ਸੀ, ਨੂੰ ਵੀ ਪੁਰਸ਼ਾਂ ਦੀ ਪ੍ਰਧਾਨਤਾ ਖਿਲਾਫ਼ ਜੂਝਣਾ ਪਿਆ। ਉਸ ਵੱਲੋਂ ਵਿਦੇਸ਼ੀ ਨਾਲ ਵਿਆਹ ਕਰਵਾਉਣਾ ਸੇਵਾ ਨਿਯਮਾਂ ਦੀ ਉਲੰਘਣਾ ਮੰਨਿਆ ਗਿਆ ਅਤੇ ਇਸ ਕਾਰਨ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ।

**ਸਰਕਾਰੀ ਨੀਤੀਆਂ ਖਿਲਾਫ਼ ਬਗ਼ਾਵਤ:** ਸਾਬਕਾ ਸੰਸਦ ਮੈਂਬਰ ਹਰਿੰਦਰ ਸਿੰਘ ਖ਼ਾਲਸਾ ਅਜਿਹੇ ਆਈ.ਏ.ਐੱਸ. ਅਫਸਰ ਸਨ ਜਿਨ੍ਹਾਂ ਨੇ ਸਾਕਾ ਨੀਲਾ ਤਾਰਾ ਖਿਲਾਫ਼ ਆਵਾਜ਼ ਬੁਲੰਦ ਕਰਦਿਆਂ ਜੂਨ 1984 ਵਿਚ ਵਿਦੇਸ਼ ਸੇਵਾ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਨਾਰਵੇ ਸਰਕਾਰ ਤੋਂ ਰਾਜਸੀ ਪਨਾਹ ਮੰਗੀ ਸੀ। ਉਹ ਉਸ ਸਮੇਂ ਓਸਲੋ (ਨਾਰਵੇ) ਸਥਿਤ ਭਾਰਤੀ ਦੂਤਾਵਾਸ ਵਿਚ ਪ੍ਰਥਮ ਸਕੱਤਰ ਸਨ। ਉਂਝ, ਸਰਕਾਰ ਖਿਲਾਫ਼ ਆਵਾਜ਼ ਉਠਾਉਣ ਵਾਲੇ ਉਹ ਪਹਿਲੇ ਆਈ.ਏ.ਐੱਸ. ਅਫਸਰ ਨਹੀਂ ਸਨ। ਗੁਜਰਾਤ ਦੇ ਰਿਆਸਤੀ ਸ਼ਹਿਜ਼ਾਦੇ ਪ੍ਰਦਯੁਮਨ ਸਿੰਹਜੀ ਨੇ 1958 ਵਿਚ ਵੀਅਤਨਾਮ ਬਾਰੇ ਭਾਰਤ ਸਰਕਾਰ ਦੀਆਂ ਨੀਤੀਆਂ ਅਤੇ ਪਹੁੰਚ ਦਾ ਖੁੱਲ੍ਹੇਆਮ ਵਿਰੋਧ ਕੀਤਾ ਸੀ। ਉਨ੍ਹਾਂ ਨੂੰ ਵਤਨ ਤਲਬ ਕਰ ਕੇ ਅਸਤੀਫ਼ਾ ਦੇਣ ਵਾਸਤੇ ਮਜਬੂਰ ਕੀਤਾ ਗਿਆ।

ਇਸੇ ਤਰ੍ਹਾਂ ਇੱਕ ਹੋਰ ਰਿਆਸਤੀ ਚਿਰਾਗ ਸੁਰੇਂਦਰ ਸਿੰਘ ਅਲੀਰਾਜਪੁਰ ਨੇ 1971 ਵਿਚ ਸਾਬਕਾ ਰਾਜਿਆਂ ਮਹਾਰਾਜਿਆਂ ਦੇ ਪ੍ਰੀਵੀ ਪਰਸ ਖ਼ਤਮ ਕਰਨ ਦੇ ਇੰਦਰਾ ਗਾਂਧੀ ਸਰਕਾਰ ਦੇ ਫ਼ੈਸਲੇ ਦੀ ਖੁੱਲ੍ਹੇਆਮ ਨੁਕਤਾਚੀਨੀ ਕੀਤੀ ਸੀ ਅਤੇ ਵਿਦੇਸ਼ ਸੇਵਾ ਤੋਂ ਅਸਤੀਫ਼ਾ ਦੇ ਦਿੱਤਾ ਸੀ।

# ਜਾਤੀ ਦਰਜਾਬੰਦ ਨਾ-ਬਰਾਬਰੀ ਦੇ ਸਵਾਲ

ਸੁਪਰੀਮ ਕੋਰਟ ਨੇ ਪਹਿਲੀ ਅਗਸਤ 2024 ਨੂੰ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਦੀਆਂ ਸ਼੍ਰੇਣੀਆਂ ਅੰਦਰ ਉਪ ਵਰਗੀਕਰਨ ਦੇ ਫ਼ੈਸਲੇ ਉਪਰ ਮੋਹਰ ਲਗਾ ਦਿੱਤੀ। ਇਸ ਤੋਂ ਇਲਾਵਾ ਸੱਤ ਵਿਚੋਂ ਚਾਰ ਜੱਜਾਂ ਨੇ ਰਾਖਵਾਂਕਰਨ ਨੀਤੀ ਦੇ ਘੇਰੇ ਵਿਚੋਂ ਅਨੁਸੂਚਿਤ ਜਾਤੀ ਵਰਗ ਵਿਚੋਂ ਕ੍ਰੀਮੀ ਲੇਅਰ ਹਟਾਉਣ ਲਈ ਟਿੱਪਣੀਆਂ ਕੀਤੀਆਂ। ਇਸ ਫ਼ੈਸਲੇ ਨੇ ਵੱਖ-ਵੱਖ ਦਲਿਤ ਸੰਗਠਨਾਂ, ਅਗਾਂਹਵਧੂ ਅਤੇ ਜਮਹੂਰੀ



ਸੰਗਠਨਾਂ, ਸਿਆਸੀ ਵਿਸ਼ਲੇਸ਼ਕਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਵਿਚ ਬਹਿਸ ਛੇੜ ਦਿੱਤੀ ਹੈ। ਇਸ ਫ਼ੈਸਲੇ ਉਪਰ ਵੱਖ-ਵੱਖ ਪ੍ਰਤੀਕਰਮ ਇਸ ਮਾਮਲੇ ਦੀ


**ਡਾ. ਮੋਨਿਕਾ ਸੱਭਰਵਾਲ**
ਫੋਨ: +91-98725-16664


ਗੰਭੀਰਤਾ ਨਾਲ ਵਿਸ਼ਲੇਸ਼ਣ ਕਰਨ ਦੀ ਮੰਗ ਕਰਦੇ ਹਨ।

ਇਸ ਤੋਂ ਪਹਿਲਾਂ ਕਿ ਅਸੀਂ ਰਾਖਵੇਂਕਰਨ ਅੰਦਰ ਅਨੁਸੂਚਿਤ ਜਾਤੀਆਂ ਦੇ ਉਪ ਵਰਗੀਕਰਨ 'ਤੇ ਵਿਚਾਰ ਕਰੀਏ, ਸਾਨੂੰ ਇਹ ਧਾਰਨਾ ਮਨੋਂ ਕੱਢਣ ਦੀ ਲੋੜ ਹੈ ਕਿ ਜਾਤੀ ਵਿਤਕਰਾ ਖ਼ਤਮ ਕਰਨ ਲਈ ਸਿਰਫ਼ ਰਾਖਵਾਂਕਰਨ ਹੀ ਕਾਫ਼ੀ ਹੈ। ਜਾਤ ਦੀਆਂ ਬਣਤਰਾਂ ਤੋਂ ਮੁਕਤੀ ਲਈ ਸਮਾਜ ਦੇ ਵੱਖ-ਵੱਖ ਪਹਿਲੂਆਂ ਤੋਂ ਸੰਘਰਸ਼ ਹੋਣਾ ਲਾਜ਼ਮੀ ਹੈ। ਇਸ ਦੇ ਬਾਵਜੂਦ ਅਸੀਂ ਇਸ ਗੱਲ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ ਰਾਖਵੇਂਕਰਨ ਨੇ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਰਾਖਵਾਂਕਰਨ ਨੀਤੀ ਦੇ ਸਮਰਥਕਾਂ ਵਿਚੋਂ ਜ਼ਿਆਦਾਤਰ ਲੋਕ ਕ੍ਰੀਮੀ ਲੇਅਰ 'ਤੇ ਟਿੱਪਣੀਆਂ ਦਾ ਵਿਰੋਧ ਕਰਨ ਵਿਚ ਇਕਸੁਰ ਜਾਪਦੇ ਹਨ ਪਰ ਉਪ ਵਰਗੀਕਰਨ ਦੇ ਸਵਾਲ ਨੇ ਉਨ੍ਹਾਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਇੱਕ ਹਿੱਸਾ ਦਲੀਲ ਦਿੰਦਾ ਹੈ ਕਿ ਉਪ ਵਰਗੀਕਰਨ ਦਲਿਤਾਂ ਵਿਚ ਵੰਡ ਦਾ ਕਾਰਨ ਬਣੇਗਾ ਅਤੇ ਇਹ ਉਨ੍ਹਾਂ ਦੀ ਰਾਜਨੀਤਕ ਏਕਤਾ ਉਤੇ ਹਮਲਾ ਹੈ। ਉਨ੍ਹਾਂ ਚਿੰਤਾ ਜ਼ਾਹਿਰ ਕੀਤੀ ਕਿ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਰਾਖਵੀਆਂ ਸੀਟਾਂ ਖਾਲੀ ਰਹਿ ਜਾਣਗੀਆਂ ਜੋ ਬਾਅਦ ਵਿਚ ਅਣਰਾਖਵੀਂ ਜਾਂ ਜਨਰਲ ਸ਼੍ਰੇਣੀ ਵਿਚ ਤਬਦੀਲ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ 'ਉਪ ਵਰਗੀਕਰਨ' ਅਤੇ 'ਕ੍ਰੀਮੀ ਲੇਅਰ' ਦੀ ਵਰਤੋਂ ਰਿਜ਼ਰਵੇਸ਼ਨ ਦੇ ਤਰਕ ਨੂੰ ਕਮਜ਼ੋਰ ਕਰੇਗੀ। ਦੂਜੇ ਪਾਸੇ ਉਹ ਹਿੱਸਾ ਹੈ ਜੋ ਦਲਿਤਾਂ ਅੰਦਰ ਵਧੇਰੇ ਦੱਬੇ-ਕੁਚਲੇ ਵਰਗਾਂ ਦੀ ਨੁਮਾਇੰਦਗੀ ਨੂੰ ਯਕੀਨੀ ਬਣਾਉਣ ਲਈ ਉਪ ਵਰਗੀਕਰਨ ਦੀ ਲੋੜ 'ਤੇ ਜ਼ੋਰ ਦਿੰਦਾ ਹੈ।

ਇਸ 'ਤੇ ਚਰਚਾ ਕਰਨ ਤੋਂ ਪਹਿਲਾਂ ਕਿ ਕੀ ਦਲਿਤ ਕੋਈ ਇਕਹਿਰੀ ਸ਼੍ਰੇਣੀ ਹੈ ਜਾਂ ਨਹੀਂ, ਸਾਨੂੰ ਸਮਝਣ ਦੀ ਲੋੜ ਹੈ ਕਿ ਭਾਰਤੀ ਸਮਾਜ ਨੂੰ ਵਰਣ ਅਤੇ ਜਾਤੀ ਦੇ ਆਧਾਰ 'ਤੇ ਕਿਵੇਂ ਸੰਗਠਿਤ ਕੀਤਾ ਗਿਆ। ਸਮਾਜ ਨੂੰ ਜਿੱਥੇ ਰਵਾਇਤੀ ਤੌਰ 'ਤੇ ਚਾਰ ਵਰਣਾਂ ਵਿਚ ਵੰਡਿਆ ਗਿਆ ਉਥੇ ਦਲਿਤਾਂ ਅਤੇ ਆਦਿਵਾਸੀਆਂ ਨੂੰ ਇਸ ਵਰਣ ਵਿਵਸਥਾ ਤੋਂ ਬਾਹਰ ਰੱਖਿਆ ਗਿਆ ਅਤੇ ਅ-ਵਰਣ ਕਿਹਾ ਗਿਆ। ਇਹ ਚਾਰ ਵਰਣ ਵੀ ਵਿਆਪਕ ਸ਼੍ਰੇਣੀਆਂ ਹਨ ਜਿਨ੍ਹਾਂ ਵਿਚ ਵੱਖ-ਵੱਖ ਜਾਤੀਆਂ ਇਨ੍ਹਾਂ ਚਾਰ ਵਰਣਾਂ ਦੇ ਅੰਦਰ ਆਉਂਦੀਆਂ ਹਨ। ਦਲਿਤ ਜਿਨ੍ਹਾਂ ਨੇ ਛੂਤ-ਛਾਤ ਵਰਗੀ ਅਣਮਨੁੱਖੀ ਪ੍ਰਥਾ ਦਾ ਸਾਹਮਣਾ ਕੀਤਾ, ਉਹ ਵੀ ਇੱਕ ਸਮਾਨ ਸ਼੍ਰੇਣੀ ਨਹੀਂ ਹਨ। ਜਾਤ ਸ਼੍ਰੇਣੀਬੱਧ ਨਾ-ਬਰਾਬਰੀ ਦੀ ਇੱਕ ਪ੍ਰਣਾਲੀ ਹੈ, ਜਿੱਥੇ ਹਰ ਜਾਤੀ ਖ਼ੁਦ ਨੂੰ ਆਪਣੇ ਤੋਂ ਹੇਠਾਂ ਵਾਲੀ ਜਾਤੀ ਤੋਂ ਉੱਤਮ ਸਮਝਦੀ ਹੈ। ਬ੍ਰਾਹਮਣਾਂ ਅੰਦਰ ਵੀ ਜਾਤ ਦੇ ਆਧਾਰ 'ਤੇ ਵਰਗੀਕਰਨ ਹੈ। ਦਲਿਤ ਭਾਈਚਾਰਿਆਂ ਨੂੰ ਸਮਾਜਿਕ ਦਰਜਾਬੰਦੀ ਦੇ ਵੱਖੋ-ਵੱਖਰੇ ਅਹੁਦਿਆਂ 'ਤੇ ਰੱਖਿਆ ਗਿਆ ਹੈ ਅਤੇ 'ਸਕੈਵੈਂਜਰ' ਜਾਤੀਆਂ (ਜਿਨ੍ਹਾਂ ਮੱਥੇ ਮਰੇ ਜਾਨਵਰਾਂ ਦਾ ਮਾਸ ਚੁੱਕਣ, ਮਲ-ਮੂਤਰ ਢੋਹਣ ਅਤੇ ਸਫ਼ਾਈ ਕਰਨ ਦਾ ਕੰਮ ਮੜ੍ਹਿਆ ਗਿਆ) ਨੂੰ ਸਭ ਤੋਂ ਨੀਵੇਂ ਦਰਜੇ 'ਤੇ ਰੱਖਿਆ ਗਿਆ ਹੈ।

ਵੀਹਵੀਂ ਸਦੀ ਵਿਚ ਦਲਿਤ ਚੇਤਨਾ ਦੇ ਉਭਾਰ ਨੇ ਜਾਤੀਵਾਦ ਵਰਗੇ ਗੰਭੀਰ ਮੁੱਦੇ ਨੂੰ ਦੇਸ਼ ਵਿਆਪੀ ਪੱਧਰ 'ਤੇ ਸੰਬੋਧਿਤ ਕੀਤਾ ਅਤੇ ਦਲਿਤਾਂ ਦੇ ਅਧਿਕਾਰਾਂ ਲਈ ਸੰਘਰਸ਼ ਹੋਏ ਅਤੇ ਕਈ ਸਫ਼ਲਤਾਵਾਂ ਵੀ ਹਾਸਿਲ ਹੋਈਆਂ। ਇਸ ਦੇ ਬਾਵਜੂਦ ਦਲਿਤਾਂ ਅੰਦਰ ਸਮਾਜਿਕ ਦਰਜਾਬੰਦੀ ਅਜੇ ਵੀ ਕਾਇਮ ਹੈ। ਅੰਬੇਡਕਰ ਨੇ ਜਾਤ ਦੀਆਂ ਬਣਤਰਾਂ ਨੂੰ ਖ਼ਤਮ ਕਰਨ ਲਈ ਕਈ ਨੁਕਤਿਆਂ ਦੀ ਗੱਲ ਕੀਤੀ ਜਿਨ੍ਹਾਂ ਵਿਚੋਂ ਇੱਕ ਅੰਤਰ-ਜਾਤੀ ਵਿਆਹ ਸੀ। ਅੰਤਰ-ਜਾਤੀ ਵਿਆਹ ਅੱਜ ਵੀ ਮੁੱਖ ਸਮਾਜਿਕ ਪ੍ਰਥਾ ਬਣਨ ਤੋਂ ਕੋਹਾਂ ਦੂਰ ਹੈ ਅਤੇ ਇਹ ਦਲਿਤਾਂ ਵਿਚਲੀਆਂ ਜਾਤੀਆਂ ਲਈ ਵੀ ਸੱਚ ਹੈ। ਦਲਿਤ ਭਾਈਚਾਰਿਆਂ ਦੇ ਅੰਦਰ ਵੀ ਅਜਿਹੀਆਂ ਜਾਤੀਆਂ ਹਨ ਜਿਨ੍ਹਾਂ ਦੀ ਸਥਿਤੀ ਬਾਕੀ ਦਲਿਤ ਜਾਤੀਆਂ ਤੋਂ ਮੁਕਾਬਲਤਨ ਕੁਝ ਬਿਹਤਰ ਹੈ ਅਤੇ ਜੋ ਆਪਣੇ ਤੋਂ 'ਹੇਠਲੀਆਂ' ਜਾਤੀਆਂ ਨੂੰ ਨੀਵਾਂ ਸਮਝਦੀਆਂ ਹਨ (ਇਨ੍ਹਾਂ ਜਾਤੀਆਂ ਨੂੰ ਚਿੰਨ੍ਹਤ ਕਰਨ ਲਈ ਸ਼ਬਦ 'ਵੱਧ ਦੱਬੀਆਂ ਦਲਿਤ ਜਾਤੀਆਂ' ਵਰਤ ਰਹੀ ਹਾਂ)। ਰਾਖਵਾਂਕਰਨ ਨੀਤੀ ਦੇ ਲਾਗੂ ਹੋਣ ਨਾਲ ਇਤਿਹਾਸਕ ਤੌਰ 'ਤੇ ਦੱਬੇ-ਕੁਚਲੇ ਵਰਗਾਂ ਨੂੰ ਵਿੱਦਿਅਕ ਸੰਸਥਾਵਾਂ ਅਤੇ ਪ੍ਰਸ਼ਾਸਨਿਕ ਸਥਾਪਨਾਵਾਂ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ ਪਰ ਜਾਤ ਨਾਲ ਜੁੜੇ ਰਵਾਇਤੀ ਕਿੱਤਿਆਂ ਦੀ ਪ੍ਰਕਿਰਤੀ, ਸਮਾਜਿਕ ਦਰਜਾਬੰਦੀ ਵਿਚ ਸਥਾਨ ਵਰਗੇ ਪਹਿਲੂਆਂ ਕਾਰਨ ਕੁਝ ਦਲਿਤ ਜਾਤੀਆਂ ਨੂੰ ਬਾਕੀਆਂ ਨਾਲੋਂ ਵੱਧ ਲਾਭ ਮਿਲੇ ਅਤੇ ਕੁਝ ਮੁਕਾਬਲਤਨ ਵਾਂਝੀਆਂ ਰਹਿ ਗਈਆਂ।



ਜੇ ਅਸੀਂ ਉਪਲਬਧ ਅੰਕੜਿਆਂ ਦੀ ਤੁਲਨਾ ਕਰੀਏ ਤਾਂ ਵੱਖ-ਵੱਖ ਦਲਿਤ ਜਾਤੀਆਂ ਵਿਚਕਾਰ ਸਾਖ਼ਰਤਾ ਦਰ ਦਾ ਕਾਫ਼ੀ ਫਰਕ ਹੈ। ਵੱਧ ਦੱਬੀਆਂ ਦਲਿਤ ਜਾਤੀਆਂ ਅਜੇ ਵੀ ਬਹੁਤ ਪਿੱਛੇ ਹਨ। ਮਜ਼ਹਬੀ ਅਤੇ ਵਾਲਮੀਕੀ ਜਾਤੀਆਂ (ਪਹਿਲਾਂ ਸਕੈਵੈਂਜਰ) ਦੀ ਸਾਖ਼ਰਤਾ ਦਰ 54.5 ਅਤੇ 65.9 ਹੈ; ਆਦਿ ਧਰਮੀ ਅਤੇ ਰਵਿਦਾਸੀਆ/ਰਾਮਦਾਸੀਆ ਭਾਈਚਾਰੇ ਦੀ 81.5 ਅਤੇ 72.8 ਹੈ। ਪੰਜਾਬ ਦੀ ਸਾਖ਼ਰਤਾ ਦਰ ਦੀ ਕੁੱਲ ਔਸਤ 75.84 ਹੈ ਅਤੇ ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਦੀ ਔਸਤ 64.81 ਹੈ। ਸਰਕਾਰੀ ਨੌਕਰੀਆਂ ਵਿਚ ਵੀ ਸਥਿਤੀ ਕੋਈ ਵੱਖਰੀ ਨਹੀਂ ਹੈ। 2006 ਵਿਚ ਜਦੋਂ ਵਾਲਮੀਕੀ ਅਤੇ ਮਜ਼ਹਬੀ ਜਾਤੀਆਂ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਦੁਆਰਾ ਕੋਟੇ ਦੇ ਵਰਗੀਕਰਨ ਨੂੰ ਖ਼ਤਮ ਕਰਨ ਵਿਰੁੱਧ ਅੰਦੋਲਨ ਚਲਾਇਆ ਤਾਂ ਰਾਮ ਰਤਨ ਰਾਵਣ ਨੇ ਦਲੀਲ ਦਿੱਤੀ ਕਿ ਪੰਜਾਬ ਰਾਜ ਵਿਚ ਅਨੁਸੂਚਿਤ ਜਾਤੀਆਂ ਦੀ ਸ਼੍ਰੇਣੀ ਦੇ 105 ਜਾਂ ਇਸ ਤੋਂ ਵੱਧ ਆਈ.ਏ.ਐੱਸ. ਅਫਸਰਾਂ 'ਚੋਂ ਸਿਰਫ਼ ਤਿੰਨ ਹੀ ਵਾਲਮੀਕੀ-ਮਜ਼੍ਹਬੀ ਭਾਈਚਾਰੇ ਨਾਲ ਸਬੰਧਿਤ ਸਨ।

ਦਲਿਤ ਭਾਈਚਾਰਿਆਂ ਨੂੰ ਰਾਖਵੇਂਕਰਨ ਕਾਰਨ ਜੋ ਮੌਕੇ ਮਿਲੇ, ਉਨ੍ਹਾਂ ਦਾ ਵਧੇਰੇ ਲਾਭ ਅਜਿਹੀਆਂ ਦਲਿਤ ਜਾਤੀਆਂ ਦੁਆਰਾ ਲਿਆ ਜਾਂਦਾ ਰਿਹਾ ਹੈ ਜੋ ਸਮਾਜਿਕ ਲੜੀ ਵਿਚ ਹੋਰ ਦਲਿਤ ਜਾਤੀਆਂ ਤੋਂ ਉਪਰ ਹਨ ਅਤੇ ਇਸੇ ਕਾਰਨ ਵੱਧ ਦੱਬੀਆਂ ਦਲਿਤ ਜਾਤੀਆਂ ਦੀ ਨੁਮਾਇੰਦਗੀ ਬਹੁਤ ਘੱਟ ਹੈ। ਉਪ ਵਰਗੀਕਰਨ ਲਾਗੂ ਹੋਣ ਨਾਲ ਅਜਿਹੀਆਂ ਜਾਤੀਆਂ ਨੂੰ ਮੌਕਾ ਮਿਲਣ ਦੀ ਸੰਭਾਵਨਾ ਵਧੇਗੀ ਜੋ ਇਤਿਹਾਸਕ ਤੌਰ 'ਤੇ ਸਮਾਜਿਕ ਪੌੜੀ ਦੇ ਸਭ ਤੋਂ ਹੇਠਲੇ ਪੱਧਰ 'ਤੇ ਹਨ। ਇਹ ਗ਼ਲਤ ਧਾਰਨਾ ਬਣਾਈ ਜਾ ਰਹੀ ਹੈ ਕਿ ਸਿਰਫ਼ ਆਰਥਿਕ ਸਥਿਤੀ ਹੀ ਉਪ ਵਰਗੀਕਰਨ ਦੇ ਆਧਾਰ ਵਜੋਂ ਕੰਮ ਕਰੇਗੀ ਜੋ ਬਿਲਕੁਲ ਬੇਬੁਨਿਆਦ ਹੈ ਸਗੋਂ ਉਪ ਵਰਗੀਕਰਨ ਦਾ ਸੰਕਲਪ ਅਸਲ ਵਿਚ ਦਲਿਤ ਜਾਤੀਆਂ ਦੀ ਵੱਖੋ-ਵੱਖ ਸਮਾਜਿਕ-ਆਰਥਿਕ ਸਥਿਤੀ ਅਤੇ ਵੱਧ ਦੱਬੀਆਂ ਦਲਿਤ ਜਾਤੀਆਂ ਦੀ ਘੱਟ ਪ੍ਰਤੀਨਿਧਤਾ ਨੂੰ ਸਵੀਕਾਰਦਾ ਹੈ ਅਤੇ ਇਨ੍ਹਾਂ ਸਮਾਜਿਕ ਹਕੀਕਤਾਂ ਨੂੰ ਹੱਲ ਕਰਨ ਲਈ ਉਪਾਅ ਮੁਹੱਈਆ ਕਰਦਾ ਹੈ।

ਕੁਝ ਲੋਕ ਇਹ ਵੀ ਦਲੀਲ ਦਿੰਦੇ ਹਨ ਕਿ ਉਪ ਵਰਗੀਕਰਨ ਵੱਧ ਦੱਬੀਆਂ ਦਲਿਤ ਜਾਤੀਆਂ ਦੀ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣ ਲਈ ਕੋਈ ਹੱਲ ਨਹੀਂ ਹੈ ਸਗੋਂ ਸਰਕਾਰ ਨੂੰ ਸਿੱਖਿਆ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਤਾਂ ਕਿ ਸਾਰਿਆਂ ਲਈ ਬਰਾਬਰ ਪ੍ਰਤੀਨਿਧਤਾ ਦਾ ਮੌਕਾ ਉਪਲਬਧ ਹੋਵੇ। ਹੈਰਾਨੀਜਨਕ ਹੈ ਕਿ ਰਾਖਵਾਂਕਰਨ ਵਿਰੋਧੀ ਵਿਚਾਰ ਰੱਖਣ ਵਾਲੇ ਬੰਦੇ ਵੀ ਅਜਿਹੇ ਤਰਕ ਦਿੰਦੇ ਹਨ। ਉਹ ਵੀ ਅਜਿਹੀਆਂ ਦਲੀਲਾਂ ਦਿੰਦੇ ਹਨ ਜਿਵੇਂ 'ਰਿਜ਼ਰਵੇਸ਼ਨ ਦੀ ਕੀ ਲੋੜ ਹੈ, ਦਲਿਤਾਂ ਨੂੰ ਸਿੱਖਿਅਤ ਅਤੇ ਦੂਜਿਆਂ ਨਾਲ ਮੁਕਾਬਲਾ ਕਰਨ ਦੇ ਯੋਗ ਬਣਾਇਆ ਜਾਣਾ ਚਾਹੀਦਾ ਹੈ'; 'ਜਾਤ ਖ਼ਤਮ ਕਰਨ ਦੀ ਬਜਾਇ ਰਾਖਵਾਂਕਰਨ ਸਮਾਜ ਦੇ ਵੱਖ-ਵੱਖ ਵਰਗਾਂ ਵਿਚ ਵੰਡ ਅਤੇ ਦਲਿਤਾਂ ਪ੍ਰਤੀ ਨਫ਼ਰਤ ਨੂੰ ਵਧਾਏਗਾ।'

ਉਪ ਵਰਗੀਕਰਨ ਮਹੱਤਵਪੂਰਨ ਉਪਾਅ ਹੈ ਜੋ ਅਨੁਸੂਚਿਤ ਜਾਤੀਆਂ ਸ਼੍ਰੇਣੀ ਅੰਦਰ ਉਪ ਸ਼੍ਰੇਣੀਆਂ ਬਣਾਏਗਾ ਅਤੇ ਵੱਧ ਦੱਬੀਆਂ ਦਲਿਤ ਜਾਤੀਆਂ ਲਈ ਸੀਟਾਂ ਰਾਖਵੀਆਂ ਕਰੇਗਾ। ਇਹ ਸਪੱਸ਼ਟ ਤੌਰ 'ਤੇ ਉਨ੍ਹਾਂ ਲਈ ਪ੍ਰਤੀਨਿਧਤਾ ਨੂੰ ਯਕੀਨੀ ਬਣਾਏਗਾ। ਜੋ ਕੋਈ 'ਦਲਿਤ ਏਕਤਾ' ਦੇ ਸੰਕਲਪ ਦੀ ਕਲਪਨਾ ਕਰਦਾ ਹੈ ਤਾਂ ਉਪ ਵਰਗੀਕਰਨ ਅਜਿਹੀ ਏਕਤਾ 'ਤੇ ਹਮਲਾ ਹੋਣ ਦੀ ਬਜਾਇ ਅਸਲ ਅਰਥਾਂ ਵਿਚ ਦਲਿਤਾਂ ਦੀ ਏਕਤਾ ਵੱਲ ਵਧਣ ਵਿਚ ਸਹਾਈ ਹੋਵੇਗਾ। ਦਲਿਤ ਰਾਜਨੀਤੀ ਦੇ ਅਖਾੜੇ 'ਤੇ ਮੁੱਠੀ ਭਰ ਜਾਤੀਆਂ ਦਾ ਦਬਦਬਾ ਹੋਣ ਦਾ ਇਲਜ਼ਾਮ ਲਗਦਾ ਰਿਹਾ ਹੈ ਜੋ ਪੂਰੀ ਤਰ੍ਹਾਂ ਬੇਬੁਨਿਆਦ ਵੀ ਨਹੀਂ ਹੈ। ਇਹ ਉਹੀ ਜਾਤੀਆਂ ਹਨ ਜਿਨ੍ਹਾਂ ਨੂੰ ਹੁਣ ਤੱਕ ਰਾਖਵੇਂਕਰਨ ਦਾ ਲਾਭ ਜ਼ਿਆਦਾ ਮਿਲਦਾ ਰਿਹਾ ਹੈ। ਦਲਿਤ ਰਾਜਨੀਤੀ ਵਿਚ ਵੱਧ ਦੱਬੀਆਂ ਦਲਿਤ ਜਾਤੀਆਂ ਦਾ ਪ੍ਰਗਟਾਵਾ ਅੱਜ ਵੀ ਘੱਟ ਦੇਖਣ ਨੂੰ ਮਿਲਦਾ ਹੈ। ਉਪ ਵਰਗੀਕਰਨ ਪ੍ਰਤੀਨਿਧਤਾ, ਸਿੱਖਿਆ ਪ੍ਰਣਾਲੀ ਤੇ ਸਰਕਾਰੀ ਨੌਕਰੀਆਂ ਦਾ ਹਿੱਸਾ ਬਣਨ ਅਤੇ ਉਨ੍ਹਾਂ ਦੀ ਸਥਿਤੀ ਨੂੰ ਸੁਧਾਰਨ ਦੇ ਮੌਕੇ ਮੁਹੱਈਆ ਕਰੇਗਾ। ਇਹ ਅਜਿਹੀਆਂ ਸੰਭਾਵਨਾਵਾਂ ਖੋਲ੍ਹੇਗਾ ਜਿੱਥੇ ਉਨ੍ਹਾਂ ਦੇ ਹਿੱਤ ਸਮਕਾਲੀ ਦਲਿਤ ਰਾਜਨੀਤੀ ਨਾਲ ਮੇਲ ਖਾਣਗੇ ਅਤੇ ਇਸ ਤਰ੍ਹਾਂ ਦਲਿਤ ਏਕਤਾ ਦੇ ਦ੍ਰਿਸ਼ਟੀਕੋਣ ਨੂੰ ਵਧੇਰੇ ਭਾਗੀਦਾਰੀ ਵਾਲਾ ਅਤੇ ਜੀਵੰਤ ਬਣਾਇਆ ਜਾ ਸਕੇਗਾ।

ਹੋਰ ਖ਼ਦਸ਼ਿਆਂ ਵਿਚ ਇਹ ਚਿੰਤਾ ਵੀ ਸ਼ਾਮਿਲ ਹੈ ਕਿ ਇਹ ਚਾਲ ਹੈ ਕਿ ਵੱਧ ਦੱਬੀਆਂ ਦਲਿਤ ਜਾਤੀਆਂ ਵਿਚ ਸਿੱਖਿਆ ਦੀ ਘਾਟ ਦੇ ਨਤੀਜੇ ਵਜੋਂ ਰਾਖਵੀਆਂ ਸੀਟਾਂ ਖਾਲੀ ਰਹਿਣਗੀਆਂ ਅਤੇ ਇਹ ਸੀਟਾਂ ਬਾਅਦ ਵਿਚ ਅਣਰਾਖਵੇਂ (ਜਨਰਲ ਸ਼੍ਰੇਣੀ) ਵਿਚ ਤਬਦੀਲ ਹੋ ਜਾਣਗੀਆਂ ਤੇ ਇਸ ਤਰ੍ਹਾਂ ਦਲਿਤ ਭਾਈਚਾਰੇ ਵਿਚ ਜੋ ਯੋਗ ਹਨ, ਉਹ ਵੀ ਰਾਖਵੇਂਕਰਨ ਦੇ ਲਾਭਾਂ ਤੋਂ ਵਾਂਝੇ ਰਹਿ ਜਾਣਗੇ। ਇਹ ਚਿੰਤਾਵਾਂ ਉਪ ਵਰਗੀਕਰਨ ਦੀ ਅਹਿਮੀਅਤ ਨੂੰ ਕਿਤੇ ਵੀ ਢੱਕਦੀਆਂ ਨਹੀਂ ਅਤੇ ਵੱਖ-ਵੱਖ ਤਰੀਕਿਆਂ ਨਾਲ ਜਿਵੇਂ ਬੈਕਲਾਗ ਬਣਾਉਣ ਜਾਂ ਅਨੁਸੂਚਿਤ ਜਾਤੀ ਸ਼੍ਰੇਣੀ ਦੇ ਅੰਦਰ ਸੀਟਾਂ ਦਾ ਤਬਾਦਲਾ ਆਦਿ ਦੁਆਰਾ ਹੱਲ ਕੀਤੀਆਂ ਜਾ ਸਕਦੀਆਂ ਹਨ।

ਕੁਝ ਇਸ ਗੱਲ 'ਤੇ ਚਿੰਤਾ ਜ਼ਾਹਿਰ ਕਰ ਰਹੇ ਹਨ ਕਿ ਸਰਕਾਰਾਂ ਉਪ ਵਰਗੀਕਰਨ ਕਰਨ ਦੀ ਯੋਜਨਾ ਕਿਵੇਂ ਬਣਾਉਣਗੀਆਂ। ਇਹ ਵੀ ਦਲੀਲ ਦਿੱਤੀ ਜਾ ਰਹੀ ਹੈ ਕਿ ਕਿਸੇ ਤਰਕਸੰਗਤ ਆਧਾਰ ਦੀ ਅਣਹੋਂਦ ਵਿਚ ਇਹ ਸਿਆਸੀ ਲਾਭਾਂ ਲਈ ਸੱਤਾਧਾਰੀ ਪਾਰਟੀਆਂ ਦੁਆਰਾ ਵੱਧ ਦੱਬੀਆਂ ਦਲਿਤ ਜਾਤੀਆਂ ਨੂੰ ਲਾਮਬੰਦ ਕਰਨ ਦੇ ਮਹਿਜ਼ ਸਾਧਨ ਵਜੋਂ ਕੰਮ ਕਰੇਗਾ। ਜਿਵੇਂ ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਵਿਸ਼ੇਸ਼ ਤੌਰ 'ਤੇ ਇਸ਼ਾਰਾ ਕੀਤਾ ਹੈ ਕਿ ਉਪ ਵਰਗੀਕਰਨ ਲਈ ਲੋੜੀਂਦੇ ਡੇਟਾ ਦੀ ਜ਼ਰੂਰਤ ਹੈ, ਅਜਿਹਾ ਡੇਟਾ ਇਕੱਠਾ ਕਰਨਾ ਕੋਈ ਔਖਾ ਕੰਮ ਨਹੀਂ। ਸਰਕਾਰ ਕੋਲ ਪਹਿਲਾਂ ਹੀ ਆਪਣੇ ਕਰਮਚਾਰੀਆਂ ਦੇ ਅੰਕੜੇ ਹਨ ਜੋ ਉਨ੍ਹਾਂ ਦੀ ਜਾਤ ਦਰਸਾਉਂਦੇ ਹਨ। ਸਰਕਾਰ ਕੋਲ ਜਾਤੀ ਦੇ ਹਿਸਾਬ ਨਾਲ ਆਬਾਦੀ ਦੇ ਅੰਕੜੇ, ਸਾਖ਼ਰਤਾ ਦਰ, ਰਿਹਾਇਸ਼ ਆਦਿ ਦੇ ਅੰਕੜੇ ਵੀ ਹਨ। ਜੇ ਇਹ ਡੇਟਾ ਵੀ ਉਦੇਸ਼ ਪੂਰਾ ਨਹੀਂ ਕਰਦਾ ਤਾਂ ਜਾਤੀ ਜਨਗਣਨਾ ਕੀਤੀ ਜਾ ਸਕਦੀ ਹੈ ਅਤੇ ਕੀਤੀ ਜਾਣੀ ਵੀ ਚਾਹੀਦੀ ਹੈ। ਸਕਾਰਾਤਮਕ ਕਾਰਵਾਈ ਅਤੇ ਸਮਾਜਿਕ ਸੁਰੱਖਿਆ ਦੀਆਂ ਨੀਤੀਆਂ ਦੀ ਰਾਜਨੀਤਕ ਦੁਰਵਰਤੋਂ ਦੀ ਸੰਭਾਵਨਾ ਅਜਿਹੇ ਉਪਾਵਾਂ ਦੀ ਜ਼ਰੂਰਤ ਨੂੰ ਕਦੇ ਵੀ ਖ਼ਤਮ ਨਹੀਂ ਕਰ ਸਕਦੀ।

ਦਲਿਤ ਜਾਤੀਆਂ ਅੰਦਰ ਮੌਜੂਦ ਨਾ-ਬਰਾਬਰੀ, ਨਾ-ਬਰਾਬਰ ਪ੍ਰਤੀਨਿਧਤਾ ਵਰਗੀਆਂ ਸਮਾਜਿਕ ਹਕੀਕਤਾਂ ਨੂੰ ਧਿਆਨ ਵਿਚ ਰੱਖਦਿਆਂ ਰਿਜ਼ਰਵੇਸ਼ਨ ਨੀਤੀ ਅੰਦਰ ਉਪ ਵਰਗੀਕਰਨ ਦੇ ਸੰਕਲਪ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ। ਹੁਣ ਜਾਤੀ ਆਧਾਰਿਤ ਰਾਖਵੇਂਕਰਨ ਦੀ 50 ਫ਼ੀਸਦੀ ਸੀਮਾ ਨੂੰ ਵੀ ਖ਼ਤਮ ਕੀਤਾ ਜਾਵੇ। ਸਮਾਜਿਕ ਨਿਆਂ ਆਬਾਦੀ ਦੇ ਸਾਰੇ ਹਿੱਸਿਆਂ ਤੱਕ ਪਹੁੰਚਣਾ ਚਾਹੀਦਾ ਹੈ। ਰਾਖਵਾਂਕਰਨ ਨੀਤੀ ਸਰਕਾਰੀ ਨੌਕਰੀਆਂ ਦੇ ਨਾਲ ਨਾਲ ਨਿੱਜੀ ਖੇਤਰ ਵਿਚ ਵੀ ਲਾਗੂ ਕਰਨ ਦੀ ਜ਼ਰੂਰਤ ਹੈ ਤਾਂ ਜੋ ਦੱਬੇ-ਕੁਚਲੇ ਵਰਗਾਂ ਨੂੰ ਦਰਪੇਸ਼ ਪ੍ਰਣਾਲੀਗਤ ਨਾ-ਬਰਾਬਰੀਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੰਬੋਧਿਤ ਕੀਤਾ ਜਾ ਸਕੇ।

# ਅਧੂਰੇ ਸੁਫਨਿਆਂ ਦਾ ਸਫਰ

ਮੈਂ ਸਕੂਲੋਂ ਘਰ ਆ ਕੇ ਅਜੇ ਸੁੱਤੀ ਹੀ ਸੀ ਕਿ ਫੋਨ ਦੀ ਘੰਟੀ ਵੱਜੀ। ਫੋਨ ਦੂਜੇ ਕਮਰੇ ਵਿਚ ਪਿਆ ਹੋਣ ਕਾਰਨ ਮੈਂ ਨਾ ਚੁੱਕਿਆ; ਨੀਂਦ ਨੇ ਜੁ ਘੇਰਿਆ ਹੋਇਆ ਸੀ। ਫੋਨ ਧੀ ਨੇ ਚੁੱਕਿਆ ਤਾਂ ਅੱਗਿਓਂ ਆਵਾਜ਼ ਆਈ, "ਪੁੱਤ ਮੰਮੀ ਨਾਲ ਗੱਲ ਕਰਾ ਦੇ।"

"ਉਹ ਤਾਂ ਜੀ ਸੁੱਤੇ ਪਏ ਨੇ।" ਧੀ ਨੇ ਆਖਿਆ। "ਚਲੋ ਜਦੋਂ ਉਠ ਗਏ ਗੱਲ ਕਰਵਾ


**ਡਾ. ਪ੍ਰਵੀਨ ਬੇਗਮ**
ਫੋਨ: +91-89689-48018


ਦੇਵਾਂਗੀ।" ਕਹਿ ਕੇ ਉਹਨੇ ਫੋਨ ਰੱਖ ਦਿੱਤਾ।

ਮੈਂ ਸ਼ਾਮ ਨੂੰ ਉਠੀ ਤਾਂ ਧੀ ਨੇ ਦੱਸਿਆ ਕਿ ਨਾਜ਼ ਮਾਸੀ ਦਾ ਫੋਨ ਆਇਆ ਸੀ। ਮੈਂ ਘੜੀ ਵੱਲ ਨਜ਼ਰ ਮਾਰੀ, ਸਾਢੇ ਕੁ ਛੇ ਦਾ ਸਮਾਂ ਸੀ। ਸੋਚਿਆ, ਰੋਜ਼ੇ ਚੱਲ ਰਹੇ ਨੇ, ਉਨ੍ਹਾਂ ਦਾ ਇਫ਼ਤਾਰੀ ਸਮਾਂ ਹੋਵੇਗਾ ਤੇ ਫਿਰ ਮਗਰਿਬ ਦੀ ਨਮਾਜ਼ ਦਾ ਵੀ। ਇਹ ਸੋਚ ਕੇ ਮੈਂ ਕੁਝ ਲਿਖਣ ਲਈ ਆਪਣੇ ਕਮਰੇ ਵਿਚ ਚਲੀ ਗਈ। ਕਮਰੇ ਵਿਚ ਖਿਲਾਰਾ ਪਿਆ ਹੋਇਆ ਸੀ। ਸ਼ਾਇਦ ਧੀ ਨੇ ਅਲਮਾਰੀ ਵਿਚੋਂ ਕੱਢ ਕੇ ਕੁਝ ਪੁਰਾਣੀਆਂ ਫੋਟੋਆਂ ਦੇਖੀਆਂ ਸਨ; ਮੈਨੂੰ ਮੇਰੀ ਅਤੇ ਨਾਜ਼ ਦੀ ਪੁਰਾਣੀ ਈਦ ਮੌਕੇ ਦੀ ਫੋਟੋ ਦਿਸੀ।

ਨਾਜ਼ ਮੇਰੇ ਪਿੰਡੋਂ ਹੀ ਗੁਆਂਢੀਆਂ ਦੀ ਕੁੜੀ ਸੀ। ਸਾਡਾ ਰਿਸ਼ਤਾ ਭਾਵੇਂ ਕੋਈ ਨਹੀਂ ਸੀ, ਅਸੀਂ ਸਹੇਲੀਆਂ ਹੀ ਸੀ ਪਰ ਭੈਣਾਂ ਨਾਲੋਂ ਵਧ ਕੇ। ਸਾਡਾ ਖਾਣ-ਪੀਣ, ਕੱਪੜਾ ਲੀੜਾ, ਰੀਝਾਂ, ਬਚਪਨ ਤੇ ਜਵਾਨੀ ਦੇ ਹਾਸੇ ਤੇ ਵਲਵਲੇ ਸਾਂਝੇ ਸਨ। 12ਵੀਂ ਜਮਾਤ ਤੋਂ ਬਾਅਦ ਮੈਂ ਕਾਲਜ ਤੇ ਫਿਰ ਉਚੇਰੀ ਸਿੱਖਿਆ ਲਈ ਪਟਿਆਲੇ ਆ ਗਈ ਪਰ ਉਹ 12ਵੀਂ ਜਮਾਤ ਤੋਂ ਬਾਅਦ ਪੜ੍ਹ ਨਾ ਸਕੀ। ਉਸ ਦੇ ਪਿਤਾ ਜੀ ਕੁੜੀਆਂ ਨੂੰ ਪੜ੍ਹਾਉਣ ਦੇ ਹੱਕ ਵਿਚ ਨਹੀਂ ਸਨ; ਅਖੇ, ਅਸੀਂ ਕਿਹੜਾ ਨੌਕਰੀ ਕਰਵਾਉਣੀ ਏ। ਵਿਆਹ ਹੀ ਕਰਨਾ ਅਗਲੇ ਸਾਲ ਤੱਕ। ਮੈਨੂੰ ਯਾਦ ਏ ਕਿ ਮੈਂ ਨਾਜ਼ ਦਾ ਪ੍ਰਾਈਵੇਟ ਬੀ.ਏ. ਦਾ ਫਾਰਮ ਭਰ ਕੇ ਉਸ ਨੂੰ ਪੜ੍ਹਨ ਲਈ ਕਿਤਾਬਾਂ ਵੀ ਲਿਆ ਕੇ ਦਿੱਤੀਆਂ ਪਰ ਉਹ ਘਰ ਦੇ ਕੰਮਾਂ-ਕਾਰਾਂ ਦੇ ਬੋਝ ਥੱਲੇ ਦਬ ਕੇ ਪੜ੍ਹਨ ਨੂੰ ਸਮਾਂ ਹੀ ਨਾ ਦੇ ਸਕਦੀ। ਕਿਵੇਂ ਨਾ ਕਿਵੇਂ ਮੈਂ ਦੇਰ ਸਵੇਰ ਸਮਾਂ ਕੱਢ ਕੇ ਉਹਨੂੰ ਪੜ੍ਹਾਉਣ ਦੀ ਕੋਸ਼ਿਸ਼ ਕਰਦੀ। ਉਹ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ ਤੇ ਅੱਗੇ ਤੱਕ ਜਾਣਾ ਚਾਹੁੰਦੀ ਸੀ ਪਰ ਉਸ ਤੋਂ ਛੋਟੇ ਉਸ ਦੇ ਦੋ ਭਰਾ ਪੜ੍ਹਨ ਪਿੱਛੇ ਉਹਨੂੰ ਕੌੜੇ-ਕੁਸੈਲੇ ਬੋਲ ਬੋਲਦੇ ਤੇ ਉਹ ਦਬ ਕੇ ਰਹਿ ਜਾਂਦੀ। ਸਾਰਾ ਦਿਨ ਡੰਗਰਾਂ ਵਿਚ ਡੰਗਰ ਹੋਈ ਵਾਹੋ-ਦਾਹੀ ਭੱਜ-ਭੱਜ ਕੰਮ ਕਰਦੀ।

ਇੱਕ ਦਿਨ ਆਥਣ ਵੇਲੇ ਉਸ ਦੇ ਪਿਤਾ ਨੇ ਉਸ ਦੀਆਂ ਕਿਤਾਬਾਂ ਚੁੱਲ੍ਹੇ ਵਿਚ ਵਗਾਹ ਮਾਰੀਆਂ; ਅਖੇ, ਲੱਗੀ ਏ ਨਵੇਂ ਕੰਮ ਕਰਨ... ਸਾਡੇ ਨਹੀਂ ਰਿਵਾਜ ਇਸ ਕੰਜਰਖਾਨੇ ਦਾ; ਤੇ ਨਾਲ ਹੀ ਮੈਨੂੰ ਵੀ ਖਰੀਆਂ-ਖੋਟੀਆਂ ਸੁਣਾਈਆਂ। ਮੈਂ ਚੁੱਪ ਕਰ ਗਈ, ਮੇਰੇ ਘਰਦਿਆਂ ਨੇ ਮੇਰਾ ਨਾਜ਼ ਨਾਲ ਬੋਲਣਾ-ਚੱਲਣਾ ਬੰਦ ਕਰ ਦਿੱਤਾ। ਸੱਚੀਂ ਉਸ 'ਤੇ ਬਹੁਤ ਤਰਸ ਆਉਂਦਾ। ਕਈ ਵਾਰੀ ਸੋਚਦੀ-ਕੀ ਜ਼ਿੰਦਗੀ ਏ ਕੁੜੀਆਂ ਦੀ ਕਿ ਚਾਹ ਕੇ ਵੀ ਅਸੀਂ ਆਪਣੇ ਮਨ ਦੀ ਨਹੀਂ ਕਰ ਸਕਦੀਆਂ!

ਨਾਜ਼ ਦੇ ਫੋਨ ਦੀ ਘੰਟੀ ਨੇ ਸੋਚਾਂ ਵਿਚੋਂ ਕੱਢਿਆ, ਉਸ ਨੇ ਇਕਦਮ ਬੋਲਣਾ ਸ਼ੁਰੂ ਕੀਤਾ, "ਤੂੰ ਤਾਂ ਜਮਾਂ ਫੋਨ ਨੀ ਕਰਦੀ, ਭੁੱਲ ਹੀ ਗਈ।"

ਮੈਂ ਰੁਝੇਵੇਂ ਦੱਸਦਿਆਂ ਮੁਆਫ਼ੀ ਮੰਗੀ, ਉਹਨੇ ਹੱਸਦਿਆਂ ਆਖਿਆ, "ਕੋਈ ਨਹੀਂ, ਮੈਨੂੰ ਪਤਾ ਸਾਰਾ। ਅੱਛਾ ਦੱਸ, ਤਸਲੀਮ ਨੂੰ ਦਸਵੀਂ ਤੋਂ ਬਾਅਦ ਕੀ ਕਰਾਵਾਂ? ਵੈਸੇ ਉਹ ਨਾਨ-ਮੈਡੀਕਲ ਲੈ ਕੇ ਅੱਗੇ ਪੜ੍ਹਨਾ ਚਾਹੁੰਦੀ।"

"ਤੇਰੇ ਖਾਵੰਦ ਰਾਜ਼ੀ ਨੇ ਇਸ ਵਾਸਤੇ?"

ਉਸ ਹੱਸਦਿਆਂ ਆਖਿਆ, "ਬਿਲਕੁਲ, ਵੈਸੇ ਕੋਈ ਰਾਜ਼ੀ ਹੋਵੇ ਜਾਂ ਨਾ ਪਰ ਮੈਂ ਆਪਣੀਆਂ ਧੀਆਂ ਰੁਲਣ ਨਹੀਂ ਦੇਣੀਆਂ। ਉਨ੍ਹਾਂ ਦੇ ਸੁਫਨੇ ਮਰਨ ਨਹੀਂ ਦੇਣੇ। ਉਨ੍ਹਾਂ ਨੂੰ ਮੈਂ ਸਾਰੀ ਉਮਰ ਰਿਸਦੇ ਰਹਿਣ ਵਾਲੇ ਜ਼ਖ਼ਮ ਨਹੀਂ ਦੇਣੇ। ਉਨ੍ਹਾਂ ਦੀਆਂ ਉਡਾਰੀਆਂ ਵਾਸਤੇ ਉਨ੍ਹਾਂ ਦੇ ਖੰਭਾਂ ਵਿਚ ਜਾਨ ਮੈਂ ਭਰਾਂਗੀ।" ਪਲ ਕੁ ਭਰ ਰੁਕਦਿਆਂ ਉਹਨੇ ਗੱਲ ਅੱਗੇ ਤੋਰੀ, "ਜੇ ਮੈਂ ਨਹੀਂ ਪੜ੍ਹ ਸਕੀ ਤਾਂ ਕੀ ਹੋਇਆ ਪਰ ਮੈਂ ਆਪਣੀਆਂ ਧੀਆਂ ਨੂੰ ਪੜ੍ਹਾਉਣਾ ਹੈ, ਉਥੋਂ ਤੱਕ ਜਿੱਥੋਂ ਤੱਕ ਉਨ੍ਹਾਂ ਦਾ ਮਨ ਕਰੇ। ਉਹ ਜੋ ਕਰਨਾ ਚਾਹੁਣ, ਕਰ ਸਕਦੀਆਂ... ਨੌਕਰੀ ਵੀ।"

ਇਹ ਸੁਣਦਿਆਂ ਮੈਂ ਆਪਣੇ ਹੰਝੂ ਰੋਕ ਨਾ ਸਕੀ... ਨਾਜ਼ ਆਪਣੀਆਂ ਧੀਆਂ ਰਾਹੀਂ ਆਪਣੀ ਅਧਵਾਟੇ ਰਹਿ ਗਈ ਜ਼ਿੰਦਗੀ ਨੂੰ ਪੂਰਾ ਕਰੇਗੀ... ਉਹ ਉਡਾਣ ਦੇਵੇਗੀ ਆਪਣੇ ਉਨ੍ਹਾਂ ਸੁਫਨਿਆਂ ਨੂੰ ਜਿਨ੍ਹਾਂ ਨੂੰ ਕਿਸੇ ਵਕਤ ਅੱਗ ਦੇ ਸੇਕ, ਆਪਣਿਆਂ ਦੇ ਹੀ ਗੁਸੈਲੇ ਬੋਲ ਤੇ ਕੰਮ ਦੇ ਬੋਝ ਨੇ ਪੂਰਾ ਨਹੀਂ ਸੀ ਹੋਣ ਦਿੱਤਾ...।

# ਛਟੀਆਂ ਦੀ ਅੱਗ ਨਾ ਬਲੇ...



## ਕਲਾ ਪਰਿਕਰਮਾ

**ਜੋਗਿੰਦਰ ਕੌਰ ਅਗਨੀਹੋਤਰੀ**
**ਫੋਨ: +91-94178-40323**

ਮਨੁੱਖ ਨੇ ਆਪਣੀਆਂ ਮੁੱਖ ਲੋੜਾਂ ਕੁੱਲੀ, ਗੁੱਲੀ, ਜੁੱਲੀ ਦੀ ਪੂਰਤੀ ਕਰਨ ਲਈ ਆਪ ਹੀ ਖੋਜ ਕੀਤੀ ਜਿਸ ਕਰ ਕੇ ਮਨੁੱਖ ਦੀ ਸ਼ਾਨ ਵੱਖਰੀ ਹੈ। ਇਸ ਨੇ ਪੇਟ ਭਰਨ ਲਈ ਅੰਨ ਦੀ ਖੋਜ ਕਰ ਕੇ ਬੀਜ ਬੀਜੇ, ਸੰਭਾਲੇ ਅਤੇ ਉਸ ਤੋਂ ਬਾਅਦ ਉਸ ਨੂੰ ਵੱਢ ਕੇ ਆਪਣੀਆਂ ਤੇ ਦੂਜਿਆਂ ਦੀਆਂ ਲੋੜਾਂ ਨੂੰ ਪੂਰਾ ਕੀਤਾ। ਇੱਕ ਦੂਜੇ ਦੇ ਸਹਿਯੋਗ ਨਾਲ ਹੀ ਰਹਿਣ ਲਈ ਛੱਤ ਦਾ ਪ੍ਰਬੰਧ ਕੀਤਾ। ਤਨ ਢਕਣ ਲਈ ਕੱਪੜੇ ਦਾ ਪ੍ਰਬੰਧ ਕਰਨ ਲਈ ਰੇਸ਼ੇਦਾਰ ਪੌਦਿਆਂ ਨੂੰ ਵੀ ਆਪਣੀ ਲੋੜ ਅਨੁਸਾਰ ਤਿਆਰ ਕੀਤਾ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਰੇਸ਼ੇਦਾਰ ਪੌਦਾ ਕਪਾਹ ਹੈ। ਸਮਾਂ ਬੀਤਣ ਨਾਲ ਭਾਵੇਂ ਨਵੀਆਂ ਤੋਂ ਨਵੀਆਂ ਖੋਜਾਂ ਅਤੇ ਨਵੇਂ ਤੋਂ ਨਵੇਂ ਕੱਪੜੇ ਆ ਰਹੇ ਹਨ ਪਰ ਕਪਾਹ ਦੀ ਸਰਦਾਰੀ ਅੱਜ ਵੀ ਕਾਇਮ ਹੈ ਕਿਉਂਕਿ ਕਪਾਹ ਤੋਂ ਕਈ ਤਰ੍ਹਾਂ ਦੇ ਕੱਪੜੇ ਤਿਆਰ ਹੁੰਦੇ ਹਨ।

ਕਪਾਹ ਬੀਜਣ ਲਈ ਪਹਿਲਾਂ ਵੜੇਵਿਆਂ ਨੂੰ ਭਿਉਂ ਕੇ ਰੱਖਣਾ ਪੈਂਦਾ ਹੈ ਅਤੇ ਫਿਰ ਉਨ੍ਹਾਂ ਨੂੰ ਸੁਆਹ ਨਾਲ ਮਿਲਾ ਕੇ ਇਕੱਲਾ-ਇਕੱਲਾ ਵੀ ਕੀਤਾ ਜਾਂਦਾ ਹੈ। ਕਪਾਹ ਬੀਜਣ ਬਾਰੇ ਬੁਝਾਰਤ ਇੰਝ ਪਾਈ ਜਾਂਦੀ ਹੈ:

ਬੀਜੇ ਰੋੜ, ਜੰਮੇ ਝਾੜ
ਲੱਗੇ ਨਿੰਬੂ, ਖਿੜੇ ਅਨਾਰ।

ਵੜੇਵੇਂ ਬੀਜਣ ਤੋਂ ਬਾਅਦ ਕਪਾਹ ਦੇ ਬੂਟੇ ਹਰੇ ਹੁੰਦੇ ਹਨ ਅਤੇ ਇਨ੍ਹਾਂ ਕਈ ਸ਼ਾਖਾਵਾਂ ਪਾਟਦੀਆਂ ਹਨ। ਫਿਰ ਇਨ੍ਹਾਂ ’ਤੇ ਨਿੰਬੂਆਂ ਵਰਗੇ ਟੀਂਡੇ ਲੱਗਦੇ ਹਨ ਅਤੇ ਅੱਧੀ ਭਾਦੋਂ ਕਪਾਹਾਂ ਖਿੜਨੀਆਂ ਸ਼ੁਰੂ ਹੋ ਜਾਂਦੀਆਂ ਹਨ। ਕਪਾਹ ਭਾਵੇਂ ਧਰਤੀ ਵਿਚ ਬੀਜਿਆ ਜਾਣ ਵਾਲਾ ਪੌਦਾ ਹੈ ਪਰ ਕੁਦਰਤ ਵੱਲੋਂ ਮਿਲਿਆ ਇਹ ਅਨਮੋਲ ਤੋਹਫਾ ਦੁਨੀਆ ਦਾ ਸਭ ਤੋਂ ਕੀਮਤੀ ਤੋਹਫਾ ਹੈ ਜਿਸ ਨਾਲ ਮਨੁੱਖ ਜਨਮ ਤੋਂ ਲੈ ਕੇ ਮਰਨ ਤੱਕ ਜੁੜ ਜਾਂਦਾ ਹੈ। ਜਦੋਂ ਕੋਈ ਬੱਚਾ ਜਨਮ ਲੈਂਦਾ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਕੱਪੜੇ ਵਿਚ ਲਪੇਟਿਆ ਜਾਂਦਾ ਹੈ ਅਤੇ ਮਰਨ ਵੇਲੇ ਵੀ ਮਨੁੱਖ ਦੇ ਉਤੇ ਕੱਪੜਾ ਪਾਇਆ ਜਾਂਦਾ ਹੈ। ਇਹ ਕੱਪੜਾ ਕਪਾਹ ਤੋਂ ਹੀ ਤਿਆਰ ਕੀਤਾ ਜਾਂਦਾ ਹੈ। ਇਸ ਕਪਾਹ ਤੋਂ ਪਹਿਨਣ ਵਾਲੇ ਕੱਪੜਿਆਂ ਤੋਂ ਬਿਨਾਂ ਹੋਰ ਅਨੇਕਾਂ ਵੰਨਗੀਆਂ ਤਿਆਰ ਕੀਤੀਆਂ ਜਾਂਦੀਆਂ ਹਨ ਜਿਵੇਂ ਖੱਦਰ, ਖੇਸ, ਦਰੀਆਂ, ਰਜਾਈਆਂ, ਗਦੈਲੇ ਅਤੇ ਹੋਰ ਅਨੇਕਾਂ ਵੰਨਗੀਆਂ।

ਕਿਹਾ ਜਾਂਦਾ ਹੈ ਕਿ ਹਰ ਕੰਮ ਸਹਿਯੋਗ ਨਾਲ ਕੀਤਾ ਜਾਂਦਾ ਹੈ। ਕਪਾਹ ਨੂੰ ਚੁਗਣ ਲਈ ਕਈ ਜਣੇ ਇਕੱਠੇ ਹੋ ਕੇ ਚੁਗਦੇ ਹਨ। ਇੱਕ ਦੂਜੇ ਨਾਲ ਵਿੜ੍ਹੀ ਵੀ ਚੜ੍ਹਾਈ ਜਾਂਦੀ ਹੈ। ਇਸ ਕਰ ਕੇ ਇੱਕ ਦਿਨ ਇੱਕ ਘਰ ਦੀ ਕਪਾਹ ਚੁਗਣ ਲਈ ਘਰਾਂ ਵਿਚੋਂ ਇੱਕ-ਇੱਕ ਬੰਦੇ ਨੂੰ ਬੁਲਾਇਆ ਜਾਂਦਾ ਹੈ ਅਤੇ ਉਹ ਖੇਤ ਕਪਾਹ ਚੁਗਣ ਜਾਂਦੇ ਹਨ। ਇਨ੍ਹਾਂ ਦਿਨਾਂ ਨੂੰ ਬਹੁਤ ਹੀ ਆਨੰਦਦਾਇਕ ਦਿਨ ਮੰਨਿਆ ਜਾਂਦਾ ਹੈ ਜਦੋਂ ਸਾਰੇ ਇਕੱਠੇ ਹੋ ਕੇ ਇੱਕ ਘਰ ਦੇ ਖੇਤ ਵਿਚ ਜਾ ਕੇ ਕਪਾਹ ਚੁਗਦੇ ਹਨ ਅਤੇ ਹੱਸਦੇ ਖੇਡਦੇ ਵੀ ਹਨ। ਕਪਾਹ ਚੁਗਣ ਵਾਲੇ ਸਾਰੇ ਇਕੱਠੇ ਬੈਠ ਕੇ ਰੋਟੀ ਵੀ ਖਾਂਦੇ ਹਨ ਅਤੇ ਚਾਹ ਵੀ ਪੀਂਦੇ ਹਨ। ਰੋਟੀ ਸਵੇਰੇ ਹੀ ਪਕਾ ਕੇ ਚੁਗਣ ਵਾਲੇ ਅੱਠ ਵੱਜਦੇ ਨੂੰ ਖੇਤ ਵਿਚ ਪਹੁੰਚ ਜਾਂਦੇ ਹਨ। ਚਾਹ ਸਾਰਿਆਂ ਦੀ ਖੇਤ ਹੀ ਇਕੱਠੀ ਬਣਦੀ ਹੈ ਕਿਉਂਕਿ ਘਰੋਂ ਦੁੱਧ, ਚਾਹ ਪੱਤੀ ਅਤੇ ਗੁੜ ਜਾਂ ਖੰਡ ਰੋਟੀ ਨਾਲ ਹੀ ਟੋਕਰੇ ਵਿਚ ਰੱਖ ਲਿਆ ਜਾਂਦਾ ਹੈ।

ਜਦੋਂ ਘਰ ਦੀ ਸੁਆਣੀ ਨੇ ਆਪਣੇ ਸਾਰੇ ਸਹਿਯੋਗੀਆਂ ਨਾਲ ਖੇਤ ਕਪਾਹ ਚੁਗਣ ਜਾਣਾ ਹੁੰਦਾ ਸੀ ਤਾਂ ਉਸ ਤੋਂ ਚਾਅ ਨਹੀਂ ਚੁੱਕਿਆ ਜਾਂਦਾ ਸੀ। ਉਹ ਇੰਝ ਤੁਰਦੀ ਸੀ ਜਿਵੇਂ ਹਵਾ ਵਿਚ ਉਡਦੀ ਹੋਵੇ। ਉਸ ਦੇ ਮੂੰਹੋਂ ਲੋਕ ਗੀਤ ਆਪ ਮੁਹਾਰੇ ਫੁੱਟਦੇ ਸਨ:

ਉਚੇ ਚੁਬਾਰੇ ਵਿਚ ਬਾਰੀ ਨੀਂ
ਮੇਰੀ ਭਲਕੇ ਕਪਾਹ ਦੀ ਵਾਰੀ ਨੀਂ।

ਕਪਾਹ ਅਤੇ ਨਰਮਾ ਭਾਵੇਂ ਕਪਾਹ ਦੀਆਂ ਦੋ ਮੁੱਖ ਫ਼ਸਲਾਂ ਹਨ। ਕਪਾਹ ਨੂੰ ਆਮ ਤੌਰ ’ਤੇ ਦੇਸੀ ਕਪਾਹ ਕਿਹਾ ਜਾਂਦਾ ਹੈ ਅਤੇ ਨਰਮੇ ਨੂੰ ਅਮਰੀਕਨ ਕਪਾਹ। ਉਂਝ ਦੇਸੀ ਕਪਾਹ ਨੂੰ ਵੀ ਤਿੰਨ ਕਿਸਮਾਂ ਵਿਚ ਵੰਡਿਆ ਗਿਆ ਹੈ। ਚਿੱਟੀ ਕਪਾਹ, ਕਾਲੀ ਕਪਾਹ ਅਤੇ ਖ਼ਾਕੀ ਕਪਾਹ। ਚਿੱਟੀ ਕਪਾਹ ਦੇ ਫੁੱਲ ਘਿਓ ਕਪੂਰੀ ਰੰਗ ਦੇ ਹੁੰਦੇ ਹਨ; ਕਾਲੀ ਕਪਾਹ ਦੇ ਫੁੱਲ ਪਿਆਜ਼ੀ ਰੰਗ ਦੇ ਹੁੰਦੇ ਹਨ। ਚਿੱਟੀ ਕਪਾਹ ਚੁਗਣ ਵੇਲੇ ਜਲਦੀ ਹੀ ਹੱਥਾਂ ’ਚੋਂ ਡਿੱਗ ਪੈਂਦੀ ਹੈ ਪਰ ਕਾਲੀ ਕਪਾਹ ਚੁਗਣ ਵੇਲੇ ਡਿੱਗਦੀ ਨਹੀਂ। ਇਸ ਤਰ੍ਹਾਂ ਖਾਕੀ ਕਪਾਹ ਦੇ ਪੱਤਿਆਂ ਦੀ ਅਤੇ ਫੁੱਲਾਂ ਦੀ ਕੋਈ ਪਰਖ ਨਹੀਂ ਹੈ ਪਰ ਟੀਂਡਿਆਂ ਵਿਚੋਂ ਖਾਕੀ ਕਪਾਹ ਦੀਆਂ ਫੁੱਟੀਆਂ ਨਿਕਲਦੀਆਂ ਹਨ। ਟੀਂਡੇ ਵਿਚੋਂ ਕਪਾਹ ਨਿਕਲਣ ਤੋਂ ਬਾਅਦ ਉਸ ਖਾਲੀ ਖੋਖ ਨੂੰ ਸਿਕਰੀ ਕਿਹਾ ਜਾਂਦਾ ਹੈ।

ਜਦੋਂ ਔਰਤਾਂ ਕਪਾਹ ਚੁਗਦੀਆਂ ਹਨ ਤਾਂ ਉਸ ਸੁਗੰਧਿਤ ਵਾਤਾਵਰਨ ਵਿਚ ਉਨ੍ਹਾਂ ਦੇ ਅੰਦਰੋਂ ਅਨੇਕਾਂ ਭਾਵ ਉਠਦੇ ਹਨ ਜੋ ਲੋਕ ਗੀਤਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਕਪਾਹ ਚੁਗਦੀ ਔਰਤ ਜਦੋਂ ਲਫ਼ ਕੇ ਕਪਾਹ ਦੀ ਉਚੀ ਟਾਹਣੀ ਤੋਂ ਫੁੱਟੀਆਂ ਫੜਦੀ ਹੈ ਤਾਂ ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਹੈ:

ਝੁਕ ਜਾ ਕਪਾਹ ਦੀਏ ਛਟੀਏ
ਨੀਂ ਪਤਲੋ ਦੀ ਬਾਂਹ ਥੱਕ’ਗੀ।

ਕਪਾਹ ਨੂੰ ਚੁਗਣ ਤੋਂ ਬਾਅਦ ਇਸ ਨੂੰ ਹੱਥਾਂ ਨਾਲ ਸਾਫ਼ ਕਰ ਕੇ ਫਿਰ ਵੇਲਿਆ ਜਾਂਦਾ ਸੀ ਅਤੇ ਉਸ ਤੋਂ ਬਾਅਦ ਇਸ ਨੂੰ ਤੇਲੀ ਦੇ ਲਿਜਾ ਕੇ ਪਿੰਜਾਇਆ ਜਾਂਦਾ ਸੀ। ਜੇਕਰ ਰੂੰ ਵਧੀਆ ਨਾ ਪਿੰਜੀ ਹੁੰਦੀ ਤਾਂ ਔਰਤਾਂ ਦੁਬਾਰਾ ਪਿੰਜਣ ਲਈ ਕਹਿੰਦੀਆਂ:

ਲਾ ਵੇ ਤੇਲੀਆ ਤਾੜਾ
ਰੂੰ ਮੇਰੀ ਕੱਚੀ ਪਈ।

ਪਿੰਜੀ ਹੋਈ ਰੂੰ ਦੀਆਂ ਪੂਣੀਆਂ ਵੱਟੀਆਂ ਜਾਂਦੀਆਂ ਤੇ ਫਿਰ ਉਸ ਨੂੰ ਕੱਤਿਆ ਜਾਂਦਾ। ਫਿਰ ਉਸ ਤੋਂ ਵੱਖ-ਵੱਖ ਪ੍ਰਕਾਰ ਦੀਆਂ ਵੰਨਗੀਆਂ ਤਿਆਰ ਕੀਤੀਆਂ ਜਾਂਦੀਆਂ। ਲੰਮਾ ਸਮਾਂ ਲੋਕ ਘਰ ਦੇ ਖੱਦਰ ਦੇ ਕੱਪੜੇ ਪਾਉਂਦੇ ਸਨ। ਬਾਜ਼ਾਰ ਦੇ ਸੋਹਣੇ ਕੱਪੜਿਆਂ ਨੂੰ ਦੇਖ ਕੇ ਇੱਕ ਔਰਤ ਦੇ ਅੰਦਰ ਰੀਝ ਪੈਦਾ ਹੁੰਦੀ ਹੈ ਕਿ ਉਹ ਵੀ ਅਜਿਹਾ ਸੂਟ ਸੰਵਾ ਕੇ ਪਾਵੇ। ਬਾਜ਼ਾਰ ਵਿਚ ਕਈ ਵਾਰ ਕੱਪੜਾ ਡਿੱਪੂ ’ਤੇ ਵੀ ਮਿਲਦਾ ਸੀ। ਸੋ, ਔਰਤ ਆਪਣੇ ਪਤੀ ਨੂੰ ਇਸ ਤਰ੍ਹਾਂ ਕਹਿੰਦੀ ਹੈ:

ਮੇਰੇ ਖੱਦਰ ਪਿੰਡੇ ਨੂੰ ਖਾਵੇ
ਨਿੱਕੀ ਨਿੱਕੀ ਪੈ ਗਈ ਧਫ਼ੜੀ, ਮੱਖਣਾ
ਵੇ ਡਿੱਪੂ ’ਚੋਂ ਲਿਆ ਦੇ ਕੱਪੜਾ, ਜੇ ਰੱਖਣਾ।

ਆਦਮੀ ਘਰ ਦੀ ਕਬੀਲਦਾਰੀ ਤੋਂ ਮਜਬੂਰ ਹੈ, ਉਹ ਫਿਰ ਵੀ ਉਸ ਨੂੰ ਸਮਝਾਉਂਦਾ ਹੈ:

ਛਾਪਾ ਖੱਦਰ ਬਣਾ ਕੇ ਪਾ ਲੈ
ਦੇ ਗੇੜਾ ਚਰਖੇ ਨੂੰ ਹਰੀਏ
ਨੀ ਕੱਪੜਾ ਨਹੀਂ ਮਿਲਦਾ ਕੀ ਕਰੀਏ!

ਘਰ ਦੇ ਕੱਤੇ ਸੂਤ ਨਾਲ ਕੁੜੀਆਂ ਨੂੰ ਦਾਜ ਵਿਚ ਦਿੱਤੇ ਜਾਣ ਵਾਲੇ ਬਿਸਤਰੇ, ਪਲੰਘ ਅਤੇ ਹੋਰ ਚੀਜ਼ਾਂ ਇਸ ਕਪਾਹ ਦੀ ਹੀ ਦੇਣ ਹਨ। ਸੂਤ ਕੱਤਣ ਤੋਂ ਬਾਅਦ ਅਟੇਰਨ ਉਤੇ ਅਟੇਰਿਆ ਜਾਂਦਾ ਹੈ ਅਤੇ ਉਸ ਦੀਆਂ ਅੱਟੀਆਂ ਬਣਾਈਆਂ ਜਾਂਦੀਆਂ ਹਨ। ਜੇਕਰ ਹੱਥੀਂ ਕੱਤੇ ਸੂਤ ਦੇ ਖੇਸ/ਦੋੜੇ ਜਾਂ ਕੋਈ ਹੋਰ ਵੰਨਗੀ ਤਿਆਰ ਕਰਨੀ ਹੈ ਤਾਂ ਉਨ੍ਹਾਂ ਅੱਟੀਆਂ ਨੂੰ ਊਰੀ ’ਤੇ ਚੜ੍ਹਾ ਕੇ ਨੜੇ ਵੱਟੇ ਜਾਂਦੇ ਹਨ। ਉਸ ਤੋਂ ਬਾਅਦ ਤਾਣਾ ਤਣਦੇ ਹਨ। ਇਸ ਕੰਮ ਨੂੰ ਮਾਹਰ ਔਰਤਾਂ ਬੜੀ ਫੁਰਤੀ ਨਾਲ ਕਰਦੀਆਂ ਹਨ। ਤਾਣਾ ਤਣਦੀਆਂ ਹੋਈਆਂ ਵੀ ਉਹ ਗੀਤ ਗਾਉਂਦੀਆਂ ਹਨ:

ਉਚੇ ਟਿੱਬੇ ਮੈਂ ਤਾਣਾ ਤਣਦੀ
ਉਤੋਂ ਦੀ ਲੰਘ ਗਿਆ ਮੋਰ।
ਜੇ ਮੈਨੂੰ ਪਤਾ
ਗਰਦਨ ਦਿੰਦੀ ਮਰੋੜ।

ਜਿੱਥੇ ਕਪਾਹ ਤੋਂ ਘਰ ਦੀਆਂ ਵਸਤਾਂ ਤਿਆਰ ਹੁੰਦੀਆਂ ਹਨ, ਉਥੇ ਮੰਡੀ ਵਿਚ ਵੇਚ ਕੇ ਉਸ ਦਾ ਮੁੱਲ ਵੀ ਪ੍ਰਾਪਤ ਕੀਤਾ ਜਾਂਦਾ ਅਤੇ ਉਸ ਤੋਂ ਪੈਸੇ ਪ੍ਰਾਪਤ ਕਰ ਕੇ ਘਰ ਦੀ ਕਬੀਲਦਾਰੀ ਤੋਰੀ ਜਾਂਦੀ ਜਾਂ ਕੋਈ ਚੀਜ਼ ਲਿਆਂਦੀ ਜਾਂਦੀ। ਕਪਾਹ ਦੇ ਵੱਢਣ ਤੋਂ ਪਹਿਲਾਂ ਉਸ ਦੇ ਉਤੇ ਲੱਗੇ ਟੀਂਡਿਆਂ ਨੂੰ ਤੋੜ ਕੇ ਉਨ੍ਹਾਂ ਨੂੰ ਧੁੱਪੇ ਸੁੱਟਿਆ ਜਾਂਦਾ ਹੈ ਜੋ ਧੁੱਪ ਲੱਗਣ ਨਾਲ ਖਿੜ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਕਪਾਹ ਕੱਢ ਲਈ ਜਾਂਦੀ ਹੈ। ਕਪਾਹ ਦੀਆਂ ਸਿੱਕਰੀਆਂ ਨੂੰ ਬਾਲਣ ਵਜੋਂ ਵਰਤਿਆ ਜਾਂਦਾ ਹੈ। ਕਪਾਹ ਦੀਆਂ ਛਿਟੀਆਂ ਬਾਲਣ ਦੇ ਕੰਮ ਆਉਂਦੀਆਂ ਹਨ। ਚੁੱਲ੍ਹੇ ’ਤੇ ਰੋਟੀ ਪਕਾਉਣ ਵੇਲੇ ਛਿਟੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੀਆਂ ਛਿਟੀਆਂ ਨਰਮੇ ਦੀਆਂ ਛਿਟੀਆਂ ਨਾਲੋਂ ਵਧੀਆ ਹੁੰਦੀਆਂ ਹਨ, ਪਰ ਫਿਰ ਵੀ ਇਹ ਬੋਲੀ ਜ਼ਰੂਰ ਪ੍ਰਚਲਿੱਤ ਹੋ ਗਈ ਹੈ:

ਐਥੋਂ ਲਿਆਈਂ ਵੇ ਛੜੇ ਦੀ ਮੁੱਛ ਪੱਟ ਕੇ
ਛਟੀਆਂ ਦੀ ਅੱਗ ਨਾ ਬਲੇ।



## ਆਖ ਤਸਵੀਰਾਂ ਬੋਲਦੀਆਂ


*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਸਤੰਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-656



*ਕਲਾਕਾਰੀ ਨਹੀਂ ਜੱਦੀ ਕਿਸੇ ਦੀ, ਕਿਤੋਂ ਮੁੱਲ ਨ ਥਿਆਉਂਦੀ ਹੈ,*
*ਮੂੰਹੋਂ ਬੋਲ ਕੇ ਤਸਵੀਰ ਹੈ ਕਹਿੰਦੀ, ਧੁਰ ਅੰਦਰੋਂ ਹੀ ਆਉਂਦੀ ਹੈ।*
*ਨਾ ਹੀ ਕੋਈ ਉਮਰ ਹੈ ਇਸ ਦੀ, ਹੱਥੋਂ ਮੱਲੋ-ਮੱਲੀ ਬਣਾਉਂਦੀ ਹੈ,*
*ਵਾਹ ਕਮਾਲ ਹੈ ਗਰੀਬੜੀ ਧੀਏ, ਤੇਰੇ ਸੁੱਤੇ ਭਾਗ ਜਗਾਉਂਦੀ ਹੈ।*

### ਕੈਪਸ਼ਨ ਮੁਕਾਬਲਾ-654



ਪਾਰ ਸਮੁੰਦਰੋਂ ਮਾਰ ਉਡਾਰੀ
ਮੌਸਮ ਦੇ ਨਾਲ ਆਵਣ ਜਾਵਣ।
ਝੀਲ ਕਿਨਾਰੇ ‘ਕੱਠੀਆਂ ਹੋਵਣ
ਵਿਚ ਪਾਣੀ ਦੇ ਤਾਰੀਆਂ ਲਾਵਣ।
ਨਾਲ਼ ਮੜ੍ਹਕ ਦੇ ਤੁਰਨ ਸੜਕ ‘ਤੇ
ਕੁੱਲ ਟ੍ਰੈਫਿਕ ਨੂੰ ਬਰੇਕਾਂ ਲਾਵਣ।
***– ਜਗਮੀਤ ਸਿੰਘ ਪੰਧੇਰ***

---

ਵਾਹ ਕਾਦਰ! ਤੇਰੇ ਕੀ ਕੀ ਰੰਗ ਨੇ,
ਤੇਰੀਆਂ ਤੂੰ ਹੀ ਜਾਣੇ,
ਪਰਿਵਾਰ ਬਣਾ ਕੇ ਦੇਖੋ ਪੰਛੀ ਰਹਿੰਦੇ,
ਮੁੱਦਤੋਂ ਹੋਏ ਸਿਆਣੇ।
ਧਰਤ ਦੇ ਬੰਦੇ ਲੜ ਲੜਕੇ ਨੇ ਮਰਦੇ,
ਛਿੱਤਰੀਂ ਵੰਡੇ ਦਾਣੇ,
ਜਿੱਥੇ ਚੋਗ ਖਿਲਾਰੀ ਦਾਤੇ ਉੱਥੇ ਖਾਧੇ,
ਪੱਲੇ ਨਾ ਬੰਨ੍ਹ ਜਾਣੇ।
***–ਸੇਵਾ ਸਿੰਘ “ਨੂਰਪੁਰੀ”***

---

ਕਿੰਨਾ ਸ਼ਾਂਤ ਵਾਤਾਵਰਨ
ਝੀਲ ਕਿਨਾਰੇ ਬਣਿਆ
ਚੋਗਾ ਚੁਗ ਬੱਤਖਾਂ ਰਲ ਮਿਲ
ਪੇਟ ਆਪਣਾ ਭਰਿਆ।

ਬੰਦਾ ਜਿਉਂ ਕਰੇ ਤਰੱਕੀ
ਸ਼ੋਰ ਪ੍ਰਦੂਸ਼ਣ ਦਿਨ-ਬ ਦਿਨ ਵਧਾਉਂਦਾ
ਚੋਣ ਦੰਗਲ ਚਲਦੇ ਰਹਿੰਦੇ
ਲੀਡਰ ਨਾ ਚੱਜ ਦਾ ਥਿਆਉਂਦਾ।
ਬੰਦਿਆਂ ਨਾਲੋਂ ਜਾਨਵਰ ਚੰਗੇ
ਸ਼ਾਂਤੀ ਨਾਲ ਰਹਿੰਦੇ
ਜਿਵੇਂ ਜਾਇਦਾਦਾਂ ਨਾਲ ਲੈ ਜਾਣੀਆਂ
ਲੜ ਕੇ ਰਹਿਣ ਖਹਿੰਦੇ।
ਕੌਣ ਸਮਝਾਵੇ ਉੱਲੂਆਂ ਨੂੰ
ਲਾਲਚ ਮੂਲ ਨਾ ਤਿਆਗਦੇ
ਉਲਟਾ ਵੱਢ ਖਾਣ ਨੂੰ ਪੈਂਦੇ
ਜਿਹੜੇ ਰੱਖਣ ਉਨ੍ਹਾਂ ਨੂੰ ਜਾਗਦੇ।
***–ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ ਪਟਿਆਲਾ***
***ਫੋਨ: 98784-69639***

---

ਕੁਦਰਤ ਦਾ ਚੁਗਿਰਦਾ
ਹਰਿਆ ਭਰਿਆ
ਵੰਡੇ ਖੁਸ਼ੀਆਂ
ਪਸ਼ੂ ਪੰਛੀ ਝੁੰਡ
ਖਾਂਦੇ ਅਤੇ ਰਹਿੰਦੇ ਇਕੱਠੇ
ਉਡਾਰੀ ਵੀ ਮਾਰਦੇ
ਇਕੱਠੇ ਆਸਮਾਨ ‘ਚ
ਆਪਣੀ ਖੁਰਲੀ ਛੱਡ
ਦੂਜੀ ਵੱਲ ਪਹਿਲਾਂ ਮੂੰਹ ਮਾਰਨਾ
ਹਰ ਸੈਕਿੰਡ ਗਰਦਨ ਥੱਲੇ ਉੱਤੇ
ਫਿਰ ਖਾਣਾ ਠੂੰਗਾ ਮਾਰ ਕੇ
ਭੈਅ ‘ਚ ਹਮੇਸ਼ਾ
ਹਰ ਪਸ਼ੂ ਪੰਛੀ
ਪਰ ਸਾਂਝੀਵਾਲਤਾ ਅਤੇ
ਸ਼ਾਂਤੀ ਦਾ ਰਾਹ ਦਿਖਾਉਂਦੇ।
ਮਨੁੱਖ ਬਿਰਤੀ ਨਾ ਥੱਲੇ ਝਾਕਣਾ ਨਾ ਉਤੇ
ਵਾਰ ਕਰਨਾ ਸਿੱਧਾ
ਫੜ ਕੇ ਧੌਣ ਮਰੋੜਨਾ।
***–ਦਰਸ਼ਨ ਪਾਲ ਦੋਸਾਂਝ***

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਬਿਹਾਰੀਕਰਨ ਉਰਫ਼ ਪੰਜਾਬੀਕਰਨ



## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪਿਛਲੇ ਦਿਨੀਂ ਪੰਜਾਬ ਫੇਰੀ ਦੌਰਾਨ ਮੈਂ ਤਿੰਨ ਵਾਰ ਬੱਸ ਵਿਚ ਬੈਠ ਕੇ ਕਪੂਰਥਲੇ ਤੋਂ ਜਲੰਧਰ ਅਤੇ ਵਾਪਸ ਕਪੂਰਥਲੇ ਆਇਆ। ਬੱਸ ਦੀਆਂ ਸਵਾਰੀਆਂ 'ਚ ਪੰਜਾਬੀ ਚਿਹਰੇ ਬਹੁਤ ਘੱਟ ਨਜ਼ਰ ਪਏ। ਇਕ ਵਾਰ ਮੈਂ ਇਕੱਲਾ ਪਗੜੀ ਵਾਲਾ, ਦੋ ਵਾਰ ਸਿਰਫ਼ ਦੋ ਹੀ ਪਗੜੀਧਾਰੀ ਪੰਜਾਬੀ ਸਨ ਬਾਕੀ ਸਵਾਰੀਆਂ ਵਿਚ ਪਰਵਾਸੀ ਸਵਾਰੀਆਂ ਦੀ ਬਹੁਤਾਤ ਸੀ। ਸ਼ਾਇਦ ਕੁਝ ਅਮੀਰ ਪੰਜਾਬੀ ਬੱਸ ਵਿਚ ਸਫ਼ਰ ਨਾ ਵੀ ਕਰਦੇ ਹੋਣ, ਪਰ ਪੰਜਾਬੀਆਂ ਦਾ ਪੰਜਾਬੀ ਸਮਾਜ ਵਿਚ ਘਟਣਾ, ਮਨ ਵਿਚ ਕੁਝ ਫ਼ਿਕਰਮੰਦੀ ਪੈਦਾ ਕਰ ਗਿਆ।

ਕਦੇ ਸਮਾਂ ਸੀ ਕਿ ਕਪੂਰਥਲਾ ਸ਼ਹਿਰ ਵਿਚ ਲਗਭਗ ਸਾਰੀਆਂ ਦੁਕਾਨਾਂ ਪੰਜਾਬੀਆਂ ਦੀਆਂ ਹੁੰਦੀਆਂ ਸਨ। ਹੁਣ ਬਾਜ਼ਾਰ ਵਿਚ ਅੰਦਾਜ਼ਨ 40% ਦੁਕਾਨਾਂ ਪਰਵਾਸੀ ਮੁਸਲਮਾਨ ਦੁਕਾਨਦਾਰਾਂ ਦੀਆਂ ਨਜ਼ਰ ਆਈਆਂ ਜੋ ਕਪੂਰਥਲੇ ਵਰਗੇ ਸ਼ਹਿਰ ਵਿਚ ਅਲੋਕਾਰੀ ਵਰਤਾਰਾ ਹੈ। ਇਸ ਬਾਰੇ ਇਕ ਪੰਜਾਬੀ ਦੁਕਾਨਦਾਰ ਨਾਲ ਗੱਲ ਹੋਈ ਤਾਂ ਉਸ ਨੇ ਹੈਰਾਨੀਜਨਕ ਖ਼ੁਲਾਸਾ ਕੀਤਾ ਕਿ ਇਹ ਪਰਵਾਸੀ ਮੁਸਲਮਾਨ ਦੁਕਾਨਦਾਰ ਪੰਜਾਬੀ ਦੁਕਾਨਦਾਰਾਂ ਨੂੰ ਸੱਤਰ ਤੋਂ ਅੱਸੀ ਹਜ਼ਾਰ ਮਹੀਨੇ ਦੇ ਕਿਰਾਏ ਦੀ ਪੇਸ਼ਕਸ਼ ਕਰਦੇ ਹਨ। ਇਸ ਕਰਕੇ ਪੰਜਾਬੀ ਦੁਕਾਨਦਾਰ ਆਪਣੀਆਂ ਦੁਕਾਨਾਂ ਛੱਡ ਕੇ ਇਨ੍ਹਾਂ ਨੂੰ ਕਿਰਾਏ 'ਤੇ ਦੇ ਰਹੇ ਹਨ। ਉਨ੍ਹਾਂ ਨੂੰ ਜਾਪਦਾ ਹੈ ਕਿ ਕੰਮ ਕਰਨ ਨਾਲੋਂ ਘਰ ਵਿਚ ਵਿਹਲੇ ਬੈਠਿਆਂ ਨੂੰ ਸੱਤਰ-ਅੱਸੀ ਹਜ਼ਾਰ ਆਵੇਗਾ ਤਾਂ ਕੰਮ ਕਰਨ ਦੀ ਕੀ ਲੋੜ ਹੈ। ਪੰਜਾਬੀਆਂ ਨੂੰ ਜਦ ਵਿਹਲੇ ਰਹਿਣ ਦੀ ਆਦਤ ਪੈ ਗਈ ਤਾਂ ਇਹ ਵਿਹਲੜਪੁਣਾ ਇਨ੍ਹਾਂ ਨੂੰ ਅਤੇ ਇਨ੍ਹਾਂ ਦੀਆਂ ਅਗਲੀਆਂ ਨਸਲਾਂ ਨੂੰ ਬਰਬਾਦ ਕਰਨ ਵਿਚ ਕੋਈ ਕਸਰ ਨਹੀਂ ਛੱਡੇਗਾ।

ਪੰਜਾਬੀਆਂ ਨੇ ਹੱਥੀਂ ਕਿਰਤ ਕਰਨਾ ਕੇਹਾ ਛੱਡਿਆ ਕਿ ਹੁਣ ਕਿਰਤ ਦੇ ਖੇਤਰ ਵਿਚ ਪਰਵਾਸੀ ਮਜ਼ਦੂਰਾਂ ਦਾ ਦਬਦਬਾ ਹੈ। ਭਾਵੇਂ ਬਾਜ਼ਾਰ ਵਿਚ ਫਰੂਟ ਅਤੇ ਸਬਜ਼ੀਆਂ ਦੀਆਂ ਰੇਹੜੀਆਂ ਹੋਣ ਜਾਂ ਸਬਜ਼ੀ/ਫਰੂਟ ਮਾਰਕਿਟ ਹੋਵੇ। ਕੱਪੜਿਆਂ ਦੀ ਕਢਾਈ ਜਾਂ ਸਿਲਾਈ ਹੋਵੇ, ਖੇਤੀ ਦਾ ਕੋਈ ਕੰਮ ਹੋਵੇ, ਮਕਾਨਾਂ ਦੀ ਉਸਾਰੀ ਨਾਲ ਸਬੰਧਿਤ ਸਾਰੇ ਕੰਮ ਹੀ ਇਨ੍ਹਾਂ ਕੋਲ ਹਨ। ਮੇਰਾ ਜਾਣਕਾਰ ਠੇਕੇਦਾਰ ਹੈ ਜੋ ਕੋਠੀਆਂ ਬਣਾਉਂਦਾ ਹੈ। ਉਸ ਦਾ ਕਹਿਣਾ ਹੈ ਕਿ ਮੇਰੇ ਕੋਲ ਕੋਈ ਵੀ ਪੰਜਾਬੀ ਮਿਸਤਰੀ ਜਾਂ ਉਦਾਸ ਨਹੀਂ ਹੈ। ਸਾਰੇ ਪ੍ਰਵਾਸੀ ਹਨ ਜੋ ਬਹੁਤ ਵਧੀਆ ਮਿਸਤਰੀ ਹਨ ਅਤੇ ਮਜ਼ਦੂਰੀ ਵੀ ਜੀਅ ਜਾਨ ਨਾਲ ਕਰਦੇ ਹਨ।

ਪਿੰਡਾਂ ਅਤੇ ਸ਼ਹਿਰਾਂ ਵਿਚ ਪੰਜਾਬੀ ਔਰਤਾਂ ਤਾਂ ਘਰ ਦਾ ਕੰਮ ਕਰਨਾ ਆਪਣੀ ਸ਼ਾਨ ਦੇ ਖ਼ਿਲਾਫ਼ ਸਮਝਦੀਆਂ ਹਨ ਜੋ ਕਦੇ ਪੰਜਾਬੀ ਔਰਤਾਂ ਲਈ ਸੁਚੱਜੀ ਹੋਣ ਦਾ ਪੈਮਾਨਾ ਹੁੰਦਾ ਸੀ। ਘਰਾਂ ਵਿਚ ਝਾੜੂ ਪੋਚਾ ਅਤੇ ਰਸੋਈ ਸਮੇਤ ਹਰ ਕੰਮ ਕਰਨ ਵਾਲੀਆਂ ਵੀ ਪਰਵਾਸੀ ਔਰਤਾਂ ਹੀ ਹਨ ਜੋ ਆਪਣੀ ਮਨਮਰਜ਼ੀ ਦੀਆਂ ਸ਼ਰਤਾਂ 'ਤੇ ਕੰਮ ਕਰਦੀਆਂ ਹਨ।

'ਕੇਰਾਂ ਮੈਂ ਇਕ ਰੇਹੜੀ 'ਤੇ ਸਬਜ਼ੀ ਲੈਣ ਗਿਆ ਅਤੇ ਸਬਜ਼ੀ ਨੂੰ ਹੱਥ 'ਚ ਲੈ ਕੇ ਦੇਖਣ ਲੱਗਾ ਤਾਂ ਰੇਹੜੀ ਵਾਲੇ ਪਰਵਾਸੀ ਦਾ ਕਹਿਣਾ ਸੀ ਹੱਥ ਨਹੀਂ ਲਾਉਣਾ, ਜੇ ਸਬਜ਼ੀ ਲੈਣੀ ਹੈ ਤਾਂ ਠੀਕ ਵਰਨਾ ਅੱਗੇ ਚਲੇ ਜਾਓ। ਇਸ ਬਦਤਮੀਜ਼ੀ ਨੂੰ ਸੁਣਨ ਅਤੇ ਸਹਿਣ ਦੀ ਸਾਨੂੰ ਪੰਜਾਬੀਆਂ ਨੂੰ ਆਦਤ ਪਾਉਣੀ ਪਵੇਗੀ ਕਿਉਂਕਿ ਅਸੀਂ ਆਪਣੀ ਸਲਤਨਤ ਪਰਵਾਸੀਆਂ ਦੇ ਹਵਾਲੇ ਜੁ ਕਰ ਦਿੱਤੀ ਹੈ। ਹਾਲਾਤ ਤਾਂ ਅਜੇਹੇ ਵੀ ਬਣ ਰਹੇ ਨੇ ਕਿ ਇਹ ਪਰਵਾਸੀ ਕਿਸੇ ਪੰਜਾਬੀ ਨੂੰ ਰੇਹੜੀ ਲਾਉਣ ਹੀ ਨਹੀਂ ਦਿੰਦੇ। ਜੇ ਕੋਈ ਪੰਜਾਬੀ ਰੇਹੜੀ ਲਾ ਲਵੇ ਤਾਂ ਅਸੀਂ ਖ਼ੁਦ ਪੰਜਾਬੀ ਉਸ ਦੀ ਰੇਹੜੀ ਤੋਂ ਫਲ ਜਾਂ ਸਬਜ਼ੀ ਖ਼ਰੀਦਣ ਦੀ ਬਜਾਏ ਕਿਸੇ ਪਰਵਾਸੀ ਤੋਂ ਖ਼ਰੀਦਣ ਨੂੰ ਤਰਜੀਹ ਦਿੰਦੇ ਹਾਂ ਜਿਸ ਦਾ ਜਾਣਬੁੱਝ ਕੇ ਘੱਟ ਰੇਟ ਕੀਤਾ ਹੁੰਦਾ ਕਿਉਂਕਿ ਉਸ ਦੀ ਕੁਆਲਿਟੀ ਮਾੜੀ ਹੁੰਦੀ ਆ। ਸਿੱਟਾ ਇਹ ਹੁੰਦਾ ਕਿ ਕੁਝ ਹੀ ਸਮਾਂ ਬਾਅਦ ਉਹ ਆਪਣੀ ਰੇਹੜੀ ਲਾਉਣ ਤੋਂ ਉਚਾਟ ਹੋਇਆ, ਆਖ਼ਰ ਨੂੰ ਬੇਜ਼ਾਰ ਹੋ ਰੇਹੜੀ ਲਾਉਣਾ ਹੀ ਛੱਡ ਦਿੰਦਾ ਹੈ।

ਹਰ ਹੋਟਲ, ਦੁਕਾਨ ਜਾਂ ਅਦਾਰੇ ਵਿਚ ਕੰਮ ਕਰਨ ਵਾਲੇ ਤੁਹਾਨੂੰ ਪਰਵਾਸੀ ਹੀ ਨਜ਼ਰ ਆਉਣਗੇ ਕਿਉਂਕਿ ਅਸੀਂ ਪੰਜਾਬੀ ਕਿਸੇ ਦੁਕਾਨ 'ਤੇ ਕੰਮ ਕਰਨਾ ਆਪਣੀ ਹੱਤਕ ਸਮਝਦੇ ਹਾਂ ਭਾਵੇਂ ਕਿ ਬਾਹਰਲੇ ਦੇਸ਼ ਵਿਚ ਆ ਕੇ ਅਸੀਂ ਘੱਟ ਤਨਖ਼ਾਹ 'ਤੇ ਕਿਸੇ ਰੈਸਟੋਰੈਂਟ ਜਾਂ ਸਟੋਰ 'ਤੇ ਕੰਮ ਕਰਨ ਲਈ ਤਰਲੇ ਕਰਦੇ ਹਾਂ। ਸਾਨੂੰ ਆਪਣੀ ਮਾਨਸਿਕਤਾ ਨੂੰ ਬਦਲਣ ਦੀ ਲੋੜ ਹੈ ਕਿ ਕੰਮ ਕੋਈ ਵੀ ਮਾੜਾ ਨਹੀਂ ਹੁੰਦਾ ਸਗੋਂ ਮਾੜਾ ਵਿਹਲੜਪੁਣਾ ਹੁੰਦਾ ਜੋ ਤੁਹਾਡੀ ਮਾਨਸਿਕਤਾ ਨੂੰ ਵਿਗਾੜਦਾ ਅਤੇ ਤੁਹਾਨੂੰ ਵਿਹਲੜ ਅਤੇ ਸਮਾਜਿਕ ਬੋਝ ਹੋਣ ਦਾ ਅਹਿਸਾਸ ਵੀ ਕਰਵਾਉਂਦਾ।

ਕਪੂਰਥਲਾ ਦੀ ਮਾਲ ਰੋਡ 'ਤੇ ਇਕ ਖ਼ਾਲੀ ਪਲਾਟ ਵਿਚ ਹਰ ਸ਼ਾਮ ਫਾਸਟ ਫੂਡ ਮਾਰਕਿਟ ਲੱਗਦੀ ਹੈ। ਇਹ ਸਾਰੀਆਂ ਰੇਹੜੀਆਂ ਪਰਵਾਸੀਆਂ ਦੀਆਂ ਹੁੰਦੀਆਂ ਹਨ ਅਤੇ ਇਨ੍ਹਾਂ 'ਤੇ ਭੀੜ ਇੰਨੀ ਹੁੰਦੀ ਹੈ ਕਿ ਮਾਲ ਰੋਡ ਤੋਂ ਲੰਘਣਾ ਵੀ ਮੁਸ਼ਕਲ ਹੋ ਜਾਂਦਾ ਹੈ। ਅਫ਼ਸੋਸ ਇਸ ਗੱਲ ਦਾ ਕਿ ਕੋਈ ਪੰਜਾਬੀ ਅਜੇਹੀ ਰੇਹੜੀ ਕਿਉਂ ਨਹੀਂ ਲਾਉਂਦਾ। ਪੰਜਾਬੀਆਂ ਦੀ ਅਜੇਹੀ ਨਮੋਸ਼ੀ ਵਾਲੀ ਮਾਨਸਿਕਤਾ ਕਾਰਨ ਹੀ ਸ਼ਹਿਰ ਵਿਚ ਰੇਹੜੀ ਫੂਡ ਮਾਰਕਿਟ 'ਤੇ ਪਰਵਾਸੀਆਂ ਦਾ ਦਬਦਬਾ ਹੈ। ਪੰਜਾਬੀ ਨੌਜਵਾਨ ਮੋਟਰ ਸਾਈਕਲਾਂ 'ਤੇ ਗੇੜੀਆਂ ਤਾਂ ਲਾਉਣਗੇ ਪਰ ਹੱਥੀਂ ਕੰਮ ਕਰਨ ਨੂੰ ਤੌਹੀਨ ਸਮਝਦੇ ਹਨ।

ਮੀਡੀਆ ਦੀ ਇਕ ਵੱਡੀ ਹਸਤੀ ਦਾ ਕਿਹਾ ਕਿੰਨਾ ਸੱਚ ਹੈ ਕਿ ਅਸੀਂ ਪੰਜਾਬੀ ਖ਼ੁਦ ਹੀ ਪੰਜਾਬ ਪਰਵਾਸੀਆਂ ਨੂੰ ਪਰੋਸ ਕੇ ਦੇ ਰਹੇ ਹਾਂ। ਵੱਡੀਆਂ-ਵੱਡੀਆਂ ਕੋਠੀਆਂ ਵਿਚ ਪਰਵਾਸੀ ਰਹਿੰਦੇ ਨੇ ਅਤੇ ਇਕ ਦਿਨ ਅਜੇਹਾ ਆਵੇਗਾ ਕਿ ਇਨ੍ਹਾਂ ਨੇ ਵਿਦੇਸ਼ ਤੋਂ ਪਰਤੇ ਘਰਾਂ ਵਾਲਿਆਂ ਨੂੰ ਘਰ ਵੀ ਵੜਨ ਨਹੀਂ ਦੇਣਾ। ਪੰਜਾਬ ਵਿਚ ਮੁਸਲਮਾਨ ਪਰਵਾਸੀਆਂ ਦੀ ਵਧ ਰਹੀ ਗਿਣਤੀ ਬਾਰੇ ਉਸ ਦਾ ਕਹਿਣਾ ਸੀ ਕਿ ਮੁਸਲਮਾਨ ਭਾਈਚਾਰੇ ਦੇ ਲੋਕ ਪੰਜਾਬ ਵਿਚ ਆਪਣੇ ਆਪ ਨੂੰ ਸੁਰੱਖਿਅਤ ਸਮਝਦੇ ਨੇ। ਪਰ ਇਨ੍ਹਾਂ ਦੀ ਬਹੁ ਵਸੋਂ ਕਿਸੇ ਮੋੜ 'ਤੇ ਆ ਕੇ ਧਾਰਮਿਕ ਕੱਟੜਤਾ ਰਾਹੀਂ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਕਮਜ਼ੋਰ ਵੀ ਕਰ ਸਕਦੀ ਹੈ ਕਿਉਂਕਿ ਕਿਸੇ ਵੀ ਧਰਮ ਵਿਚਲੀ ਕੱਟੜਤਾ, ਕਿਸੇ ਵੀ ਖ਼ਿੱਤੇ ਦੀ ਸ਼ਾਂਤੀ ਲਈ ਖ਼ਤਰਨਾਕ ਹੁੰਦੀ ਹੈ।

ਇਕ ਪੁਰਾਣੇ ਅਤੇ ਹੰਢੇ ਵਰਤੇ ਸਿਆਸਤਦਾਨ ਦਾ ਕਹਿਣਾ ਸੀ ਕਿ ਅੱਜ ਤੋਂ ਤੀਹ ਪੈਂਤੀ ਸਾਲ ਪਹਿਲਾਂ ਇਹ ਸਮਝਿਆ ਜਾਂਦਾ ਸੀ ਕਿ ਪੰਜਾਬ, ਕਦੇ ਵੀ ਬਿਹਾਰ ਨਹੀਂ ਬਣ ਸਕਦਾ ਅਤੇ ਨਾ ਹੀ ਬਿਹਾਰ ਕਦੇ ਪੰਜਾਬ ਬਣ ਸਕਦਾ ਭਾਵੇਂ ਕਿੰਨੇ ਵੀ ਯਤਨ ਕਰ ਲਓ। ਪਰ ਸੱਚ ਇਹ ਹੈ ਕਿ ਹੁਣ ਪੰਜਾਬ ਦਾ ਪੂਰਨ ਰੂਪ ਵਿਚ ਬਿਹਾਰੀਕਰਨ ਹੋ ਗਿਆ ਹੈ। ਬਿਹਾਰੀ ਮਾਨਸਿਕਤਾ ਨੇ ਪੰਜਾਬ ਵਿਚ ਪੈਰ ਪਸਾਰ ਲਏ ਹਨ ਅਤੇ ਹੁਣ ਬਿਹਾਰੀ ਮੂਲ ਦੇ ਪਰਵਾਸੀ ਪਰਿਵਾਰਾਂ ਦੇ ਬੱਚਿਆਂ ਨੇ ਉਚੇਰੀ ਸਿੱਖਿਆ ਪ੍ਰਾਪਤ ਕਰ ਕੇ ਪੰਜਾਬ ਦੀ ਅਫ਼ਸਰਸ਼ਾਹੀ ਅਤੇ ਰਾਜਨੀਤਕ ਖੇਤਰ ਵਿਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜੋ ਕਿ ਚੰਗੀ ਗੱਲ ਹੈ। ਪਰ ਇਸ ਦਾ ਅਫ਼ਸੋਸਨਾਕ ਪਹਿਲੂ ਇਹ ਹੈ ਕਿ ਪੰਜਾਬ ਵਿਚ ਪਰਵਾਸੀਆਂ ਦੇ ਰੂਪ ਵਿਚ ਬਹੁਤ ਸਾਰੇ ਅਜੇਹੇ ਮੁਜਰਮ ਵੀ ਆ ਰਹੇ ਹਨ ਜੋ ਲੁੱਟਾਂ-ਖੋਹਾਂ ਕਰਨ ਤੋਂ ਬਾਅਦ ਵਾਪਸ ਆਪਣੇ ਪ੍ਰਾਂਤ ਦੌੜ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਪੰਜਾਬ ਵਿਚ ਕਈ ਪੱਕਾ ਟਿਕਾਣਾ, ਰਿਹਾਇਸ਼ ਜਾਂ ਪਛਾਣ ਨਹੀਂ ਹੁੰਦੀ ਜਿਸ ਨਾਲ ਉਨ੍ਹਾਂ ਨੂੰ ਫੜਿਆ ਜਾ ਸਕੇ। ਸਾਲ ਕੁ ਪਹਿਲਾਂ ਸੇਵਾ ਮੁਕਤ ਹੋਏ ਪੰਜਾਬ ਪੁਲੀਸ ਦੇ ਇਕ ਵੱਡੇ ਅਫ਼ਸਰ ਦਾ ਕਹਿਣਾ ਸੀ ਪੰਜਾਬ ਪੁਲੀਸ ਨੇ ਲੁੱਟਾਂ-ਖੋਹਾਂ 'ਤੇ ਕਾਬੂ ਪਾਉਣ ਲਈ ਰਾਜ ਸਰਕਾਰ ਨੂੰ ਇਕ ਅਜੇਹਾ ਕਾਨੂੰਨ ਬਣਾਉਣ ਦਾ ਮਸ਼ਵਰਾ ਦਿੱਤਾ ਸੀ ਕਿ ਪੰਜਾਬ ਵਿਚ ਆਉਣ ਵਾਲੇ ਹਰ ਪਰਵਾਸੀ ਦਾ ਇਕ ਡਾਟਾ ਤਿਆਰ ਕੀਤਾ ਜਾਵੇ ਤਾਂ ਕਿਸੇ ਵੀ ਸੰਭਾਵੀ ਵਾਰਦਾਤ ਤੋਂ ਬਾਅਦ ਸੰਭਾਵਿਤ ਸ਼ੱਕੀ ਵਿਅਕਤੀ ਦੀ ਪਛਾਣ ਕਰਨਾ ਅਤੇ ਉਹਨੂੰ ਫੜਨਾ ਆਸਾਨ ਹੋਵੇ। ਪਰ ਰਾਜਸੀ ਪਾਰਟੀਆਂ ਦੀਆਂ ਵੋਟਾਂ ਦੀਆਂ ਗਿਣਤੀਆਂ-ਮਿਣਤੀਆਂ ਅਤੇ ਅਫ਼ਸਰਸ਼ਾਹੀ ਵਿਚ ਗੈਰ-ਪੰਜਾਬੀਆਂ ਦੀ ਪ੍ਰਭਾਵੀ ਗਿਣਤੀ ਨੇ ਅਜੇਹਾ ਕਾਨੂੰਨ ਪਾਸ ਹੀ ਨਹੀਂ ਹੋਣ ਦਿੱਤਾ। ਦਰਅਸਲ ਇਉਂ ਜਾਪਦਾ ਹੈ ਕਿ ਗੈਰ-ਪੰਜਾਬੀ ਅਫ਼ਸਰਸ਼ਾਹੀ ਨੂੰ ਪੰਜਾਬ ਦੇ ਸਰੋਕਾਰਾਂ ਨਾਲ ਕੋਈ ਵਾਸਤਾ ਨਹੀਂ। ਉਹ ਕੋਈ ਵੀ ਅਜੇਹਾ ਕਦਮ ਉਠਾਉਣ ਵੇਲੇ ਅੜਿੱਕੇ ਪੈਦਾ ਕਰਨ ਅਤੇ ਹਾਲਤਾਂ ਨੂੰ ਬਦ ਤੋਂ ਬਦਤਰ ਬਣਾਉਣ ਵਿਚ ਹੀ ਰੁਚੀ ਰੱਖਦੇ ਨੇ।

ਸ਼ਾਇਦ ਇਹ ਕਿਸੇ ਗਹਿਰੇ ਰਾਜਸੀ ਪੈਂਤੜੇ ਦਾ ਹੀ ਹਿੱਸਾ ਹੋਵੇ। ਪੰਜਾਬ ਕਦੇ ਸਭ ਤੋਂ ਖ਼ੁਸ਼ਹਾਲ ਸੂਬਾ ਹੁੰਦਾ ਸੀ। ਲੱਗਦਾ ਸੀ ਕਿ ਸਾਰੇ ਪ੍ਰਾਂਤ ਪੰਜਾਬ ਜਿੰਨੇ ਖ਼ੁਸ਼ਹਾਲ ਤਾਂ ਹੋ ਨਹੀਂ ਸਕਦੇ। ਇਸ ਲਈ ਸਭ ਤੋਂ ਆਸਾਨ ਤਰੀਕਾ ਸੀ ਪੰਜਾਬ ਨੂੰ ਕੰਗਾਲ ਕਰਨ ਲਈ, ਹਰੀ ਕ੍ਰਾਂਤੀ ਦੇ ਨਾਮ ਹੇਠ ਇਸ ਦੇ ਕੁਦਰਤੀ ਸਰੋਤਾਂ ਦੀ ਲੁੱਟ-ਖਸੁੱਟ ਕਰਨ ਤੋਂ ਬਾਅਦ, ਇਸ ਦੀ ਪੰਜਾਬੀਅਤ ਦਿੱਖ ਨੂੰ ਹੀ ਬਦਲ ਦਿੱਤਾ ਜਾਵੇ। ਇਸ ਲਈ ਹੀ ਪੰਜਾਬ ਵਿਚ ਆ ਰਹੇ ਪਰਵਾਸੀਆਂ ਦੀ ਗਿਣਤੀ ਅਤੇ ਇਨ੍ਹਾਂ ਦੀ ਪਛਾਣ ਬਾਰੇ ਕੁਝ ਨਹੀਂ ਕੀਤਾ ਜਾ ਰਿਹਾ। ਪੰਜਾਬ ਵਿਚਲੀਆਂ ਜ਼ਿਆਦਾਤਰ ਸਰਕਾਰੀ ਨੌਕਰੀਆਂ 'ਤੇ ਗੈਰ-ਪੰਜਾਬੀਆਂ ਦਾ ਦਬਦਬਾ ਕਾਇਮ ਹੋ ਰਿਹਾ ਹੈ ਕਿਉਂਕਿ ਜਿਨ੍ਹਾਂ ਅਫ਼ਸਰਾਂ ਨੇ ਭਰਤੀਆਂ ਕਰਨੀਆਂ ਹੁੰਦੀਆਂ ਹਨ ਉਹ ਵੀ ਜ਼ਿਆਦਾਤਰ ਗੈਰ ਪੰਜਾਬੀ ਹੀ ਹਨ।

ਮੈਂ ਪੰਜਾਬ ਦੇ ਇਕ ਸ਼ਹਿਰ ਵਿਚ ਟੀਵੀ 'ਤੇ ਆ ਰਹੇ ਪੰਦਰਾਂ ਅਗਸਤ ਦਾ ਪ੍ਰੋਗਰਾਮ ਦੇਖ ਰਿਹਾ ਸਾਂ ਤਾਂ ਇਹ ਦੇਖ ਕੇ ਬੜੀ ਹੈਰਾਨੀ ਹੋਈ ਕਿ ਮੁੱਖ ਮਹਿਮਾਨ ਨਾਲ ਬੈਠੇ ਦਸ ਕੁ ਵੱਡੇ ਅਫ਼ਸਰਾਂ ਵਿਚ ਸਿਰਫ਼ ਇਕ ਪਗੜੀਧਾਰੀ ਸਿੱਖ ਬੈਠਾ ਸੀ। ਇੰਝ ਕਿਉਂ ਹੋਇਆ? ਕੀ ਇਹ ਇਕ ਦਿਨ ਵਿਚ ਹੀ ਹੋਇਆ ਜਾਂ ਇਹ ਬਹੁਤ ਦੇਰ ਤੋਂ ਸੋਚੀ ਸਮਝੀ ਚਾਲ ਤਹਿਤ ਹੀ ਪੰਜਾਬੀਆਂ ਨੂੰ ਫ਼ੌਜ ਅਤੇ ਸਰਕਾਰੀ ਨੌਕਰੀਆਂ ਵਿਚੋਂ ਗ਼ਾਇਬ ਕਰਨ ਦੀ ਚਾਲ ਚੱਲੀ ਗਈ? ਸਾਹਮਣੇ ਵਾਪਰ ਰਹੇ ਵਰਤਾਰੇ ਦੀ ਅੰਦਰਲੀ ਤਹਿ ਵਿਚ ਬਹੁਤ ਕੁਝ ਵਾਪਰ ਰਿਹਾ ਹੁੰਦਾ ਜਿਸ ਦਾ ਆਮ ਜਨਤਾ ਨੂੰ ਪਤਾ ਹੀ ਨਹੀਂ ਲੱਗਦਾ। ਜਦ ਪੰਜਾਬ ਵਿਚ ਪਿਛਲੀ ਸਰਕਾਰ ਦਾ ਮੁਖੀ ਸਾਢੇ ਚਾਰ ਸਾਲ ਸਰਕਾਰੀ ਸੁੱਖ ਮਾਣਨ ਤੋਂ ਬਾਅਦ ਕੇਂਦਰ ਵਿਚ ਰਾਜ ਕਰਦੀ ਪਾਰਟੀ ਵਿਚ ਸ਼ਾਮਲ ਹੁੰਦਾ ਹੈ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸਾਢੇ ਚਾਰ ਸਾਲ ਵੀ ਕੇਂਦਰ ਵਿਚ ਰਾਜ ਕਰਦੀ ਪਾਰਟੀ ਪੰਜਾਬ ਵਿਚ ਮਨਮਰਜ਼ੀਆਂ ਕਰਦੀ ਰਹੀ।

ਰਾਜ ਕਰਦੀ ਪਾਰਟੀ ਦੇ ਪਰਦੇ ਹੇਠ ਕੇਂਦਰ ਸਰਕਾਰ ਦਾ ਰਾਜ ਬਹੁਤ ਕੁਝ ਅਣਕਿਹਾ ਵੀ ਕਹਿ ਜਾਂਦਾ ਕਿ ਪੰਜਾਬ ਦੀ ਆਰਥਿਕਤਾ, ਇਸ ਦੇ ਸਰੋਕਾਰਾਂ ਤੇ ਸਾਧਨਾਂ, ਇਸ ਦੀ ਅਹਿਮੀਅਤ ਤੇ ਅਮੀਰਾਨਾ ਵਿਰਾਸਤ ਨੂੰ ਨਿੱਜੀ ਮੁਫ਼ਾਦ ਲਈ ਕਿਵੇਂ ਸੌਦੇਬਾਜ਼ੀ ਕੀਤੀ ਜਾਂਦੀ ਹੈ।

ਪੰਜਾਬ ਹੁਣ ਪੰਜਾਬ ਨਹੀਂ ਰਹਿ ਗਿਆ। ਪੰਜਾਬੀ ਗ਼ਾਇਬ ਹੋ ਰਹੇ ਅਤੇ ਪੰਜਾਬੀਅਤ ਬੇਪਛਾਣ ਹੋ ਰਹੀ ਹੈ। ਪੰਜਾਬੀ ਜਵਾਨੀ ਤੁਹਾਨੂੰ ਕਿਧਰੇ ਨਜ਼ਰੀਂ ਨਹੀਂ ਪੈਂਦੀ। ਪੰਜਾਬੀ ਜਵਾਨੀਆਂ ਦੀ ਛੈਲ-ਛਬੀਲਤਾ ਅਤੇ ਸਾਡੀਆਂ ਧੀਆਂ ਦਾ ਵਿਰਾਸਤੀ ਮੋਹ ਵੀ ਭੰਗ ਹੋ ਰਿਹਾ ਹੈ।

ਪਰਵਾਸੀਆਂ ਦਾ ਆਉਣਾ ਮਾੜਾ ਨਹੀਂ ਪਰ ਇਸ ਨੂੰ ਨਿਯਮਤ ਕਰਨਾ ਤਾਂ ਸੂਬਾ ਸਰਕਾਰ ਦਾ ਪਹਿਲਾ ਫ਼ਰਜ਼। ਪੰਜਾਬ ਵਿਚਲੀਆਂ ਸਰਕਾਰੀ ਨੌਕਰੀਆਂ ਤੇ ਪੰਜਾਬੀਆਂ ਦੇ ਹੱਕਾਂ ਦੀ ਰਾਖੀ ਤਾਂ ਪੰਜਾਬ ਵਿਚ ਰਾਜ ਕਰਦੀ ਸਰਕਾਰ ਦੀ ਹੀ ਜ਼ਿੰਮੇਵਾਰੀ ਹੈ। ਸਮੇਂ ਦੀ ਸਰਕਾਰ ਇਸ ਬਾਰੇ ਕਿੰਨੇ ਕੁ ਸੰਜੀਦਾ ਅਤੇ ਕਿੰਨੇ ਕੁ ਸਾਰਥਿਕ ਨਤੀਜੇ ਪੈਦਾ ਕਰੇਗੀ, ਇਸ ਦੀ ਆਸ ਤਾਂ ਨਹੀਂ ਪਰ ਉਮੀਦ ਰੱਖਣ ਵਿਚ ਹਰਜ਼ ਵੀ ਕੀ ਆ।

ਇਸ ਵਾਰ ਦੀ ਪੰਜਾਬ ਫੇਰੀ ਦੌਰਾਨ ਇਕ ਬਹੁਤ ਹੀ ਫ਼ਿਕਰਮੰਦ, ਚੇਤੰਨ ਅਤੇ ਸੰਵੇਦਨਸ਼ੀਲ ਸੱਜਣ ਦਾ ਕਹਿਣਾ ਕਿੰਨਾ ਵੱਡਾ ਸੱਚ ਹੈ ਕਿ ਹੁਣ ਪੰਜਾਬ ਦਾ ਓਵੇਂ ਹੀ ਬਿਹਾਰੀਕਰਨ ਹੋ ਗਿਆ ਹੈ ਜਿਵੇਂ ਕੈਨੇਡਾ ਦਾ ਪੰਜਾਬੀਕਰਨ ਹੋ ਗਿਆ ਹੈ। ਵਿਦਿਆਰਥੀਆਂ ਦੇ ਰੂਪ ਵਿਚ ਕੁਝ ਕੁ ਗੈਰ-ਸਮਾਜਿਕ ਤੱਤ ਵੀ ਕੈਨੇਡਾ ਵਿਚ ਆ ਗਏ ਹਨ ਜਿਨ੍ਹਾਂ ਕਾਰਨ ਇਉਂ ਜਾਪਦਾ ਹੈ ਕਿ ਕੈਨੇਡਾ ਵੀ ਹੁਣ ਪੰਜਾਬ ਹੀ ਬਣਦਾ ਜਾ ਰਿਹਾ ਏ। ਦਰਅਸਲ ਜਦ ਮਨੁੱਖ ਪਰਵਾਸ ਕਰਦਾ ਹੈ ਤਾਂ ਉਸ ਦੀਆਂ ਚੰਗੀਆਂ/ਮਾੜੀਆਂ ਆਦਤਾਂ ਵੀ ਪ੍ਰਵਾਸ ਕਰਦੀਆਂ ਹਨ। ਅਸੀਂ ਪਰਵਾਸੀ ਧਰਤੀ ਦੀਆਂ ਚੰਗੀਆਂ ਆਦਤਾਂ ਨੂੰ ਆਪਣੀ ਜੀਵਨ-ਜਾਚ ਦਾ ਹਿੱਸਾ ਬਣਾਉਣ ਦੀ ਬਜਾਏ ਪ੍ਰਦੇਸ ਵਿਚ ਆਪਣੀਆਂ ਮਾੜੀਆਂ ਹਰਕਤਾਂ ਅਤੇ ਨੀਚ ਕਾਰਿਆਂ ਨਾਲ ਖ਼ੁਦ ਨੂੰ ਬਦਨਾਮ ਕਰਨ ਲੱਗਦੇ ਹਾਂ।

ਕੈਨੇਡਾ ਵਿਚ ਪੰਜਾਬੀਆਂ ਵੱਲੋਂ ਫਿਰੌਤੀਆਂ ਦੀ ਮੰਗ, ਕਾਰ ਚੋਰੀ ਦੀਆਂ ਵਾਰਦਾਤਾਂ, ਸ਼ਰਾਬ ਦੇ ਸਟੋਰ ਨੂੰ ਲੁੱਟਣਾ, ਘਰਾਂ 'ਤੇ ਗੋਲੀਆਂ ਚਲਾਉਣਾ, ਨਸ਼ਿਆਂ ਦੀ ਸਮਗਲਿੰਗ ਜਾਂ ਗੈਂਗ ਵਾਰ ਆਦਿ ਅਪਰਾਧਕ ਗਤੀਵਿਧੀਆਂ ਨਮੋਸ਼ੀ ਪੈਦਾ ਕਰਦੀਆਂ ਹਨ। ਇੱਥੋਂ ਤੱਕ ਪੰਜਾਬੀ ਸਟੋਰਾਂ ਵਿਚੋਂ ਦੇਸੀ ਘਿਉ ਦੇ ਡੱਬਿਆਂ ਦੀ ਚੋਰੀ। ਸਿਤਮ ਇਹ ਹੈ ਕਿ ਅਜੇਹੀਆਂ ਗਤੀਵਿਧੀਆਂ ਵਿਚ ਪੰਜਾਬੀ ਮੁੰਡਿਆਂ ਦੇ ਨਾਲ ਨਾਲ ਕੁੜੀਆਂ ਵੀ ਸ਼ਾਮਲ ਹਨ। ਭਾਵੇਂ ਕਿ ਸਾਰੇ ਪਰਵਾਸੀ ਅਜੇਹੇ ਨਹੀਂ ਹੁੰਦੇ ਪਰ ਕੁਝ ਕੁ ਅਜੇਹੇ ਤੱਤਾਂ ਕਾਰਨ ਸਮੁੱਚੀ ਕਮਿਊਨਿਟੀ ਬਦਨਾਮ ਹੋ ਜਾਂਦੀ ਹੈ। ਲੋੜ ਤਾਂ ਇਹ ਹੁੰਦੀ ਹੈ ਕਿ ਆਪਣੀਆਂ ਚੰਗੀਆਂ ਆਦਤਾਂ ਦੇ ਨਾਲ ਨਾਲ ਪ੍ਰਵਾਸੀ ਧਰਤੀ ਦੀਆਂ ਵਧੀਆ ਆਦਤਾਂ ਅਨੁਸਾਰ ਆਪਣੇ ਜੀਵਨ ਨੂੰ ਢਾਲ ਕੇ, ਬਿਹਤਰ ਪਰਵਾਸੀ ਹੋਣ ਦਾ ਪ੍ਰਮਾਣ ਦਿੱਤਾ ਜਾਵੇ ਪਰ ਕੁਝ ਕੁ ਅਜੇਹੇ ਲੋਕ ਹੁੰਦੇ ਨੇ ਜੋ ਬਦਨਾਮੀ ਵਿਚੋਂ ਮਸ਼ਹੂਰੀ ਭਾਲਦੇ ਹਨ।

ਸਭ ਤੋਂ ਜ਼ਰੂਰੀ ਹੈ ਕਿ ਪੰਜਾਬ, ਪੰਜਾਬ ਹੀ ਰਹੇ। ਪੰਜਾਬੀ, ਪੰਜਾਬੀਅਤ ਅਤੇ ਇਸ ਦੀ ਅਮੀਰ ਵਿਰਾਸਤ ਨਾਲ ਲਬਰੇਜ਼। ਕੈਨੇਡਾ ਵਰਗੇ ਬਹਿਸ਼ਤੀ ਮੁਲਕ ਨੂੰ ਪਰਵਾਸੀ ਵੀ ਬਹਿਸ਼ਤ ਬਣਿਆ ਰਹਿਣ ਦੇਣ। ਆਪਣੀ ਮਾੜੀਆਂ ਆਦਤਾਂ ਆਪਣੇ ਮੂਲ ਮੁਲਕ ਵਿਚ ਛੱਡ ਕੇ ਹੀ ਪਰਵਾਸ ਕਰਨ।

ਹੁਣ ਦੇਖਣਾ ਤਾਂ ਇਹ ਹੋਵੇਗਾ ਕਿ ਪੰਜਾਬ ਦੇ ਬਿਹਾਰੀਕਰਨ ਅਤੇ ਕੈਨੇਡਾ ਦੇ ਪੰਜਾਬੀਕਰਨ ਨੂੰ ਕਿਵੇਂ ਠੱਲ੍ਹ ਪਾਈ ਜਾ ਸਕਦੀ ਹੈ ਜੋ ਸਿਰਫ਼ ਤੇ ਸਿਰਫ਼ ਪਰਵਾਸ ਕਰਨ ਵਾਲੇ ਪਰਵਾਸੀਆਂ 'ਤੇ ਨਿਰਭਰ ਕਰਦਾ ਹੈ ਭਾਵੇਂ ਉਹ ਪੰਜਾਬ ਵਿਚ ਆ ਰਹੇ ਹੋਣ ਜਾਂ ਕੈਨੇਡਾ ਵਿਚ ਆ ਰਹੇ ਹੋਣ।

# ਵਹੁਟੀਆਂ ਵੇਚਣ ਵਾਲੇ ਫਰੰਗੀ




17ਵੀਂ ਅਤੇ 19ਵੀਂ ਸਦੀ ਦੇ ਵਿਚਕਾਰ ਇੰਗਲੈਂਡ ਵਿਚ ਪਤਨੀ-ਵਿਕਰੀ (Wife selling) ਨਾਮਕ ਇੱਕ ਅਜੀਬ ਅਤੇ ਦਿਲਚਸਪ ਰਿਵਾਜ ਹੁੰਦਾ ਸੀ, ਜਿਸਨੂੰ ਤਵਾਰੀਖ ਦੇ ਪੰਨਿਆਂ ਉੱਤੇ ਬਹੁਤ ਘੱਟ ਉਭਾਰਿਆ ਜਾਂ ਪ੍ਰਚਾਰਿਆ ਗਿਆ ਹੈ। ਇਸ ਸਮੇਂ ਦੌਰਾਨ ਅਜਿਹਾ ਕੋਈ ਸਾਲ ਨਹੀਂ ਸੀ, ਜਦੋਂ ਪਤਨੀ ਦੀ ਵਿਕਰੀ ਨਾਲ ਜੁੜੇ ਅਦਾਲਤੀ ਕੇਸ ਦੀ ਅਖਬਾਰੀ ਰਿਪੋਰਟ ਨਾ ਛਪੀ ਹੋਵੇ। ਸਰਕਾਰੀ ਅੰਕੜਿਆਂ ਮੁਤਾਬਿਕ 1780 ਅਤੇ 1850 ਦੇ ਵਿਚਕਾਰ ਲਗਭਗ 300 ਬ੍ਰਿਟਿਸ਼ ਪਤਨੀਆਂ ਵੇਚੀਆਂ ਗਈਆਂ ਸਨ। ਇਹ ਪ੍ਰਥਾ ਇੱਕ ਵਿਸਤ੍ਰਿਤ ਮਜ਼ਾਕ ਵਾਂਗ ਜਾਪਦੀ ਹੈ ਤੇ ਅੱਜ-ਕੱਲ੍ਹ ਪੜ੍ਹਨ-ਸੁਣਨ ਵਾਲੇ ਨੂੰ ਇੱਕ ਵਾਰ ਤਾਂ ਯਕੀਨ ਹੀ ਨਹੀਂ ਆਉਂਦਾ। ਲੇਕਿਨ ਇਹ ਸੌ ਫੀਸਦੀ ਸੱਚ ਹੈ, ਅਜਿਹੀ ਰੀਤ ਇੰਗਲੈਂਡ ਵਿਚ ਕਈ ਸਦੀਆਂ ਤੱਕ ਚੱਲਦੀ ਰਹੀ ਸੀ। ਵੈਸੇ 1302 ਵਿਚ ਇੱਕ ਅਜਿਹੇ ਅੰਗਰੇਜ਼ ਵਿਅਕਤੀ ਦਾ ਇੱਕ ਬਿਰਤਾਂਤ ਵੀ ਮਿਲਦਾ ਹੈ, ਜਿਸ ਨੇ ਆਪਣੀ ਪਤਨੀ ਕਿਸੇ ਹੋਰ ਆਦਮੀ ਨੂੰ ਸੰਪਤੀ ਵਾਂਗ ਲਿਖਤੀ ਰੂਪ ਵਿਚ ਸੌਂਪ ਦਿੱਤੀ ਸੀ।

ਬਲਰਾਜ ਸਿੰਘ ਸਿੱਧੂ, ਯੂ. ਕੇ.

ਅਸਲ ਵਿਚ ਮੰਨਿਆ ਜਾਂਦਾ ਹੈ ਕਿ 17ਵੀਂ ਅਤੇ 19ਵੀਂ ਸਦੀ ਦੇ ਵਿਚਕਾਰ ਇੰਗਲੈਂਡ ਵਿਚ ਤਲਾਕ ਬਹੁਤ ਮਹਿੰਗਾ ਸੀ। ਇਸ ਲਈ ਨਿਮਨ-ਸ਼੍ਰੇਣੀ ਦੇ ਬ੍ਰਿਟਿਸ਼ ਲੋਕਾਂ ਨੇ ਤਲਾਕ ਲੈਣ ਦੀ ਬਜਾਏ ਆਪਣੀਆਂ ਪਤਨੀਆਂ ਨੂੰ ਵੇਚਣਾ ਸ਼ੁਰੂ ਕਰ ਦਿੱਤਾ ਸੀ। ਇਹ ਰਿਵਾਜ ਅੱਜ ਅਨੋਖਾ ਇਸ ਲਈ ਵੀ ਜਾਪਦਾ ਹੈ, ਕਿਉਂਕਿ ਇਹ ਮਹਿਲਾਵਾਂ ਦੇ ਹੱਕਾਂ ਲਈ ਬੜ੍ਹਕਾਂ ਮਾਰਨ ਵਾਲੀ ਅੰਗਰੇਜ਼ ਕੌਮ ਨਾਲ ਜੁੜਿਆ ਹੋਇਆ ਹੈ। ਜੇ ਬਰਤਾਨਵੀ ਇਤਿਹਾਸ ਫਰੋਲੋ ਤਾਂ ਤੁਹਾਨੂੰ ਇਸ ਰਿਵਾਜ ਦੀਆਂ ਪੈੜਾਂ ਬੜੀ ਆਸਾਨੀ ਨਾਲ ਲੱਭ ਜਾਂਦੀਆਂ ਹਨ।

ਇਤਿਹਾਸਕਾਰ ਇਸ ਗੱਲ 'ਤੇ ਅਸਹਿਮਤ ਹਨ ਕਿ ਇਹ ਰਿਵਾਜ ਕਦੋਂ ਜਾਂ ਕਿਵੇਂ ਸ਼ੁਰੂ ਹੋਇਆ ਅਤੇ ਇਹ ਕਿੰਨਾ ਵਿਆਪਕ ਸੀ। ਪਰ ਇਹ ਨਿਮਨ-ਸ਼੍ਰੇਣੀ ਦੇ ਬਰਤਾਨਵੀ ਲੋਕਾਂ ਵਿਚ ਇੱਕ ਪ੍ਰਵਾਨਿਤ ਵਿਕਲਪਿਕ ਤਲਾਕ ਸੀ। ਮੇਰੇ ਨਿੱਜੀ ਖਿਆਲ ਮੁਤਾਬਿਕ ਜਦੋਂ ਬਰਤਾਨਵੀ ਸਾਮਰਾਜ ਆਪਣੀਆਂ ਬੁਲੰਦੀਆਂ ਛੂਹ ਰਿਹਾ ਸੀ ਤਾਂ ਸ਼ਾਸਕਾਂ ਨੇ ਅਮੀਰਾਂ, ਵਜ਼ੀਰਾਂ ਅਤੇ ਵਫ਼ਾਦਾਰਾਂ ਨੂੰ ਬਹੁਤ ਸਾਰੇ ਰੁਤਬੇ ਅਤੇ ਜਾਗੀਰਾਂ ਨਾਲ ਨਿਵਾਜਿਆ ਸੀ, ਜਿਸ ਸਦਕਾ ਉਨ੍ਹਾਂ ਨੇ ਆਪਣੀ ਐਸ਼-ਓ-ਇਸ਼ਰਤ ਲਈ ਗੁਲਾਮ, ਦਾਸ ਅਤੇ ਦਾਸੀਆਂ ਖਰੀਦੀਆਂ ਸਨ। ਖਾਸਕਰ ਹਬਸ਼ੀ ਅਤੇ ਗੁਲਾਮ ਕੌਮਾਂ ਦੇ ਦਾਸ-ਦਾਸੀਆਂ ਖਰੀਦਣ ਦਾ ਪ੍ਰਚਲਨ ਤਾਂ ਬਰਤਾਨਵੀ ਸਾਮਰਾਜ ਵਿਚ ਕਈ ਸਦੀਆਂ ਤੱਕ ਚੱਲਦਾ ਰਿਹਾ ਸੀ। ਸ਼ਾਇਦ ਅਮੀਰਾਂ ਦੀ ਰੀਸ ਨਾਲ ਹੀ ਆਮ ਤਬਕੇ ਨੂੰ ਪਤਨੀਆਂ ਵੇਚਣ ਅਤੇ ਖਰੀਦਣ ਦੀ ਰੀਤ ਸ਼ੁਰੂ ਕਰਨ ਦੀ ਅਹੁੜੀ ਹੋਵੇਗੀ।



ਪਤਨੀ ਦੀ ਵਿਕਰੀ, ਅਸੱਭਿਅਕ ਅਤੇ ਮਜ਼ਾਕੀਆ ਸੀ। ਪਰ ਇਸ ਰੀਤ ਨੇ ਇੱਕ ਅਸਲ ਮਕਸਦ ਵੀ ਪੂਰਾ ਕੀਤਾ, ਕਿਉਂਕਿ ਤਲਾਕ ਲੈਣਾ ਬਹੁਤ ਮੁਸ਼ਕਲ ਸੀ। ਜੇ ਤੁਹਾਡਾ ਵਿਆਹ 1750 ਦੇ ਦਹਾਕੇ ਵਿਚ ਟੁੱਟ ਜਾਂਦਾ ਸੀ ਤਾਂ ਬ੍ਰਿਟੇਨ ਦੇ ਸਖ਼ਤ ਤਲਾਕ ਕਾਨੂੰਨ ਤਹਿਤ ਤੁਹਾਨੂੰ ਰਸਮੀ ਤੌਰ 'ਤੇ ਤਲਾਕ ਦੇਣ ਲਈ ਸੰਸਦ ਦਾ ਇੱਕ ਨਿੱਜੀ ਪ੍ਰਵਾਨਾ ਪ੍ਰਾਪਤ ਕਰਨਾ ਪੈਂਦਾ ਸੀ। ਇਹ ਪ੍ਰਕਿਰਿਆ ਮਹਿੰਗੀ ਅਤੇ ਸਮਾਂ ਬਰਬਾਦ ਕਰਨ ਵਾਲੀ ਸੀ, ਇਸ ਲਈ ਪਤਨੀ-ਵਿਕਰੀ ਝੂਠੇ ਤਲਾਕ ਦੇ ਰੂਪ ਵਜੋਂ ਵਿਕਸਤ ਹੋਈ ਸੀ। ਇਹ ਤਕਨੀਕੀ ਤੌਰ 'ਤੇ ਕਾਨੂੰਨੀ ਨਹੀਂ ਸੀ, ਪਰ ਜਿਸ ਤਰੀਕੇ ਨਾਲ ਇਹ ਰਿਵਾਜ ਜਨਤਕ ਤੌਰ 'ਤੇ ਸਾਹਮਣੇ ਆਇਆ, ਉਸਨੇ ਇਸਨੂੰ ਬਹੁਤ ਸਾਰੇ ਲੋਕਾਂ ਦੀਆਂ ਨਜ਼ਰਾਂ ਵਿਚ ਜਾਇਜ਼ ਬਣਾ ਦਿੱਤਾ ਸੀ।

ਇੰਗਲੈਂਡ ਵਿਚ ਪਹਿਲਾ ਤਲਾਕ ਐਕਟ 1857 ਵਿਚ ਬਣਿਆ ਸੀ ਅਤੇ ਇਸ ਤੋਂ ਪਹਿਲਾਂ ਵਿਆਹ ਨੂੰ ਭੰਗ ਕਰਨਾ ਬਹੁਤ ਕਠਿਨ ਅਤੇ ਕੀਮਤੀ ਸੀ। ਤਲਾਕ ਨੂੰ ਕਾਨੂੰਨੀ ਬਣਾਉਣ ਲਈ ਜਿਸ ਪਾਰਲੀਮੈਂਟ ਦੇ ਇੱਕ ਨਿੱਜੀ ਸਨਦ ਦੀ ਲੋੜ ਹੁੰਦੀ ਸੀ, ਉਸਦੀ ਕੀਮਤ ਘੱਟੋ-ਘੱਟ £3,000 (ਅਜੋਕੇ ਸਮੇਂ ਦੇ ਮੁੱਲਾਂ ਵਿਚ £15,000) ਅਤੇ ਚਰਚ ਦੇ ਅੰਤਮ ਸਮਰਥਨ ਅਤੇ ਪ੍ਰਵਾਨਗੀ ਦੀ ਜ਼ਰੂਰਤ ਹੁੰਦੀ ਸੀ।

ਉਸ ਸਮੇਂ ਤਲਾਕ ਲੈਣਾ ਸਧਾਰਨ ਆਦਮੀ ਦੇ ਵੱਸ ਦੀ ਗੱਲ ਨਹੀਂ ਸੀ ਅਤੇ ਤਲਾਕ ਦਾ ਇੱਕੋ ਇੱਕ ਬਦਲ ਘਰਵਾਲੀ ਦੀ ਜਨਤਕ ਵਿਕਰੀ ਪ੍ਰਕਿਰਿਆ ਸੀ। ਗਰੀਬ ਜ਼ਿਲ੍ਹਿਆਂ ਵਿਚ ਪਤਨੀ ਨੂੰ ਕਿਸੇ ਹੋਰ ਵਸਤੂ ਵਾਂਗ ਖਰੀਦਿਆ ਅਤੇ ਵੇਚਿਆ ਜਾ ਸਕਦਾ ਸੀ। ਭਾਵੇਂ ਅੱਜ ਇਹ ਹੈਰਾਨੀਜਨਕ ਜਾਪਦਾ ਹੈ, ਪਰ ਪਤਨੀਆਂ ਦੀ ਵਿਕਰੀ ਉਸ ਸਮੇਂ ਪਸ਼ੂਆਂ ਦੀ ਨਿਲਾਮੀ ਦਾ ਰੂਪ ਲੈ ਗਈ ਸੀ। ਆਮ ਤੌਰ 'ਤੇ ਇਹ ਰਿਵਾਜ ਪੇਂਡੂ ਖੇਤਰਾਂ ਦੇ ਜਨਤਕ ਬਾਜ਼ਾਰਾਂ ਵਿਚ ਵੱਧ ਤੋਂ ਵੱਧ ਗਵਾਹਾਂ ਦੀ ਮੌਜੂਦਗੀ ਵਿਚ ਹੁੰਦਾ ਸੀ। ਵਿਕਰੀ ਦੀ ਘੋਸ਼ਣਾ ਕਰਨ ਤੋਂ ਬਾਅਦ ਪਤੀ ਆਪਣੀ ਪਤਨੀ ਨੂੰ "ਮਾਰਕੀਟ" (ਪਸ਼ੂਆਂ ਦੀ ਮੰਡੀ, ਬਾਜ਼ਾਰ ਜਾਂ ਕੋਈ ਹੋਰ ਜਨਤਕ ਸਥਾਨ) 'ਤੇ ਲੈ ਜਾਂਦਾ ਸੀ ਅਤੇ ਆਪਣੀ ਪਤਨੀ ਨੂੰ ਵਿਕਰੀ ਦੀਆਂ ਵਸਤੂਆਂ ਦੀ ਫਰਿਸ਼ਤ ਵਿਚ ਦਰਜ ਕਰਵਾ ਦਿੰਦਾ ਸੀ। ਉਸ ਤੋਂ ਬਾਅਦ ਪਤਨੀ ਦੀ ਗਰਦਨ, ਬਾਂਹ ਜਾਂ ਕਮਰ ਦੁਆਲੇ ਇੱਕ ਰਿਬਨ, ਚਮੜੇ ਦੀ ਲਗਾਮ, ਧਲੀਆਰਾ ਜਾਂ ਰੱਸੀ ਪਾ ਲੈਂਦਾ ਸੀ (ਜਿਵੇਂ ਵੇਚੇ ਜਾਣ ਵਾਲੇ ਜਾਨਵਰਾਂ ਨੂੰ ਪਾਇਆ ਹੁੰਦਾ ਸੀ।) ਅਤੇ ਉਹਨੂੰ ਇੱਕ ਨਿਲਾਮੀ ਕਟਹਿਰੇ ਜਾਂ ਮੰਚ ਉੱਤੇ ਖੜ੍ਹਾ ਕੀਤਾ ਜਾਂਦਾ ਸੀ। ਫਿਰ ਪਤੀ ਅਕਸਰ ਦਰਸ਼ਕਾਂ ਨੂੰ ਪਤਨੀ ਦੇ ਗੁਣਾਂ ਦਾ ਐਲਾਨ ਕਰਨ ਤੋਂ ਬਾਅਦ ਉਸਨੂੰ ਨਿਲਾਮ ਕਰ ਦਿੰਦਾ ਸੀ। ਇੱਕ ਵਾਰ ਜਦੋਂ ਵਿਕਾਊ ਪਤਨੀ ਨੂੰ ਕਿਸੇ ਹੋਰ ਆਦਮੀ ਦੁਆਰਾ ਖਰੀਦਿਆ ਜਾਂਦਾ ਸੀ ਤਾਂ ਪਿਛਲੇ ਵਿਆਹ ਨੂੰ ਰੱਦ ਮੰਨਿਆ ਜਾਂਦਾ ਸੀ ਅਤੇ ਨਵਾਂ ਖਰੀਦਦਾਰ ਆਪਣੀ ਨਵੀਂ ਖਰੀਦੀ ਜਨਾਨੀ ਲਈ ਵਿੱਤੀ ਤੌਰ 'ਤੇ ਜ਼ਿੰਮੇਵਾਰ ਹੁੰਦਾ ਸੀ। ਬੋਲੀ ਨਾ ਦੇਣ ਦੇ ਇੱਛੁਕ ਲੋਕ ਇਸ ਤਰ੍ਹਾਂ ਦੀ ਖੇਡ ਦਾ ਆਨੰਦ ਮਾਣਨ ਲਈ ਵੀ ਆਇਆ ਕਰਦੇ ਸਨ। ਆਮ ਤੌਰ 'ਤੇ ਕਿਸੇ ਨੂੰ ਬੋਲੀ ਜਿੱਤਣ ਲਈ ਤਿਆਰ ਕੀਤਾ ਗਿਆ ਹੁੰਦਾ ਸੀ। ਪਰ ਹਮੇਸ਼ਾ ਨਹੀਂ। ਕਈ ਵਾਰ ਨਿਲਾਮੀ ਸੱਚਮੁੱਚ ਸਭ ਤੋਂ ਉੱਚੀ ਬੋਲੀ ਲਗਾਉਣ ਵਾਲੇ ਦੁਆਰਾ ਜਿੱਤੀ ਜਾਂਦੀ ਸੀ!

ਬੇਸ਼ੱਕ ਇਹ ਇੱਕ ਗੈਰ-ਕਾਨੂੰਨੀ ਅਭਿਆਸ ਸੀ, ਪਰ ਵੱਡੇ ਪੈਮਾਨੇ 'ਤੇ ਕੀਤਾ ਜਾਂਦਾ ਸੀ ਅਤੇ ਸਰਕਾਰੀ ਅਧਿਕਾਰੀਆਂ ਨੇ ਇਸ ਵੱਲੋਂ ਆਪਣੀਆਂ ਅੱਖਾਂ ਬੰਦ ਕਰ ਰੱਖੀਆਂ ਸਨ। ਜਦੋਂ ਸੌਦਾ ਹੋ ਜਾਂਦਾ ਸੀ ਤਾਂ ਸਫਲ ਵਪਾਰਕ ਲੈਣ-ਦੇਣ ਦਾ ਜਸ਼ਨ ਮਨਾਉਣ ਲਈ ਤਿੰਨੋਂ ਧਿਰਾਂ (ਨਵਾਂ ਖਰੀਦਦਾਰ, ਵੇਚੀ ਗਈ ਪਤਨੀ ਅਤੇ ਵੇਚਣ ਵਾਲਾ ਪਤੀ) ਸਥਾਨਕ ਟੈਵਰਨ (ਸ਼ਰਾਬਘਰ) ਵਿਚ ਜਾਇਆ ਕਰਦੇ ਸਨ ਤੇ ਇਕੱਠੇ ਹਮਪਿਆਲਾ ਹੋਇਆ ਕਰਦੇ ਸਨ। ਲਗਭਗ ਹਰੇਕ ਪਤਨੀ ਆਪਣੀ ਮਰਜ਼ੀ ਨਾਲ ਵਿਕਰੀ 'ਤੇ ਜਾਂ ਨਿਲਾਮੀ ਲਈ ਗਈ ਹੁੰਦੀ ਸੀ ਤੇ ਅੱਗੇ ਜਿਸ ਨਾਲ ਜਾਣਾ ਹੁੰਦਾ ਸੀ, ਇਸ ਵਿਚ ਉਸਦੀ ਪੂਰਨ ਰਜ਼ਾਮੰਦੀ ਅਤੇ ਮਰਜ਼ੀ ਸ਼ਾਮਿਲ ਹੁੰਦੀ ਸੀ। ਇਸ ਵਿਚ ਤਿੰਨਾਂ ਧਿਰਾਂ ਦੀ ਖੁਸ਼ੀ ਸ਼ਾਮਿਲ ਹੁੰਦੀ ਸੀ। ਵੇਚਣ ਵਾਲੇ ਪਤੀ ਨੂੰ ਬੁਰੀ ਬਲਾਅ ਤੋਂ ਖਹਿੜਾ ਛੁਡਾਉਣ ਦੀ ਰਾਹਤ ਹੁੰਦੀ ਸੀ। ਖਰੀਦਣ ਵਾਲੇ ਨੂੰ ਨਵੀਂ ਬੰਨੋ ਦਾ ਚਾਅ ਹੁੰਦਾ ਸੀ ਤੇ ਵਿਕਣ ਵਾਲੀ ਪਤਨੀ ਨੂੰ ਨਵਾਂ ਆਦਮੀ ਹੰਢਾਉਣ ਦੀ ਉਤਸੁਕਤਾ ਹੁੰਦੀ ਸੀ। ਇੰਝ ਕਹਿੰਦੇ ਹਨ ਕਿ ਇਹ ਕਾਰਜ ਤਿੰਨਾਂ ਲਈ ਇੱਕ ਐਡਵੈਂਚਰਜ਼ ਯਾਤਰਾ ਵਰਗਾ ਹੁੰਦਾ ਸੀ।

ਬਹੁਤ ਸਾਰੇ ਮਾਮਲਿਆਂ ਵਿਚ ਸਥਾਨਕ ਅਖਬਾਰ ਵਿਚ ਵਿਕਰੀ ਦਾ ਪਹਿਲਾਂ ਹੀ ਇਸ਼ਤਿਹਾਰ ਦਿੱਤਾ ਜਾਂਦਾ ਸੀ ਅਤੇ ਖਰੀਦਦਾਰ ਦਾ ਪਹਿਲਾਂ ਤੋਂ ਪ੍ਰਬੰਧ ਕੀਤਾ ਜਾਂਦਾ ਸੀ। ਇਹ ਵਿਕਰੀ ਸਿਰਫ਼ ਪ੍ਰਤੀਕਾਤਮਕ ਵਿਛੋੜੇ ਦਾ ਇੱਕ ਰੂਪ ਸੀ। ਪਤਨੀ ਵੇਚਣ ਦੇ ਪਹਿਲੇ ਰਿਪੋਰਟ ਕੀਤੇ ਗਏ ਮਾਮਲਿਆਂ ਵਿਚੋਂ ਇੱਕ 1733 ਵਿਚ ਬਰਮਿੰਘਮ ਵਿਖੇ ਵਾਪਰਿਆ ਸੀ, ਜਿੱਥੇ ਸੈਮੂਅਲ ਵਾਈਟਹਾਊਸ ਨਾਮੀ ਪਤੀ ਨੇ ਆਪਣੀ ਪਤਨੀ, ਮੈਰੀ ਵਾਈਟਹਾਊਸ ਨੂੰ ਖੁੱਲ੍ਹੇ ਬਾਜ਼ਾਰ ਵਿਚ ਥਾਮਸ ਗ੍ਰਿਫਥਸ ਨੂੰ ਲਗਭਗ ਇੱਕ ਅੰਗਰੇਜ਼ੀ ਪੌਂਡ ਵਿਚ ਵੇਚ ਦਿੱਤਾ ਸੀ।

ਪੁਰਾਤਨ ਸਮੇਂ ਵੈਸੇ ਤਾਂ ਲੋਕ ਸਿਰਫ਼ ਇੱਕ ਦੂਜੇ ਨੂੰ ਛੱਡ ਵੀ ਸਕਦੇ ਸਨ, ਪਰ ਇੱਕ ਚਾਲੂ ਔਰਤ ਜੋ ਦੂਜੇ ਲੋਕਾਂ ਨਾਲ ਸਬੰਧਾਂ ਵਿਚ ਉਲਝੀ ਹੁੰਦੀ ਸੀ, ਆਪਣੇ ਪਿਛਲੇ ਪਤੀ ਦੁਆਰਾ ਆਪਣੇ ਨਵੇਂ ਪ੍ਰੇਮੀਆਂ ਨੂੰ ਤੰਗ ਕਰਨ ਤੋਂ ਬਚਾਉਣ ਲਈ ਵੀ ਇਸ ਪ੍ਰਕਿਰਿਆ ਵਿਚੋਂ ਗੁਜ਼ਰਦੀ ਸੀ। ਨਵੇਂ ਮਰਦ ਤੋਂ ਪੁਰਾਣੇ ਨੂੰ ਕੁਝ ਪੈਸੇ ਦਿਵਾ ਕੇ ਉਹ ਆਪਣੇ ਲਈ ਭਵਿੱਖ ਵਿਚ ਪੈਦਾ ਹੋਣ ਵਾਲੇ ਕਈ ਮਸਲੇ ਨਿਬੇੜ ਲੈਂਦੀ ਸੀ। ਕਾਨੂੰਨੀ ਤੌਰ 'ਤੇ ਉਸਦਾ ਪਤੀ ਇਹ ਮੰਗ ਕਰ ਸਕਦਾ ਹੈ ਕਿ ਉਸਦੀ ਪਤਨੀ ਦਾ ਪ੍ਰੇਮੀ ਉਸਨੂੰ ਉਸਦੀ ਪਤਨੀ ਨਾਲ ਜਿਨਸੀ ਸੰਬੰਧ ਬਣਾਉਣ ਲਈ ਵੱਡੀ ਰਕਮ ਅਦਾ ਕਰੇ, (ਇੱਕ ਅਧਿਕਾਰ ਜਿਸਦੀ ਉਸਨੂੰ ਘਾਟ ਸੀ) ਕਿਉਂਕਿ ਅਦਾਲਤਾਂ ਨੇ ਪਤਨੀਆਂ ਨੂੰ ਆਪਣੇ ਪਤੀਆਂ 'ਤੇ ਵਿਭਚਾਰ ਲਈ ਮੁਕੱਦਮਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਸੀ। ਪਤਨੀ ਦੀ ਵਿਕਰੀ ਉਸ ਜੋਖ਼ਮ ਨੂੰ ਦੂਰ ਕਰਨ ਦਾ ਇੱਕ ਤਰੀਕਾ ਸੀ।

1753 ਦੇ ਮੈਰਿਜ ਐਕਟ ਦੇ ਪਾਸ ਹੋਣ ਤੱਕ ਇੰਗਲੈਂਡ ਵਿਚ ਪਾਦਰੀਆਂ ਦੇ ਸਾਹਮਣੇ ਵਿਆਹ ਦੀ ਰਸਮੀ ਕਾਰਵਾਈ ਕਾਨੂੰਨੀ ਲੋੜ ਨਹੀਂ ਸੀ ਅਤੇ ਵਿਆਹ ਗੈਰ-ਰਜਿਸਟਰਡ ਸਨ। ਦੋਵਾਂ ਧਿਰਾਂ ਲਈ ਇਕੱਠੇ ਜੀਵਨ ਗੁਜ਼ਾਰਨ ਲਈ ਸਹਿਮਤ ਹੋਣ ਦੀ ਲੋੜ ਸੀ, ਬਾਸ਼ਰਤੇ ਹਰੇਕ ਸਹਿਮਤੀ ਧਿਰ ਕਾਨੂੰਨੀ ਉਮਰ ਤੱਕ ਪਹੁੰਚ ਗਈ ਹੋਵੇ, ਜੋ ਕਿ ਲੜਕੀਆਂ ਲਈ 12 ਸਾਲ ਅਤੇ ਲੜਕਿਆਂ ਲਈ 14 ਸਾਲ ਸੀ। ਵਿਆਹ ਤੋਂ ਬਾਅਦ ਔਰਤਾਂ ਪੂਰੀ ਤਰ੍ਹਾਂ ਆਪਣੇ ਪਤੀਆਂ ਦੇ ਅਧੀਨ ਹੋ ਜਾਂਦੀਆਂ ਸਨ। ਪਤੀ ਅਤੇ ਪਤਨੀ ਇੱਕ ਕਾਨੂੰਨੀ ਹਸਤੀ ਬਣ ਜਾਂਦੇ ਸਨ, ਇੱਕ ਕਾਨੂੰਨੀ ਸਥਿਤੀ ਜਿਸ ਨੂੰ ਸੁਰੱਖਿਆ ਕਵਚ (coverture-the legal status of a married woman, considered to be under her husband's protection and authority) ਕਿਹਾ ਜਾਂਦਾ ਸੀ। ਜਿਵੇਂ ਕਿ ਉੱਘੇ ਅੰਗਰੇਜ਼ ਜੱਜ ਸਰ ਵਿਲੀਅਮ ਬਲੈਕਸਟੋਨ ਨੇ 1753 ਵਿਚ ਲਿਖਿਆ ਸੀ, "ਔਰਤ ਦੀ ਹੋਂਦ ਜਾਂ ਕਾਨੂੰਨੀ ਹੋਂਦ, ਵਿਆਹ ਦੇ ਦੌਰਾਨ ਮੁਅੱਤਲ ਕਰ ਦਿੱਤੀ ਜਾਂਦੀ ਹੈ, ਜਾਂ ਘੱਟੋ-ਘੱਟ ਉਸ ਦੇ ਪਤੀ ਵਿਚ ਇਕੱਤਰ ਅਤੇ ਸ਼ਾਮਲ ਕੀਤੀ ਜਾਂਦੀ ਹੈ: ਜਿਸਦੇ ਖੰਭ ਹੇਠ, ਸੁਰੱਖਿਆ ਅਤੇ ਸੁੱਖਾਂ ਦਾ ਕਵਚ ਉਹ ਮਾਣਦੀ ਹੈ।"




ਵਰਣਨਯੋਗ ਹੈ ਕਿ ਉਦੋਂ ਇੰਗਲੈਂਡ ਵਿਚ ਵਿਆਹੀਆਂ ਔਰਤਾਂ ਆਪਣੇ ਨਾਮ ਜਾਇਦਾਦ ਨਹੀਂ ਰੱਖ ਸਕਦੀਆਂ ਸਨ ਕਿਉਂਕਿ ਅਸਲ ਵਿਚ ਉਹ ਆਪਣੇ ਪਤੀਆਂ ਦੀ ਜਾਇਦਾਦ ਹੁੰਦੀਆਂ ਸਨ। ਪਰ ਬਲੈਕਸਟੋਨ ਨੇ ਅੱਗੇ ਕਿਹਾ ਸੀ, "ਇੱਥੋਂ ਤੱਕ ਕਿ ਪਤਨੀ ਜਿਸ ਅਪਾਹਜਤਾ ਦੇ ਅਧੀਨ ਹੈ, ਉਹ ਵੀ ਜ਼ਿਆਦਾਤਰ ਹਿੱਸੇ ਲਈ ਉਸਦੀ ਸੁਰੱਖਿਆ ਅਤੇ ਲਾਭ ਲਈ ਹੈ। ਇੰਗਲੈਂਡ ਦੇ ਕਾਨੂੰਨਾਂ ਵਿਚ ਇਸਤਰੀ ਲਿੰਗ ਦਾ ਬਹੁਤ ਖਿਆਲ ਰੱਖਿਆ ਜਾਂਦਾ ਹੈ।"

ਅਜਿਹੇ ਮਾਮਲੇ ਵੀ ਸਨ, ਜਿੱਥੇ ਪਤਨੀ ਖੁਦ ਕਈ ਵਾਰੀ ਪਤੀ ਨੂੰ ਆਪਣੀ ਵਿਕਰੀ ਲਈ ਜ਼ੋਰ ਪਾਉਂਦੀ ਹੁੰਦੀ ਸੀ ਅਤੇ ਬਹੁਤ ਸਾਰੀਆਂ ਨਾਖੁਸ਼ ਔਰਤਾਂ ਲਈ ਵਿਆਹ ਤੋਂ ਬਾਹਰ ਨਿਕਲਣ ਦਾ ਇਹ ਇੱਕ ਮਾਤਰ ਰਸਤਾ ਹੁੰਦਾ ਸੀ। ਕਾਮੀ ਅਤੇ ਬਦਚਲਣ ਔਰਤਾਂ ਲਈ ਤਾਂ ਇਹ ਰੀਤ ਇੱਕ ਤਰ੍ਹਾਂ ਦਾ ਵਰਦਾਨ ਸੀ। ਵੈਲਣ ਤੀਵੀਆਂ ਆਪਣੇ ਕਿਸੇ ਯਾਰ ਨੂੰ ਆਪਣੀ ਖਰੀਦ ਲਈ ਉਕਸਾ ਲੈਂਦੀਆਂ ਸਨ ਤੇ ਪਤੀ ਤੋਂ ਖਹਿੜਾ ਛੁਡਾਉਣ ਬਾਅਦ ਆਪਹੁਦਰੀਆਂ ਹੋ ਕੇ ਜੀਵਨ ਬਤੀਤ ਕਰਿਆ ਕਰਦੀਆਂ ਸਨ। ਦੂਜੇ ਪਾਸੇ ਲੋੜਵੰਦ ਛੜੇ, ਰੰਡੇ ਅਤੇ ਮੁਸ਼ਟੰਡੇ ਕਈ ਵਾਰ ਹੋਰਾਂ ਨਾਲ ਹਿੱਸਾ ਪਾ ਕੇ ਵੀ ਵਿਕਾਊ ਪਤਨੀਆਂ ਖਰੀਦ ਲੈਂਦੇ ਸਨ ਤੇ ਆਪਣੀ ਰੋਟੀ ਪੱਕਦੀ ਕਰ ਲਿਆ ਕਰਦੇ ਸਨ।

ਪਤਨੀਆਂ ਦੀ ਵਿਕਰੀ 1820 ਅਤੇ 1830 ਦੇ ਦਹਾਕੇ ਵਿਚ ਉੱਚ ਪੱਧਰ 'ਤੇ ਪਹੁੰਚ ਗਈ ਸੀ ਅਤੇ ਪਤੀ ਜੋ ਆਪਣੀਆਂ ਪਤਨੀਆਂ ਨੂੰ ਵੇਚਣਾ ਚਾਹੁੰਦੇ ਸਨ ਬਹੁਤ ਜ਼ਿਆਦਾ ਸਮਾਜਿਕ ਦਬਾਅ ਹੇਠ ਆ ਗਏ ਸਨ। ਅਖ਼ਬਾਰਾਂ ਦੀ ਪ੍ਰਸਿੱਧੀ ਵਿਚ ਵਾਧਾ ਹੋਣ ਦੇ ਨਾਲ 18ਵੀਂ ਸਦੀ ਦੇ ਦੂਜੇ ਅੱਧ ਵਿਚ ਪਤਨੀ ਵਿਕਰੀ ਦੇ ਅਭਿਆਸ ਦੀਆਂ ਰਿਪੋਰਟਾਂ ਵਧੇਰੇ ਨਸ਼ਰ ਹੋਣ ਲੱਗੀਆਂ ਸਨ। ਧਰਮ ਦੇ ਠੇਕੇਦਾਰਾਂ ਨੇ ਇਸ ਰੀਤ ਦੀ ਮਖਾਲਫਤ ਵਿਚ ਲਾਂਗੜ ਚੁੱਕ ਲਏ ਸਨ। ਇੰਝ ਇਹ ਪ੍ਰਥਾ ਕਾਫੀ ਹੱਦ ਤੱਕ ਘਟ ਗਈ ਸੀ। ਇਸਦਾ ਮਤਲਬ ਇਹ ਨਹੀਂ ਸੀ ਕਿ ਇਹ ਰੀਤ ਪੂਰਨ ਤੌਰ 'ਤੇ ਬੰਦ ਹੋ ਗਈ ਸੀ ਜਾਂ ਪਤਨੀ ਨੂੰ ਵੇਚਣ ਦੇ ਕੋਈ ਹੋਰ ਮਾਮਲੇ ਨਹੀਂ ਸਨ। ਉਸ ਤੋਂ ਬਾਅਦ 1913 ਵਿਚ ਇੱਕ ਹੋਰ ਮਾਮਲਾ ਬੜਾ ਚਰਚਿਤ ਰਿਹਾ ਸੀ, ਜਦੋਂ ਇੱਕ ਔਰਤ ਨੇ ਦਾਅਵਾ ਕੀਤਾ ਸੀ ਕਿ ਉਸਦੇ ਪਤੀ ਨੇ ਉਸਨੂੰ ਕੇਵਲ ਦੋ ਸ਼ੀਲਿੰਗਾਂ (ਇੱਕ ਪੌਂਡ) ਵਿਚ ਆਪਣੇ ਇੱਕ ਮਿੱਤਰ ਨੂੰ ਵੇਚ ਦਿੱਤਾ ਸੀ।


ਕਈ ਵਾਰ ਪੈਸੇ ਦੀ ਲੋੜ ਜਾਂ ਕਰਜ਼ਾ ਮੋੜਨ ਲਈ ਵੀ ਪਤੀ ਆਪਣੀ ਪਤਨੀ ਨੂੰ ਸਭ ਤੋਂ ਵੱਧ ਬੋਲੀ ਲਗਾਉਣ ਵਾਲੇ ਨੂੰ ਵੇਚ ਦਿੰਦਾ ਸੀ। ਜ਼ਿਆਦਾਤਰ ਕੇਸਾਂ ਵਿਚ ਪਤਨੀ ਨੂੰ ਉਸਨੂੰ ਚਾਹੁਣ ਵਾਲਾ ਆਸ਼ਿਕ ਮਰਦ ਹੀ ਬੋਲੀ ਦੇ ਕੇ ਖਰੀਦਿਆ ਕਰਦਾ ਸੀ। ਜੇਕਰ ਕੋਈ ਮਨੋਨੀਤ ਖਰੀਦਦਾਰ ਨਹੀਂ ਹੁੰਦਾ ਸੀ ਤਾਂ ਮਰਦ ਆਪਣੀ ਪਤਨੀ ਨੂੰ ਦੱਸੇ ਬਿਨਾਂ ਪਤਨੀ ਦੀ ਵਿਕਰੀ ਦੀ ਘੋਸ਼ਣਾ ਕਰ ਸਕਦੇ ਸਨ ਅਤੇ ਉਸ 'ਤੇ ਕੁੱਲ ਅਜਨਬੀਆਂ ਦੁਆਰਾ ਬੋਲੀ ਲਗਾਈ ਜਾ ਸਕਦੀ ਸੀ। ਪਰ ਔਰਤਾਂ ਨੂੰ ਵਿਕਣ ਲਈ ਸਹਿਮਤ ਹੋਣਾ ਪੈਂਦਾ ਸੀ। ਅਜਿਹਾ ਲੱਗਦਾ ਹੈ ਕਿ ਪਤਨੀ ਦੀ ਵਿਕਰੀ ਦੌਰਾਨ ਔਰਤ ਨੂੰ ਨੁਕਸਾਨ ਹੋਇਆ ਸੀ, ਪਰ ਅਜਿਹਾ ਹਮੇਸ਼ਾ ਨਹੀਂ ਹੁੰਦਾ ਸੀ। ਕਿਉਂਕਿ ਉਹ ਅਜੇ ਵੀ ਕਾਨੂੰਨ ਦੇ ਅਧੀਨ ਆਪਣੇ ਪਹਿਲੇ ਪਤੀ ਨਾਲ ਵਿਆਹੀ ਹੋਈ ਹੁੰਦੀ ਸੀ, ਉਹ ਤਕਨੀਕੀ ਤੌਰ 'ਤੇ ਉਸ ਦੀਆਂ ਸਾਰੀਆਂ ਜਾਇਦਾਦਾਂ ਦਾ ਹੱਕਦਾਰ ਸੀ (ਉਸ ਸਮੇਂ, ਵਿਆਹੀਆਂ ਔਰਤਾਂ ਦੀ ਜਾਇਦਾਦ ਸਭ ਉਨ੍ਹਾਂ ਦੇ ਪਤੀਆਂ ਦੀ ਸੀ)। ਵਿਕਰੀ ਦੇ ਜਨਤਕ ਸੁਭਾਅ ਨੇ ਹਾਲਾਂਕਿ ਸਭ ਨੂੰ ਇਹ ਸਪੱਸ਼ਟ ਕਰ ਦਿੱਤਾ ਹੁੰਦਾ ਸੀ ਕਿ ਵਿਕਰੇਤਾ ਨੇ ਆਪਣੀ ਸਾਬਕਾ ਪਤਨੀ ਦੀਆਂ ਜਾਇਦਾਦਾਂ 'ਤੇ ਆਪਣਾ ਹੱਕ ਛੱਡ ਦਿੱਤਾ ਹੈ। ਇੰਝ ਔਰਤ ਆਪਣੇ ਨਵੇਂ ਪ੍ਰੇਮੀ ਨੂੰ ਉਸਦੇ ਪਹਿਲੇ ਪਤੀ ਦੁਆਰਾ ਮੁਕੱਦਮਾ ਕਰਨ ਤੋਂ ਵੀ ਬਚਾ ਲੈਂਦੀ ਸੀ। ਇਸ ਬਾਰੇ ਕਾਨੂੰਨੀ ਵਿਦਵਾਨ ਜੂਲੀ ਸੀ. ਸੂਕ ਲਿਖਦੀ ਹੈ, "ਵਿਕਰੀ ਰਾਹੀਂ, ਪਹਿਲੇ ਪਤੀ ਨੇ ਪਤਨੀ ਦੇ ਪ੍ਰੇਮੀ ਤੋਂ

*(ਬਾਕੀ ਅਗਲੇ ਸਫੇ 'ਤੇ)*

# ਆਪਣੇ ਆਪ ਨਾਲ ਕਿਵੇਂ ਜੋੜਨਾ

ਆਪ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ॥
ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ॥
ਅੰਗ 1382

ਬਾਬਾ ਫ਼ਰੀਦ ਜੀ ਇਸ ਸਲੋਕ ਵਿਚ ਕਹਿ ਰਹੇ ਹਨ ਕਿ ਜੇ ਤੂੰ ਆਪਣੇ ਆਪ ਨੂੰ ਗੁਰੂ ਦੇ ਸ਼ਬਦ ਨਾਲ ਸਵਾਰ ਲਏਂ ਤਾਂ ਸੁਖੀ ਹੋ ਜਾਵੇਂਗਾ



ਗੁਰੂ ਨਾਲ ਜੁੜਨਾ ਹੀ ਆਪਣੇ ਆਪ ਨਾਲ ਜੁੜਨਾ ਹੈ। ਜੇ ਤੂੰ ਗੁਰੂ ਨਾਲ ਜੁੜ ਜਾਵੇਂਗਾ ਤਾਂ ਸਾਰਾ ਜੱਗ ਤੇਰੇ ਨਾਲ ਜੁੜ ਜਾਵੇਗਾ।

ਅਸੀਂ ਸਾਰੇ ਦੋ ਤਰ੍ਹਾਂ

**ਉਂਕਾਰ ਸਿੰਘ ਢਿੱਲੋਂ**
**(ਨਿਸ਼ਕਾਮ ਕਾਰਸੇਵਾ ਜਥੇਦਾਰ)**
**ਫੋਨ: 847-917-2747**

ਨਾਲ ਜੀਵਨ ਜੀਅ ਰਹੇ ਹਾਂ ਇੱਕ ਤਨ ਦਾ ਜੀਵਨ ਜਿਸ ਨੂੰ ਅਸਥੂਲ ਜੀਵਨ ਕਹਿੰਦੇ ਹਨ ਤੇ ਦੂਜਾ ਮਨੁ ਦਾ ਜੀਵਨ, ਜਿਸਨੂੰ ਸੂਖਮ ਜੀਵਨ ਕਹਿੰਦੇ ਹਨ। ਮਨੁੱਖਾ ਜਨਮ ਦਾ ਮਨੋਰਥ ਹੈ ਕਿ ਤਨ ਦੇ ਸ਼ਮਸ਼ਾਨਘਾਟ ਵਿਚ ਜਾਣ ਤੋਂ ਪਹਿਲਾਂ ਮਨੁ ਮਰ ਜਾਵੇ, ਤਨ ਨੂੰ ਜਿੰਦਾ ਰਹਿਣ ਵਾਸਤੇ ਭੋਜਨ ਚਾਹੀਦਾ ਹੈ ਅਤੇ ਮਨੁ ਨੂੰ ਮਾਰਨ ਵਾਸਤੇ ਭਜਨ ਚਾਹੀਦਾ ਹੈ।

ਮਨੁ ਮਰੈ ਧਾਤੁ ਮਰਿ ਜਾਇ ਬਿਨ ਮਨ ਮੂਏ ਕੈਸੇ ਹਰਿ ਪਾਇ ॥ਅੰਗ 665

ਮਨੁ ਦੇ ਮਰਨ ਨਾਲ ਹੀ ਮਨੁੱਖ ਦਾ ਜੂਨੀਆਂ ਵਿਚ ਭਟਕਣਾ ਬੰਦ ਜੋ ਜਾਵੇਗਾ ਅਤੇ ਪ੍ਰਮਾਤਮਾ ਵਿਚ ਮਿਲ ਜਾਵੇਗਾ।

ਮਨੁ ਆਤਮਾ ਦੀ ਉੱਠੀ ਹੋਈ ਤਰੰਗ ਹੈ। ਜਿਸ ਤਰ੍ਹਾਂ ਸਮੁੰਦਰ ਵਿਚ ਉੱਠੀ ਲਹਿਰ ਆਪਣੀ ਵੱਖਰੀ ਹੋਂਦ ਬਣਾ ਲੈਂਦੀ ਹੈ ਪਰ ਜਦ ਲਹਿਰ ਸਮੁੰਦਰ ਨਾਲ ਮਿਲ ਜਾਂਦੀ ਹੈ ਤਾਂ ਫਿਰ ਸਮੁੰਦਰ ਬਣ ਜਾਂਦੀ ਹੈ।

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥ ਅੰਗ 441

ਮਨੁ ਦਾ ਮੂਲ ਆਤਮਾ ਹੈ। ਇਹ ਸਮਝਣ ਵਾਸਤੇ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨੀ ਪਵੇਗੀ ਅਤੇ ਗੁਰੂ ਜੀ ਦੀ ਬਾਣੀ ਪੜ੍ਹਨ ਵਾਸਤੇ ਸਾਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ ਜੁੜਨਾ ਪਵੇਗਾ ਕਿਉਂਕਿ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਗੁਰਮੁਖੀ ਵਿਚ ਕੀਤੀ ਹੈ ਜੇ ਅਸੀਂ ਆਪਣੀ ਮਾਂ ਬੋਲੀ ਨਾਲ ਨਹੀਂ ਜੁੜਾਂਗੇ ਤਾਂ ਅਸੀਂ ਆਪਣੀ ਸੱਭਿਅਤਾ ਨਾਲੋਂ ਟੁੱਟ ਜਾਵਾਂਗੇ, ਸਾਡੀਆਂ ਸਮਾਜਕ ਕਦਰਾਂ-ਕੀਮਤਾਂ ਬਿਖਰ ਜਾਣਗੀਆਂ। ਜਦ ਬਾਬਰ ਨੇ ਹਿੰਦੋਸਤਾਨ 'ਤੇ ਹਮਲਾ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਨੇ ਐਮਨਾਬਾਦ ਦੇ ਲੋਕਾਂ ਨੂੰ ਹਮਲੇ ਤੋਂ ਪਹਿਲਾਂ ਹੀ ਕਿਹਾ ਸੀ ਕਿ ਤੁਸੀਂ ਆਪਣੀ ਬੋਲੀ ਭੁੱਲ ਚੁਕੇ ਹੋ, ਆਪਣਾ ਪਹਿਰਾਵਾ ਭੁੱਲ ਚੁਕੇ ਹੋ, ਆਪਣੀ ਸੱਭਿਅਤਾ ਭੁੱਲ ਚੁਕੇ ਹੋ, ਤੁਸੀਂ ਦੁਖੀ ਹੋਵੋਗੇ।

ਘਰਿ ਘਰਿ ਮੀਆਂ ਸਭਨਾ ਜੀਆਂ ਬੋਲੀ ਅਵਰ ਤੁਮਾਰੀ॥ ਅੰਗ 1191

ਆਪਣੀ ਸੰਸਕ੍ਰਿਤੀ ਨੂੰ ਜਿਉਂਦਿਆਂ ਰੱਖਣ ਲਈ ਸਾਨੂੰ ਆਪਣੀਆਂ ਪੰਜਾਬੀ ਰਹੁ-ਰੀਤਾਂ ਨਾਲ ਜੁੜਨਾ ਪਵੇਗਾ। ਸਾਨੂੰ ਗੁਰੂ ਦੇ ਸਿੰਘ ਸਜਣਾ ਪਵੇਗਾ।

ਸਿੱਖ ਰਿਲੀਜੀਅਸ ਸੁਸਾਇਟੀ ਦਾ ਨੌਜੁਆਨ ਮੈਂਬਰ ਹਰਦੀਪ ਸਿੰਘ ਜੋ ਯੂ.ਐਸ.ਏ. ਹਵਾਈ ਫੌਜ ਵਿਚ ਗੁਰੂ ਦੇ ਦਿੱਤੇ ਕੇਸਾਂ ਅਤੇ ਦਸਤਾਰ ਨਾਲ ਸੇਵਾਵਾਂ ਨਿਭਾ ਰਿਹਾ ਹੈ ਆਪਣੀ ਛੁਟੀ ਦੌਰਾਨ ਪਿਛਲੇ ਹਫਤੇ ਗੁਰਦੁਆਰਾ ਸਾਹਿਬ ਆਇਆ। ਆਪਣੀ ਪੜ੍ਹਾਈ ਦੌਰਾਨ ਉਸਨੇ ਨਿਸ਼ਕਾਮ ਸੇਵਾਦਾਰਾਂ ਨਾਲ ਮਿਲ ਕੇ ਕਈ ਸਾਲ ਹੱਥੀਂ ਸੇਵਾ ਕਰ ਕੇ ਗੁਰੂ ਦੀਆਂ ਖੁਸ਼ੀਆਂ ਲਈਆਂ।

ਨਿਸ਼ਕਾਮ ਕਾਰ ਸੇਵਾ ਗਰੁਪ ਦੇ ਸਾਰੇ ਸੇਵਾਦਾਰਾਂ ਨੇ ਮਿਲ ਕੇ ਗੁਰਮਰਿਯਾਦਾ ਅਨੁਸਾਰ ਦੇਗ ਤਿਆਰ ਕਰ ਕੇ ਅਰਦਾਸ ਅਤੇ ਹੁਕਮਨਾਮਾ ਲੈ ਕੇ ਉਸ ਦਾ ਜਨਮ ਦਿਨ ਮਨਾਇਆ। ਅੱਜ ਤੋਂ ਪੰਜਾਹ ਸਾਲ ਪਹਿਲਾਂ ਹਰ ਸਿੱਖ ਪਰਿਵਾਰ ਵਿਚ ਇਸੇ ਤਰ੍ਹਾਂ ਗੁਰ ਮਰਿਯਾਦਾ ਅਨੁਸਾਰ ਦਿਨ-ਦਿਉਹਾਰ ਮਨਾਏ ਜਾਂਦੇ ਸਨ। ਸਾਡੀ ਸਭਿਅਤਾ ਵਿਚ ਕੇਕ ਕੱਟਣ ਦਾ ਸੱਭਿਆਚਾਰ ਬਿਲਕੁਲ ਨਹੀਂ ਸੀ। ਗੁਰੂ ਜੀ ਦੀ ਮਰਿਯਾਦਾ ਵਿਚ ਚੱਲਾਂਗੇ ਤਾਂ ਗੁਰੂ ਜੀ ਵੀ ਮਿਹਰ ਕਰਨਗੇ। ਅਮਰੀਕਨ ਸੱਭਿਆਚਾਰ ਵਿਚ ਢਲ ਜਾਵਾਂਗੇ ਤਾਂ ਦੁਖੀ ਹੋਵਾਂਗੇ। ਆਓ ਸਾਰੇ ਗੁਰਬਾਣੀ ਅਤੇ ਗੁਰਮਤਿ ਦੇ ਧਾਰਨੀ ਬਣੀਏ।

---

*(ਪਿਛਲੇ ਸਫੇ ਦੀ ਬਾਕੀ)*

ਅਪਰਾਧਿਕ ਕੇਸ ਲਈ ਕਾਰਵਾਈ ਨਾ ਕਰਨ ਤੇ ਸਿਵਲ ਮੁਕੱਦਮੇ ਨੂੰ ਛੱਡਣ ਦੇ ਬਦਲੇ ਰਿਸ਼ਵਤ ਲਈ।"

ਅੰਗਰੇਜ਼ੀ ਇਤਿਹਾਸ ਦੇ ਸ਼ੁਰੂਆਤੀ ਆਧੁਨਿਕ ਦੌਰ ਵਿਚ ਵਿਆਹ ਨੂੰ ਤੋੜਨ ਦੇ ਪੰਜ ਵੱਖਰੇ ਤਰੀਕੇ ਮੌਜੂਦ ਸਨ:

ਪਹਿਲਾ, ਵਿਭਚਾਰ ਜਾਂ ਜਾਨਲੇਵਾ ਬੇਰਹਿਮੀ ਦੇ ਆਧਾਰ 'ਤੇ ਬਿਸਤਰੇ ਅਤੇ ਬੋਰਡ (ਇੱਕ ਮੇਨਸਾ ਐਟ ਥੋਰੋ) ਤੋਂ ਵੱਖ ਹੋਣ ਲਈ ਚਰਚ ਦੀਆਂ ਅਦਾਲਤਾਂ ਵਿਚ ਮੁਕੱਦਮਾ ਕਰਨਾ ਸੀ, ਪਰ ਇਸ ਵਿਚ ਦੁਬਾਰਾ ਵਿਆਹ ਦੀ ਇਜਾਜ਼ਤ ਨਹੀਂ ਸੀ।

ਦੂਜਾ, ਅਦਾਲਤੀ ਤਲਾਕ 1550 ਦੇ ਦਹਾਕੇ ਤੋਂ 1857 ਵਿਚ ਮੈਟਰੀਮੋਨੀਅਲ ਕਾਜ਼ ਐਕਟ ਦੇ ਕਾਨੂੰਨ ਬਣਨ ਤੱਕ, ਇੰਗਲੈਂਡ ਵਿਚ ਤਲਾਕ ਕੇਵਲ ਤਾਂ ਹੀ ਸੰਭਵ ਸੀ, ਜੇ ਕਿਸੇ ਵੀ ਤਰ੍ਹਾਂ ਪਾਰਲੀਮੈਂਟ ਦੇ ਇੱਕ ਨਿੱਜੀ ਐਕਟ ਦੀ ਗੁੰਝਲਦਾਰ ਅਤੇ ਮਹਿੰਗੀ ਪ੍ਰਕਿਰਿਆ ਵਿਚੋਂ ਗੁਜ਼ਰਿਆ ਜਾਵੇ। ਹਾਲਾਂਕਿ 1857 ਦੇ ਐਕਟ ਦੇ ਮੱਦੇਨਜ਼ਰ ਸਥਾਪਿਤ ਤਲਾਕ ਅਦਾਲਤਾਂ ਨੇ ਪ੍ਰਕਿਰਿਆ ਨੂੰ ਕਾਫ਼ੀ ਸਸਤਾ ਕਰ ਦਿੱਤਾ ਸੀ। ਫਿਰ ਵੀ ਸਮਾਜ ਦੇ ਗਰੀਬ ਮੈਂਬਰਾਂ ਲਈ ਤਲਾਕ ਪ੍ਰਤੀਬੰਧਤ ਤੌਰ 'ਤੇ ਮਹਿੰਗਾ ਸੀ।

ਤੀਜਾ, ਵਿਕਲਪ ਇੱਕ "ਨਿਜੀ ਵਿਛੋੜਾ" ਪ੍ਰਾਪਤ ਕਰਨਾ ਸੀ, ਇੱਕ ਸਮਝੌਤਾ ਜੋ ਦੋਨਾਂ ਪਤੀ-ਪਤਨੀ ਵਿਚਕਾਰ ਗੱਲਬਾਤ ਰਾਹੀਂ ਕੀਤਾ ਜਾਂਦਾ ਸੀ, ਜੋ ਕਿ ਇੱਕ ਵਿਚੋਲੇ ਦੁਆਰਾ ਤਿਆਰ ਕੀਤੇ ਗਏ ਵਿਛੋੜੇਨਾਮੇ ਨਾਲ ਹੁੰਦਾ ਸੀ।

ਚੌਥਾ ਤਿਆਗ ਜਾਂ ਭਗੌੜਾ ਵੀ ਸੰਭਵ ਸੀ, ਜਿਸ ਨਾਲ ਪਤਨੀ ਨੂੰ ਪਰਿਵਾਰਕ ਘਰ ਤੋਂ ਬਾਹਰ ਕੱਢ ਦਿੱਤਾ ਜਾਂਦਾ ਸੀ, ਜਾਂ ਪਤੀ ਨੇ ਆਪਣੀ ਮਾਲਕਣ ਨਾਲ ਨਵਾਂ ਘਰ ਸਥਾਪਤ ਕਰ ਲਿਆ ਹੁੰਦਾ ਸੀ।

ਪੰਜਵਾਂ, ਅੰਤ ਵਿਚ ਪਤਨੀ ਨੂੰ ਵੇਚਣ ਦੀ ਪ੍ਰਸਿੱਧ ਧਾਰਨਾ ਇੱਕ ਵਿਆਹ ਨੂੰ ਖਤਮ ਕਰਨ ਦਾ ਇੱਕ ਵਿਕਲਪਕ ਪਰ ਗੈਰ-ਕਾਨੂੰਨੀ ਤਰੀਕਾ ਸੀ।

ਔਰਤਾਂ ਦਾ ਆਦਰ ਕਰਨ ਵਾਲੇ ਕਾਨੂੰਨ, ਜਿਵੇਂ ਕਿ ਕੁਦਰਤੀ ਅਧਿਕਾਰਾਂ ਨੂੰ ਧਿਆਨ ਵਿਚ ਰੱਖਦੇ ਹਨ ਨੇ ਦੇਖਿਆ ਕਿ ਗਰੀਬਾਂ ਲਈ ਪਤਨੀ ਵੇਚਣ ਨੂੰ "ਵਿਆਹ ਨੂੰ ਭੰਗ ਕਰਨ ਦੇ ਢੰਗ" ਵਜੋਂ ਦੇਖਿਆ ਜਾਂਦਾ ਸੀ।

ਪਤਨੀ ਦੀ ਵਿਕਰੀ ਨੂੰ ਹੋਰ ਡੂੰਘਾਈ ਨਾਲ ਸਮਝਣ ਲਈ, ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਪਤੀ ਨੂੰ ਨਾ ਸਿਰਫ਼ ਆਪਣੀ ਪਤਨੀ ਦਾ ਰਖਵਾਲਾ ਅਤੇ ਪ੍ਰਦਾਤਾ ਮੰਨਿਆ ਜਾਂਦਾ ਸੀ, ਸਗੋਂ ਉਸਦਾ ਮਾਲਕ ਵੀ ਸੀ। ਇਸ ਲਈ ਉਸਨੂੰ ਵੇਚਣ ਦਾ ਅਧਿਕਾਰ ਹੋਣ ਦੇ ਤੌਰ 'ਤੇ ਦੇਖਿਆ ਗਿਆ ਸੀ ਜਿਵੇਂ ਕਿ ਉਸ ਕੋਲ ਕੋਈ ਕਬਜ਼ਾ ਸੀ। ਕਾਨੂੰਨ ਪਤਨੀ-ਵੇਚਣ ਦਾ ਸਮਰਥਨ ਨਹੀਂ ਕਰਦਾ ਸੀ, ਪਰ ਦੂਜੇ ਅਰਥਾਂ ਵਿਚ ਇਸਨੇ ਪਤਨੀ ਨੂੰ ਪਤੀ ਦੀ ਮਲਕੀਅਤ ਵਜੋਂ ਪਰਿਭਾਸ਼ਤ ਕੀਤਾ ਸੀ। ਵਿਆਹ ਨਾਲ ਜੋ ਕੁਝ ਪਤਨੀ ਦਾ ਸੀ ਉਹ ਪਤੀ ਦਾ ਬਣ ਜਾਂਦਾ ਸੀ। ਇੱਕ ਨਾਖੁਸ਼ ਵਿਆਹੇ ਜੋੜੇ ਲਈ, ਪਤਨੀ-ਵਿਕਰੀ ਨੇ ਦੁਬਿਧਾ ਤੋਂ ਬਾਹਰ ਨਿਕਲਣ ਦਾ ਰਸਤਾ ਪ੍ਰਦਾਨ ਕੀਤਾ ਸੀ। ਇਹ ਨਿਸ਼ਚਤ ਤੌਰ 'ਤੇ ਪਤੀ ਦੁਆਰਾ ਔਰਤ ਨੂੰ ਛੱਡਣ ਨਾਲੋਂ ਵਧੇਰੇ ਸਨਮਾਨਯੋਗ ਸੀ, ਜਿਵੇਂ ਕਿ ਬਹੁਤ ਸਾਰੇ ਕਰਦੇ ਸਨ ਅਤੇ ਕਈ ਵਾਰ ਮੁਕੱਦਮਾ ਚਲਾਇਆ ਜਾਂਦਾ ਸੀ।

ਉਸ ਸਮੇਂ ਦੇ ਕਈ ਦੁਖੀ ਪਤੀ ਇਸ ਪ੍ਰਥਾ ਦੀ ਪੈਰਵਾਈ ਕਰਦੇ ਹੋਏ ਆਖਦੇ ਹਨ, "ਧੋਖੇਬਾਜ਼ ਜਾਂ ਬਦਚਲਨ ਪਤਨੀ ਨਾਲ ਗਾਂ ਵਾਂਗ ਵਿਹਾਰ ਕਰਨਾ... ਇੱਥੋਂ ਤੱਕ ਕਿ ਜਨਤਕ ਤੌਰ 'ਤੇ ਉਸ ਦੇ ਭਾਰ ਦਾ ਐਲਾਨ ਕਰਨਾ ਅਤੇ ਉਸਨੂੰ ਖੇਤ ਦੇ ਜਾਨਵਰਾਂ ਵਾਂਗ ਬਦਲਣਾ... ਆਦਿਕ ਨੇ ਕਈ ਦੁਖੀ ਪਤੀਆਂ ਨੂੰ ਸੰਤੁਸ਼ਟ ਕੀਤਾ ਸੀ। ਇੰਗਲੈਂਡ ਵਿਚ ਪਤਨੀ ਵੇਚਣਾ ਇੱਕ ਅਸੰਤੁਸ਼ਟੀਜਨਕ ਵਿਆਹ ਨੂੰ ਖਤਮ ਕਰਨ ਦਾ ਇੱਕ ਤਰੀਕਾ ਸੀ।"

1832 ਵਿਚ ਜੋਸਫ਼ ਥੌਮਸਨ ਨਾਮੀ ਇੱਕ ਵਿਅਕਤੀ ਨੇ ਕਥਿਤ ਤੌਰ 'ਤੇ ਆਪਣੀ ਪਤਨੀ ਨੂੰ ਵੇਚਣ ਵੇਲੇ ਉਸਦੇ ਮਾੜੇ ਗੁਣਾਂ ਨੂੰ ਸੂਚੀਬੱਧ ਕਰਦਿਆਂ ਆਪਣੇ ਖਰੀਦਦਾਰਾਂ ਨੂੰ ਸਲਾਹ ਦਿੱਤੀ ਸੀ, "ਤੁਸੀਂ "ਜੀਉਂਦੀ ਸੱਪਣੀ, ਪਾਗਲ ਕੁੱਤੀ, ਗਰਜਦੀ ਸ਼ੇਰਨੀ, ਭਰਿਆ ਹੋਇਆ ਪਿਸਤੌਲ, ਹੈਜ਼ਾ ਵਰਗੀਆਂ ਬਿਮਾਰੀਆਂ ਯਾਨੀ ਮੇਰੀ ਪਤਨੀ ਤੋਂ ਬਚ ਸਕਦੇ ਹੋ ਤਾਂ ਬਚ ਜਾਓ। " ਫਿਰ ਉਸਨੇ ਉਸਦੇ ਗੁਣਾਂ ਦਾ ਵਰਣਨ ਵੀ ਕੀਤਾ ਸੀ। ਜਿਸ ਵਿਚ ਗਾਵਾਂ ਦਾ ਦੁੱਧ ਚੋਣ, ਗਾਉਣ ਅਤੇ ਦਾਰੂ ਪੀਣ ਸਮੇਂ ਸਾਕੀ ਵਾਲੀ ਸੇਵਾ ਕਰਨ ਦੀ ਯੋਗਤਾ ਸ਼ਾਮਲ ਸੀ। ਇਸ ਲਈ, ਮੈਂ ਇੱਥੇ ਉਸ ਦੀਆਂ ਸਾਰੀਆਂ ਸੰਪੂਰਨਤਾਵਾਂ ਅਤੇ ਅਪੂਰਣਤਾਵਾਂ ਦੇ ਨਾਲ ਪੰਜ ਸ਼ਿਲਿੰਗਾਂ ਬਦਲੇ ਪੇਸ਼ ਕਰਦਾ ਹਾਂ।"

ਪਰ ਆਮ ਤੌਰ 'ਤੇ ਪਤਨੀ ਦੀ ਵਿਕਰੀ ਦੁਸ਼ਮਣੀ ਵਿਚ ਖਤਮ ਨਹੀਂ ਹੁੰਦੀ ਸੀ। ਪਤਨੀ, ਉਸਦਾ ਨਵਾਂ ਮਾਲਕ ਅਤੇ ਉਸਦਾ ਪੁਰਾਣਾ ਪਤੀ ਆਮ ਤੌਰ 'ਤੇ ਖੁਸ਼ੀ-ਖੁਸ਼ੀ ਇੱਕ ਦੂਜੇ ਨਾਲ ਵਿਚਰਦੇ ਸਨ।

ਇਹ ਰੀਤ 17ਵੀਂ ਸਦੀ ਦੇ ਅਖੀਰ ਵਿਚ ਸ਼ੁਰੂ ਹੋਈ ਸੀ, ਜਦੋਂ ਤਲਾਕ ਸਭ ਤੋਂ ਵੱਧ ਅਮੀਰ ਲੋਕਾਂ ਲਈ ਵੀ ਵਿਹਾਰਕ ਅਸੰਭਵ ਸੀ। ਹਾਲਾਂਕਿ ਇਸ ਰਿਵਾਜ ਦਾ ਕਾਨੂੰਨ ਵਿਚ ਕੋਈ ਅਧਾਰ ਨਹੀਂ ਸੀ ਅਤੇ ਕਈ ਵਾਰ ਮੁਕੱਦਮਾ ਚਲਾਇਆ ਜਾਂਦਾ ਸੀ, ਖਾਸ ਤੌਰ 'ਤੇ 19ਵੀਂ ਸਦੀ ਦੇ ਅੱਧ ਤੋਂ ਬਾਅਦ ਸਰਕਾਰੀ ਅਧਿਕਾਰੀਆਂ ਦਾ ਰਵੱਈਆ ਬੇਤੁਕਾ ਸੀ। 19ਵੀਂ ਸਦੀ ਦੇ ਇੱਕ ਮੈਜਿਸਟਰੇਟ ਨੇ ਰਿਕਾਰਡ 'ਤੇ ਦੱਸਿਆ ਸੀ ਕਿ ਉਹ ਵਿਸ਼ਵਾਸ ਨਹੀਂ ਕਰਦਾ ਸੀ ਕਿ ਉਸ ਕੋਲ ਪਤਨੀ ਦੀ ਵਿਕਰੀ ਨੂੰ ਰੋਕਣ ਦਾ ਅਧਿਕਾਰ ਹੈ ਅਤੇ ਸਥਾਨਕ ਗਰੀਬਾਂ ਦੇ ਕੇਸ ਸਨ, ਜੋ ਪਤੀਆਂ ਨੂੰ ਪਰਿਵਾਰ ਸੰਭਾਲਣ ਦੀ ਬਜਾਏ ਆਪਣੀਆਂ ਪਤਨੀਆਂ ਨੂੰ ਵੇਚਣ ਲਈ ਮਜਬੂਰ ਕਰਦੇ ਸਨ।

20ਵੀਂ ਸਦੀ ਦੇ ਸ਼ੁਰੂ ਤੱਕ ਇੰਗਲੈਂਡ ਵਿਚ ਪਤਨੀਆਂ ਦੀ ਵਿਕਰੀ ਕਿਸੇ ਨਾ ਕਿਸੇ ਰੂਪ ਵਿਚ ਜਾਰੀ ਰਹੀ ਸੀ। ਨਿਆਂਕਾਰ ਅਤੇ ਇਤਿਹਾਸਕਾਰ ਜੇਮਜ਼ ਬ੍ਰਾਈਸ ਨੇ 1901 ਵਿਚ ਲਿਖਿਆ ਸੀ, "ਸਾਡੇ ਅੰਗਰੇਜ਼ੀ ਕਾਨੂੰਨ ਵਿਚ ਅਜਿਹੇ ਕਿਸੇ ਵੀ ਅਧਿਕਾਰ ਦਾ ਕੋਈ ਨਿਸ਼ਾਨ ਨਹੀਂ ਹੈ।" ਪਰ ਉਸ ਨੇ ਇਹ ਵੀ ਲਿਖਿਆ ਸੀ ਕਿ "ਹਰ ਕਿਸੇ ਨੇ ਪਤਨੀ ਨੂੰ ਵੇਚਣ ਦੀ ਅਜੀਬ ਰਸਮ ਬਾਰੇ ਸੁਣਿਆ ਹੈ। ਜੋ ਅਜੇ ਵੀ ਕਦੇ-ਕਦਾਈਂ ਇੰਗਲੈਂਡ ਵਿਚ ਨਿਮਨ ਵਰਗਾਂ ਵਿਚ ਦੁਹਰਾਈ ਜਾਂਦੀ ਹੈ।"

1913 ਵਿਚ ਇੰਗਲੈਂਡ ਵਿਖੇ ਪਤਨੀ ਦੀ ਵਿਕਰੀ ਦੀ ਇੱਕ ਆਖਰੀ ਰਿਪੋਰਟ ਵਿਚ ਇੱਕ ਲੀਡਜ਼ ਪੁਲਿਸ ਦੀ ਅਦਾਲਤ ਵਿਚ ਗਵਾਹੀ ਦੇਣ ਵਾਲੀ ਇੱਕ ਔਰਤ ਨੇ ਦਾਅਵਾ ਕੀਤਾ ਕਿ ਉਸਨੂੰ ਉਸਦੇ ਪਤੀ ਦੇ ਇੱਕ ਸਾਥੀ ਨੂੰ ਇੱਕ ਪੌਂਡ ਵਿਚ ਵੇਚ ਦਿੱਤਾ ਸੀ।

ਇਹ ਪ੍ਰਥਾ 17ਵੀਂ ਸਦੀ ਵਿਚ ਅੰਗਰੇਜ਼ੀ ਦਾਰਸ਼ਨਿਕ ਜੌਹਨ ਲੌਕ ਲਈ ਫ੍ਰੈਂਚ ਵਿਗਿਆਨੀ ਨਿਕੋਲਸ ਟੋਇਨਾਰਡ ਨੂੰ ਲਿਖੀ ਇੱਕ ਚਿੱਠੀ ਵਿਚ ਲਿਖਣ ਲਈ ਕਾਫ਼ੀ ਆਮ ਸੀ, "ਹੋਰ ਚੀਜ਼ਾਂ ਦੇ ਨਾਲ-ਨਾਲ ਮੈਂ ਇੱਕ ਸੁੰਦਰ ਕੁੜੀ ਨੂੰ ਤੁਹਾਡੀ ਪਤਨੀ ਬਣਨ ਦਾ ਆਦੇਸ਼ ਦਿੱਤਾ ਹੈ... ਜੇ ਤੁਸੀਂ ਉਸ ਨਾਲ ਕੁਝ ਸਮੇਂ ਲਈ ਪ੍ਰਯੋਗ ਕਰਨ ਤੋਂ ਬਾਅਦ ਉਸਨੂੰ ਪਸੰਦ ਨਹੀਂ ਕਰਦੇ ਹੋ ਤਾਂ ਤੁਸੀਂ ਉਸ ਨੂੰ ਵੇਚ ਸਕਦੇ ਹੋ ਅਤੇ ਮੈਂ ਸੋਚਦਾ ਹਾਂ ਕਿ ਪਿਛਲੇ ਹਫ਼ਤੇ ਲੰਡਨ ਵਿਚ ਇਕ ਆਦਮੀ ਨੇ ਆਪਣੀ ਪਤਨੀ ਲਈ ਵੱਡੀ ਰਕਮ ਪ੍ਰਾਪਤ ਕੀਤੀ ਸੀ, ਜਿੱਥੇ ਉਸਨੇ ਆਪਣੀ ਪਤਨੀ ਨੂੰ ਚਾਰ ਪੌਂਡ ਵਿਚ ਵੇਚਿਆ ਸੀ; 5 ਜਾਂ 6 ਪੌਂਡ ਤਾਂ ਇਹ ਵੀ ਲਿਆਏਗਾ ਕਿਉਂਕਿ ਉਹ ਸੁੰਦਰ, ਜਵਾਨ ਅਤੇ ਬਹੁਤ ਕੋਮਲ ਹੈ ਅਤੇ ਹਰ ਹਾਲਤ ਵਿਚ ਚੰਗੀ ਕੀਮਤ ਪ੍ਰਾਪਤ ਕਰੇਗੀ।"

ਪਤਨੀ ਵੇਚਣ ਦੀ ਪ੍ਰਥਾ ਨੂੰ ਬਹੁਤ ਸਾਰੀਆਂ ਪੇਂਟਿੰਗਾਂ ਵਿਚ ਚਿੱਤਰਿਆ ਵੀ ਗਿਆ ਸੀ ਅਤੇ ਢੇਰ ਸਾਰੀਆਂ ਸਾਹਿਤ ਕ੍ਰਿਤਾਂ ਵਿਚ ਵੀ ਇਸਦਾ ਵਰਣਨ ਹੋਇਆ ਵੀ ਮਿਲਦਾ ਹੈ। ਜਿਨ੍ਹਾਂ ਵਿਚੋਂ ਥਾਮਸ ਹਾਰਡੀ ਦਾ ਪ੍ਰਸਿੱਧ ਨਾਵਲ 'ਦਾ ਮੇਅਰ ਔਫ ਕਾਸਟਰਬ੍ਰਿਜ' (The Mayor of Casterbridge) ਵੀ ਇੱਕ ਹੈ। ਇਸ ਉਪਨਿਆਸ ਵਿਚ ਇਸ ਅਭਿਆਸ ਦਾ ਇੱਕ ਬਿਰਤਾਂਤ ਹੈ। ਇਸ ਨਾਵਲ ਉੱਪਰ ਬਹੁਤ ਸਾਰੀਆਂ ਫਿਲਮਾਂ ਅਤੇ ਨਾਟਕ ਅਧਾਰਿਤ ਹਨ। ਇਸ ਨਾਵਲ ਦੀ ਸ਼ੁਰੂਆਤ ਹੀ ਪਤਨੀ ਵੇਚਣ ਦੀ ਇਸ ਪ੍ਰਥਾ ਤੋਂ ਹੁੰਦੀ ਹੈ।

ਕੁੱਝ ਹੋਰ ਰਚਨਾ ਵਿਚ ਇਸ ਰਸਮ ਦਾ ਜ਼ਿਕਰ ਇਸ ਪ੍ਰਕਾਰ ਮਿਲਦਾ ਹੈ:

"ਜਾਰਜ ਵਰੇਅ ਨੇ ਆਪਣੀ ਪਤਨੀ ਦੇ ਕਮਰ ਦੁਆਲੇ ਇੱਕ ਲਗਾਮ ਵਰਗਾ ਚਮੜੇ ਦਾ ਰੱਸਾ ਬੰਨ੍ਹਿਆ ਅਤੇ ਨਜ਼ਦੀਕੀ ਬਾਜ਼ਾਰ ਵੱਲ ਚੱਲ ਪਿਆ। ਉਹ ਉੱਥੇ ਕੁਝ ਖਰੀਦਣ ਲਈ ਨਹੀਂ ਸੀ ਗਿਆ, ਸਗੋਂ ਉਹ ਆਪਣੀ ਪਤਨੀ ਨੂੰ ਵੇਚਣ ਲਈ ਗਿਆ ਸੀ। ਦਰਸ਼ਕਾਂ ਨੇ ਕਿੱਲ-ਕਿੱਲ ਕੇ ਬੋਲੀਆਂ ਲਾਈਆਂ। ਫਿਰ ਜਾਰਜ ਨੇ ਉਸਨੂੰ ਸਭ ਤੋਂ ਉੱਚੀ ਬੋਲੀ ਲਗਾਉਣ ਵਾਲੇ ਵਿਲੀਅਮ ਹਾਰਵੁੱਡ ਨੂੰ ਨਿਲਾਮ ਕੀਤਾ। ਹਾਰਵੁੱਡ ਦੁਆਰਾ ਜਾਰਜ ਵਰੇਅ ਨੂੰ ਇੱਕ ਸਿੰਗਲ ਸ਼ਿਲਿੰਗ ਦੇਣ ਤੋਂ ਬਾਅਦ, ਉਸਨੇ ਆਪਣੀ ਖਰੀਦ ਦੁਆਲੇ ਆਪਣੀ ਬਾਂਹ ਰੱਖੀ। ਹਾਰਵੁੱਡ ਮੁਸਕਰਾਉਂਦੇ ਹੋਏ ਸੌਦੇਬਾਜ਼ੀ ਵਾਲੀ ਤੀਵੀਂ ਨਾਲ ਬਾਂਹ ਫੜ ਕੇ ਐਨੀ ਮੜਕ ਨਾਲ ਚਲਿਆ ਗਿਆ ਜਿਵੇਂ ਉਸਨੇ ਨਵਾਂ ਕੋਟ ਜਾਂ ਟੋਪੀ ਖਰੀਦੀ ਹੋਵੇ। ਇਹ 1847 ਸੀ ਅਤੇ ਜਾਰਜ ਵਰੇਅ ਨੇ ਹੁਣੇ ਹੀ ਤਲਾਕ ਦੇ ਬਰਾਬਰ ਹੱਕ ਪ੍ਰਾਪਤ ਕੀਤਾ ਸੀ।"

ਹਾਲਾਂਕਿ 19ਵੀਂ ਸਦੀ ਦੀਆਂ ਕੁਝ ਪਤਨੀਆਂ ਨੇ ਇਤਰਾਜ਼ ਕੀਤਾ, 18ਵੀਂ ਸਦੀ ਦੀਆਂ ਔਰਤਾਂ ਵੱਲੋਂ ਆਪਣੀ ਵਿਕਰੀ ਦਾ ਵਿਰੋਧ ਕਰਨ ਦੇ ਰਿਕਾਰਡ ਮੌਜੂਦ ਨਹੀਂ ਹਨ। ਦਰਅਸਲ, ਕਈ ਵਾਰ ਪਤਨੀ ਨੂੰ ਆਪ ਵਿਕਣ ਦੀ ਕਾਹਲਕ ਹੁੰਦੀ ਸੀ। 1830 ਵਿਚ ਵੇਨਲੌਕ ਮਾਰਕਿਟ ਵਿਚ ਦੋ ਸ਼ੀਲਿੰਗ ਛੇ ਪੈਨੀ (ਉਸ ਵੇਲੇ ਦੀਆਂ ਦੋ ਥੈਲੀਆਂ, ਛੇ ਪੈਸੇ) ਵਿਚ ਵੇਚੀ ਗਈ ਇੱਕ ਪਤਨੀ ਕਾਫ਼ੀ ਦ੍ਰਿੜ੍ਹ ਅਤੇ ਕਾਹਲੀ ਸੀ ਕਿ ਉਸਦੇ ਪਤੀ ਦੀਆਂ ਆਖਰੀ-ਮਿੰਟ ਦੀਆਂ ਸ਼ੰਕਾਵਾਂ ਦੇ ਬਾਵਜੂਦ, ਲੈਣ-ਦੇਣ ਨੂੰ ਅੱਗੇ ਵਧਣਾ ਚਾਹੀਦਾ ਹੈ। ਉਸਦੇ ਅਜਿਹੇ ਵਿਹਾਰ ਕਾਰਨ ਉਸਦਾ ਪਤੀ ਸ਼ਰਮਿੰਦਾ ਹੋ ਗਿਆ ਸੀ ਅਤੇ ਉਸ ਬੋਲੀ ਛੱਡ ਕੇ ਭੱਜਣ ਨੂੰ ਫਿਰਦਾ ਸੀ। ਪਰ ਉਸਦੀ ਪਤਨੀ ਮੈਟੀ



ਦਹਾੜ ਪਈ ਸੀ, "ਮੈਨੂੰ ਬਦਲਾਅ ਚਾਹੀਦਾ ਹੈ। ਮੇਰੀ ਵਿਕਰੀ ਵਿਚ ਟੰਗ ਨਾ ਅੜਾ ਤੇ ਮੇਰਾ ਸੌਦਾ ਰੋਕਣ ਦੀ ਕੋਸ਼ਿਸ਼ ਨਾ ਕਰ। ਮੈਂ ਹੁਣ ਤੇਰੇ ਨਾਲ ਹੋਰ ਨਹੀਂ ਕੱਟ ਸਕਦੀ।"

ਸੌਦਾ ਹੋਣ ਬਾਅਦ ਮੈਟੀ ਨੇ ਆਪਣਾ ਬੋਰੀ ਬਿਸਤਰਾ ਆਪਣੇ ਪਤੀ ਦੇ ਮੂੰਹ 'ਤੇ ਮਾਰਿਆ ਤੇ ਨਵੇਂ ਮਾਲਕ ਨਾਲ ਲੱਕ ਮਟਕਾਉਂਦੀ ਉੱਥੋਂ ਚਲੀ ਗਈ।

ਇੱਕ ਇਤਿਹਾਸਕ ਲਿਖਤ ਵਿਚ ਇਸ ਰੀਤ ਦਾ ਇਉਂ ਹਵਾਲਾ ਮਿਲਦਾ ਹੈ:

"ਚੰਨਡੋਸ ਦੇ ਡਿਊਕ, ਇੱਕ ਛੋਟੇ ਪੇਂਡੂ ਸਰਾਏ ਵਿਚ ਠਹਿਰਦੇ ਹੋਏ ਸਨ। ਉਨ੍ਹਾਂ ਓਸਟਰ ਨੂੰ ਆਪਣੀ ਪਤਨੀ ਨੂੰ ਬਹੁਤ ਬੇਰਹਿਮੀ ਨਾਲ ਕੁੱਟਦੇ ਹੋਏ ਦੇਖਿਆ। ਉਸਨੇ ਦਖਲ ਦਿੱਤਾ ਅਤੇ ਉਸਨੂੰ ਅੱਧੇ ਕਰਾਊਨ (ਪੌਂਡ ਦਾ 1D8 ਹਿੱਸਾ) ਵਿਚ ਦਾਸੀ ਵਜੋਂ ਖਰੀਦ ਲਿਆ ਸੀ। ਉਹ ਇੱਕ ਜਵਾਨ ਅਤੇ ਸੁੰਦਰ ਔਰਤ ਸੀ। ਡਿਊਕ ਨੇ ਉਸ ਨੂੰ ਪੜ੍ਹਾਇਆ ਸੀ ਅਤੇ ਉਸਦੇ ਪਤੀ ਦੀ ਮੌਤ ਬਾਅਦ ਉਸ ਨਾਲ ਵਿਆਹ ਕਰ ਲਿਆ ਸੀ। ਉਸ ਔਰਤ ਨੇ ਆਪਣੀ ਮੌਤ ਦੇ ਬਿਸਤਰੇ 'ਤੇ ਦਮ ਤੋੜਣ ਤੋਂ ਪਹਿਲਾਂ ਆਪਣੇ ਪੂਰੇ ਪਰਿਵਾਰ ਨੂੰ ਇਕੱਠਾ ਕੀਤਾ, ਉਨ੍ਹਾਂ ਨੂੰ ਆਪਣਾ ਇਤਿਹਾਸ ਦੱਸਿਆ ਕਿ ਕਿਵੇਂ ਗੁਰਬਤ ਦੀ ਮਾੜੀ ਜ਼ਿੰਦਗੀ ਤੋਂ ਉਹ ਵਿਕਣ ਬਾਅਦ ਅਚਾਨਕ ਸਭ ਤੋਂ ਵੱਡੀ ਖੁਸ਼ਹਾਲੀ ਵਿਚ ਵਿਚਰੀ। ਉਸਨੇ ਆਪਣੇ ਪਰਿਵਾਰ ਵਾਲਿਆਂ ਤੋਂ ਮਾਫੀ ਮੰਗੀ ਤੇ ਕਿਹਾ ਕਿ ਖਰੀਦਣ ਵਾਲੇ ਮਾਲਕ ਨਾਲ ਰਹਿ ਕੇ ਉਸਨੇ ਕੋਈ ਅਪਰਾਧ ਨਹੀਂ ਸੀ ਕੀਤਾ ਅਤੇ ਫਿਰ ਤੋਹਫ਼ੇ ਦੇ ਕੇ ਉਸਨੇ ਆਪਣੇ ਪਰਿਵਾਰ ਵਾਲਿਆਂ ਨੂੰ ਵਾਪਸ ਮੋੜ ਦਿੱਤਾ ਸੀ।"

1832 ਵਿਚ ਪ੍ਰਕਾਸ਼ਿਤ ਦਾ ਜੈਂਟਲਮੈਨ ਮੈਗਜ਼ੀਨ (The Gentleman's Magazine) ਵਿਚ ਇਸ ਰਿਵਾਜ ਬਾਰੇ ਵੇਰਵੇ ਕੁਝ ਇਸ ਪ੍ਰਕਾਰ ਮਿਲਦੇ ਹਨ:- ਇਹ ਅਸਪਸ਼ਟ ਹੈ ਕਿ ਜਨਤਕ ਨਿਲਾਮੀ ਦੁਆਰਾ ਪਤਨੀ ਨੂੰ ਵੇਚਣ ਦਾ ਰਸਮੀ ਰਿਵਾਜ ਕਦੋਂ ਸ਼ੁਰੂ ਹੋਇਆ, ਪਰ ਲੱਗਦਾ ਹੈ ਕਿ ਇਹ 17ਵੀਂ ਸਦੀ ਦੇ ਅੰਤ ਵਿਚ ਕੁਝ ਸਮਾਂ ਸੀ। ਨਵੰਬਰ 1692 ਵਿਚ "ਟਿੱਪਟਨ ਦੇ ਜੋਹਨ ਵਾਈਟਹਾਊਸ ਦੇ ਪੁੱਤਰ ਜੌਨ ਨੇ ਆਪਣੀ ਪਤਨੀ ਮਿਸਟਰ ਬ੍ਰੇਸਗਰਡਲ ਨੂੰ ਵੇਚੀ ਸੀ। ਹਾਲਾਂਕਿ ਵਿਕਰੀ ਦਾ ਤਰੀਕਾ ਰਿਕਾਰਡ ਵਿਚ ਦਰਜ ਨਹੀਂ ਹੈ। 1696 ਵਿਚ, ਥਾਮਸ ਹੀਥ ਮੌਲਸਟਰ ਨੂੰ "ਚਿਨਰ ਦੇ ਜਾਰਜ ਫੁਲਰ ਦੀ ਪਤਨੀ ਨਾਲ ਗੈਰ-ਕਾਨੂੰਨੀ ਢੰਗ ਨਾਲ ਸਹਿਵਾਸ ਕਰਨ ਲਈ ਜੁਰਮਾਨਾ ਲਗਾਇਆ ਗਿਆ... ਹਾਊਇੰਗ ਨੇ ਇੱਕ ਬੀਬੀ ਨੂੰ ਉਸਨੂੰ ਆਪਣੇ ਪਤੀ ਤੋਂ 2 ਪੈਨੀ (1/120 of a pound or A half-groat) ਵਿਚ ਖਰੀਦਿਆ" ਅਤੇ ਅਦਾਲਤ ਦੁਆਰਾ ਸਜ਼ਾ ਵਜੋਂ ਥੇਮੇ ਵਿਖੇ ਜਨਤਕ ਤਪੱਸਿਆ ਕਰਨ ਲਈ ਹੁਕਮ ਦਿੱਤਾ ਗਿਆ...। ਪਰ 1690 ਅਤੇ 1750 ਦੇ ਵਿਚਕਾਰ ਸਿਰਫ ਅੱਠ ਹੋਰ ਮਾਮਲੇ ਇੰਗਲੈਂਡ ਵਿਚ ਦਰਜ ਕੀਤੇ ਗਏ ਹਨ। 1789 ਵਿਚ ਪਤਨੀ ਵੇਚਣ ਦੇ ਇੱਕ ਆਕਸਫੋਰਡ ਕੇਸ ਵਿਚ "ਹਾਲ ਹੀ ਵਿਚ ਅਪਣਾਏ ਗਏ ਤਲਾਕ ਦੇ ਅਸ਼ਲੀਲ ਰੂਪ" ਵਜੋਂ ਵਰਣਿਤ ਕੀਤਾ ਗਿਆ ਹੈ, ਇਹ ਸੁਝਾਅ ਦਿੰਦਾ ਹੈ ਕਿ ਭਾਵੇਂ ਇਹ ਉਦੋਂ ਤੱਕ ਦੇਸ਼ ਦੇ ਕੁਝ ਹਿੱਸਿਆਂ ਵਿਚ ਸਥਾਪਤ ਹੋ ਗਿਆ ਸੀ, ਇਹ ਹੌਲੀ-ਹੌਲੀ ਦੂਜਿਆਂ ਵਿਚ ਫੈਲ ਰਿਹਾ ਸੀ। ਇਹ 20ਵੀਂ ਸਦੀ ਦੇ ਸ਼ੁਰੂ ਤੱਕ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਰਿਹਾ, ਹਾਲਾਂਕਿ ਉਦੋਂ ਤੱਕ "ਸੜਨ ਦੀ ਇੱਕ ਉਨਤ ਅਵਸਥਾ" ਵਿਚ।

20ਵੀਂ ਸਦੀ ਦੇ ਲੇਖਕ ਕੋਰਟਨੀ ਕੈਨੀ ਦੇ ਸ਼ਬਦਾਂ ਵਿਚ, "ਇਹ ਇੱਕ ਰੀਤ ਸੀ ਜਿਸਦਾ ਕੋਈ ਹਾਲੀਆ ਮੂਲ ਨਹੀਂ ਸੀ, ਪਰ ਇਹ ਕਾਫ਼ੀ ਡੂੰਘਾਈ ਨਾਲ ਬਰਤਾਨਵੀ ਲੋਕਾਂ ਦੇ ਜੀਵਨ ਨਾਲ ਜੁੜੀ ਹੋਈ ਸੀ।"

ਇਤਿਹਾਸਕਾਰ ਲਾਰੈਂਸ ਸਟੋਨ ਲਿਖਦਾ ਹੈ, "ਵਿਕਰੀ ਦਾ ਫਾਰਮੈਟ ਜਾਇਜ਼ ਜਾਪਣ ਲਈ ਤਿਆਰ ਕੀਤਾ ਗਿਆ ਸੀ। ਇਸ ਸਾਰੇ ਵਿਸਤ੍ਰਿਤ ਪ੍ਰਤੀਕਵਾਦ ਦਾ ਇੱਕ ਬਹੁਤ ਹੀ ਅਸਲ ਉਦੇਸ਼ ਸੀ, ਜੋ ਕਿ ਵਿਕਰੀ ਨੂੰ ਜਿੰਨਾ ਸੰਭਵ ਹੋ ਸਕੇ ਕਾਨੂੰਨੀ ਤੌਰ 'ਤੇ ਪਾਬੰਦ ਬਣਾਉਣ ਦੀ ਕੋਸ਼ਿਸ਼ ਕਰਨਾ ਸੀ, ਖਾਸ ਕਰਕੇ ਪਤਨੀ ਲਈ ਪਤੀ ਦੁਆਰਾ ਭਵਿੱਖ ਵਿਚ ਕਿਸੇ ਵਿੱਤੀ ਜ਼ਿੰਮੇਵਾਰੀ ਦੇ ਸਬੰਧ ਵਿਚ। ਕੁਝ ਪਤਨੀ ਵੇਚਣ ਵਾਲਿਆਂ ਨੇ ਰਸਮ ਨੂੰ ਜਿੰਨਾ ਸੰਭਵ ਹੋ ਸਕੇ ਵਿਕਰੀ ਵਰਗਾ ਬਣਾਉਣ ਲਈ ਵਿਸਤ੍ਰਿਤ ਇਕਰਾਰਨਾਮੇ ਵੀ ਬਣਾਏ। ਤਕਨੀਕੀ ਤੌਰ 'ਤੇ ਹਾਲਾਂਕਿ, ਪਤਨੀ ਦੀ ਵਿਕਰੀ ਨੇ ਅੰਡਰਲਾਈਨ ਵਿਆਹ ਨੂੰ ਭੰਗ ਨਹੀਂ ਕੀਤਾ ਸੀ ਅਤੇ ਪੁਲਿਸ ਨੇ ਆਖਰਕਾਰ ਪਤਨੀ ਵਿਕਰੀ ਦੀ ਰੀਤ ਨੂੰ ਤੋੜਨਾ ਸ਼ੁਰੂ ਕਰ ਦਿੱਤਾ ਸੀ।"

ਬਪਤਿਸਮਾ ਸੰਬੰਧੀ ਰਜਿਸਟਰਾਂ ਵਿਚ ਵੀ ਇਸ ਰਸਮ ਬਾਰੇ ਐਂਟਰੀਆਂ ਪਾਈਆਂ ਗਈਆਂ ਹਨ, ਜਿਵੇਂ ਕਿ 1782 ਦੀ ਏਸੇਕਸ ਵਿਚ ਪਰਲੇਹ ਤੋਂ ਇਹ ਉਦਾਹਰਣ: "ਮੋਸੇਸ ਸਟੈਬਿੰਗ ਦੀ ਐਮੀ ਧੀ ਇੱਕ ਖਰੀਦੀ ਪਤਨੀ ਦੁਆਰਾ ਉਸਨੂੰ ਇੱਕ ਹਾਲਟਰ ਵਿਚ ਸੌਂਪੀ ਗਈ ਸੀ।"

ਇਤਿਹਾਸਕਾਰ ਰੋਡਰਿਕ ਫਿਲਿਪਸ ਲਿਖਦਾ ਹੈ, "ਅਖੀਰ ਵਿਚ ਪਤਨੀਆਂ ਦੀ ਵਿਕਰੀ ਬਾਰੇ ਬਹੁਤ ਘੱਟ ਜਾਣਿਆ ਜਾਂਦਾ ਹੈ ਤਾਂ ਕਿ ਅਸੀਂ ਪੱਕੇ ਸਿੱਟੇ ਕੱਢ ਸਕੀਏ। ਸਪੱਸ਼ਟ ਹੈ ਕਿ ਪਤਨੀ ਦੀ ਵਿਕਰੀ ਵਿਚ ਸ਼ਾਮਲ ਹੋਣਾ, ਇਸ ਬਾਰੇ ਗੱਲ ਕਰਨਾ ਅਤੇ ਖੋਜ ਕਰਨਾ ਅਸਲ ਵਿਚ ਮਜ਼ੇਦਾਰ ਸੀ।"

1857 ਵਿਚ ਜਦੋਂ ਤਲਾਕ ਆਸਾਨ ਹੋ ਗਿਆ ਤਾਂ ਪਤਨੀ ਦੀ ਵਿਕਰੀ ਵੱਡੇ ਪੱਧਰ 'ਤੇ ਖਤਮ ਹੋ ਗਈ। ਇਸਦੇ ਨਾਲ ਇੱਕ ਰਿਵਾਜ ਮਰ ਗਿਆ - ਅਤੇ ਪਰੰਪਰਾ ਦੀਆਂ ਕਹਾਣੀਆਂ ਓਨੇ ਹੀ ਅਜੀਬ ਅਤੇ ਮਨੋਰੰਜਕ ਹਨ ਜਿੰਨੀਆਂ ਉਹ ਉਦੋਂ ਸਨ।

# ਸਨਾਤਨ ਵਿਚਾਰਧਾਰਾ ਖਿਲਾਫ ਜੰਗ ਅਤੇ ਵਿਵਾਦ ਦੇ ਹੋਰ ਮਸਲੇ

***ਸਿੱਖੀ ਨਾਲ ਸਬੰਧਿਤ ਕੁਝ ਮਸਲਿਆਂ ਬਾਰੇ ਵਿਵਾਦ ਅਕਸਰ ਅਤੇ ਅਚਾਨਕ ਸਿਰ ਚੁੱਕ ਖਲੋਂਦੇ ਹਨ। ਅਸਲ ਵਿਚ ਧੜਿਆਂ ਵਿਚ ਵੰਡੇ ਸਿੱਖ ਵਿਦਵਾਨ ਆਪੋ-ਆਪਣੇ ਧੜੇ ਅਨੁਸਾਰ ਪੈਂਤੜੇ ਮੱਲਣ ਵਿਚ ਵੱਧ ਦਿਲਚਸਪੀ ਦਿਖਾਉਂਦੇ ਜਾਪਦੇ ਹਨ। ਪਿਛਲੇ ਦਿਨੀਂ ਇਕ ਇੰਟਰਵਿਊ ਦੌਰਾਨ ਪ੍ਰਭਸ਼ਰਨਦੀਪ ਸਿੰਘ ਨੇ ਸਨਾਤਨ ਵਿਚਾਰਧਾਰਾ ਬਾਰੇ ਵਿਚਾਰ ਪ੍ਰਗਟ ਕੀਤੇ ਪਰ ਇੰਟਰਵਿਊ ਵਿਚ ਵਿਵਾਦ ਦਸਮ ਗ੍ਰੰਥ ਅਤੇ ਸ਼ਹੀਦ ਮਨੀ ਸਿੰਘ ਦੇ ਜ਼ਿਕਰ 'ਤੇ ਉਠ ਖੜ੍ਹਾ ਹੋਇਆ। ਇਸ ਬਾਰੇ ਟਿੱਪਣੀ ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਕਰਮਜੀਤ ਸਿੰਘ ਚੰਡੀਗੜ੍ਹ**
**ਸੀਨੀਅਰ ਪੱਤਰਕਾਰ**
**ਫੋਨ: +91-99150-91063**

ਸਿੱਖ ਵਿਦਵਾਨ ਪ੍ਰਭਸ਼ਰਨਦੀਪ ਸਿੰਘ ਦੀ ਤਾਜ਼ਾ ਵੀਡੀਓ ਸੁਣੀ। ਉਨ੍ਹਾਂ ਸਿੱਖ ਧਰਮ ਦਾ ਸਨਾਤਨ ਵਿਚਾਰਧਾਰਾ ਨਾਲੋਂ ਸਿਧਾਂਤਕ ਨਿਖੇੜਾ ਕੀਤਾ ਅਤੇ ਨਿੱਗਰ ਦਲੀਲਾਂ ਨਾਲ ਆਪਣੀ ਗੱਲ ਰੱਖੀ; ਨਿਖੇੜਾ ਹੀ ਨਹੀਂ ਕੀਤਾ ਸਗੋਂ ਸਨਾਤਨ ਅਤੇ ਸਨਾਤਨੀਆਂ ਨਾਲੋਂ ਪੱਕੀ ਤੇ ਗੂੜ੍ਹੀ ਲਕੀਰ ਖਿੱਚ ਕੇ ਸਿੱਖਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਉਨ੍ਹਾਂ ਉਤੇ ਕਿੰਨੇ ਵੱਡੇ ਖਤਰੇ ਮੰਡਰਾ ਰਹੇ ਹਨ। ਉਂਝ, ਜਦੋਂ ਉਨ੍ਹਾਂ ਨੇ ਦਸਮ ਗ੍ਰੰਥ ਦਾ ਜ਼ਿਕਰ ਕਰਦਿਆਂ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਰੋਲ ਬਾਰੇ ਜੋ ਗੱਲ ਕਹੀ, ਉਹ ਨਹੀਂ ਸੀ ਕਹਿਣੀ ਚਾਹੀਦੀ ਕਿਉਂਕਿ ਸਮਾਂ ਅਤੇ ਦਰਪੇਸ਼ ਸੰਕਟ ਅਜਿਹੀਆਂ ਗੱਲਾਂ ਦੀ ਇਜਾਜ਼ਤ ਨਹੀਂ ਦਿੰਦੇ।



ਪ੍ਰਭਸ਼ਰਨਦੀਪ ਸਿੰਘ ਲਈ ਇੱਕ ਸਵਾਲ ਅਜੇ ਵੀ ਜਿਉਂ ਦਾ ਤਿਉਂ ਹੈ ਜਿਸ ਲਈ ਸਾਡੇ ਵਿਦਵਾਨ ਜਵਾਬਦੇਹ ਹਨ ਅਤੇ ਨਾਲ ਹੀ ਟਰੋਲਿੰਗ ਕਰਨ ਵਾਲੀ ਫੌਜ ਵੀ ਜਵਾਬਦੇਹ ਹੈ ਜੋ ਆਪਣੀ ਨਿੱਜੀ ਕਿੜ ਜਾਂ ਛੋਟੇ ਮੋਟੇ ਵਿਰੋਧ ਕਰਕੇ ਹੀ ਇਸ ਮੌਕੇ ਦਾ ਫਾਇਦਾ ਉਠਾ ਰਹੀ ਹੈ। ਇਸ ਤੋਂ ਇਲਾਵਾ ਪਿਛਲੇ ਅਰਸੇ ਤੋਂ ਸਿੱਖਾਂ ਅੰਦਰ ਉਭਰੇ ਨਵੇਂ-ਨਵੇਂ ਸਨਾਤਨੀ ਵੀ ਜਵਾਬਦੇਹ ਹਨ ਜਿਨ੍ਹਾਂ ਨੂੰ ਪ੍ਰਭਸ਼ਰਨਦੀਪ ਸਿੰਘ ਨੇ ਠੋਸ ਦਲੀਲਾਂ ਦੇ ਕੇ ਇਸ ਵੀਡੀਓ ਵਿਚ ਲੱਕੋਂ ਫੜਿਆ ਹੈ। ਗਿਆਨੀ ਸ਼ੇਰ ਸਿੰਘ ਜੀ ਇਸ ਦੀ ਮਿਸਾਲ ਹਨ ਜੋ ਸਿੱਖੀ ਨੂੰ ਸਨਾਤਨ ਨਾਲ ਜੋੜਨ ਦਾ ਵੱਡਾ ਗੁਨਾਹ ਕਰਦੇ ਹਨ।

ਸਵਾਲ ਹੈ: ਜੇ ਭਾਈ ਮਨੀ ਸਿੰਘ ਹੋਰਾਂ ਕੋਈ ਤਬਦੀਲੀ ਕੀਤੀ ਵੀ ਹੈ ਤਾਂ ਕੀ ਕਿਸੇ ਵਿਦਵਾਨ ਨੂੰ ਇਸ ਗੰਭੀਰ ਵਿਚਾਰਧਾਰਕ ਭੁੱਲ ਦਾ ਜ਼ਿਕਰ ਕਰਨ ਦਾ ਹੱਕ ਮਿਲਦਾ ਹੈ ਜਾਂ ਨਹੀਂ? ਜਾਂ ਫਿਰ ਖਾਮੋਸ਼ ਰਹਿਣ ਦੀ ਸਿਆਣਪ ਤੇ ਸਿਆਸਤ ਵਰਤਣੀ ਚਾਹੀਦੀ ਹੈ? ਦਹਾਕਿਆਂ ਤੋਂ ਗੁਰਦੁਆਰਿਆਂ ਅੰਦਰ ਗੁਰਬਾਣੀ ਅਤੇ ਇਤਿਹਾਸ ਦੇ ਕਥਾ ਵਾਚਕਾਂ ਤੇ ਸੰਤਾਂ ਮਹਾਂਪੁਰਸ਼ਾਂ ਨੇ ਇਹੋ ਉਪਦੇਸ਼ ਸਾਨੂੰ ਦ੍ਰਿੜ ਕਰਾਇਆ ਹੈ ਕਿ ਗੁਰੂ ਅਤੇ ਕਰਤਾਰ ਤੋਂ ਬਿਨਾਂ ਸਭ ਭੁੱਲਣਹਾਰ ਦੇ ਵਰਗ ਵਿਚ ਆਉਂਦੇ ਹਨ। ਫਿਰ ਬੜੇ ਸਤਿਕਾਰ ਨਾਲ ਇਹ ਪੁੱਛਣਾ ਬਣਦਾ ਹੈ ਕਿ ਭਾਈ ਮਨੀ ਸਿੰਘ ਵੀ ਉਸੇ ਵਰਗ ਵਿਚ ਆਉਂਦੇ ਹਨ ਜਾਂ ਨਹੀਂ? ਮੇਰਾ ਖਿਆਲ ਹੈ ਕਿ ਹਰ ਜ਼ਮੀਰ ਇਸ ਦਾ ਜਵਾਬ 'ਹਾਂ' ਵਿਚ ਦੇਵੇਗੀ। ਫਿਰ ਅਸੀਂ ਸਾਰੇ ਇਸ ਸਵਾਲ ਦਾ ਜਵਾਬ ਤਾਂ ਲੱਭੀਏ ਕਿ ਪ੍ਰਭਸ਼ਰਨਦੀਪ ਸਿੰਘ ਨੇ ਸਿੱਖੀ ਸਿਧਾਂਤ ਦੀ ਕੋਈ ਉਲੰਘਣਾ ਕੀਤੀ ਹੈ? ਜੇ ਨਹੀਂ ਕੀਤੀ ਤਾਂ ਫਿਰ ਸਿੱਖ ਵਿਦਵਾਨ ਪ੍ਰਭਸ਼ਰਨਦੀਪ ਸਿੰਘ ਦੇ ਹੱਕ ਵਿਚ ਖਲੋਣ ਦੀ ਹਿੰਮਤ ਅਤੇ ਹੌਸਲਾ ਕਿਉਂ ਨਹੀਂ ਦਿਖਾਉਂਦੇ? ਕੀ ਉਹ ਰੋਗ ਵੱਡਾ ਬਣ ਚੁੱਕਾ ਹੈ ਜੋ ਹਰ ਸਿੱਖ ਵਿਦਵਾਨ ਨੂੰ ਕਿਸੇ ਧੜੇ ਨਾਲ ਲੱਗ ਕੇ ਪੈਦਾ ਹੁੰਦਾ ਹੈ? ਹੁਣ ਜੇ ਟਰੋਲਿੰਗ ਆਰਮੀ ਦੀ ਗੱਲ ਕਰੀਏ ਤਾਂ ਇਉਂ ਲੱਗਦਾ ਹੈ ਜਿਵੇਂ ਉਹ ਤਾਂ ਬਸ ਉਡੀਕ ਹੀ ਕਰ ਰਹੇ ਸਨ ਕਿ ਉਨ੍ਹਾਂ ਦਾ ਸ਼ਰੀਕ ਵਿਦਵਾਨ ਕਦੋਂ ਕੋਈ ਮਾੜੀ ਜਿਹੀ ਵੀ ਭੁੱਲ ਕਰੇ ਤੇ ਇਸ ਭੁੱਲ ਨੂੰ ਖੰਭਾਂ ਦੀਆਂ ਡਾਰਾਂ ਬਣਾ ਕੇ ਅੱਗੇ ਤੋਰ ਦਿੱਤਾ ਜਾਵੇ ਤੇ ਸਨਾਤਨ ਦੇ ਖਤਰਨਾਕ ਰੁਝਾਨ ਅਤੇ ਪ੍ਰਮੁੱਖ ਮੁੱਦੇ ਉਤੇ ਪਰਦਾ ਪਾ ਕੇ ਉਸ ਨੂੰ ਅੱਖੋਂ ਪਰੋਖੇ ਹੀ ਕਰ ਦਿੱਤਾ ਜਾਵੇ।

ਪ੍ਰਭਸ਼ਰਨਦੀਪ ਸਿੰਘ ਨੇ ਇਕ ਘੰਟਾ 43 ਮਿੰਟ ਲੰਮੀ ਵੀਡੀਓ ਵਿਚ ਸਵਾ ਘੰਟੇ ਤੋਂ ਵੀ ਉਪਰ ਵਿਚ ਸਨਾਤਨ ਵਿਚਾਰਧਾਰਾ ਨੂੰ ਹਰ ਪੱਖ ਤੋਂ ਲਿਆ ਹੈ। ਕਥਾ ਵਾਚਕਾਂ ਅਤੇ ਦਾਨਸ਼ਵਰਾਂ ਨੂੰ ਖਾਸ ਕਰਕੇ ਬੇਨਤੀ ਹੈ ਕਿ ਉਹ ਸਨਾਤਨ ਦੇ ਸੂਖਮ ਹਮਲਿਆਂ ਨੂੰ ਸਮਝਣ ਲਈ ਇਸ ਵੀਡੀਓ ਨੂੰ ਧਿਆਨ ਨਾਲ ਸੁਣਨ/ਦੇਖਣ।

ਪ੍ਰਭਸ਼ਰਨਦੀਪ ਸਿੰਘ ਇੱਕ ਪਾਸੇ ਵੇਦਾਂ, ਸਿਮਰਤੀਆਂ ਤੇ ਉਪਨਿਸ਼ਦਾਂ ਦੇ ਹਵਾਲਿਆਂ ਨਾਲ ਸਨਾਤਨ ਦੀ ਵਿਆਖਿਆ ਕਰਦਾ ਹੈ ਅਤੇ ਫਿਰ ਮੁਕਾਬਲੇ ਵਿਚ ਸਿੱਖ ਧਰਮ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਹਵਾਲੇ ਦੇ ਕੇ ਸਨਾਤਨ ਨਾਲੋਂ ਨਿਖਾਰ ਕੇ ਨਿਖੇੜਦਾ ਹੈ ਅਤੇ ਸਿੱਧ ਕਰਦਾ ਹੈ ਕਿ ਸਾਡਾ ਤਾਂ ਸਨਾਤਨ ਨਾਲ ਕੋਈ ਦੂਰ ਦਾ ਵੀ ਰਿਸ਼ਤਾ ਨਹੀਂ ਬਣਦਾ। ਅਸੀਂ ਬਚਪਨ ਤੋਂ ਹੀ ਪ੍ਰਸਿੱਧ ਢਾਡੀ ਸੋਹਣ ਸਿੰਘ ਸੀਤਲ ਅਤੇ ਹੋਰ ਸ਼ਾਇਰਾਂ ਤੇ ਕਥਾਵਾਚਕਾਂ ਤੋਂ ਸੁਣਦੇ ਰਹੇ ਹਾਂ ਕਿ ਖਾਲਸਾ ਪੰਥ ਦੀ ਸਾਜਨਾ ਸਮੇਂ ਸਾਡੇ ਅਤੀਤ ਨਾਲੋਂ ਅਰਥਾਤ ਸਨਾਤਨ ਵਿਚਾਰਧਾਰਾ ਨਾਲੋਂ ਸਭ ਰਿਸ਼ਤੇ ਖਤਮ ਕਰ ਦਿੱਤੇ ਗਏ ਸਨ ਜਿਨਾਂ ਵਿਚ ਕਰਮ ਨਾਸ, ਧਰਮ ਨਾਸ, ਕਿਰਤ ਨਾਸ,ਭਰਮ ਨਾਸ ਤੇ ਕੁਲ ਨਾਸ ਸ਼ਾਮਿਲ ਹਨ। ਪ੍ਰਭਸ਼ਰਨਦੀਪ ਸਿੰਘ ਨੇ ਵੀ ਇਨ੍ਹਾਂ ਦੀ ਆਪਣੇ ਢੰਗ ਨਾਲ ਮੌਲਿਕ ਅਤੇ ਸੁੰਦਰ ਵਿਆਖਿਆ ਕੀਤੀ ਹੈ; ਇਹ ਪਹਿਲੀ ਵਾਰ ਹੈ ਜਦੋਂ ਕਿਸੇ ਵਿਦਵਾਨ ਨੇ ਸਨਾਤਨ ਨੂੰ ਵੱਡੀ ਚੁਣੌਤੀ ਦਿੱਤੀ।

ਕੁਝ ਹਕੀਕਤਾਂ ਯਾਦ ਕਰਵਾਉਣਾ ਚਾਹੁੰਦਾ ਹਾਂ ਜੋ ਸਾਡੇ ਸਾਹਮਣੇ ਹਨ। ਡਾਕਟਰ ਜਗਬੀਰ ਸਿੰਘ ਸਿੱਖ ਹਨ ਪਰ ਸਨਾਤਨ ਦੇ ਵਿਦਵਾਨ ਹਨ। 'ਸਨਾਤਨ' ਦੀ ਸਰਕਾਰ ਨੇ ਇਸ ਸ਼ਖਸ ਨੂੰ ਬਠਿੰਡਾ ਦੀ ਸੈਂਟਰਲ ਯੂਨੀਵਰਸਿਟੀ ਵਿਚ ਸਭ ਤੋਂ ਉਚੇ ਅਹੁਦੇ 'ਤੇ ਨਿਵਾਜਿਆ। ਹਾਲ ਵਿਚ ਹੀ ਅਮਰੀਕਾ ਸਥਿਤ ਵੱਡੇ ਧਨਾਢ ਦਰਸ਼ਨ ਸਿੰਘ ਧਾਲੀਵਾਲ ਦੀ ਇੰਟਰਵਿਊ ਛਪੀ ਹੈ। ਉਨ੍ਹਾਂ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਜੀ ਨਾਲ ਗੂੜ੍ਹੇ ਸਬੰਧ ਹਨ; ਇਨ੍ਹਾਂ ਦੇ ਸੁਖਬੀਰ ਸਿੰਘ ਬਾਦਲ ਨਾਲ ਵੀ ਗੂੜ੍ਹੇ ਰਿਸ਼ਤੇ ਹਨ। ਇੰਟਰਵਿਊ ਦੌਰਾਨ ਧਾਲੀਵਾਲ ਜੀ ਨੇ ਮੰਨਿਆ ਕਿ ਅਮਿਤ ਸ਼ਾਹ ਨਾਲ ਜੋ ਗੂੜ੍ਹਾ ਰਿਸ਼ਤਾ ਹੈ ਅਤੇ ਜੋ ਮੋਦੀ ਜੀ ਨਾਲ ਗੂੜ੍ਹਾ ਰਿਸ਼ਤਾ ਹੈ, ਉਹ ਸਤਨਾਮ ਸਿੰਘ ਨਾਂ ਦੇ ਸ਼ਖਸ ਦੀ ਵਿਚੋਲਗਿਰੀ ਨਾਲ ਬਣਿਆ। ਇਹ ਉਹੀ ਸਤਨਾਮ ਸਿੰਘ ਹਨ (ਜੋ ਆਪਣੀ ਚੰਡੀਗੜ੍ਹ ਯੂਨੀਵਰਸਿਟੀ ਦਾ ਚਾਂਸਲਰ ਹੈ) ਜਿਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ ਹੈ। ਜਦੋਂ ਪਾਰਲੀਮੈਂਟ ਚੋਣਾਂ ਵਿਚ ਸੀਟਾਂ ਦਾ ਲੈਣ ਦੇਣ ਚੱਲ ਰਿਹਾ ਸੀ ਕਿ ਕਿੰਨੀਆਂ ਸੀਟਾਂ ਕਿਸ ਨੂੰ ਮਿਲਣ, ਇਸ ਬਾਰੇ ਸਮਝੌਤਾ ਕਰਾਉਣ (ਜੋ ਹੋ ਨਹੀਂ ਸਕਿਆ) ਦੇ ਸਿਲਸਿਲੇ ਵਿਚ ਧਾਲੀਵਾਲ ਸਾਹਿਬ ਦੇ ਕਹਿਣ ਮੁਤਾਬਿਕ ਉਨ੍ਹਾਂ ਨੇ ਹੀ ਰੋਲ ਨਿਭਾਇਆ ਸੀ।

ਹੋਰ ਵੀ ਬਹੁਤ ਮਿਸਾਲਾਂ ਹਨ ਜਿੱਥੇ ਸਨਾਤਨ ਦੇ ਪੈਰੋਕਾਰ ਵਿਦਿਆ ਦੇ ਖੇਤਰ ਵਿਚ ਦਾਖਲ ਹੋ ਚੁੱਕੇ ਹਨ। ਹੁਣ ਉਨ੍ਹਾਂ ਦੀਆਂ ਲਲਚਾਈਆਂ ਨਜ਼ਰਾਂ ਸਿੱਖਾਂ ਦੀ ਮਿਨੀ ਪਾਰਲੀਮੈਂਟ ਅਰਥਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਹਨ ਤਾਂ ਜੋ ਸਿੱਖਾਂ ਦੇ ਆਖਰੀ ਕਿਲੇ ਨੂੰ ਹਿੰਦੂਤਵ ਦੇ ਖਾਰੇ ਸਮੁੰਦਰ ਵਿਚ ਡੋਬ ਦਿੱਤਾ ਜਾਵੇ। ਉਘੇ ਵਿਦਵਾਨ ਸਿਰਦਾਰ ਕਪੂਰ ਸਿੰਘ ਨੇ ਕਈ ਦਹਾਕੇ ਪਹਿਲਾਂ ਸਾਨੂੰ ਇਸ ਖਤਰੇ ਤੋਂ ਆਗਾਹ ਕੀਤਾ ਸੀ। ਅਸਲ ਵਿਚ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਵੀ ਉਦੋਂ ਹੀ ਪੈਣਗੀਆਂ ਜਦੋਂ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਲਈ ਪੱਕੇ ਸਨਾਤਨੀ ਲੱਭ ਗਏ। ਇਸ ਲਈ ਸਾਨੂੰ ਹੁਣ ਤੋਂ ਹੀ ਚੌਕਸ ਹੋ ਜਾਣਾ ਚਾਹੀਦਾ ਹੈ ਅਤੇ ਪ੍ਰਭਸ਼ਰਨਦੀਪ ਸਿੰਘ ਸਾਨੂੰ ਇਹੋ ਯਾਦ ਕਰਵਾ ਰਿਹਾ ਹੈ।

ਪ੍ਰਭਸ਼ਰਨਦੀਪ ਸਿੰਘ ਕੀ ਕਰ ਰਿਹਾ ਹੈ? ਉਹ ਗਿਆਨ ਦੀ ਖੜਗ ਲੈ ਕੇ ਸਿੱਖ ਸੰਸਥਾਵਾਂ ਵਿਚ ਸਨਾਤਨ ਦੀ ਤੂਫਾਨੀ ਘੁਸਪੈਠ ਅਤੇ ਚੁੱਪ-ਚੁਪੀਤੇ ਢੰਗ ਨਾਲ ਹੋ ਰਹੀ ਘੁਸਪੈਠ ਤੋਂ ਸਿੱਖਾਂ ਨੂੰ ਚੌਕਸ ਕਰ ਰਿਹਾ ਹੈ। ਉਂਝ, ਇੱਕ ਘੰਟਾ 43 ਮਿੰਟ ਦੀ ਵੀਡੀਓ ਸੁਣਨ ਲਈ ਕਿੰਨੇ ਕੁ ਵਿਦਵਾਨਾਂ ਨੇ ਵਿਹਲ ਕੱਢੀ ਹੈ? ਕਿੰਨੇ ਕੁ ਗੰਭੀਰ ਸਿੱਖ ਸਿਆਸਤਦਾਨਾਂ ਨੂੰ ਇਸ ਗੱਲ ਦੀ ਚਿੰਤਾ ਹੈ?



ਪ੍ਰਭਸ਼ਰਨਦੀਪ ਸਿੰਘ

ਆਜ਼ਾਦੀ ਦੇ ਸੰਘਰਸ਼ ਨਾਲ ਜੁੜੀਆਂ ਜਥੇਬੰਦੀਆਂ, ਵਿਅਕਤੀਆਂ ਅਤੇ ਦੂਰ ਦੀ ਰੇਸ ਵਾਲੇ ਬੌਧਿਕ ਘੋੜਿਆਂ ਨੇ ਸਨਾਤਨ ਨੂੰ ਸਮਝ ਕੇ ਆਪਣੀਆਂ ਨੀਤੀਆਂ ਵਿਚ ਹਮਲਾਵਰ ਪਹੁੰਚ ਅਪਨਾਉਣ ਅਤੇ ਸਨਾਤਨ ਵਿਰੁੱਧ ਸੰਘਰਸ਼ ਦੀ ਕਦੇ ਚਿਤਾਵਨੀ ਦਿੱਤੀ ਹੈ? ਇਹ ਸਵਾਲ ਸਾਡੀਆਂ ਜ਼ਮੀਰਾਂ ਨੂੰ ਕਿਉਂ ਨਹੀਂ ਝੰਜੋੜ ਰਹੇ?

ਇਸ ਇੰਟਰਵਿਊ ਵਿਚ ਪ੍ਰਭਸ਼ਰਨਦੀਪ ਸਿੰਘ ਨਾਲ ਨਿੱਜੀ ਕਿੜ ਕੱਢਣ ਵਾਲਿਆਂ ਅਤੇ ਟਰੋਲਿੰਗ ਬਟਾਲੀਅਨ ਨੇ ਉਹ ਹਿੱਸਾ ਚੁੱਕ ਲਿਆ ਜਿਸ ਵਿਚ ਐਂਕਰ ਯਾਦਵਿੰਦਰ ਕਰਫਿਊ ਨੇ ਦਸਮ ਗ੍ਰੰਥ ਬਾਰੇ ਕੁਝ ਸਵਾਲ ਪੁੱਛੇ ਸਨ, ਜਿਸ ਹਿੱਸੇ ਵਿਚ ਸ਼ਹੀਦ ਭਾਈ ਮਨੀ ਸਿੰਘ ਦਾ ਜ਼ਿਕਰ ਆਇਆ ਅਤੇ ਜਿਸ ਵਿਚ ਪ੍ਰਭਸ਼ਰਨਦੀਪ ਸਿੰਘ ਨੇ ਭਾਈ ਮਨੀ ਸਿੰਘ ਬਾਰੇ ਟਿੱਪਣੀ ਕੀਤੀ। ਪਹਿਲਾਂ ਵੀ ਕਈ ਵਾਰ ਲਿਖਿਆ ਹੈ ਕਿ ਦਸਮ ਗ੍ਰੰਥ ਦੀ ਪ੍ਰਮਾਣਿਕਤਾ ਬਾਰੇ ਸਿੱਖ ਦੋ ਹਿੱਸਿਆਂ ਵਿਚ ਵੰਡੇ ਹੋਏ ਹਨ। ਦੋਹਾਂ ਹਿੱਸਿਆਂ ਕੋਲ ਬਾਕਾਇਦਾ ਮੰਨਣਯੋਗ ਦਲੀਲਾਂ ਅਤੇ ਤੱਥ ਹਨ। ਇਸ ਲਈ ਫਿਲਹਾਲ ਉਸੇ ਫੈਸਲੇ ਉਤੇ ਹੀ ਪਹਿਰਾ ਦਿੱਤਾ ਜਾਵੇ ਜਿਹੜਾ ਰਹਿਤ ਮਰਿਆਦਾ ਬਣਨ ਸਮੇਂ ਸਿੱਖ ਵਿਦਵਾਨਾਂ ਨੇ ਲੰਮੀਆਂ ਬਹਿਸਾਂ ਅਤੇ ਕਰੜੀ ਘਾਲਣਾ ਮਗਰੋਂ ਕੀਤਾ ਸੀ। ਅਕਾਲ ਤਖਤ ਸਾਹਿਬ ਨੇ ਵੀ ਵਿਦਵਾਨਾਂ ਨੂੰ ਅਪੀਲ ਕੀਤੀ ਸੀਪਰ ਦੋਵਾਂ ਧਿਰਾਂ ਦੇ ਵਿਦਵਾਨਾਂ ਨੇ ਸ਼ਾਇਦ ਸਾਂਝਾ ਫੈਸਲਾ ਕੀਤਾ ਹੋਇਆ ਹੈ ਕਿ ਉਨ੍ਹਾਂ ਨੇ ਅਕਾਲ ਤਖਤ ਦੀ 'ਸੁਣਨੀ' ਤਾਂ ਹੈ ਪਰ 'ਮੰਨਣੀ' ਨਹੀਂ। ਇਸ ਲਈ ਸੋਸ਼ਲ ਮੀਡੀਆ ਅਤੇ ਅਖਬਾਰਾਂ ਵਿਚ ਦਸਮ ਗ੍ਰੰਥ ਦੇ ਹੱਕ ਤੇ ਵਿਰੋਧ ਵਿਚ ਹਰ ਦੂਜੇ ਤੀਜੇ ਮਹੀਨੇ ਲਿਖਤਾਂ ਆ ਜਾਂਦੀਆਂ ਹਨ; ਕਈ ਵਾਰੀ ਇਹ ਬਹਿਸ ਕੁੜਿਤਣ ਵਿਚ ਬਦਲ ਜਾਂਦੀ ਹੈ।

ਹੁਣ ਜੇ ਵਿਦਵਾਨ ਹੀ ਸਹਿਮਤ ਨਹੀਂ ਤਾਂ ਸਿਆਸਤਦਾਨ ਵਿਦਵਾਨਾਂ ਨਾਲੋਂ ਦੋ ਕਦਮ ਅੱਗੇ ਚੱਲ ਰਹੇ ਹਨ। ਦੇਖਿਆ ਹੀ ਹੈ ਕਿ ਸਿਰਸਾ ਦੇ ਡੇਰਾ ਮੁਖੀ ਰਾਮ ਰਹੀਮ ਵਿਰੁੱਧ ਅਕਾਲ ਤਖਤ ਨੇ ਹੁਕਮਨਾਮਾ ਜਾਰੀ ਕੀਤਾ ਸੀ ਪਰ ਉਸ ਹੁਕਮਨਾਮੇ ਦੀ ਸਭ ਤੋਂ ਵੱਧ ਉਲੰਘਣਾ ਵੱਡੇ ਤੇ ਛੋਟੇ ਬਾਦਲ ਨੇ ਸਾਧ ਦੇ ਚਰਨਾਂ ਵਿਚ ਬੈਠ ਕੇ ਕੀਤੀ। ਉਹ ਤਸਵੀਰਾਂ ਸਿੱਖਾਂ ਦੇ ਸਾਹਮਣੇ ਹਨ ਪਰ ਕਿਸੇ ਜਥੇਦਾਰ ਨੇ ਕਦੇ ਵੀ ਉਨ੍ਹਾਂਤੋਂ ਪੁੱਛ-ਗਿੱਛ ਕਰਨ ਦੀ ਹਿੰਮਤ ਨਹੀਂ ਕੀਤੀ। ਹਾਲ ਵਿਚ ਹੀ 'ਸਪੋਕਸਮੈਨ' ਅਖਬਾਰ ਦੇ ਸੰਪਾਦਕ ਜੋਗਿੰਦਰ ਸਿੰਘ ਜਿਸ ਨੂੰ ਦਸਮ ਗ੍ਰੰਥ ਦੇ ਸਵਾਲ 'ਤੇ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ, ਦੀ ਅੰਤਿਮ ਅਰਦਾਸ ਮੌਕੇ ਵਿਦਵਾਨ ਤੇ ਸਿਆਸਤਦਾਨ ਛੇਕੇ ਹੋਏ ਸੰਪਾਦਕ ਨੂੰ ਭਰਪੂਰ ਸ਼ਰਧਾਂਜਲੀਆਂ ਭੇਟ ਕਰ ਰਹੇ ਸਨ। ਦਰਦਨਾਕ ਹਕੀਕਤ ਇਹ ਹੈ ਕਿ ਪੰਜਾਬ ਅਸੈਂਬਲੀ ਵਿਚ ਜੁਝਾਰੂ ਲਹਿਰ ਉਤੇ ਬਹਿਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਵੀਹਵੀਂ ਸਦੀ ਦੇ ਮਹਾਨ ਸਿੱਖ ਅਤੇ ਅਕਾਲ ਤਖਤ ਸਾਹਿਬ ਵੱਲੋਂ ਸ਼ਹੀਦ ਕਰਾਰ ਦਿੱਤੇ ਜਾਣ ਦੇ ਫੈਸਲੇ ਮਗਰੋਂ ਵੀ ਸੰਤ ਜਰਨੈਲ ਸਿੰਘ ਜੀ ਨੂੰ ਕਾਂਗਰਸ ਦਾ ਬੰਦਾ ਕਿਹਾ। ਮੈਂ ਉਸ ਬਹਿਸ ਵੇਲੇ ਹਾਜ਼ਰ ਸਾਂ ਪਰ ਜਿਸ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਸਨ, ਉਸੇ ਟਕਸਾਲ ਦੇ ਅਗਲੇ ਮੁਖੀ ਨੇ ਬਾਦਲ ਖਿਲਾਫ ਬੋਲਣ ਦੀ ਜੁਰਅਤ ਨਹੀਂ ਕੀਤੀ ਸਗੋਂ ਇਕ ਉਹ ਸਮਾਂ ਵੀ ਆਇਆ ਜਦੋਂ ਇਸੇ ਟਕਸਾਲ ਦੇ ਮੁਖੀ ਨੇ ਬਾਦਲ ਪਰਿਵਾਰ ਦੀ ਚੜ੍ਹਦੀ ਕਲਾ ਲਈ ਦਰਬਾਰ ਸਾਹਿਬ ਸਾਹਮਣੇ ਘੰਟਾ ਘਰ ਅੱਗੇ ਅਰਦਾਸ ਕੀਤੀ। ਰਤਾ ਦੇਖੋ ਤਾਂ ਸਹੀ, ਅਸੀਂ ਕਿੱਥੇ ਖੜ੍ਹੇ ਹਾਂ?

ਹੁਣ ਹੋਇਆ ਕੀ? ਸਾਰੀ ਬਹਿਸ ਸਨਾਤਨ ਵਿਚਾਰਧਾਰਾ ਉਤੇ ਚੱਲ ਰਹੀ ਸੀ, ਇਸ ਦੇ ਇੱਕ ਹਿੱਸੇ ਵਿਚ ਦਸਮ ਗ੍ਰੰਥ ਦਾ ਮੁੱਦਾ ਆ ਗਿਆ ਅਤੇ ਉਸਦੇ ਨਾਲ ਹੀ ਸ਼ਹੀਦ ਭਾਈ ਮਨੀ ਸਿੰਘ ਜੀ ਦਾ ਰੋਲ ਆ ਗਿਆ। ਪ੍ਰਭਸ਼ਰਨਦੀਪ ਸਿੰਘ ਬਿਨਾਂ ਸ਼ੱਕ ਸਾਡੇ ਵਿਦਵਾਨ ਹਨ, ਸਿੱਖ ਸਿਆਸਤ ਅਤੇ ਚਲੰਤ ਸਿਆਸਤ ਦੇ ਖਿਡਾਰੀਆਂ ਦੀਆਂ ਲੁਕਣਮੀਚੀਆਂ, ਉਨ੍ਹਾਂ ਦੇ ਸਵਾਰਥਾਂ ਤੇ ਤਿਲਕਣਬਾਜ਼ੀਆਂ ਬਾਰੇ ਮੇਰੇ ਨਾਲੋਂ ਕਿਤੇ ਵੱਧ ਜਾਣਦੇ ਹਨ। ਪੱਛਮੀ ਦੁਨੀਆ ਵਿਚ ਸਾਹਿਤ, ਰਾਜਨੀਤੀ, ਧਰਮ ਤੇ ਕੌਮ ਬਾਰੇ ਚੱਲ ਰਹੀਆਂ ਵੱਡੀਆਂ ਬਹਿਸਾਂ ਨਾਲ ਉਨ੍ਹਾਂ ਦਾ ਨੇੜਲਾ ਸੰਪਰਕ ਹੈ। ਕਈ ਵਾਰ ਉਹ ਬਹਿਸਾਂ ਵਿਚ ਹਿੱਸਾ ਵੀ ਲੈਂਦੇ ਹਨ ਅਤੇ ਧੜਲੇ ਨਾਲ ਸਿੱਖਾਂ ਦਾ ਪੱਖ ਵੀ ਰੱਖਦੇ ਹਨ। ਪੰਜਾਬ ਦੀ ਖੱਬੇ ਪੱਖੀ ਰਾਜਨੀਤੀ ਦੀਆਂ ਪੰਜਾਬ ਨਾਲ ਕੀਤੀਆਂ ਬੇਵਫਾਈਆਂ ਅਤੇ ਉਨ੍ਹਾਂ ਦੀ ਸੌੜੀ ਸਮਝ ਉਤੇ ਸਵਾਲ ਖੜ੍ਹੇ ਕਰਦੇ ਹਨ, ਜੁਝਾਰੂ ਲਹਿਰ ਦੇ ਵਿਚਾਰਧਾਰਕ ਸਮਰਥਕ ਹਨ, ਖਾਲਿਸਤਾਨ ਦੇ ਮੁੱਦੇ ਤੇ ਜਦੋਂ ਖਾਲਿਸਤਾਨ ਦੇ ਹੱਕ ਵਿਚ ਦਲੀਲਾਂ ਤੇ ਹਵਾਲੇ ਪੇਸ਼ ਕਰਦੇ ਹਨ ਤਾਂ ਉਹ ਤੱਥ ਵਿਦਵਤਾ ਵਿਚ ਰੰਗੇ ਹੋਣ ਕਰਕੇ ਵਿਰੋਧੀ ਵੀ ਨਿਰਉਤਰ ਹੋ ਜਾਂਦੇ ਹਨ। ਹਾਲ ਵਿਚ ਹੀ ਸਿੰਘ ਸਭਾ ਲਹਿਰ ਉਤੇ ਹੋ ਰਹੇ ਹਮਲਿਆਂ ਦਾ ਉਨ੍ਹਾਂ ਨੇ ਵੀਡੀਓ ਰਾਹੀਂ ਮੋੜਵਾਂ ਜਵਾਬ ਦਿੱਤਾ ਅਤੇ ਸਿੱਖਾਂ ਅੰਦਰ ਹੀ ਕੁਝ ਲੋਕਾਂ ਵੱਲੋਂ ਸਿੱਖ ਧਰਮ ਦੀ ਪਛਾਣ ਨੂੰ ਖੋਰਨ ਅਤੇ ਪੇਤਲਾ ਕਰਨ ਵਾਲਿਆਂ ਨਾਲ ਜਿਵੇਂ ਸਿੱਧੀ ਟੱਕਰ ਲਈ, ਉਸ ਨਾਲ ਪੰਥਕ ਹਲਕਿਆਂ ਨੂੰ ਮਾਣ ਮਹਿਸੂਸ ਹੋਇਆ ਕਿ ਇਹ ਵਿਦਵਾਨ ਜਜ਼ਬਿਆਂ ਤੇ ਸਿਧਾਂਤਾਂ ਦੀ ਪੱਧਰ ਉਤੇ ਸਿੱਖਾਂ ਦਾ ਪੱਖ ਪੇਸ਼ ਕਰਦਾ ਹੈ।

ਕੀ ਪ੍ਰਭਸ਼ਰਨਦੀਪ ਸਿੰਘ ਨੇ ਦਸਮ ਗ੍ਰੰਥ ਦਾ ਜ਼ਿਕਰ ਕਰਦਿਆਂ ਭਾਈ ਮਨੀ ਸਿੰਘ ਜੀ ਬਾਰੇ ਜੋ ਟਿੱਪਣੀ ਕੀਤੀ, ਉਹ ਠੀਕ ਸੀ? ਮੇਰੇ ਖਿਆਲ ਵਿਚ ਉਹ ਠੀਕ ਨਹੀਂ ਸੀ। ਸਮਾਂ ਤੇ ਦਰਪੇਸ਼ ਸੰਕਟ ਇਹੋ ਮੰਗ ਕਰਦੇ ਹਨ। ਉਨ੍ਹਾਂ ਕੋਲ ਭਾਵੇਂ ਦਲੀਲਾਂ ਤੇ ਹਵਾਲੇ ਵੀ ਹਨ ਤਾਂ ਵੀ ਬੰਦ-ਬੰਦ ਕਟਵਾਉਣ ਦਾ ਅਨੋਖਾ ਤੇ ਵਿਕੋਲਿਤਰਾ ਇਤਿਹਾਸ ਸਿਰਜਣ ਵਾਲੇ ਇਸ ਮਹਾਨ ਸ਼ਹੀਦ ਨੇ 18ਵੀਂ ਸਦੀ ਦੇ ਭਿਆਨਕ ਤੇ ਬਿਖੜੇ ਦੌਰ ਸਮੇਂ ਵਗਦੀਆਂ ਹਵਾਵਾਂ ਤੇ ਤੂਫਾਨਾਂ ਵਿਚ ਸਿੱਖੀ ਦੇ ਚਿਰਾਗ ਜਗਾਏ ਸਨ। ਭਾਈ ਸਾਹਿਬ ਦੀ ਸ਼ਹਾਦਤ ਦਾ ਰੰਗ ਰੂਪ ਹੀ ਕੁਝ ਇਸ ਤਰ੍ਹਾਂ ਦਾ ਨਿਰਾਲਾ ਤੇ ਬੇਮਿਸਾਲ ਹੈ ਕਿ ਇਸ ਸ਼ਹਾਦਤ ਨਾਲ ਕੋਈ ਭੁੱਲ ਜੇ ਹੋਈ ਵੀ ਹੈ ਹਾਲਾਂਕਿ ਮੇਰੀਆਂ ਨਜ਼ਰਾਂ ਵਿਚ ਕੋਈ ਭੁੱਲ ਨਹੀਂ ਹੋਈ, ਤਾਂ ਦਸਮੇਸ਼ ਪਿਤਾ ਦੇ ਦਰਬਾਰ ਵਿਚ ਮੁਆਫ ਕਰ ਦਿੱਤੀ ਜਾਂਦੀ ਹੈ।


ਮੇਰੀ ਤੁਛ ਬੁੱਧੀ ਮੁਤਾਬਕ ਵੈਸੇ ਵੀ ਇਤਿਹਾਸ ਤੇ ਇਤਿਹਾਸਿਕ ਤੱਥ ਕਈ ਵਾਰ ਪੂਰਾ ਸੱਚ ਨਹੀਂ ਹੁੰਦੇ। ਜਦੋਂ ਕੁਝ ਘਟਨਾਵਾਂ ਇਤਿਹਾਸ ਤੋਂ ਪਾਰਚਲੇ ਜਾਂਦੀਆਂ ਹਨ ਜਾਂ ਵਾਪਰਨ ਵਾਲੀ ਘਟਨਾ ਇਤਿਹਾਸ ਤੋਂ ਉਪਰ ਉਠ ਜਾਂਦੀ ਹੈ ਤਾਂ ਉਹ ਘਟਨਾ ਮੁਕੰਮਲ ਸੱਚ ਦੇ ਨਜ਼ਦੀਕ ਪਹੁੰਚ ਜਾਂਦੀ ਹੈ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਉਸ ਵਰਗ ਵਿਚ ਦਾਖਲ ਹੋ ਜਾਂਦੀ ਹੈ ਜਦੋਂ ਇਹੋ ਜਿਹੀ ਸ਼ਹਾਦਤ ਨੂੰ ਸਿਰਫ ਤੇ ਸਿਰਫ ਨਮਨ ਕਰਨਾ ਹੀ ਸਭ ਤੋਂ ਵੱਡਾ ਤਥ ਅਤੇ ਸਭ ਤੋਂ ਵੱਡੀ ਦਲੀਲ ਹੁੰਦੀ ਹੈ। ਸਿਰ ਤਲੀ ਉਤੇ ਰੱਖ ਕੇ ਲੜਨ ਵਾਲੇ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਵੀ ਇਸੇ ਵਰਗ ਵਿਚ ਆ ਜਾਂਦੀ ਹੈ ਜਦੋਂ ਸਭ ਵਿਗਿਆਨਕ ਤਰਕ ਸਿੱਖ ਪੰਥ ਦੇ ਸਮੂਹਕ ਜਜ਼ਬਿਆਂ ਦੀ ਅਥਾਹ ਤਾਕਤ ਸਾਹਮਣੇ ਕੋਈ ਅਰਥ ਨਹੀਂ ਰੱਖਦੇ।

ਇੱਕ ਵਾਰ ਜੁਝਾਰੂ ਲਹਿਰ ਦੇ ਵੱਡੇ ਯੋਧੇ ਭਾਈ ਚਰਨਜੀਤ ਸਿੰਘ ਚੰਨੀ ਨੇ ਚੰਡੀਗੜ੍ਹ ਦੇ 35 ਸੈਕਟਰ ਵਿਚ ਭਾਖੜਾ ਬੋਰਡ ਦੇ ਚੇਅਰਮੈਨ ਨੂੰ ਸੋਧਣ ਪਿੱਛੋਂ ਜ਼ਿੰਮੇਵਾਰੀ ਲੈਂਦਿਆਂ ਮੇਰੇ ਨਾਲ ਇੱਕ ਅਨੁਭਵ ਸਾਂਝਾ ਕਰਦਿਆਂ ਕਿਹਾ ਸੀ ਕਿ ਜਦੋਂ ਅਸੀਂ ਐਕਸ਼ਨ ਕਰਨ ਲੱਗਦੇ ਹਾਂ ਤਾਂ ਕਈ ਵਾਰ ਇਉਂ ਲੱਗਦਾ ਹੈ ਜਿਵੇਂ ਪਿਸਤੌਲ 'ਕੋਈ ਹੋਰ' ਚਲਾ ਰਿਹਾ ਹੈ। ਪ੍ਰਭਸ਼ਰਨਦੀਪ ਸਿੰਘ ਸਮੇਤ ਸਭ ਵਿਦਵਾਨਾਂ ਨੂੰ 'ਕੋਈ ਹੋਰ' ਦੇ ਤੱਥਾਂ ਦੀ ਵੀ ਜਾਣਕਾਰੀ ਲੈਣੀ ਚਾਹੀਦੀ ਹੈ ਅਤੇ ਇਹ ਸਾਡੀ ਖੋਜ ਦਾ ਵਿਸ਼ਾ ਵੀ ਹੋਣਾ ਚਾਹੀਦਾ ਹੈ ਜੋ ਸਾਡਾ ਇਤਿਹਾਸ ਸਮੇਂ-ਸਮੇਂ ਸਿਰਜਦਾ ਵੀ ਰਿਹਾ ਹੈ। ਇਹ ਕੋਈ ਹੋਰ (ਦਸ ਗੁਰੂ ਸਾਹਿਬਾਨ) ਵਾਲੇ ਸਾਡੇ ਇਤਿਹਾਸ ਨੂੰ ਅੰਮ੍ਰਿਤ ਵੇਲੇ ਦੀ ਸੱਜਰੀ ਸਵੇਰ ਵਾਂਗ ਤਾਜ਼ਾ ਕਰਦੇ ਰਹਿੰਦੇ ਹਨ। ਇਸ ਅਮੀਕੋ ਅਮੀਕ (ਜਾਪ ਸਾਹਿਬ) ਦੇ ਭੇਤਾਂ ਨੂੰ ਸਮਝਣ ਲਈ ਗੁਰਬਾਣੀ ਦੁਨਿਆਵੀ ਬੁੱਧ ਦੀ ਥਾਂ ਕਿਸੇ ਹੋਰ ਬੁੱਧ ਵੱਲ ਜਾਣ ਦੀ ਪ੍ਰੇਰਨਾ ਦਿੰਦੀ ਹੈ ਜਿਸ ਨੂੰ 'ਤੈਸੀ ਬੁਧਿ ਕਰੋ ਪਰਗਾਸਾ' ਜਾਂ 'ਕਿਰਪਾ ਕੀਜੈ ਸਾ ਮਤਿ ਦੀਜੈ' ਦੀਆਂ ਪਵਿੱਤਰ ਮਿਸਾਲਾਂ ਨਾਲ ਸਮਝਾਇਆ ਗਿਆ ਹੈ। ਸਿੱਖ ਵਿਦਵਾਨਾਂ ਨੂੰ 'ਤੈਸੀ ਬੁਧ' ਦੇ ਰੰਗਾਂ ਦੀ ਤਲਾਸ਼ ਵੀ ਕਰਨੀ ਚਾਹੀਦੀ ਹੈ ਅਤੇ ਇਹ ਮਾਪਦੰਡ ਇਤਿਹਾਸ ਦੀ ਸਮਝ ਵਿਚ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ।

ਮੈਂ ਫਿਰ ਬੇਨਤੀ ਕਰਦਾ ਹਾਂ ਕਿ ਦਸਮ ਗ੍ਰੰਥ, ਰਾਗਮਾਲਾ ਅਤੇ ਇਸ ਤਰ੍ਹਾਂ ਦੇ ਹੋਰ ਮੁੱਦਿਆਂ ਉਤੇ ਬਹਿਸ ਉਦੋਂ ਤੱਕ ਮੁਲਤਵੀ ਕਰ ਦਿੱਤੀ ਜਾਵੇ ਜਦੋਂ ਤੱਕ ਅਸੀਂ ਆਜ਼ਾਦੀ ਦੀ ਮੰਜ਼ਿਲ ਹਾਸਲ ਨਹੀਂ ਕਰ ਲੈਂਦੇ ਅਤੇ ਜਦੋਂ ਤੱਕ ਸਾਡੇ ਵਿਦਵਾਨਾਂ ਦੇ ਬੌਧਿਕ ਕੱਦ ਰੂਹਾਨੀ ਅਵਸਥਾ ਦਾ ਉਚਤਮ ਮਰਤਬਾ ਹਾਸਲ ਨਹੀਂ ਕਰ ਲੈਂਦੇ। ਇਸ ਲਈ ਵੱਡਾ ਸਬਰ ਤੇ ਧੀਰਜ ਬਹੁਤ ਜ਼ਰੂਰੀ ਹੈ ਕਿਉਂਕਿ ਸਬਰ ਦੇ ਦਰਖਤ ਦੀਆਂ ਜੜ੍ਹਾਂ ਕੌੜੀਆਂ ਹੁੰਦੀਆਂ ਹਨ ਪਰ ਫਲ ਮਿੱਠੇ ਹੁੰਦੇ ਹਨ। ਮੇਰੀ ਲਿਖਤ ਕੁਝ ਵੀਰਾਂ ਨੂੰ ਸਵੈ-ਵਿਰੋਧੀ ਵੀ ਲੱਗ ਸਕਦੀ ਹੈ ਕਿਉਂਕਿ ਮੈਂ ਪ੍ਰਭਸ਼ਰਨਦੀਪ ਸਿੰਘ ਦੇ ਕਿਤੇ ਹੱਕ ਵਿਚ ਲੱਗਦਾ ਹਾਂ ਤੇ ਕਿਤੇ ਖਿਲਾਫ ਵੀ ਜਾਂਦਾ ਹਾਂ ਪਰ ਇਹ ਸਵੈ-ਵਿਰੋਧ ਪਹਿਲੀ ਨਜ਼ਰੇ ਜਾਪਦੇ ਹੀ ਹਨ ਪਰ ਜਦੋਂ ਡੂੰਘੇ ਉਤਰੋਗੇ ਤਾਂ ਲਿਖਤ ਸਾਰੇ ਸਵੈ-ਵਿਰੋਧਾਂ ਨੂੰ ਖਤਮ ਕਰਕੇ ਕਿਸੇ ਵੱਡੀ ਏਕਤਾ ਦਾ ਸੰਦੇਸ਼ ਵੀ ਦਿੰਦੀ ਹੈ।

## ਵਿਸ਼ਵ ਖੁਦਕੁਸ਼ੀ ਰੋਕਥਾਮ ਦਿਵਸ 2024

# ਗੱਲਬਾਤ ਕਰ ਕੇ ਖੁਦਕੁਸ਼ੀ ਕਰਨ ਵਾਲਿਆਂ ਨੂੰ ਬਚਾਓ



**ਅਨਿਲ ਧੀਰ**

> **"ਖੁਦਕੁਸ਼ੀ ਕਿਸੇ ਸਮੱਸਿਆ ਦਾ ਹਲ ਨਹੀਂ, ਅੱਜ ਯੋਜਨਾਬੱਧ ਰਾਸ਼ਟਰੀ ਨੀਤੀਆਂ ਨਾਲ ਖੁਦਕੁਸ਼ੀਆਂ ਨੂੰ ਰੋਕਣ ਦੀ ਲੋੜ ਹੈ"**

ਵਿਸ਼ਵ ਆਤਮਹੱਤਿਆ ਅਵੇਅਰਨੈੱਸ ਦਿਵਸ 10 ਸਤੰਬਰ, 2024 ਦੇ ਦਿਨ ਅੰਤਰਰਾਸ਼ਟਰੀ ਪੱਧਰ 'ਤੇ ਵਰਲਡ ਹੈਲਥ ਅਰਗੇਨਾਈਜ਼ੇਸ਼ਨ ਵਿਸ਼ਵ ਸਿਹਤ ਸੰਸਥਾ ਦੇ ਸਹਿਯੋਗ ਨਾਲ ਜਨਤਾ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਖੁਦਕੁਸ਼ੀ ਰੋਕਥਾਮ ਦਿਵਸ ਸਾਲ 2024 ਦਾ ਥੀਮ ਹੈ-ਗੱਲਬਾਤ ਰਾਹੀਂ ਆਤਮਹੱਤਿਆ ਦੇ ਬਿਰਤਾਂਤ ਨੂੰ ਬਦਲ ਕੇ ਇਸ ਕਲੰਕ ਦੇ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰ ਕੇ ਖੁਦਕੁਸ਼ੀਆਂ ਨੂੰ ਰੋਕਣ ਲਈ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ। ਦੁਨੀਆ ਦੇ 70 ਦੇਸ਼ਾਂ ਵਿਚ ਖੁਦਕੁਸ਼ੀ ਦੀ ਰੋਕਥਾਮ ਲਈ ਸੋਸ਼ਲ ਮੀਡੀਆ, ਯਾਦਗਾਰੀ, ਵਿਦਿਅਕ ਸਮਾਗਮ, ਪ੍ਰੈਸ ਕਾਨਫਰੰਸਾਂ ਰਾਹੀਂ ਕਮਿਊਨਿਟੀ ਪੱਧਰ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਜਨਤਾ ਨੂੰ ਅਵੇਅਰ ਕੀਤਾ ਜਾਂਦਾ ਹੈ। WHO ਦੀ ਰਿਪੋਰਟ ਮੁਤਾਬਿਕ ਹਰ 40 ਸਕਿੰਟਾਂ ਵਿਚ ਕੋਈ ਆਪਣੀ ਜਾਨ ਲੈਂਦਾ ਹੈ। ਇਹ ਅੰਕੜਾ 1 ਮਿਲੀਅਨ ਦੇ ਨੇੜ ਪਹੁੰਚ ਗਿਆ ਹੈ। ਘੱਟ ਅਤੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ 85% ਖੁਦਕੁਸ਼ੀਆਂ ਕੀਟਨਾਸ਼ਕ ਜ਼ਹਿਰ, ਨਸ਼ੀਲੇ ਵਸਤਾਂ ਦੇ ਓਵਰਡੋਜ਼, ਹਥਿਆਰ ਨਾਲ ਅਤੇ ਫਾਂਸੀ ਵਗੈਰਾ ਲਾ ਕੇ ਕਰਨਾ ਆਮ ਗੱਲ ਹੋ ਗਈ ਹੈ। ਨੌਜਵਾਨਾਂ ਤੋਂ ਲੈ ਕੇ ਹਰ ਉਮਰ ਵਿਚ ਆਤਮ-ਹੱਤਿਆ ਦਾ ਆਂਕੜਾ ਘੱਟ ਕਰਨ ਲਈ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਸਾਂਝੀ ਰਣਨੀਤੀ ਬਣਾਈ ਜਾ ਰਹੀ ਹੈ। ਵਿਸ਼ਵ ਭਰ ਵਿਚ 15-29 ਸਾਲ ਦੇ ਬੱਚਿਆਂ ਦੀ ਮੌਤ ਦਾ ਮੁੱਖ ਕਾਰਨ ਬਿਮਾਰੀ ਤੋਂ ਇਲਾਵਾ ਖੁਦਕੁਸ਼ੀ ਦਸਿਆ ਗਿਆ ਹੈ। ਕਾਫੀ ਸਮੇਂ ਤੋਂ ਸਮੱਸਿਆ ਦਾ ਹੱਲ ਲੱਭਣ ਦੇ ਯਤਨ ਕੀਤੇ ਜਾ ਰਹੇ ਹਨ। 50 ਸਾਲ ਤੋਂ ਵੱਧ ਉਮਰ ਦੇ ਲੋਕ ਖੁਦਕੁਸ਼ੀ ਮਾਨਸਿਕ ਕਮਜ਼ੋਰੀ ਅਤੇ ਜ਼ਿਆਦਾ ਸਟ੍ਰੈਸ ਕਰਕੇ ਕਰਦੇ ਹਨ।

ਪਰਿਵਾਰ ਵਿਚ ਲਗਾਤਾਰ ਕਲੇਸ਼ ਰਹਿਣਾ, ਕੰਮਕਾਜ ਨਾ ਰਹਿਣਾ, ਵਪਾਰ ਵਿਚ ਘਾਟਾ, ਹੋਰ-ਹੋਰ ਦੀ ਪ੍ਰਾਪਤੀ ਲਈ ਲਾਲਚ, ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ, ਅਤੇ ਮਾਡਰਨ ਲਾਈਫਸਟਾਈਲ ਸਟ੍ਰੈੱਸ ਇਨਸਾਨ ਨੂੰ ਖੁਦਕੁਸ਼ੀ ਦੇ ਰਸਤੇ 'ਤੇ ਲੈ ਕੇ ਜਾ ਰਿਹਾ ਹੈ।

ਆਤਮਹੱਤਿਆ ਆਪਣੇ ਆਪ ਵਿਚ ਮਾਨਸਿਕ ਬਿਮਾਰੀ ਨਹੀਂ ਹੈ ਬਲਕਿ ਇਲਾਜਯੋਗ ਮਾਨਸਿਕ ਵਿਗਾੜਾਂ ਦਾ ਇੱਕ ਸੰਭਾਵਿਤ ਗੰਭੀਰ ਨਤੀਜਾ ਹੈ। ਜਿਸ ਵਿਚ ਪ੍ਰਮੁੱਖ ਤਣਾਅ, ਬਾਈਪੋਲਰ ਡਿਸਆਰਡਰ, ਸਦਮੇ ਤੋਂ ਬਾਅਦ ਦੇ ਤਣਾਅ ਵਿਕਾਰ, ਬਾਰਡਰ ਲਾਈਨ ਸ਼ਖਸੀਅਤ ਵਿਗਾੜ, ਸ਼ਾਈਜ਼ੋਫਰਨੀਆ, ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ, ਅਤੇ ਖਾਣ ਦੀਆਂ ਬਿਮਾਰੀਆਂ ਬਲੀਮੀਆ ਅਤੇ ਐਨੋਰੈਕਸੀ ਆਨਰਵੋਸਾ ਵਗੈਰਾ ਸ਼ਾਮਿਲ ਹਨ।

- ਡਬਲਯੂਐਚਓ ਨੇ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ਾਂ ਨੂੰ ਆਪਸੀ ਤਾਲਮੇਲ ਨਾਲ ਸਿਹਤ ਦੇ ਨਾਲ-ਨਾਲ ਰੁਜ਼ਗਾਰ, ਅਦਾਲਤੀ ਨਿਆਂ, ਸਿੱਖਿਆ ਅਤੇ ਸਮਾਜ ਭਲਾਈ ਦੇ ਖੇਤਰ ਵਿਚ ਉੱਚ ਪੱਧਰੀ ਵਚਨਬੱਧਤਾ ਬਰਕਰਾਰ ਰੱਖਣ ਦੀ ਸਿਫਾਰਿਸ਼ ਕੀਤੀ ਹੈ।
- ਵਿਸ਼ਵ ਭਰ ਵਿਚ ਡਬਲਯੂਐਚਓ ਮਾਨਸਿਕ ਸਿਹਤ ਐਕਸ਼ਨ ਪਲਾਨ ਮੁਤਾਬਿਕ ਇਸ ਦਿਨ ਆਤਮਹੱਤਿਆ ਅਤੇ ਖੁਦਕੁਸ਼ੀ ਰੋਕਥਾਮ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸਾਂਝੇ ਕਦਮ ਚੁੱਕਣ ਦਾ ਮੌਕਾ ਦਿੰਦਾ ਹੈ।




- ਡਬਲਯੂਐਚਓ ਦੇ ਮੈਂਬਰ ਦੇਸ਼ਾਂ ਨੇ ਆਤਮਹੱਤਿਆ ਦੀ ਦਰ ਘਟਾਉਣ ਲਈ ਆਪਣੇ ਆਪ ਨੂੰ ਵਿਸ਼ਵ ਪੱਧਰ 'ਤੇ ਇੱਕ ਪਹਿਲ ਦੀ ਸ਼ਕਲ ਵਿਚ ਸੇਵਾ ਪ੍ਰਬੰਧਾਂ ਦਾ ਵਿਸਥਾਰ ਕਰਨ ਅਤੇ ਟੀਚੇ ਵੱਲ ਕੰਮ ਕਰਨ ਲਈ ਤਕਨੀਕੀ ਖੋਜ ਲਈ ਵਚਨਬੱਧ ਕੀਤਾ ਹੈ।
- ਖੁਦਕੁਸ਼ੀ ਦੇ ਚਿਤਾਵਨੀ ਸੰਕੇਤਾਂ ਯਾਨਿ ਵਧ ਰਹੀ ਮਾਨਸਿਕ ਨਿਰਾਸ਼ਾ ਦੀ ਭਾਵਨਾ ਦੀ ਪਛਾਣ ਕਰਨ ਵਿਚ ਪਰਿਵਾਰ, ਦੋਸਤ, ਸਮਾਜ ਅਤੇ ਸਰਕਾਰ ਦੇ ਆਪਸੀ ਸਹਿਯੋਗ ਦੀ ਲੋੜ ਹੈ।

ਖੁਦਕੁਸ਼ੀ ਦੇ ਚਿਤਾਵਨੀ ਸੰਕੇਤ ਜਿਵੇਂ: ਨਸ਼ਿਆਂ ਦੀ ਦੁਰਵਰਤੋਂ, ਵਧ ਰਹੇ ਤਲਾਕ, ਜ਼ਿਆਦਾ ਉਦਾਸੀ ਵਾਲੀ ਮਨੋਦਸ਼ਾ, ਭਵਿੱਖ ਪ੍ਰਤੀ ਲੰਬੇ ਸਮੇਂ ਤੱਕ ਰਹਿਣ ਵਾਲੀ ਉਦਾਸੀ, ਇਕੱਲਾਪਨ, ਬਦਲ ਰਹੀ ਮਨੋਦਸ਼ਾ, ਅਚਾਨਕ ਗੁੱਸਾ, ਨਿਰਾਸ਼ਾ, ਨੈਗੇਟਿਵ ਸੋਚ, ਹੀਣ ਭਾਵਨਾ, ਅਚਾਨਕ ਸ਼ਾਂਤੀ, ਸਵੈ-ਨੁਕਸਾਨਦੇਹ ਵਿਹਾਰ, ਸਰੀਰਕ ਤੇ ਮਾਨਸਿਕ ਬਿਮਾਰੀਆਂ ਵਗੈਰਾ ਚੰਗੇ ਭਲੇ ਨੂੰ ਆਤਮ ਹੱਤਿਆ ਦਾ ਫੈਸਲਾ ਲੈਣ ਨੂੰ ਮਜਬੂਰ ਕਰ ਦਿੰਦੀ ਹੈ। ਆਤਮ-ਹੱਤਿਆ ਦੀ ਹਰ ਧਮਕੀ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

**ਨੋਟ:** ਜ਼ਿੰਦਗੀ ਬੜੀ ਕੀਮਤੀ ਹੈ। ਵਕਤ ਨਾਲ ਬਦਲ ਕੇ ਮਾਨਸਿਕ ਪ੍ਰੇਸ਼ਾਨੀ ਦੀ ਹਾਲਤ ਵਿਚ ਹਮੇਸ਼ਾ ਆਪਣੇ ਪਰਿਵਾਰ, ਦੋਸਤ-ਮਿੱਤਰਾਂ ਅਤੇ ਸਮਾਜ ਦਾ ਕਮਿਊਨਿਟੀ ਅਤੇ ਚੰਗਾ ਕੰਮ ਕਰਨ ਵਾਲੀਆਂ ਸੰਸਥਾਵਾਂ ਦੇ ਆਪਸੀ ਸਹਿਯੋਗ ਨਾਲ ਖਿਆਲ ਰੱਖੋ। ਤੇਜ਼ ਰਫਤਾਰ ਜ਼ਿੰਦਗੀ ਦੌਰਾਨ ਹਰ ਆਦਮੀ ਨੂੰ ਆਪਣੇ ਅੰਦਰ ਆਤਮ-ਵਿਸ਼ਵਾਸ ਬਰਕਰਾਰ ਰੱਖ ਕੇ ਮੁਸੀਬਤਾਂ ਦਾ ਡਟ ਕੇ ਮੁਕਾਬਲਾ ਕਰਨ ਦੀ ਆਦਤ ਪਾ ਲੈਣੀ ਚਾਹੀਦੀ ਹੈ। ਲੋੜ ਪੈਣ 'ਤੇ ਪ੍ਰੋਫੈਸ਼ਨਲ ਦੀ ਸਲਾਹ ਜ਼ਰੂਰ ਲਵੋ ਅਤੇ ਆਪਣੇ ਆਪ ਨੂੰ ਸੰਭਾਲੋ। ਸਰਕਾਰੀ ਗੈਰ-ਸਰਕਾਰੀ ਸੰਸਥਾਵਾਂ, ਆਪਣੇ ਪਰਿਵਾਰ, ਦੋਸਤ-ਮਿੱਤਰਾਂ ਨਾਲ ਖੁੱਲ੍ਹ ਕੇ ਸਮੱਸਿਆ ਬਾਰੇ ਗੱਲਬਾਤ ਕਰ ਕੇ ਆਪਣੀ ਅਨਮੋਲ ਜ਼ਿੰਦਗੀ ਨੂੰ ਬਚਾਓ।

---

# ਸਭ ਤੋਂ ਸੂਝਵਾਨ ਭਾਰਤੀ ਦੇ ਦਰਸ਼ਨ



**ਰਾਮਚੰਦਰ ਗੁਹਾ**

ਜਿਸ ਭਾਰਤੀ ਵਿਦਵਾਨ ਨੂੰ ਮੈਂ ਸਭ ਤੋਂ ਵੱਧ ਪਸੰਦ ਕਰਦਾ ਹਾਂ, ਉਹ ਹੈ ਪ੍ਰੋਫੈਸਰ ਆਂਦਰੇ ਬੇਤਈ ਜੋ ਆਉਣ ਵਾਲੀ 15 ਸਤੰਬਰ ਨੂੰ ਆਪਣਾ 90ਵਾਂ ਜਨਮ ਦਿਨ ਮਨਾਵੇਗਾ। ਉਹ ਬੰਗਾਲ 'ਚ ਜੰਮਿਆ-ਪਲਿਆ, ਕਲਕੱਤਾ ਯੂਨੀਵਰਸਿਟੀ 'ਚ ਐਮ.ਏ. ਕਰਨ ਤੋਂ ਬਾਅਦ ਦਿੱਲੀ ਆ ਗਿਆ ਤੇ ਉਦੋਂ ਤੋਂ ਉੱਥੇ ਹੀ ਰਹਿ ਰਿਹਾ ਹੈ। ਚਾਰ ਦਹਾਕੇ ਉਸ ਨੇ ਦਿੱਲੀ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਵਿਚ ਪੜ੍ਹਾਇਆ ਅਤੇ ਨਾਲ ਹੀ ਕਈ ਕਿਤਾਬਾਂ ਤੇ ਲੇਖ ਵੀ ਲਿਖੇ। ਆਪਣੀ ਸੇਵਾਮੁਕਤੀ ਤੋਂ ਬਾਅਦ ਪ੍ਰੋਫੈਸਰ ਬੇਤਈ ਨੇ ਅਸ਼ੋਕਾ ਯੂਨੀਵਰਸਿਟੀ ਦੇ ਪਹਿਲੇ ਚਾਂਸਲਰ ਵਜੋਂ ਵੀ ਸੇਵਾਵਾਂ ਦਿੱਤੀਆਂ ਤੇ ਨਾਲ ਹੀ ਖੋਜ ਪੱਤਰ ਵੀ ਪ੍ਰਕਾਸ਼ਿਤ ਕਰਦਾ ਰਿਹਾ। ਇਸ ਦੇ ਨਾਲ ਹੀ ਉਸ ਨੇ ਆਪਣੀ ਜਵਾਨੀ ਤੇ ਸਿੱਖਿਆ ਕਾਲ ਬਾਰੇ ਇੱਕ ਦਿਲਕਸ਼ ਬਿਰਤਾਂਤ ਵੀ ਲਿਖਿਆ।

ਆਂਦਰੇ ਬੇਤਈ, ਅੱਧਾ ਫਰਾਂਸੀਸੀ ਤੇ ਅੱਧਾ ਬੰਗਾਲੀ, ਪਰ ਪੂਰਾ ਭਾਰਤੀ ਹੈ। ਉਹ ਆਪਣੇ ਮੁਲਕ ਨੂੰ ਜਿਸ ਤਰ੍ਹਾਂ ਪਿਆਰ ਕਰਦਾ ਹੈ ਓਵੇਂ ਬੰਗਾਲੀ ਬੁੱਧੀਜੀਵੀ ਕਦੇ-ਕਦਾਈਂ ਹੀ ਕਰਦੇ ਹਨ। ਬੰਗਾਲੀ ਬਿਲਕੁਲ ਸੰਕੋਚੀ ਨਹੀਂ ਹੁੰਦੇ; ਬਸ ਜਦ ਉਹ ਦੂਜਿਆਂ 'ਚ ਰੁਚੀ ਲੈਂਦੇ ਹਨ ਤਾਂ ਇਹ ਬਾਕੀ ਭਾਰਤੀਆਂ ਵਰਗਾ ਨਹੀਂ ਲੱਗਦਾ। ਮੈਂ ਇੱਕ ਵਾਰ (ਅਖ਼ਬਾਰ 'ਚ) ਮਜ਼ਾਕ ਨਾਲ ਕਿਹਾ ਸੀ ਕਿ ਮਸ਼ਹੂਰ ਬੰਗਾਲੀਆਂ ਕੋਲ ਦੋ ਨਾਗਰਿਕਤਾਵਾਂ ਹੁੰਦੀਆਂ ਹਨ। ਇਸ ਤਰ੍ਹਾਂ ਨੀਰਦ ਸੀ. ਚੌਧਰੀ ਬੰਗਾਲੀ ਤੇ ਅੰਗਰੇਜ਼ ਸੀ; ਸਤਿਆਜੀਤ ਰੇਅ ਬੰਗਾਲੀ ਤੇ ਫਰਾਂਸੀਸੀ; ਜਯੋਤੀ ਬਾਸੂ ਬੰਗਾਲੀ ਤੇ ਰੂਸੀ; ਚਾਰੂ ਮਜ਼ੂਮਦਾਰ (ਨਕਸਲਵਾਦੀ ਨੇਤਾ) ਬੰਗਾਲੀ ਤੇ ਚੀਨੀ। ਮੈਂ ਨਾਲ ਹੀ ਜੋੜਿਆ ਸੀ ਕਿ ਰਾਬਿੰਦਰਨਾਥ ਟੈਗੋਰ ਸ਼ਾਇਦ ਅਜਿਹਾ ਆਖ਼ਰੀ ਉੱਘਾ ਬੰਗਾਲੀ ਰਿਹਾ ਹੈ ਜੋ ਬੰਗਾਲੀ ਤੇ ਭਾਰਤੀ, ਦੋਵੇਂ ਬਣ ਕੇ ਰਿਹਾ।

ਟੈਗੋਰ ਵਾਂਗ, ਪ੍ਰੋਫੈਸਰ ਬੇਤਈ ਸੰਸਾਰ ਬਾਰੇ ਜਗਿਆਸਾ ਰੱਖਣ ਦੇ ਨਾਲ ਨਾਲ ਬਾਕੀ ਭਾਰਤ ਬਾਰੇ ਵੀ ਉਤਸੁਕਤਾ ਰੱਖਦਾ ਸੀ। ਉਸ ਨੇ ਆਪਣਾ ਡਾਕਟਰੇਟ ਦਾ ਖੋਜ ਕਾਰਜ ਤਾਮਿਲ ਭੂਮੀ ਦੇ ਧੁਰ ਅੰਦਰ ਜਾ ਕੇ ਤੰਜਾਵੂਰ 'ਚ ਕੀਤਾ। ਉਸ ਦੇ ਆਪਣੇ ਖੋਜਾਰਥੀਆਂ 'ਚ ਬੰਬੇ ਦਾ ਇੱਕ ਬੰਗਾਲੀ, ਜਮਸ਼ੇਦਪੁਰ ਦਾ ਇੱਕ ਤਾਮਿਲ, ਲੱਦਾਖ 'ਤੇ ਕੰਮ ਕਰਨ ਵਾਲਾ ਇੱਕ ਕੰਨੜੀਗਾ, ਤੇ ਕਰਨਾਟਕ ਉੱਤੇ ਕੰਮ ਕਰਨ ਵਾਲਾ ਇੱਕ ਪੰਜਾਬੀ ਸ਼ਾਮਲ ਸਨ। ਨਿੱਜੀ ਤੌਰ 'ਤੇ, ਉਹ ਆਪਣੇ ਮਾਰਕਸ ਤੇ ਆਪਣੇ ਵੈੱਬਰ, ਆਪਣੇ ਇਵਾਨਜ਼-ਪ੍ਰਿਚਰਡ ਤੇ ਆਪਣੇ ਲੇਵੀ ਸਟ੍ਰਾਸ ਤੇ ਆਪਣੇ ਨਹਿਰੂ ਤੇ ਆਪਣੇ ਅੰਬੇਡਕਰ ਨੂੰ ਵੀ ਜਾਣਦਾ ਸੀ।



ਆਪਣੀ ਕਿਤਾਬ 'ਡੈਮੋਕਰੈਟਸ ਐਂਡ ਡਾਇਸੈਂਟਰਸ' ਵਿਚ ਮੈਂ ਪ੍ਰੋਫੈਸਰ ਬੇਤਈ ਦੇ ਵਿਦਵਤਾ ਨੂੰ ਬੇਮਿਸਾਲ ਯੋਗਦਾਨ ਬਾਰੇ ਵਿਸਤਾਰ ਵਿਚ ਲਿਖਿਆ ਹੈ। ਇੱਥੇ ਮੈਂ ਥੋੜ੍ਹਾ ਵੱਧ ਨੇੜਿਓਂ ਲਿਖਣਾ ਚਾਹਾਂਗਾ ਕਿ ਸਾਡੀ ਦੋਸਤੀ ਦਾ ਮੇਰੇ ਲਈ ਕੀ ਮਤਲਬ ਹੈ। ਮੈਂ ਪਹਿਲੀ ਵਾਰ ਉਸ ਨੂੰ 1988 ਵਿਚ ਮਿਲਿਆ ਸੀ; ਤੇ ਉਦੋਂ ਤੋਂ ਹੀ ਅਸੀਂ ਸੰਪਰਕ ਵਿਚ ਹਾਂ। ਉਸ ਦੀਆਂ ਲਿਖਤਾਂ ਤੇ ਸਾਡੀਆਂ ਗੱਲਾਂਬਾਤਾਂ ਨੇ ਇਸ ਚੀਜ਼ 'ਤੇ ਗਹਿਰਾ ਅਸਰ ਪਾਇਆ ਹੈ ਕਿ ਮੈਂ ਆਪਣੇ ਮੁਲਕ ਬਾਰੇ ਕਿਵੇਂ ਸੋਚਦਾ ਹਾਂ ਤੇ ਇਸ ਨੇ ਮੇਰੇ ਕੰਮ ਨੂੰ ਵੀ ਕਾਫ਼ੀ ਪ੍ਰਭਾਵਿਤ ਕੀਤਾ ਹੈ।

ਮੈਂ ਇੱਕ ਵਾਰ ਆਂਦਰੇ ਬੇਤਈ ਨੂੰ 'ਭਾਰਤ ਦਾ ਸਭ ਤੋਂ ਬੁੱਧੀਮਾਨ ਵਿਅਕਤੀ' ਕਿਹਾ ਸੀ, ਖ਼ਾਸ ਤੌਰ 'ਤੇ ਇਹ ਉਤਾਵਲੇਪਣ 'ਚ ਕੀਤਾ ਗਿਆ ਨਿਤਾਰਾ ਸੀ। ਉਸ ਵੱਲ ਮੇਰੀ ਖਿੱਚ ਕਿਉਂ ਸੀ, ਦੱਸਣ ਦੀ ਲੋੜ ਨਹੀਂ ਜਾਪਦੀ। ਪਰ ਉਸ ਨੇ ਮੇਰੇ ਸਨੇਹ ਦਾ ਜਵਾਬ ਪ੍ਰੇਮ ਨਾਲ ਹੀ ਕਿਉਂ ਦਿੱਤਾ? ਇਹ ਸ਼ਾਇਦ ਇਸ ਕਰ ਕੇ ਕਿ ਮੇਰਾ ਬੌਧਿਕ ਸਫ਼ਰ ਉਸ ਦੇ ਰਾਹਾਂ ਤੋਂ ਬਹੁਤ ਵੱਖਰਾ ਹੈ। ਅਸੀਂ ਜਦ ਪਹਿਲੀ ਵਾਰ ਮਿਲੇ, ਉਹ ਇੱਕੋ ਨੌਕਰੀ 'ਚ ਤੀਹ ਸਾਲ ਪੂਰੇ ਕਰ ਚੁੱਕਾ ਸੀ; ਮੈਂ ਸੱਤ ਸਾਲਾਂ 'ਚ ਆਪਣੀ ਚੌਥੀ ਨੌਕਰੀ ਕਰ ਰਿਹਾ ਸੀ। ਮੈਂ ਉਤੇਜਨਾ ਨਾਲ ਭਰਿਆ ਹੋਇਆ ਸੀ ਤੇ ਬਿਨਾਂ ਸੋਚ-ਵਿਚਾਰ ਵਿਆਪਕੀਕਰਨ ਪ੍ਰਤੀ ਝੁਕਾਅ ਰੱਖਦਾ ਸੀ; ਉਹ ਸ਼ਾਂਤ ਚਿਤ ਸੀ, ਸਵਾਲ ਦੇ ਸਾਰੇ ਪੱਖਾਂ ਨੂੰ ਘੋਖ ਕੇ ਕੋਈ ਫ਼ੈਸਲਾ ਸੁਣਾਉਂਦਾ ਸੀ। ਮੈਂ ਸਾਥੀ ਵਿਦਵਾਨਾਂ ਨਾਲ ਵਾਦ-ਵਿਵਾਦ 'ਚ ਪੈਣ ਵਿਚ ਯਕੀਨ ਰੱਖਦਾ ਸੀ; ਉਹ ਹਮੇਸ਼ਾ ਕਾਬੂ 'ਚ ਰਹਿੰਦਾ, ਭਾਵੇਂ ਗੱਲਬਾਤ 'ਚ ਹੋਵੇ ਜਾਂ ਪ੍ਰਿੰਟ 'ਚ। ਨੌਜਵਾਨ ਖੋਜਾਰਥੀ ਵਜੋਂ ਮੈਂ ਮਿਜ਼ਾਜ ਪੱਖੋਂ ਆਂਦਰੇ ਨਾਲੋਂ ਬਿਲਕੁਲ ਅਲੱਗ ਸੀ, ਸ਼ਾਇਦ ਇਸ ਲਈ ਆਂਦਰੇ ਮੇਰੇ ਨਾਲ ਬਹੁਤ ਵਧੀਆ ਰਚ-ਮਿਚ ਗਿਆ। ਇਹ ਫ਼ਰਕ ਉਸ ਨੂੰ ਭਾਅ ਗਿਆ; ਤੇ ਸ਼ਾਇਦ ਸਾਡੀ ਗੱਲਬਾਤ ਨੂੰ ਚਮਕ ਤੇ ਉਤਸ਼ਾਹ ਦੇ ਗਿਆ।

ਮੈਂ ਕਈ ਸਾਲਾਂ ਤੋਂ ਆਪਣੀਆਂ ਕਿਤਾਬਾਂ ਵਿਚ ਆਂਦਰੇ ਬੇਤਈ ਦੀਆਂ ਪ੍ਰਕਾਸ਼ਿਤ ਲਿਖਤਾਂ ਦਾ ਹਵਾਲਾ ਦਿੰਦਾ ਆ ਰਿਹਾ ਹਾਂ ਅਤੇ ਗੱਲਾਂ-ਬਾਤਾਂ ਦਾ ਜ਼ਿਕਰ ਮੇਰੇ ਕਾਲਮਾਂ ਤੇ ਵਿਚਾਰ-ਚਰਚਾਵਾਂ ਵਿਚ ਕਰਦਾ ਰਿਹਾ ਹਾਂ। ਉਦੋਂ ਹਾਲੇ ਰਾਜੀਵ ਗਾਂਧੀ ਜਿਊਂਦੇ ਸਨ ਜਦ ਆਂਦਰੇ ਨੇ ਮੈਨੂੰ ਕਿਹਾ ਸੀ ਕਿ ਜਵਾਹਰਲਾਲ ਨਹਿਰੂ ਦੀ ਮਰਨ ਤੋਂ ਬਾਅਦ ਬਣੀ ਸਾਖ ਨੇ ਬਾਈਬਲ ਦੇ ਮਸ਼ਹੂਰ ਸੰਦੇਸ਼ ਨੂੰ ਪੁੱਠਾ ਪਾ ਦਿੱਤਾ ਹੈ। ਇਸ ਮਾਮਲੇ 'ਚ ਪਿਤਾ ਦੇ ਪਾਪਾਂ ਦਾ ਸਾਇਆ ਉਸ ਦੇ ਬੱਚਿਆਂ ਤੇ ਪੋਤੇ-ਪੋਤੀਆਂ ਉੱਤੇ ਪੈਣ ਦੀ ਬਜਾਏ, ਧੀ ਤੇ ਦੋਹਤੇ ਦੇ ਪਾਪ ਅਤੀਤ ਵੱਲ ਨੂੰ ਜਾ ਕੇ ਪਿਤਾ ਦੇ ਗਲ਼ ਪੈ ਗਏ ਹਨ। ਇਹ ਕਹਿਣ ਦਾ ਅਰਥ ਹੈ ਕਿ ਜਿਹੜਾ ਬੇਮਿਸਾਲ ਯੋਗਦਾਨ ਨਹਿਰੂ ਨੇ ਗਣਰਾਜ ਦੀ ਉਸਾਰੀ ਵਿਚ ਪਾਇਆ ਸੀ, ਅਗਾਂਹ ਉਸ ਦੇ ਵੰਸ਼ਜਾਂ ਦੀਆਂ ਗ਼ਲਤੀਆਂ ਨੇ ਇਸ ਨੂੰ ਮਲੀਨ ਕਰ ਕੇ ਗੁਮਨਾਮ ਬਣਾ ਦਿੱਤਾ। ਪਹਿਲਾਂ ਸੋਨੀਆ ਗਾਂਧੀ ਤੇ ਫੇਰ ਰਾਹੁਲ ਗਾਂਧੀ ਦੇ ਸਿਆਸਤ ਵਿਚ ਦਾਖਲ ਹੋਣ 'ਤੇ, ਆਂਦਰੇ ਬੇਤਈ ਦੀਆਂ ਟਿੱਪਣੀਆਂ ਵਿਚਲੀ ਸਮਝ ਹੋਰ ਵੀ ਪ੍ਰਤੱਖ ਹੋ ਗਈ ਹੈ। ਹੁਣ ਤੱਕ ਮੈਂ ਇਸ ਨੂੰ ਘੱਟੋ-ਘੱਟ ਦਰਜਨ ਵਾਰ ਹਵਾਲਿਆਂ ਨਾਲ ਲੋਕਾਂ ਅੱਗੇ ਵਰਤ ਚੁੱਕਾ ਹਾਂ।

ਆਂਦਰੇ ਲਗਾਤਾਰ ਪ੍ਰੈੱਸ ਲਈ ਲਿਖਦਾ ਰਿਹਾ ਅਤੇ ਉਸ ਨੇ ਵਿਲੱਖਣ ਭਾਸ਼ਣ ਵੀ ਦਿੱਤੇ। ਪਰ ਉਹ ਖ਼ੁਦ ਨੂੰ ਖੋਜਾਰਥੀ ਵਜੋਂ ਦੇਖਦਾ ਸੀ ਨਾ ਕਿ 'ਪ੍ਰਚਲਿਤ ਬੁੱਧੀਜੀਵੀ' ਵਜੋਂ। ਉਹ ਕਹਿੰਦਾ ਸੀ ਕਿ ਜਿਹੜੇ ਸਵੈ-ਬਿਆਨੀ ਇਕਬਾਲ ਕਰਨਾ ਪਸੰਦ ਕਰਦੇ ਸਨ, ਉਹ ਆਮ ਤੌਰ 'ਤੇ 'ਪ੍ਰਚਲਿਤ' ਵੱਧ ਤੇ 'ਵਿਦਵਾਨ' ਘੱਟ ਹੁੰਦੇ ਹਨ। ਉਸ ਨੇ ਇੱਕ ਵਾਰ ਮੈਨੂੰ ਦੱਸਿਆ ਸੀ ਕਿ 'ਮੀਡੀਆ ਪ੍ਰਤੀ ਖਿੱਚ ਨਾ ਸਿਰਫ਼ ਵਿਦਵਤਾ ਦੀ ਦੁਸ਼ਮਣ ਹੈ ਸਗੋਂ ਇਹ ਨੈਤਿਕ ਇਮਾਨਦਾਰੀ ਦੀ ਵੀ ਵਿਰੋਧੀ ਹੈ।' ਉਸ ਦੀਆਂ ਕਿਤਾਬਾਂ ਤੇ ਖੋਜ ਕਾਰਜ, ਅਧਿਆਪਨ ਅਤੇ ਖੋਜਾਰਥੀਆਂ ਨੂੰ ਦਿੱਤੀ ਸੇਧ, ਉਸ ਦੇ ਕੰਮ ਨੂੰ ਪਰਿਭਾਸ਼ਿਤ ਕਰਦੇ ਹਨ, ਨਾ ਕਿ ਅਖ਼ਬਾਰਾਂ ਦੇ ਲੇਖ। ਸਮਾਜ ਸ਼ਾਸਤਰ ਸਬੰਧੀ ਉਸ ਦੀ ਆਪਣੀ ਮੁਹਾਰਤ ਨੇ ਉਸ ਨੂੰ ਕੁਝ ਸਰਕਾਰੀ ਨੀਤੀਆਂ ਦੀ ਆਲੋਚਨਾ ਕਰਨ ਦੇ ਯੋਗ ਬਣਾਇਆ ਸੀ, ਪਰ ਉਸ ਨੇ ਆਪਣੇ ਵੱਲੋਂ ਕੋਈ ਬਦਲਵੀਂ ਨੀਤੀ ਕਦੇ ਪੇਸ਼ ਨਹੀਂ ਕੀਤੀ। ਅਰਥਸ਼ਾਸਤਰੀਆਂ ਦੇ ਕੰਮ ਦੇ ਤਕਨੀਕੀ ਚਰਿੱਤਰ ਦਾ ਮਤਲਬ ਹੈ ਕਿ ਨੀਤੀਆਂ ਘੜਨ ਤੇ ਉਨ੍ਹਾਂ ਬਾਰੇ ਦੱਸਣ 'ਚ ਉਹ ਕਾਫ਼ੀ ਜ਼ਿਆਦਾ ਸਰਗਰਮ ਹੁੰਦੇ ਹਨ। ਕੁਝ ਸਮਾਜ ਸ਼ਾਸਤਰੀ ਤੇ ਇਤਿਹਾਸਕਾਰ ਸੱਤਾ 'ਚ ਆਉਂਦੇ-ਜਾਂਦੇ ਸਿਆਸਤਦਾਨਾਂ ਦੀ ਮਦਦ ਲੈ ਕੇ ਇਸ ਮਾਮਲੇ ਵਿਚ ਅਰਥਸ਼ਾਸਤਰੀਆਂ ਦੀ ਨਕਲ ਕਰਨਾ ਚਾਹੁੰਦੇ ਹਨ, ਪਰ ਆਂਦਰੇ ਅਜਿਹਾ ਨਹੀਂ। ਉਹ ਕਦੇ-ਕਦਾਈਂ ਨੀਤੀ ਵਿਸ਼ਲੇਸ਼ਣ ਵੱਲ ਤਾਂ ਜਾਂਦਾ, ਪਰ ਨੀਤੀ ਨਿਰਧਾਰਨ ਵੱਲ ਕਦੇ ਨਹੀਂ ਗਿਆ।

ਹਾਲਾਂਕਿ ਉਹ ਦੇਸ਼ ਦੀ ਰਾਜਧਾਨੀ ਵਿਚ ਰਹਿੰਦਾ ਹੈ, ਪਰ ਦਿੱਲੀ ਦੇ ਕੁਝ ਹੋਰਨਾਂ ਬੁੱਧੀਜੀਵੀਆਂ ਤੋਂ ਉਲਟ ਪ੍ਰੋਫੈਸਰ ਆਂਦਰੇ ਬੇਤਈ ਨੇ ਵੱਡੇ ਬੰਦਿਆਂ ਨਾਲ ਦੋਸਤੀ ਗੰਢਣ ਵਿਚ ਕਦੇ ਦਿਲਚਸਪੀ ਨਹੀਂ ਦਿਖਾਈ। ਉਸ ਦਾ ਕੰਮ ਬੱਸ ਖੋਜ, ਲਿਖਣ ਅਤੇ ਪੜ੍ਹਾਉਣ ਤੱਕ ਸੀਮਤ ਰਿਹਾ ਹੈ ਨਾ ਕਿ ਆਪਣੇ ਆਪ ਨੂੰ ਕਿਸੇ ਰਾਜਗੁਰੂ ਵਜੋਂ ਪੇਸ਼ ਕਰਨ ਅਤੇ ਅਕਸਰ ਕਿਸੇ ਮੰਤਰੀ ਜਾਂ ਵਿਰੋਧੀ ਧਿਰ ਦੇ ਕਿਸੇ ਆਗੂ ਨਾਲ ਕਾਨਾਫੂਸੀ ਕਰਦੇ ਰਹਿਣ ਤੱਕ। ਉਸ ਨੂੰ ਪ੍ਰਕਾਸ਼ਨ ਪਾਰਟੀਆਂ ਜਾਂ ਕੂਟਨੀਤਕ ਦਾਅਵਤਾਂ ਵਿਚ ਕਦੇ ਨਹੀਂ ਦੇਖਿਆ ਗਿਆ। ਇਹ ਗੱਲ ਨਹੀਂ ਕਿ ਉਸ ਨੂੰ ਆਪਣੇ ਕੰਮ ਤੋਂ ਸਿਵਾਏ ਹੋਰ ਕੋਈ ਸ਼ੌਕ ਨਹੀਂ ਸੀ। ਕਵਿਤਾ ਨਾਲ ਉਸ ਦਾ ਬਹੁਤ ਤੇਹ ਹੈ, ਤੇ ਉਹ ਵੀ ਤਿੰਨਾਂ ਭਾਸ਼ਾਵਾਂ ਦੀ ਕਵਿਤਾ ਵਿਚ; ਅੰਗਰੇਜ਼ੀ ਵਿਚ ਐਲੀਅਟ ਅਤੇ ਮੈਕਨੀਸ, ਫਰੈਂਚ ਵਿਚ ਮਲਾਰਮੇ ਅਤੇ ਬੰਗਾਲੀ ਵਿਚ ਟੈਗੋਰ ਅਤੇ ਜੀਬਨਾਨੰਦ ਦਾਸ।

ਆਪਣੇ ਮਿਜ਼ਾਜ ਦੇ ਮੱਦੇਨਜ਼ਰ, ਆਂਦਰੇ ਬੇਤਈ ਦਾ ਖ਼ਿਆਲ ਹੈ ਕਿ ਮੈਂ ਜਨਤਕ ਖੇਤਰ ਵਿਚ ਕਾਫ਼ੀ ਸਰਗਰਮ ਰਿਹਾ ਹਾਂ, ਇੰਨੀਆਂ ਜ਼ਿਆਦਾ ਮੁਲਾਕਾਤਾਂ ਕਰਨੀਆਂ, ਅਕਸਰ ਟੈਲੀਵਿਜ਼ਨ 'ਤੇ ਨਜ਼ਰ ਆਉਂਦੇ ਰਹਿਣਾ ਅਤੇ ਫਜ਼ੂਲ ਦੇ ਪੁਆੜਿਆਂ ਵਿਚ ਘਿਰੇ ਰਹਿਣਾ। 2012 ਦੀਆਂ ਗਰਮੀਆਂ ਵਿਚ ਮੇਰੇ ਨਾਲ ਇੱਕ ਸੜਕ ਹਾਦਸਾ ਹੋ ਗਿਆ ਸੀ ਜਿਸ ਵਿਚ ਮੇਰੀਆਂ ਕਈ ਥਾਵਾਂ ਤੋਂ ਹੱਡੀਆਂ ਟੁੱਟ ਗਈਆਂ ਸਨ ਅਤੇ ਇਲਾਜ ਲਈ ਕਈ ਮਹੀਨੇ ਮੈਨੂੰ ਬਿਸਤਰੇ 'ਤੇ ਲੇਟਣਾ ਪਿਆ ਸੀ। ਹਾਦਸੇ ਦੀ ਖ਼ਬਰ ਸੁਣ ਕੇ ਉਸ ਨੇ ਮੈਨੂੰ ਲਿਖਿਆ: 'ਮੇਰਾ ਖ਼ਿਆਲ ਹੈ ਕਿ ਇਹ ਹਾਦਸਾ ਤੁਹਾਡੇ ਲਈ ਗੁੱਝੇ ਰੂਪ ਵਿਚ ਇੱਕ ਵਰਦਾਨ ਬਣ ਕੇ ਆਇਆ ਹੈ'। ਉਸ ਨੇ ਈ-ਮੇਲ ਵਿਚ ਅਗਾਂਹ ਲਿਖਿਆ:

**(ਬਾਕੀ ਸਫਾ 27 'ਤੇ)**

# ਮੇਰੀ ਮਿੱਟੀ ਮੇਰੇ ਲੋਕ

**'ਮੇਰੀ ਮਿੱਟੀ ਮੇਰੇ ਲੋਕ' ਦੇ ਲੇਖਕ ਬਲਦੇਵ ਸਿੰਘ ਚੱਕ ਸਕੰਦਰ ਨੇ ਉਨ੍ਹਾਂ ਪਲਾਂ ਦੀ ਦਾਸਤਾਨ ਸੁਣਾਈ ਹੈ ਜਿਹੜੇ ਜ਼ਿੰਦਗੀ ਵਿਚ ਬਿਨਾਂ ਕੁੰਡਾ ਖੜਕਾਏ ਤੁਹਾਡੇ ਸਿਰਹਾਣੇ ਆਣ ਖਲੋਂਦੇ ਹਨ। ਇਨ੍ਹਾਂ ਪਲਾਂ ਨਾਲ ਤੁਸੀਂ ਐਨ ਉਸੇ ਵਕਤ ਨਜਿੱਠਣਾ ਹੁੰਦਾ ਹੈ। ਇਹ ਉਹ ਮਰਹੱਲੇ ਹੁੰਦੇ ਹਨ ਜਿਨ੍ਹਾਂ ਨੇ ਮੁੜ ਕਦੀ ਵੀ ਨਹੀਂ ਆਉਣਾ ਹੁੰਦਾ; ਹਾਂ, ਇਨ੍ਹਾਂ ਪਲਾਂ ਦੀਆਂ ਯਾਦਾਂ ਤੁਹਾਡੀ ਜ਼ਿੰਦਗੀ ਦਾ ਸਰਮਾਇਆ ਜ਼ਰੂਰ ਹੋ ਨਿਬੜਦੀਆਂ ਹਨ।**

ਜਿਵੇਂ ਰੇਗਿਸਤਾਨਾਂ ਵਿਚ ਮੀਲਾਂ ਪੱਸਰੀ ਬਰਾਨੀ ਜ਼ਮੀਨ 'ਤੇ ਕੋਈ ਇਕੱਲਾ ਵੱਖਰਾ ਰੁੱਖ ਨਜ਼ਰ ਆਉਂਦਾ ਹੈ, ਜਿਵੇਂ ਜੰਗਲਾਂ ਨਾਲ ਲੱਦੇ ਪਹਾੜਾਂ ਦੇ ਦੂਰ ਪਿੱਛੇ ਚਿੱਟੀ ਸਫੈਦ ਬਰਫ ਨਾਲ ਢਕੀ ਅਸਮਾਨ ਛੂੰਹਦੀ ਚੋਟੀ ਨਜ਼ਰ ਆਉਂਦੀ ਹੈ, ਜਿਵੇਂ ਕਾਲ਼ੀ ਗੂੜ੍ਹੀ ਰਾਤ ਨੂੰ ਤਾਰਿਆਂ ਨਾਲ ਭਰੇ ਅੰਬਰ ਵਿਚ ਪੁੰਨਿਆ ਦਾ ਚੰਨ ਨਜ਼ਰ ਆਉਂਦਾ ਹੈ, ਉਂਝ ਹੀ ਜ਼ਿੰਦਗੀ ਦੇ ਹਜ਼ਾਰਾਂ ਆਮ ਅਣਗੌਲ਼ੇ ਭੋਲੇ ਦਿਨਾਂ ਵਿਚੋਂ ਕੁਝ ਦਿਨ ਨਜ਼ਰ ਆਉਂਦੇ ਹਨ ਜੋ ਬਿਰਤੀ 'ਤੇ ਏਦਾਂ ਉਕਰੇ ਜਾਂਦੇ ਹਨ ਕਿ ਮਿਟਾਇਆਂ ਨਹੀਂ ਮਿੱਟਦੇ, ਭੁਲਾਇਆਂ ਨਹੀਂ ਭੁਲਦੇ। ਇਕ ਉਮਰ ਇਨ੍ਹਾਂ ਦਿਨਾਂ ਤੋਂ ਪਹਿਲਾਂ ਹੁੰਦੀ ਹੈ ਤੇ ਇਕ ਇਨ੍ਹਾਂ ਦੇ ਝੱਟ ਬਾਅਦ। ਸਭ ਕੁਝ ਬਦਲ ਜਾਂਦਾ ਹੈ, ਸੰਨ ਸੰਤਾਲੀ ਵਾਂਗ, ਵਿਦੇਸ਼ਾਂ ਨੂੰ ਉਡੀ ਉਡਾਣ ਵਾਂਗ, ਮਾਂ ਦੇ ਚਾਣਚੱਕ ਤੁਰ ਜਾਣ ਵਾਂਗ। ਨਿੱਜੀ ਇਤਿਹਾਸ ਦੇ ਮੀਲ ਪੱਥਰ, ਉਂਗਲ਼ਾਂ 'ਤੇ ਗਿਣੇ ਜਾਣ ਜੋਗੇ ਇਹ ਦਿਨ ਸਾਡੇ ਆਪਣੇ ਯੁੱਧ ਜਾਂ ਜਸ਼ਨ ਹੁੰਦੇ ਹਨ

**ਬਲਦੇਵ ਸਿੰਘ ਚੱਕ ਸਕੰਦਰ**
**ਈਮੇਲ:**
baldevsinghaulakh1956@gmail.com

ਜੋ ਜ਼ਿੰਦਗੀ ਦਾ ਬਿਰਤਾਂਤ ਘੜੀ ਰੱਖਦੇ ਹਨ। ਅਸੀਂ ਇਨ੍ਹਾਂ ਦਿਨਾਂ ਦੁਆਲ਼ੇ ਘੁੰਮਦੇ, ਦਿਨ-ਬ-ਦਿਨ ਓਝਲ ਹੁੰਦੀਆਂ ਯਾਦਾਂ ਤੋਂ ਮਿੱਟੀ ਝਾੜਦੇ, ਜੀਂਦੇ ਹੋਣ ਦਾ ਭਰਮ ਪਾਲ਼ਦੇ, ਰਗਾਂ ਵਿਚ ਬਦੋਬਦੀ ਖ਼ੂਨ ਰਵਾਂ ਰੱਖਦੇ ਹਾਂ ਤੇ ਸਾਹਾਂ ਵਿਚ ਹਲਕੀ ਜਿਹੀ ਹਵਾ ਭਰੀ ਰੱਖਦੇ ਹਾਂ।

ਇਹੋ ਜਿਹੇ ਦਿਨਾਂ ਦੀਆਂ ਸਾਰੀਆਂ ਕਹਾਣੀਆਂ ਕਹਿ ਕਿੱਥੇ ਹੁੰਦੀਆਂ ਨੇ ਤੇ ਕੁਝ ਇਕ ਕਹੇ ਬਿਨਾਂ ਰਹਿ ਕਿੱਥੇ ਹੁੰਦੀਆਂ ਨੇ।

ਇਕ ਸਾਲ ਬੜੇ ਮੀਂਹ ਪਏ ਸੀ, ਲਗਾਤਾਰ ਹੁੰਦੀ ਕਿਣਮਿਣ-ਕਿਣਮਿਣ ਕੋਠਿਆਂ ਦੀਆਂ ਕੱਚੀਆਂ ਕੰਧਾਂ ਵਿਚ ਜੀਰ ਗਈ ਸੀ। ਕਈ ਉਪਾਅ ਕੀਤੇ, ਖਵਾਜਾ ਖਿਜਰ ਧਿਆਇਆ, ਪਲੇਠੀ ਦਾ ਹੋਣ ਕਰ ਕੇ ਮੇਰੇ ਹੱਥੋਂ ਲੋਹੇ ਦੀ ਪੰਸੇਰੀ ਬੂਹਿਓਂ ਬਾਹਰ ਸੁਟਵਾਈ ਪਰ ਮੀਂਹ ਨਾ ਮੰਨਿਆ ਸਗੋਂ ਹਟ-ਹਟ ਕੇ ਵਰ੍ਹਦਾ ਰਿਹਾ। ਘਰ ਦੇ ਚਾਰੇ ਪਾਸੇ ਪਾਣੀ ਹੀ ਪਾਣੀ। ਕਮਾਦਾਂ, ਚਰ੍ਹੀਆਂ ਵਿਚ ਲੱਕ-ਲੱਕ ਪਾਣੀ, ਝੋਨਿਆਂ ਤੇ ਕਪਾਹਾਂ ਦੇ ਉਤੋਂ ਦੀ ਪਾਣੀ, ਤਲਾਅ ਬਣੀ ਧਰਤੀ ਉਤੇ ਫਸਲਾਂ ਦੀਆਂ ਮਾੜੀਆਂ-ਮਾੜੀਆਂ ਕਰੂੰਬਲਾਂ ਹੀ ਦਿਸ ਰਹੀਆਂ ਸਨ। ਕੋਠਿਆਂ ਨਾਲ ਲੱਗਦੀ ਸਬਾਤ 'ਚੋਂ ਗਿੱਲੀਆਂ ਛਿਟੀਆਂ ਦਾ ਵਲ਼ ਵਲ਼ੇਵੇਂ ਖਾਂਦਾ ਧੂੰਆਂ ਬੂਹੇ ਬਾਰੀਆਂ ਤੇ ਲੂੰਬੀ 'ਚੋਂ ਲਗਾਤਾਰ ਉਠਦਾ, ਸਿਲ੍ਹੀ ਹਵਾ ਨੂੰ ਵੰਗਾਰਦਾ ਰਿਹਾ ਤੇ ਬੀਜੀ ਦੇ ਹੱਥਾਂ ਦਾ ਸਾਦ ਮੁਰਾਦਾ ਖਾਣਾ ਵਾਰੀ-ਵਾਰੀ ਸਾਰੇ ਟੱਬਰ ਨੂੰ ਵਰਤਦਾ ਰਿਹਾ। ਚਰ੍ਹੀਆਂ ਦੇ ਦੁੰਬ ਪਾਣੀ ਤੋਂ ਵਾਹਵਾ ਉਪਰੋਂ ਲਾਪਰ ਕੇ, ਕੁਝ ਸਾਬਤ ਤੇ ਕੁਝ ਕੁਤਰ ਕੇ, ਅਸੀਂ ਡੰਗਰਾਂ ਅੱਗੇ ਸੁੱਟਦੇ ਰਹੇ ਤੇ ਉਹ ਬੇਜ਼ਬਾਨ ਸਿਰ ਸੁੱਟ ਕੇ ਚੱਬਦੇ ਰਹੇ।

ਹਵੇਲੀ ਦੀ ਇਕ ਪਾਸੇ ਵਾਲੀ ਕੰਧ ਢਹਿ ਗਈ ਸੀ। ਪੂਰਾ ਪਿੰਡ ਓਧਰੋਂ ਦਿਸਣ ਲੱਗ ਪਿਆ ਸੀ। ਕੋਠਿਆਂ ਦੇ ਲੇਅ ਲੱਥ-ਲੱਥ ਬੂਹਿਆਂ ਅੱਗੇ ਢੇਰ ਹੋ ਗਏ। ਸੱਤਵਾਂ ਦਿਨ ਲੱਗ ਗਿਆ ਸੀ, ਝੜੀ ਨਾ ਹਟੀ, ਨਾ ਕਿਧਰੋਂ ਸੂਰਜ ਦਿਸਣ ਦੀ ਉਮੀਦ, ਨਾ ਫਰੱਕਾ ਲੱਗਣ ਦੀ। ਕਾਲੇ ਸ਼ਾਹ ਬੱਦਲ ਗਰਜਦੇ ਆਉਂਦੇ, ਹੌਲ ਜਿਹਾ ਪਾਉਂਦੇ। ਤੇਜ਼ ਵਾਛੜ ਤੇ ਠੰਢੀ ਹਵਾ ਦੇ ਬੁੱਲਿਆਂ ਨੇ ਮੱਝਾਂ ਦੇ ਪਿੰਡਿਆਂ ਨੂੰ ਲੂੰਈਂ ਕੰਡੇ ਕਰ ਦਿੱਤਾ ਸੀ। ਉਹ ਥੋੜ੍ਹੀ-ਥੋੜ੍ਹੀ ਦੇਰ ਬਾਅਦ ਖੜ੍ਹੀਆਂ ਖੜੋਤੀਆਂ ਖੱਲ ਛੰਡਦੀਆਂ, ਵਾਲਾਂ 'ਤੇ ਲਟਕੇ ਪਾਣੀ ਦੇ ਤੁਬਕੇ ਕੁਝ ਝੜ ਜਾਂਦੇ, ਫਿਰ ਬਣ ਜਾਂਦੇ। ਸੰਗਲ ਖਿੱਚ-ਖਿੱਚ ਉਹ ਕਿੱਲੇ ਪੁਟਾ-ਪੁਟਾ ਜਾਂਦੀਆਂ। ਜ਼ਮੀਨ ਪੋਲੀ ਹੋ ਗਈ ਸੀ; ਪਾਤਾਲ਼ ਦਾ ਪਾਣੀ ਉਤਾਂਹ ਆ ਗਿਆ ਸੀ। ਟੋਆ ਪੁੱਟਦਿਆਂ, ਕਿੱਲਾ ਠੋਕਦਿਆਂ ਬੁਲਬੁਲੇ ਮਾਰਦਾ ਪਾਣੀ ਬਾਹਰ ਆਉਂਦਾ।

ਭਾਊ ਤੇ ਚਾਚੇ ਹੁਰੀਂ ਸਿਰ 'ਤੇ ਬੋਰੀ ਦਾ ਕੁੱਪ ਬਣਾਉਂਦੇ, ਵਿਹੜੇ 'ਚ ਤਿਲਕਦੇ-ਤਲਕਾਉਂਦੇ ਜਾਂਦੇ, ਨਿੱਕੇ-ਨਿੱਕੇ ਕੱਟਿਆਂ ਵੱਛਿਆਂ ਨੂੰ ਠੰਢ ਤੋਂ ਬਚਾਉਣ ਲਈ ਪਿੰਡਿਆਂ 'ਤੇ ਪੱਲੀਆਂ ਬੰਨ੍ਹ ਆਉਂਦੇ, ਡ਼ਲੀ-ਡ਼ਲੀ ਗੁੜ ਚਟਾ ਆਉਂਦੇ। ਠੰਢ ਨਾਲ ਕੰਬਦੇ ਪਾਲਤੂ ਕੁੱਤੇ ਮੰਜਿਆਂ ਹੇਠਾਂ ਵੜ-ਵੜ ਨਿੱਘੀਆਂ ਨੁੱਕਰਾਂ ਲੱਭਦੇ। ਕੁੱਕੜਾਂ ਵਾਲਾ ਆਲ਼ਾ ਢਹਿ ਗਿਆ ਸੀ, ਉਹ ਕੰਧਾਂ ਕੌਲ਼ਿਆਂ ਨਾਲ ਵੱਜਦੇ ਫਿਰਦੇ। ਲਾਲ ਸੂਹੇ, ਕਾਲੇ ਚਿੱਟੇ, ਫੁੱਲੇ-ਫੁੱਲੇ ਖੰਭਾਂ ਤੇ ਉਚੀਆਂ ਨਿੱਖਰੀਆਂ ਕਲਗੀਆਂ ਵਾਲੇ ਕੁੱਕੜ ਭਿੱਜ-ਭਿੱਜ ਮਾੜਚੂ ਜਿਹੇ, ਮੁਰਝਾਏ ਜਿਹੇ ਬਿਮਾਰ ਚੂਚੇ ਲੱਗਣ ਲੱਗ ਪਏ ਸਨ। ਪੱਠਿਆਂ ਵਾਲਾ ਵੱਡਾ ਟੋਕਰਾ ਵਿਹੜੇ 'ਚ ਮੂਧਾ ਮਾਰ ਕੇ ਬੀਜੀ ਨੇ ਉਨ੍ਹਾਂ ਨੂੰ ਢਕ ਦਿੱਤਾ ਸੀ, ਉਤੇ ਪੱਲੀ ਪਾ ਕੇ ਇੱਟ ਰੱਖ ਦਿੱਤੀ ਸੀ, ਕਹਿੰਦੀ ਸੀ, 'ਇਹ ਵੀ ਤਾਂ ਰੱਬ ਦੇ ਹੀ ਜੀਅ ਨੇ'।

ਉਹ ਰਾਤ ਡਾਢੀ ਸੀ। ਮੀਂਹ ਇਕ ਮਿੰਟ ਵੀ ਨਾ ਰੁਕਿਆ। ਬਿਜਲੀ ਪਹਿਲਾਂ ਲਿਸ਼ਕਦੀ ਫਿਰ ਕੜਕਦੀ, ਇੰਝ ਲੱਗਦਾ ਸਿਰ 'ਤੇ ਹੀ ਆਣ ਡਿੱਗੀ।



ਦਿਲ ਡਹਿਲ ਜਾਂਦਾ, ਫਿਰ ਠਹਿਰ ਜਾਂਦਾ। ਕੋਠਿਆਂ ਦੀਆਂ ਕੰਧਾਂ ਫੱਟਿਆਂ ਵਾਲੀਆਂ, ਨਰਮ ਮਿੱਟੀ ਨੂੰ ਨੱਪ-ਨੱਪ ਬਣਾਈਆਂ, ਸਿੱਲ੍ਹ ਨਾਲ ਅੰਦਰੋਂ ਬਾਹਰੋਂ ਭਿੱਜੀਆਂ ਪਈਆਂ। ਭਾਊ ਬੀਜੀ ਛੱਤ ਨੂੰ, ਕੰਧਾਂ ਨੂੰ ਇਕ ਟੱਕ ਦੇਖ ਰਹੇ ਸੀ। ਲਾਲਟੈਨ ਦੇ ਨਿੰਮ੍ਹੇ ਚਾਨਣੇ ਮੈਂ ਭਾਊ ਬੀਜੀ ਦੇ ਮੂੰਹ ਵੱਲ ਦੇਖਦਾ, ਉਹ ਕੀ ਕਰਨਗੇ ਹੁਣ; ਮੇਰੇ ਨਾਲੋਂ ਛੋਟੇ ਭੈਣ ਭਰਾ ਮੇਰੇ ਮੂੰਹ ਵੱਲ ਦੇਖਦੇ, ਮੈਂ ਕੀ ਸੋਚਦਾਂ ਹੁਣ। ਸਬਾਤ ਦੀ ਪਿਛਲੀ ਕੰਧ ਪੱਕੀ ਇੱਟ ਤੇ ਅਗਲੀ ਕੱਚੀ ਇੱਟ ਦੀ ਬਣੀ ਸੀ। ਰਾਤ ਦੇ ਦੋ ਢਾਈ ਵਜੇ ਦਾ ਟਾਈਮ ਹੋਣਾ, ਭਾਊ ਕਹਿੰਦਾ, 'ਉਠੋ ਫਿਰ ਚੱਲੀਏ'।

ਮੈਂ ਆਪਣੀਆਂ ਕਾਪੀਆਂ ਕਿਤਾਬਾਂ ਕੱਛੇ ਮਾਰੀਆਂ, ਮੇਰੇ ਤੋਂ ਛੋਟਿਆਂ ਨੂੰ ਅੱਗੇ ਲਾਇਆ, ਭਾਊ ਨੇ ਲੀੜੇ ਲੱਤੇ ਦਾ ਥੱਬਾ ਭਰਿਆ, ਬੀਬੀ ਨੇ ਸਭ ਤੋਂ ਛੋਟੇ ਨੂੰ ਮੋਢੇ ਲਾਇਆ ਤੇ ਅਸੀਂ ਬੂਹਿਓਂ ਬਾਹਰ ਹੋਗੇ। ਤੇਜ਼ ਹਵਾ ਤੇ ਵਾਛੜ ਤੋਂ ਮੂੰਹ ਲੁਕਾਉਂਦੇ ਸਬਾਤ ਵੱਲ ਵਧ ਗਏ। ਉਥੇ ਇਕੋ-ਇਕ ਡੱਠੇ ਮੰਜੇ 'ਤੇ ਲੀੜੇ ਤੇ ਨਿਆਣੇ ਰੱਖ ਕੁਝ ਖਲੋ ਗਏ ਤੇ ਕੁਝ ਬਹਿ'ਗੇ। ਹਾਲੇ ਉਥੇ ਪਹੁੰਚਿਆਂ ਨੂੰ ਦੋ ਮਿੰਟ ਵੀ ਨਹੀਂ ਹੋਏ ਹੋਣਗੇ ਕਿ ਧਮਾਕੇ ਨਾਲ ਪੈਰਾਂ ਹੇਠੋਂ ਜ਼ਮੀਨ ਹਿੱਲ'ਗੀ। ਲੱਗਾ ਬਿਜਲੀ ਕੜਕੀ ਹੈ। ਭਾਊ ਜੋ ਹਾਲੀ ਬਾਹਰ ਮੀਂਹ 'ਚ ਹੀ ਕੁਝ ਰੱਖ ਲੱਭ ਰਿਹਾ ਸੀ, ਭੱਜ ਕੇ ਸਬਾਤ 'ਚ ਆ ਵੜਿਆ।

'ਕੋਠੇ ਗਏ', ਉਹਦੇ ਮੂੰਹੋਂ ਨਿਕਲਿਆ, 'ਮੈਂ ਤਾਂ ਹਾਲੇ ਇਕ ਮੰਜਾ ਧੂ ਕੇ ਸਰਦਲਾਂ ਹੀ ਟੱਪਿਆ ਸਾਂ'।

'ਆਹ ਤੇ ਮਹਾਰਾਜ ਨੇ ਟੱਬਰ ਨੂੰ ਹੱਥ ਦੇ ਕੇ ਰੱਖਿਆ', ਬੀਜੀ ਦੇ ਮੂੰਹੋਂ ਨਿਕਲਿਆ।

ਸਹਿ-ਸਹਿ ਕਰਦਿਆਂ ਦਿਨ ਚੜ੍ਹਿਆ ਤਾਂ ਢੱਠੇ ਕੋਠੇ ਦੇਖਣ ਬਾਹਰ ਨਿਕਲੇ। ਕਣੀਆਂ ਕੁਝ ਪਤਲੀਆਂ ਹੋ ਗਈਆਂ ਸਨ, ਵਿਚੋਂ-ਵਿਚੋਂ ਰੁਕ ਵੀ ਜਾਂਦੀਆਂ। ਢਹਿ-ਢੇਰੀ ਮਲਬੇ ਦੀ ਨੁੱਕਰੇ ਕੰਧ ਦਾ ਇਕ ਹਿੱਸਾ ਹਾਲੀ ਖੜ੍ਹਾ ਸੀ। ਸ਼ਤੀਰ ਦਾ ਇਕ ਸਿਰਾ ਉਸੇ 'ਤੇ ਟਿਕਿਆ ਹੋਇਆ ਸੀ ਤੇ ਦੂਜਾ ਜ਼ਮੀਨ 'ਤੇ। ਇਹ ਤਿਕੋਣਾਕਾਰ ਗੁਫ਼ਾ ਨੁਮਾ ਥਾਂ ਅਜੇ ਸੁੱਕੀ ਸੀ। ਕਣਕ ਦਾ ਵੱਡਾ ਭੜੋਲਾ ਇਸੇ ਕੰਧ 'ਤੇ ਸ਼ਤੀਰ ਦੀ ਓਟ ਹੇਠਾਂ ਸਾਬਤ ਸਬੂਤ ਖੜ੍ਹਾ ਸੀ।

'ਜਿਹੜਾ ਰੱਖਦਾ ਉਹ ਰਿਜਕ ਵੀ ਦੇਂਦਾ', ਬੀਜੀ ਦੇ ਬੋਲ ਸਨ।

ਉਸ ਦਿਨ ਵੀ ਮੀਂਹ ਦੀ ਕਿਣਮਿਣ ਤਾਂ ਲੱਗੀ ਹੀ ਰਹੀ ਪਰ ਬੱਦਲਾਂ 'ਚੋਂ ਕਦੀ-ਕਦੀ ਮਾੜਾ ਜਿਹਾ ਚਾਨਣ ਝਾਤੀਆਂ ਮਾਰ ਜਾਂਦਾ। ਸਬਾਤ ਦੀ ਕੱਚੀ ਕੰਧ ਦਾ ਵੀ ਕੀ ਇਤਬਾਰ। ਸਾਡਾ ਸੀਰੀ ਬੀਰ੍ਹਾ ਪਿੰਡੋਂ ਭਿੱਜਦਾ-ਭਜਾਉਂਦਾ ਆ ਗਿਆ, ਕਹਿੰਦਾ ਸੀ, 'ਮੈਂ ਆਖਿਆ ਭਾਊ ਦਾ ਪਤਾ ਹੀ ਲਵਾਂ, ਮੀਂਹ ਨੇ ਤਾਂ ਹੱਦ ਕਰ'ਤੀ। ਸਾਰਾ ਪਿੰਡ ਤਰਾਹ-ਤਰਾਹ ਕਰਨ ਡਿਹਾ। ਦੋਧੀਆਂ ਦੇ, ਘੁਮਿਆਰਾਂ ਦੇ, ਉਤਲੇ ਪਾਸੇ ਵਾਲੇ ਮਾਸਟਰਾਂ ਦੇ ਕੋਠੇ ਡਿੱਗੇ, ਮਜ਼੍ਹਬੀਆਂ ਦੀ ਠੱਠੀ ਤਾਂ ਅੱਧੀ ਢਹਿ'ਗੀ'।

ਮਾੜਾ ਜਿਹਾ ਫਰੱਕਾ ਲੱਗਿਆ ਤਾਂ ਅਸੀਂ ਮਾਲ ਡੰਗਰ ਲਈ ਪੱਠੇ ਦੱਥੇ ਵੱਲ ਹੋਏ, ਬੀਜੀ ਰੋਟੀ ਟੁੱਕ ਵੱਲ। ਭਾਊ ਤੇ ਬੀਰ੍ਹੇ ਨੇ ਟਾਹਲੀ ਦੇ ਪੁਰਾਣੇ ਡਿੱਗੇ ਟਾਹਣ ਦਾ ਮੋਛਾ ਵੱਢ ਕੇ ਸਬਾਤ ਦੀ ਸ਼ਤੀਰੀ ਹੇਠਾਂ ਕੱਚੀ ਕੰਧ ਵਾਲੇ ਪਾਸੇ ਥੰਮ੍ਹੀ ਦੇ ਦਿੱਤੀ। ਨਾਲੇ ਕਹਿਣ ਲੱਗੇ, 'ਲੈ ਕੰਧ ਭਾਵੇਂ ਡਿੱਗ ਪੇ, ਛੱਤ ਨਹੀਂ ਜਾਂਦੀ ਕਿਤੇ।'

ਇਧਰੋਂ ਹਟੇ ਤਾਂ ਵਿਹੜੇ ਵਿਚ ਦੋ ਵੱਡੇ ਮੰਜਿਆਂ ਨੂੰ ਦੋਂਹ ਦੋਂਹ ਪਾਵਿਆਂ 'ਤੇ ਖੜ੍ਹੇ ਕਰ ਕੇ ਹੇਠੋਂ ਉਨ੍ਹਾਂ ਦੇ ਪੈਰ ਕੱਢ'ਤੇ ਤੇ ਉਪਰੋਂ ਉਨ੍ਹਾਂ ਦੇ ਸਿਰ ਭੜਾਤੇ। ਉਪਰ ਕੋਈ ਖੇਸ, ਪੱਲੀ, ਦੋੜਾ ਪਾ ਦਿੱਤਾ। ਇਕ ਛੋਟਾ ਮੰਜਾ ਵਿਚਕਾਰ ਡਾਹ ਕੇ ਨਿਆਣਿਆਂ ਨੂੰ ਬਿਠਾ ਦਿੱਤਾ। ਤੁਰੇ ਫਿਰਦਿਆਂ, ਕੰਮ ਕਰਦਿਆਂ, ਨਾਲ ਇਹ ਵੀ ਕਹਿ ਦਿੱਤਾ, 'ਲੈ ਕਿੱਡਾ ਸੋਹਣਾ ਘਰ ਬਣ ਗਿਆ'। ਫਿਰ ਇਹੋ ਜਿਹੇ ਦੋ ਤਿੰਨ ਘਰ ਬਣ ਗਏ ਤੇ ਓਸ ਰਾਤ ਅਸੀਂ ਕੋਠੇ ਡਿੱਗਣ ਦੇ ਧੁੜਕੂ ਤੋਂ ਨਿਸਚਿੰਤ ਹੋ ਗਹਿਰੀ ਨੀਂਦੇ ਸੁੱਤੇ।

ਘਾਟਿਆਂ ਦਾ ਅਫ਼ਸੋਸ ਤੇ ਜ਼ਰੂਰ ਹੁੰਦਾ ਹੋਏਗਾ, ਰੱਬ ਨਾਲ ਰੋਸ ਤਾਂ ਜ਼ਰੂਰ ਹੁੰਦਾ ਹੋਏਗਾ। ਆਸਥਾ ਦੀ ਇਹ ਕਿਹੜੀ ਕੜੀ ਹੁੰਦੀ ਜਦੋਂ ਕੁਦਰਤ ਦੇ ਕਹਿਰ ਨੂੰ ਸ਼ੁਕਰੀਆ ਆਖ ਮੰਨ ਲਈਦਾ ਤੇ ਸੀਅ ਨਹੀਂ ਕਰੀਦਾ। ਔਲਾਦ ਸਾਹਮਣੇ ਔਕੜਾਂ, ਔਖਿਆਈਆਂ ਸ਼ਾਇਦ ਜ਼ਾਹਰ ਨਹੀਂ ਹੋਣ ਦੇਂਦੇ ਹੋਣਗੇ ਇਹ ਮਾਪੇ। ਏਡੇ ਵੱਡੇ ਜਿਗਰੇ ਕਿੱਦਾਂ ਰੱਖੀਦੇ, ਹਾਲਾਤ ਅੱਗੇ ਗੋਡੇ ਨਹੀਂ ਟੇਕੀਦੇ ਤੇ ਕਿਸੇ ਅੱਗੇ ਹੱਥ ਨਹੀਂ ਅੱਡੀਦੇ, ਇਹ ਕਸਤੂਰੀ ਕਿੱਥੋਂ ਲੱਭਦੀ, ਮੈਂ ਸੋਚਦਾ।

ਸੁਣਿਆਂ ਸੀ ਕਿ ਜਦੋਂ ਭੁਚਾਲ ਆਉਣ ਵਾਲਾ ਹੋਵੇ ਬੈਠੇ ਡੰਗਰ ਉਠ ਖਲੋਂਦੇ, ਰੱਸੇ ਤੁੜਾਉਂਦੇ, ਕਿੱਲੇ ਪਟਾਉਂਦੇ; ਸੱਪ ਸਪੂਲੀ, ਚੂਹੇ ਰੁੱਡਾਂ 'ਚੋਂ ਬਾਹਰ ਆਉਂਦੇ; ਪੰਛੀ ਉਡ-ਉਡ ਰੁੱਖਾਂ ਉਤੋਂ ਚੀਕ ਚਿਹਾੜਾ ਪਾਉਂਦੇ। ਕੁਦਰਤ ਕਰੋਪ ਹੈ ਜਾਨਵਰਾਂ ਨੂੰ ਛੇਤੀ ਸੁੱਝਦੀ ਪਰ ਭਾਊ ਨੂੰ ਐਨ ਦੋ ਮਿੰਟ ਪਹਿਲਾਂ ਇਹ ਭਾਖਿਆ ਕਿਵੇਂ ਹੋਈ ਕਿ ਹੁਣ ਕੋਠੇ ਡਿੱਗਣ ਹੀ ਵਾਲੇ ਹਨ, ਛੱਡ ਦੇਣੇ ਚਾਹੀਦੇ, ਰੱਬ ਹੀ ਜਾਣੇ।

ਓਸ ਰਾਤ ਘੁੱਪ ਹਨੇਰੇ 'ਚ ਅੱਖਾਂ ਮੀਚੀ ਲੰਮੇ ਪਿਆਂ ਮੈਂ ਕਈ ਆਵਾਜ਼ਾਂ ਸੁਣੀਆਂ- ਮੰਜੇ ਖੜ੍ਹੇ ਕਰ ਕੇ ਬਣਾਈ ਕੁੱਲੀ ਤੇ ਵਰ੍ਹਦੀਆਂ ਕਣੀਆਂ ਦੀ ਨਿੱਕੀ-ਨਿੱਕੀ ਟਿੱਪ-ਟਿੱਪ; ਡੰਗਰਾਂ ਦੇ ਖੁਰਲੀ ਨਾਲ ਖਹਿੰਦੇ ਸਿੰਗਾਂ ਤੇ ਸਾਹਾਂ ਦੀ ਘਸਰ ਮਸਰ; ਟਿੱਡੀਆਂ, ਡੱਡੂਆਂ, ਬਿੰਡਿਆਂ ਤੇ ਕਿਤੇ-ਕਿਤੇ ਟੱਟਿਆਉਲੀ ਦੀ ਟੈਂ-ਟੈਂ ਪਰ ਸਭ ਤੋਂ ਵੱਖਰੀ ਤੇ ਉਚੀ ਆਵਾਜ਼ ਤਾਂ ਆਪਣੇ ਅੰਦਰੋਂ ਆ ਰਹੀ ਸੀ। ਉਹ ਕਿਹੜਾ ਰਾਹ ਹੈ ਜੋ ਮੈਨੂੰ ਇਸ ਘੁੰਮਣ ਘੇਰੀ 'ਚੋਂ ਬਾਹਰ ਕੱਢੇ। ਕੋਈ ਇਹੋ ਜਿਹੀ ਥਾਂ ਹੋਵੇ ਜਿਸ ਦੀਆਂ ਛੱਤਾਂ ਨਾ ਚੋਣ, ਜਿਸ ਦੀਆਂ ਕੰਧਾਂ ਨਾ ਢਹਿਣ। ਆਦਮ ਦੀਆਂ ਬਾਹਰ ਵਿਚਰਦੀਆਂ ਆਵਾਜ਼ਾਂ ਫੜਨੀਆਂ ਸੌਖੀਆਂ ਪਰ ਜੋ ਅੰਦਰੋਂ ਫੁੱਟਦੀਆਂ ਉਹ ਹੜ੍ਹ ਵਾਂਗ ਵਗਦੀਆਂ, ਛੇਤੀ ਹੱਥ ਨਾ ਆਉਂਦੀਆਂ।

ਕੋਈ ਬਹੁਤੇ ਬਦਲ ਨਹੀਂ ਸਨ। ਇਕ ਸਕੂਲ ਹੀ ਦਿਸਦਾ ਸੀ, ਮਾਸਟਰਾਂ ਦੇ ਚਿਹਰੇ ਮੋਹਰੇ ਧੋਤੇ, ਸਾਂਭੇ ਸੰਵਰੇ; ਰਿਸ਼ਟ ਪੁਸ਼ਟ ਪਹਿਰਾਵੇ, ਨਵੇਂ ਨਕੋਰ ਸਾਈਕਲ, ਗੁੱਟਾਂ 'ਤੇ ਘੜੀਆਂ; ਐਨਕਾਂ ਦੇ ਸ਼ੀਸ਼ੇ ਲਿਸ਼ਕਦੇ, ਪੱਗਾਂ ਪੋਚਵੀਆਂ। ਜ਼ਿਆਦਾਤਰ ਸਾਡੇ ਪਿੰਡਾਂ ਵਰਗੇ ਪਿੰਡਾਂ ਦੇ ਵਾਸੀ, ਕੋਈ ਭੁੱਚਰ ਦਾ ਕੋਈ ਝਬਾਲ ਦਾ। ਵਿਰਲੇ ਹੀ ਸ਼ਹਿਰੋਂ ਆਉਂਦੇ ਸਨ। ਸ਼ਹਿਰਾਂ ਦੀ ਤੇ ਗੱਲ ਹੀ ਕੀ ਕਰਨੀ, ਉਹ ਤਾਂ ਵੱਖਰਾ ਹੀ ਦੇਸ਼ ਸਨ, ਉਨ੍ਹਾਂ ਨਾਲ ਕੀ ਮੁਕਾਬਲਾ!

ਮਨ 'ਚੋਂ ਇਹੀ ਆਵਾਜ਼ ਆਈ ਕਿਉਂ ਨਾ ਸਕੂਲ ਦੀ ਪੈੜ ਦੱਬੀ ਚੱਲਾਂ, ਇਹੀ ਮੈਨੂੰ ਕਿਸੇ ਸਾਫ਼ ਸੁਥਰੀ, ਸੁੱਕੀ ਥਾਂ ਲੈ ਕੇ ਜਾਵੇਗਾ, ਜਿੱਥੇ ਏਨਾ ਮੀਂਹ ਨਹੀਂ ਵਰ੍ਹੇਗਾ, ਏਨੀ ਧੁੱਪ ਨਹੀਂ ਚਮਕੇਗੀ, ਏਨੀ ਠੰਢ ਨਹੀਂ ਲੱਗੇਗੀ। ਜਿੱਥੇ ਮੱਛਰਾਂ, ਬਿੰਡਿਆਂ, ਉਮਸ ਤੇ ਚੁਮਾਸਿਆਂ ਤੋਂ ਨਿਜਾਤ ਮਿਲੇਗੀ। ਜਿੱਥੇ ਸੱਪਾਂ, ਨਿਓਲ਼ਿਆਂ, ਚੂਹਿਆਂ ਤੇ ਠੂੰਇਆਂ ਤੋਂ ਰਾਹਤ ਮਿਲੇਗੀ। ਇਹੀ ਸੋਚ ਕੇ ਸੁੱਤਾ ਸਾਂ ਕਿ ਸਵੇਰੇ ਸਕੂਲ ਜ਼ਰੂਰ ਜਾਵਾਂਗਾ।

ਇਕ ਬੰਨੇ ਦਾ ਰਾਹ ਚੌਦਾਂ ਕੁ ਕਿਲੋਮੀਟਰ ਪੈਂਦਾ ਸੀ ਸਕੂਲ ਦਾ। ਸਾਈਕਲ ਵਾਲੇ ਵਾਸਤੇ ਇਹ ਕਿਹੜਾ ਪੈਂਡਾ। ਜ਼ਿਆਦਾਤਰ ਸੜਕ ਪੱਕੀ ਤੇ ਆਲ਼ੇ ਦੁਆਲ਼ੇ ਤੋਂ ਉਚੀ ਸੀ, ਸਿਵਾਇ ਲਾਗੇ ਪੈਂਦੇ ਪਿੰਡ ਰਾਮ ਰਾਓਣੀ ਦੇ। ਉਥੇ ਕੋਈ ਕਿਲੋਮੀਟਰ ਦੇ ਕਰੀਬ ਸੜਕ ਨੀਵੀਂ ਤੇ ਦੋਹੀਂ ਬੰਨੀਂ ਡੂੰਘੇ ਛੱਪੜ ਸਨ। ਏਥੋਂ ਹੀ ਮਿੱਟੀ ਕੱਢ-ਕੱਢ ਲੋਕ ਘਰ ਬਣਾਉਂਦੇ ਸਨ। ਮੈਂ ਘਰੋਂ ਤਾਂ ਦੋ ਚਾਰ ਕਾਪੀਆਂ ਕਿਤਾਬਾਂ ਬਸਤੇ 'ਚ ਪਾ ਕੇ ਬੜੇ ਜੋਸ਼ ਨਾਲ ਸੂਏ ਦੀ ਪੱਟੜੀ ਚੜ੍ਹ ਗਿਆ ਸਾਂ ਪਰ ਰਾਮ ਰਾਓਣੀ ਪਹੁੰਚ ਕੇ, ਅੱਗੇ ਦਰਿਆ ਵਾਂਗ ਠਾਠਾਂ ਮਾਰਦੇ ਪਾਣੀ ਨੂੰ ਦੇਖ ਕੇ ਦੋਚਿੱਤੀ 'ਚ ਪੈ ਗਿਆ। ਹਲਕੀ-ਹਲਕੀ ਹਵਾ ਨਾਲ ਬਣਦੀਆਂ ਪਾਣੀ ਦੀਆਂ ਛੋਟੀਆਂ-ਛੋਟੀਆਂ ਲਹਿਰਾਂ ਉਤੇ ਚੜ੍ਹਦੇ ਸੂਰਜ ਦੀਆਂ ਤਿੱਖੀਆਂ ਕਿਰਨਾਂ ਹਜ਼ਾਰਾਂ ਨਿੱਕੇ ਨਿੱਕੇ ਸੂਰਜ ਨਚਾ ਰਹੀਆਂ ਸਨ। ਸੜਕ ਦੇ ਦੋਨਾਂ ਪਾਸਿਆਂ ਦਾ ਪਾਣੀ ਇਕ-ਮਿੱਕ ਹੋ ਚੁੱਕਾ ਸੀ। ਇੰਝ ਲੱਗਦਾ ਸੀ ਸੜਕ ਏਸ ਬੰਨਿਓਂ ਚੁੱਭੀ ਮਾਰ ਗਈ ਹੋਵੇ ਤੇ ਦੂਰ ਦੂਜੇ ਬੰਨੇ ਜਾ ਸਿਰ ਕੱਢਿਆ ਹੋਵੇ। ਓਸ ਪਾਸੇ ਦੀ ਸੜਕ ਦਾ ਮਾਮੂਲੀ ਝਾਉਲ਼ਾ ਜਿਹਾ ਪੈਂਦਾ ਸੀ। ਏਨੀ ਵਾਰ ਇਨ੍ਹਾਂ ਰਾਹਾਂ 'ਤੇ ਆਉਂਦੇ ਜਾਂਦੇ ਹੋਣ ਕਰ ਕੇ ਇਹਦੇ ਪੋਟੇ-ਪੋਟੇ ਤੋਂ ਵਾਕਿਫ਼ ਸਾਂ, ਕਿੱਥੋਂ ਕੁ ਉਚੀ, ਕਿੱਥੋਂ ਕੁ ਨੀਵੀਂ, ਕਿੱਥੋਂ ਕੁ ਸਾਬਤ, ਕਿੱਥੋਂ ਕੁ ਪਾਸਿਆਂ ਤੋਂ ਭੁਰੀ ਹੈ ਇਹ ਸੜਕ ਪਰ ਅੱਜ ਤਾਂ ਪਾਣੀ 'ਚ ਲੁਕੀ ਹੋਈ ਹੈ। ਬਸ ਸੇਧ ਵਿਚ ਤੁਰਨਾ ਪਵੇਗਾ। ਮਾਸਾ ਆਸੇ ਪਾਸੇ ਪੈਰ ਪੈ ਗਿਆ ਤਾਂ ਡੂੰਘੇ ਟੋਇਆਂ 'ਚ ਲੱਥ ਜਾਵਾਂਗਾ। ਵੈਸੇ ਤਾਂ ਅੱਜ ਪਹਿਲੇ ਦਿਨ ਮੀਂਹ ਰੁਕਿਆ ਹੈ। ਏਹੋ ਜਿਹੇ ਰਾਹਾਂ ਖਹਿੜਿਆਂ ਨੂੰ ਪਾਰ ਕਰ ਕੇ ਕਿੰਨੇ ਕੁ ਬੱਚੇ ਸਕੂਲ ਪੁੱਜਣਗੇ। ਸ਼ਾਇਦ ਹੀ ਕੋਈ ਮਾਸਟਰ ਵੀ ਆਵੇ। ਮੁੜ ਹੀ ਨਾ ਜਾਵਾਂ। ਪੁਰਾਣੀ ਕੋਈ ਬਾਤ ਸੁਣਾਉਂਦਾ ਬਾਪੂ ਕਹਿੰਦਾ ਹੁੰਦਾ ਸੀ, 'ਅੱਗ ਤੇ ਪਾਣੀ ਕਿਸੇ ਦੇ ਮਿੱਤ ਨਹੀਂ ਹੁੰਦੇ' ਪਰ ਮੈਂ ਤਾਂ ਕਲ੍ਹ ਦਾ ਮਨ ਬਣਾਇਆ ਹੋਇਆ ਹੈ, ਇੰਝ ਕਿੱਦਾਂ ਮੁੜ ਜਾਂ। ਜੇ ਨਿੱਕੀਆਂ-ਨਿੱਕੀਆਂ ਜ਼ਿੱਦਾਂ ਨਾ ਪੁਗਾਈਆਂ ਤਾਂ ਵੱਡੀਆਂ ਕੌਣ ਪੁਗਾਊ।

ਏਸੇ ਜੱਕੋ-ਤੱਕੀ ਵਿਚ ਮੈਂ ਕੈਨਵਸ ਦੇ ਬੂਟ ਤਸਮਿਆਂ ਨਾਲ ਸਾਈਕਲ ਦੇ ਹੈਂਡਲ 'ਤੇ ਲਟਕਾ ਦਿੱਤੇ ਤੇ ਝੋਲ਼ੇ ਦੀਆਂ ਤਣੀਆਂ ਪੱਗ ਉਤੋਂ ਦੀ ਵਲ੍ਹੇਟ ਕੇ ਝੋਲਾ ਮੋਢਿਆਂ ਤਕ ਉਪਰ ਖਿੱਚ ਲਿਆ। ਨੰਗੇ ਪੈਰੀਂ ਪਾਣੀ ਹੇਠਾਂ ਜ਼ਮੀਨ ਟੋਹਣੀ ਸੌਖੀ ਹੁੰਦੀ। ਏਨੀ ਕੁ ਤਿਆਰੀ ਨਾਲ ਹੀ ਮੈਂ 'ਦੇਖੀ ਜਾਊ' ਕਹਿ ਕੇ ਇਸ ਵਹਿਣ ਵਿਚ ਉਤਰ ਗਿਆ ਸਾਂ। ਲੱਗਦਾ ਸੀ, ਜੇ ਸੜਕ ਦੇ ਅਗਲੇ ਕਿਨਾਰੇ ਦੀ ਸੇਧ 'ਚ ਰਿਹਾ ਤਾਂ ਜ਼ਰੂਰ ਪਾਰ ਲੰਘ ਜਾਊਂ। ਪਾਣੀ ਪਹਿਲਾਂ ਗੋਡਿਆਂ-ਗੋਡਿਆਂ ਤਕ ਆਇਆ, ਫਿਰ ਪੱਟਾਂ ਤਕ ਪਰ ਹਾਲੇ ਅੱਧ ਨਹੀਂ ਆਇਆ ਸੀ; ਫਿਰ ਲੱਕ-ਲੱਕ ਆਇਆ ਤਾਂ ਪਿਛਾਂਹ ਭੌਂਅ ਕੇ ਦੇਖਿਆ। ਸੋਚਿਆ ਮੁੜ ਜਾਵਾਂ ਪਰ ਅਗਲੀ ਸੜਕ ਹੁਣ ਕੁਝ ਨੇੜੇ ਲੱਗ ਰਹੀ ਸੀ। ਸਾਈਕਲ ਦੀ ਕਾਠੀ ਡੁੱਬ ਚੁੱਕੀ ਸੀ, ਸਿਰਫ ਹੈਂਡਲ ਦੇ ਸਿਰੇ ਬਾਹਰ ਸਨ। ਮੈਂ ਜਿਵੇਂ ਕਿਸੇ ਜੀਂਦੀ ਸ਼ੈਅ ਨੂੰ ਕੰਨੋਂ ਫੜੀ ਧੂਈ ਜਾ ਰਿਹਾ ਸਾਂ। ਪਾਣੀ ਜਦ ਛਾਤੀ ਤਕ ਨੂੰ ਆਉਂਦਾ ਤਾਂ ਡਰ ਜਾਂਦਾ, ਥੋੜ੍ਹਾ ਰੁਕਦਾ, ਸਾਹ ਲੈਂਦਾ ਤੇ ਫਿਰ ਟੋਹ-ਟੋਹ ਟੁਰ ਪੈਂਦਾ।

ਅਗਲੇ ਪਿੰਡ ਦੇ ਕਈ ਲੋਕ ਖੇਤ ਬੰਨੇ ਦੀ ਸਾਰ ਲੈਣ ਸੜਕ 'ਤੇ ਨਿਕਲ ਆਏ ਸਨ। ਕਿਸੇ ਨੇ ਮੈਨੂੰ ਦੇਖਿਆ ਤਾਂ ਉਤਸੁਕਤਾ ਵੱਸ ਉਹ ਪੂਰਾ ਟੋਲਾ ਹੀ ਕੰਢੇ 'ਤੇ ਇਕੱਠਾ ਹੋ ਗਿਆ। ਉਨ੍ਹਾਂ ਵਾਸਤੇ ਤਾਂ ਇਹ ਅਜੀਬ ਨਜ਼ਾਰਾ ਸੀ, ਕੋਈ ਇਕੱਲਾ ਸਿਰ ਜਿਹਾ ਪਾਣੀ 'ਤੇ ਤਰਦਾ ਆ ਰਿਹਾ ਸੀ। ਕੋਈ ਕਹਿ ਰਿਹਾ ਸੀ, 'ਸਿੱਧਾ ਆ ਸਿੱਧਾ ਆ'। ਕੋਈ ਹੋਰ ਕਹਿ ਰਿਹਾ ਸੀ, 'ਹਾਂ, ਠੀਕ ਆ, ਠੀਕ ਆ'। ਜਿਉਂ ਜਿਉ ਮੈਂ ਉਨ੍ਹਾਂ ਵੱਲ ਵਧਦਾ ਜਾਂਦਾ, ਰੌਲ਼ਾ ਹੋਰ ਵਧਦਾ ਜਾਂਦਾ; ਉਂਝ ਹੀ ਜਿਵੇਂ ਕਿਸੇ ਗੋਲ ਪੋਸਟ ਵੱਲ ਵਧਦੇ ਖਿਡਾਰੀ ਨੂੰ ਲੋਕ ਹੱਲਾਸ਼ੇਰੀ ਦੇਂਦੇ, ਹੌਸਲਾ ਅਫਜ਼ਾਈ ਕਰਦੇ। ਮੈਂ ਬਾਹਰ ਆਇਆ ਤਾਂ ਨੀਵੇਂ ਮੂੰਹ ਆਪਣੇ ਪੈਰਾਂ ਲੱਤਾਂ ਤੋਂ ਨਿੱਕਾ-ਨਿੱਕਾ ਕੱਖ-ਕਾਨ ਝਾੜ ਰਿਹਾ ਸਾਂ। ਪੂਰੇ ਕਪੜਿਆਂ, ਬੂਟਾਂ 'ਚੋਂ ਪਾਣੀ ਤ੍ਰਿਪ-ਤ੍ਰਿਪ ਚੋਅ ਰਿਹਾ ਸੀ। ਸਿਰਫ ਕਿਤਾਬਾਂ ਹੀ ਸੁੱਕੀਆਂ ਸਨ।

'ਸ਼ੁਕਰ ਹੈ ਜਦ ਤਕ ਕਿਤਾਬਾਂ ਸੁੱਕੀਆਂ ਹਨ, ਆਸਾਂ ਹਰੀਆਂ ਹਨ'।

ਨਿਆਣੇ ਸਿਆਣੇ ਨੀਝ ਲਾ ਕੇ ਮੈਨੂੰ ਦੇਖ ਰਹੇ ਸਨ। ਇੰਝ ਲੱਗਦਾ ਸੀ, ਸਭ ਦੀਆਂ ਨਜ਼ਰਾਂ ਮੈਨੂੰ ਵਿੰਨ੍ਹ ਕੇ ਨਿਕਲ ਰਹੀਆਂ ਹੋਣ।

'ਤੈਨੂੰ ਕੀ ਭਾਜੜ ਪਈ ਸੀ, ਉਏ', ਕਿਸੇ ਦੀ ਟਕੋਰਦੀ ਆਵਾਜ਼ ਮੇਰੇ ਕੰਨੀਂ ਪਈ। ਮੈਂ ਮੂੰਹ ਚੁੱਕ ਕੇ ਦੇਖਿਆ, ਕੋਈ ਬਾਪੂ ਹੁਰਾਂ ਦੀ ਉਮਰ ਦਾ ਬੰਦਾ ਮੈਨੂੰ ਘੂਰ ਰਿਹਾ ਸੀ।

'ਸਕੂਲ ਜਾਣਾ ਸੀ...', ਮੈਂ ਏਨਾ ਹੀ ਕਿਹਾ ਤੇ ਅੱਖਾਂ ਨੀਵੀਆਂ ਕਰ ਲਈਆਂ। ਓਦੋਂ ਹਾਲੇ ਬੜੇ ਬਜ਼ੁਰਗਾਂ ਨੂੰ ਇਹ ਹੱਕ ਹੁੰਦਾ ਸੀ ਕਿ ਉਹ ਆਪਣੇ ਤਾਂ ਕੀ, ਬੇਗਾਨੇ ਪਿੰਡਾਂ ਦੇ ਨਿਆਣਿਆਂ ਨੂੰ ਵੀ ਉਨ੍ਹਾਂ ਦੀਆਂ ਬੇਅਕਲੀਆਂ 'ਤੇ ਝਿੜਕ ਸਕਣ। ਫਿਰ ਪਤਾ ਨਹੀਂ ਕਦੋਂ ਇਹ ਹੱਕ ਗ਼ਾਇਬ ਹੋ ਗਿਆ ਜਾਂ ਫਿਰ ਉਨ੍ਹਾਂ ਆਪੇ ਹੀ ਗਵਾ ਲਿਆ।

ਮੈਂ ਉਨ੍ਹਾਂ ਅਣਜਾਣ ਲੋਕਾਂ ਦੀਆਂ ਅਣਚਾਹੀਆਂ ਨਜ਼ਰਾਂ ਤੋਂ ਜਿੰਨੀ ਛੇਤੀ ਹੋ ਸਕੇ, ਦੂਰ ਨਿਕਲ ਜਾਣਾ ਚਾਹੁੰਦਾ ਸਾਂ। ਨੁੱਚੜਦੇ ਕਪੜਿਆਂ ਦੀ ਪਰਵਾਹ ਕੀਤੇ ਬਿਨਾਂ ਮੈਂ ਸਾਈਕਲ ਦੇ ਪੈਡਲਾਂ 'ਤੇ ਪੋਲੇ ਜਿਹੇ ਪੈਰ ਧਰੇ ਤੇ ਫੁਰਰ ਹੋ ਗਿਆ। ਬਚਾਅ-ਬਚਾਅ ਕੇ ਪੈਡਲ ਮਾਰ ਰਿਹਾ ਸਾਂ। ਲੱਕੜੀ ਦੇ ਪੈਡਲਾਂ ਤੋਂ ਗਿੱਲੇ ਪੈਰ ਤਿਲ੍ਹਕ-ਤਿਲ੍ਹਕ ਜਾਂਦੇ ਤੇ ਇਨ੍ਹਾਂ ਤੋਂ ਬਾਹਰ ਨਿਕਲੇ ਕਿੱਲ ਗਿੱਟੇ ਛਿੱਲ-ਛਿੱਲ ਜਾਂਦੇ। ਮਾੜਾ-ਮਾੜਾ ਖ਼ੂਨ ਸਿੰਮਦਾ, ਮਿੱਠੀ-ਮਿੱਠੀ ਪੀੜ।

ਇਸ ਤੋਂ ਅੱਗੇ ਤਾਂ ਹੁਣ ਖੁੱਲ੍ਹੀ ਸਪਾਟ ਸੜਕ ਸੀ, ਕੋਈ ਗੱਡੀ ਮੋਟਰ ਨਹੀਂ; ਕੋਈ ਟਾਂਗਾ ਰਿਕਸ਼ਾ ਨਹੀਂ, ਸਾਰੀ ਦੀ ਸਾਰੀ ਮੇਰੀ। ਨਾਲ ਲੱਗਦੇ ਰੁੱਖਾਂ ਦੀਆਂ ਟਾਹਣੀਆਂ ਟੁੱਟ-ਟੁੱਟ ਸੜਕ 'ਤੇ ਖਿਲਰੀਆਂ ਹੋਈਆਂ, ਕਿਤੇ-ਕਿਤੇ ਵੱਡਾ ਡਾਹਣ ਵੀ। ਸਕੂਲ ਤਾਂ ਹਾਲੇ ਦਸ ਕੁ ਕਿਲੋਮੀਟਰ ਹੋਰ ਦੂਰ ਸੀ ਪਰ

*(ਬਾਕੀ ਅਗਲੇ ਸਫੇ 'ਤੇ)*

# ਫੋਕੇ ਦਬਕੇ ਦੀ ਮਾਰ

**ਗੁਰਮੀਤ ਸਿੰਘ ਵੇਰਕਾ**
**ਫੋਨ: +91-98786-00221**

ਉਦੋਂ ਮੈਂ ਆਰਥਿਕ ਅਪਰਾਧ ਸ਼ਾਖਾ 'ਚ ਤਫ਼ਤੀਸ਼ੀ ਅਫਸਰ ਸੀ। ਇੱਕ ਸੇਵਾਮੁਕਤ ਅਸਿਸਟੈਂਟ ਪ੍ਰਿੰਸੀਪਲ ਨੇ ਆਪਣੇ ਨਾਲ ਹੋਈ ਚਾਰ ਲੱਖ ਰੁਪਏ ਦੀ ਠੱਗੀ ਬਾਰੇ ਦਰਖ਼ਾਸਤ ਪੁਲਿਸ ਕਮਿਸ਼ਨਰ ਨੂੰ ਦਿੱਤੀ। ਕਮਿਸ਼ਨਰ ਨੇ ਇਹ ਦਰਖ਼ਾਸਤ ਅਗਾਂਹ ਸਾਡੇ ਇੰਚਾਰਜ ਨੂੰ ਸੌਂਪਦਿਆਂ ਕਿਹਾ ਸੀ ਕਿ ਉਹ ਪ੍ਰਿੰਸੀਪਲ ਦੇ ਪੈਸੇ ਮੁੜਵਾਉਣੇ ਯਕੀਨੀ ਬਣਾਵੇ। ਜੇ ਠੱਗੀ ਕਰਨ ਵਾਲੀ ਧਿਰ ਜ਼ਬਾਨੀ ਕਲਾਮੀ ਨਾ ਮੰਨੇ ਤਾਂ ਪਰਚਾ ਦਰਜ ਕਰਨ ਦੀ ਹਦਾਇਤ ਕੀਤੀ ਗਈ। ਮੇਰੇ ਸੀਨੀਅਰ ਨੇ ਅਗਾਂਹ ਇਹ ਦਰਖ਼ਾਸਤ ਮੈਨੂੰ ਦਿੰਦਿਆਂ ਜਾਂਚ ਪੜਤਾਲ ਕਰ ਕੇ ਹਕੀਕਤ ਦਾ ਪਤਾ ਲਗਾਉਣ ਤੇ ਪ੍ਰਿੰਸੀਪਲ ਦੀ ਮਦਦ ਕਰਨ ਦੇ ਆਦੇਸ਼ ਦਿੱਤੇ।

ਦਰਖ਼ਾਸਤ ਦੀ ਦਰਿਆਫ਼ਤ ਤੋਂ ਇਹ ਗੱਲ ਸਾਹਮਣੇ ਆਈ ਕਿ ਪ੍ਰਿੰਸੀਪਲ ਦੇ ਪਤੀ ਨੇ ਆਪਣੇ ਦੋਸਤ ਡਾਕਟਰ ਨਾਲ ਪਲਾਟ ਦਾ ਸੌਦਾ ਕੀਤਾ ਸੀ। ਇਕਰਾਰਨਾਮਾ ਲਿਖ ਕੇ ਦੇਣ ਮਗਰੋਂ ਡਾਕਟਰ ਨੇ ਚਾਰ ਲੱਖ ਰੁਪਏ ਹਾਸਲ ਕਰ ਲਏ ਸਨ। ਪ੍ਰਿੰਸੀਪਲ ਦੇ ਪਤੀ ਦੀ ਮੌਤ ਤੋਂ ਪਹਿਲਾਂ ਡਾਕਟਰ ਨੇ ਰਜਿਸਟਰੀ ਕਰਵਾਉਣ ਦੇ ਬਹਾਨੇ ਉਹ ਅਸਲ ਇਕਰਾਰਨਾਮਾ ਲੈ ਲਿਆ ਸੀ। ਬਾਅਦ ਵਿਚ ਜਦੋਂ ਪ੍ਰਿੰਸੀਪਲ ਨੇ ਪਲਾਟ ਦੀ ਰਜਿਸਟਰੀ ਕਰਵਾਉਣ ਲਈ ਕਿਹਾ ਤਾਂ ਉਹ ਟਾਲ-ਮਟੋਲ ਕਰਨ ਲੱਗ ਪਿਆ। ਹੌਲੀ-ਹੌਲੀ ਉਹਨੇ ਰਜਿਸਟਰੀ ਕਰਵਾਉਣ ਤੋਂ ਨਾਂਹ ਕਰ ਦਿੱਤੀ ਤੇ ਪੈਸਿਆਂ ਤੋਂ ਵੀ ਮੁੱਕਰ ਗਿਆ। ਪ੍ਰਿੰਸੀਪਲ ਕੋਲ ਇਕਰਾਰਨਾਮੇ ਦਾ ਕੋਈ ਅਸਲ ਸਬੂਤ ਨਹੀਂ ਸੀ ਜਿਸ ਤੋਂ ਇਹ ਸਾਬਤ ਹੋਵੇ ਕਿ ਡਾਕਟਰ ਨੇ ਪੈਸੇ ਲਏ ਹਨ। ਇਕਰਾਰਨਾਮੇ ਵਿਚ ਜੋ ਗਵਾਹ ਸੀ, ਉਹ ਵੀ ਡਾਕਟਰ ਦਾ ਬੰਦਾ ਸੀ, ਇਸ ਲਈ ਗਵਾਹੀ ਲਈ ਤਿਆਰ ਨਹੀਂ ਸੀ।

ਮੈਂ ਡਾਕਟਰ ਨੂੰ ਪੜਤਾਲ ਲਈ ਬੁਲਾਇਆ, ਉਹ ਬੇਖ਼ੌਫ਼ ਜਾਪਿਆ। ਉਹ ਨੱਕ 'ਤੇ ਮੱਖੀ ਨਹੀਂ ਸੀ ਬੈਠਣ ਦੇ ਰਿਹਾ। ਕਹਿ ਰਿਹਾ ਸੀ ਕਿ ਤੁਹਾਡੇ ਪਾਸ ਮੇਰੇ ਖਿਲਾਫ਼ ਪੈਸਿਆਂ ਦੇ ਲੈਣ ਬਾਰੇ ਕੋਈ ਪੁਖ਼ਤਾ ਸਬੂਤ ਹਨ ਤਾਂ ਬੇਸ਼ੱਕ ਮੇਰੇ ਖਿਲਾਫ਼ ਪਰਚਾ ਦਰਜ ਕਰ ਦਿਓ।

ਕੇਸ ਦੀ ਡੂੰਘੀ ਪੜਤਾਲ ਕਰਨ ਮਗਰੋਂ ਇਹ ਗੱਲ ਸਪਸ਼ਟ ਹੋ ਗਈ ਸੀ ਕਿ ਪਲਾਟ ਦਾ ਇਕਰਾਰਨਾਮਾ ਹੋਇਆ ਸੀ ਅਤੇ ਡਾਕਟਰ ਨੇ ਚਾਰ ਲੱਖ ਰੁਪਏ ਬਿਆਨੇ ਵਜੋਂ ਲਏ ਸਨ। ਪ੍ਰਿੰਸੀਪਲ ਦੇ ਪਤੀ ਦੀ ਮੌਤ ਅਤੇ ਪਲਾਟ ਦਾ ਭਾਅ ਵਧਣ ਕਰ ਕੇ ਉਸ ਦੀ ਨੀਅਤ ਵਿਗੜ ਗਈ ਸੀ। ਉਹ ਰਜਿਸਟਰੀ ਕਰਵਾਉਣ ਦੇ ਨਾਲ-ਨਾਲ ਬਿਆਨੇ ਦੇ ਪੈਸੇ ਵਾਪਸ ਕਰਨ ਤੋਂ ਵੀ ਮੁੱਕਰ ਗਿਆ। ਮੈਂ ਆਪਣੀ ਨੌਕਰੀ ਦੇ ਤਜਰਬੇ ਦੇ ਆਧਾਰ 'ਤੇ ਡਾਕਟਰ ਨੂੰ ਕਿਹਾ, "ਬਿਆਨੇ ਵਾਲੀ ਜਿਹੜੀ ਅਸਲ ਲਿਖਤ ਪ੍ਰਿੰਸੀਪਲ ਦੇ ਪਤੀ ਕੋਲੋਂ ਰਜਿਸਟਰੀ ਕਰਨ ਬਹਾਨੇ ਲੈ ਚੁੱਕੇ ਹੋ, ਉਸ ਦੀ ਫੋਟੋ ਕਾਪੀ ਪ੍ਰਿੰਸੀਪਲ ਪਾਸ ਸੀ, ਮੈਂ ਲੈ ਲਈ ਹੈ। ਜਿੱਥੋਂ ਪਰਨੋਟ ਖਰੀਦਿਆ, ਜਿਸ ਅਰਜ਼ੀਨਵੀਸ ਨੇ ਲਿਖਤ ਕੀਤੀ, ਉਨ੍ਹਾਂ ਦੇ ਬਿਆਨ ਤੇ ਰਿਕਾਰਡ ਮੈਂ ਕਬਜ਼ੇ 'ਚ ਲੈ ਲਿਆ ਹੈ। ਇਸ ਲਈ ਤੁਹਾਡੇ ਖਿਲਾਫ਼ ਪਰਚਾ ਦਰਜ ਹੋ ਸਕਦਾ ਹੈ।"

ਡਾਕਟਰ ਮੇਰੀ ਗੱਲ ਸੁਣ ਕੇ ਕੁਝ ਡਰ ਗਿਆ ਕਿ ਉਸ ਖਿਲਾਫ਼ ਕਾਨੂੰਨੀ ਕਾਰਵਾਈ ਹੋ ਸਕਦੀ ਹੈ, ਇਸ ਲਈ ਨਰਮ ਵੀ ਪੈ ਗਿਆ। ਦਰਅਸਲ, ਪ੍ਰਿੰਸੀਪਲ ਕੋਲ ਕੋਈ ਫੋਟੋ ਕਾਪੀ ਨਹੀਂ ਸੀ, ਮੈਂ ਤਾਂ ਡਾਕਟਰ ਨੂੰ ਸਿਰਫ਼ ਦਬਕਾ ਮਾਰਿਆ ਸੀਅ ਤੇ ਉਸ ਨੂੰ ਪ੍ਰਿੰਸੀਪਲ ਦੇ ਪੈਸੇ ਵਾਪਸ ਕਰਨ ਲਈ ਦੋ ਦਿਨ ਦੀ ਮੋਹਲਤ ਦਿੱਤੀ, "ਜੇ ਪੈਸੇ ਵਾਪਸ ਨਾ ਕੀਤੇ ਤਾਂ ਤੁਹਾਡੇ ਖਿਲਾਫ਼ ਪਰਚਾ ਦਰਜ ਕਰ ਕੇ ਥਾਣੇ ਅੰਦਰ ਬੰਦ ਕਰ ਦਿੱਤਾ ਜਾਵੇਗਾ।" ਦੋ ਦਿਨ ਕੀ, ਡਾਕਟਰ ਅਗਲੇ ਦਿਨ ਹੀ ਸਵੇਰੇ ਮੇਰੇ ਦਫਤਰ ਆਣ ਢੁੱਕਿਆ। ਫੋਕਾ ਦਬਕਾ ਕੰਮ ਕਰ ਗਿਆ ਸੀ।

ਡਾਕਟਰ ਨੇ ਨਿਮਰਤਾ ਨਾਲ ਸਾਰੀ ਗੱਲ ਕਬੂਲ ਕਰ ਲਈ ਅਤੇ ਨਾਲ ਹੀ ਕਿਹਾ ਕਿ ਉਹ ਪੈਸੇ ਵਾਪਸ ਕਰਨ ਲਈ ਤਿਆਰ ਹੈ ਪਰ ਪਲਾਟ ਦੀ ਰਜਿਸਟਰੀ ਲਈ ਦਬਾਅ ਨਾ ਪਾਇਆ ਜਾਵੇ ਕਿਉਂਕਿ ਇਸ ਨਾਲ ਉਸ ਨੂੰ ਕਾਫ਼ੀ ਘਾਟਾ ਪੈ ਸਕਦਾ ਹੈ। ਮੈਂ ਪ੍ਰਿੰਸੀਪਲ ਨੂੰ ਬੁਲਾ ਕੇ ਸਾਰੀ ਗੱਲ ਦੱਸੀ ਤਾਂ ਉਹ ਪੈਸੇ ਲੈਣ ਲਈ ਸਹਿਮਤ ਹੋ ਗਈ। ਮਾਮਲਾ ਇੰਨੀ ਛੇਤੀ ਨਿੱਬੜ ਜਾਣ 'ਤੇ ਕਮਿਸ਼ਨਰ ਸਾਹਿਬ ਪਾਸੋਂ ਸ਼ਾਬਾਸ਼ੀ ਤਾਂ ਮਿਲਣੀ ਹੀ ਸੀ!

---

ਸੋਚਾਂ ਦੀ ਪਰਵਾਜ਼ ਕਿਤੇ ਲੰਮੇਰੀ।

ਸੜਕ ਦੇ ਦੋਹੀਂ ਪਾਸੀਂ ਦੂਰ ਪੈਲ਼ੀਆਂ 'ਚ ਪਾਈਆਂ ਹਵੇਲੀਆਂ, ਘੁੱਗ ਵੱਸਦੇ ਪਿੰਡ। ਕਾਲ਼ੀਆਂ ਬੂਰੀਆਂ ਲਵੇਰੀਆਂ ਮੱਝਾਂ ਦੇ ਝੁੰਡ, ਵਾਗੀਆਂ ਦੇ ਅਲਬੇਲੇ ਬੋਲ, ਦੁੱਧ ਦੀਆਂ ਬਾਲਟੀਆਂ, ਗੁੜ ਦੀਆਂ ਰੋੜੀਆਂ ਦੇ ਟੋਕਰੇ, ਕਣਕਾਂ ਦੇ ਬੋਹਲ, ਝੋਨਿਆਂ ਨਾਲ ਉਛਲਦੀਆਂ ਟੋਈਆਂ, ਅੰਬਾਂ ਜਾਮਨੂਆਂ ਨਾਲ ਲੱਦੇ ਰੁੱਖ। ਖੂਹਾਂ ਬੰਬੀਆਂ ਦਾ ਬੁੱਕ-ਬੁੱਕ ਕਰਦਾ ਪਾਣੀ। ਗਿਰੀਆਂ ਵਰਗੇ ਸਰੀਰ, ਡੌਲ਼ਿਆਂ 'ਚ ਜ਼ੋਰ, ਪੱਟਾਂ 'ਤੇ ਪੈਂਦੀਆਂ ਛੱਲੀਆਂ। ਢਾਈ ਮਣ ਦੀ ਬੋਰੀ ਗੋਡਾ ਮਾਰ ਕੇ ਮੋਢਿਆਂ 'ਤੇ ਲੈ ਜਾਣ ਦਾ ਸ਼ੌਕ। ਪਿੰਡਾਂ ਦੇ ਰੋਮ-ਰੋਮ ਵਿਚ ਕਬੱਡੀਆਂ, ਘੋਲ਼; ਗਿੱਧੇ ਤੇ ਭੰਗੜੇ। ਪੱਗ ਵੱਟ ਭਰਾ, ਯਾਰਾਂ ਦੇ ਯਾਰ, ਵੈਰੀਆਂ ਦੇ ਵੈਰੀ। ਪੀੜ੍ਹੀ-ਦਰ-ਪੀੜ੍ਹੀ ਵਿੜ੍ਹੀਆਂ ਚੜ੍ਹਾਉਣ ਵਾਲੇ, ਕੁਨਬੇ ਦੀ ਅਣਖ ਖਾਤਰ ਵਿੜ੍ਹੀਆਂ ਨੂੰ ਲਾਹੁਣ ਵਾਲੇ। ਕਹੀਆਂ, ਰੰਬਿਆਂ, ਟੋਕਿਆਂ, ਟਕੂਏ ਵਾਹੁੰਦਿਆਂ ਹਥੇਲੀਆਂ 'ਤੇ ਬਣੀਆਂ ਭੌਰੀਆਂ, ਗੰਢਲ਼ ਉਂਗਲਾਂ। ਉਧੜ ਗੁੱਧੜੀਆਂ ਦਾਹੜੀਆਂ, ਵਲ੍ਹੇਟੇ ਮਾਰ ਕੇ ਬੱਧੀਆਂ ਪੱਗਾਂ 'ਚੋਂ ਬਾਹਰ ਝਾਕਦੀਆਂ ਜਰੂਟਣੀਆਂ। ਅੱਜ ਉਹੀ ਲੋਕ ਕੰਧਾਂ ਕੋਲ਼ਿਆਂ ਨਾਲ ਲੱਗੇ, ਚੋਂਦੀਆਂ ਛੱਤਾਂ ਹੇਠਾਂ ਦੁਬਕੇ ਬੈਠੇ ਸਨ। ਕੁਦਰਤ ਨੇ ਬਾਹ਼ਲਾ ਰਿਜਕ ਬਖ਼ਸ਼ਿਆ ਸੀ ਤੇ ਥੋੜ੍ਹਾ ਜਿਹਾ ਸੁਖ।

ਸਕੂਲ ਤੋਂ ਦੋ ਕੁ ਕਿਲੋਮੀਟਰ ਪਹਿਲਾਂ ਇਕ ਬੱਸ ਅੱਡਾ ਪੈਂਦਾ ਸੀ, ਨਾਂ ਸੀ ਝਬਾਲ। ਦੋਵੇਂ ਬੰਨੇ ਪੱਕੀਆਂ ਇੱਟਾਂ ਦੀਆਂ ਦੁਕਾਨਾਂ, ਕੱਪੜਿਆਂ ਤੇ ਕਰਿਆਨੇ ਦੀਆਂ, ਦਵਾਈਆਂ ਤੇ ਹਲਵਾਈਆਂ ਦੀਆਂ, ਸਨਿਆਰਿਆਂ ਸ਼ਾਹੂਕਾਰਾਂ ਦੀਆਂ। ਮੱਧਮ-ਮੱਧਮ ਚੱਲ ਰਹੇ ਪੱਖਿਆਂ ਥੱਲੇ ਪੋਲੇ-ਪੋਲੇ ਗੱਦੇਲਿਆਂ 'ਤੇ ਚੌਂਕੀ ਨੁਮਾ ਗੱਲਿਆਂ ਪਿੱਛੇ ਬਿਰਾਜੇ ਪਿਲਪਲੇ ਜਿਹੇ ਲੋਕ। ਬਾਜ਼ਾਰਾਂ ਦੇ ਉਤਰਾਅ ਚੜ੍ਹਾਅ, ਪੈਸਾ ਬਣਾਉਣ ਦੀਆਂ ਤਰਕੀਬਾਂ, ਬਹਿਸ ਮੁਬਾਹਿਸੇ, ਸਸਤਾ ਕਿੱਥੋਂ ਮਿਲੇ, ਮਹਿੰਗਾ ਕਿੱਥੇ ਵਿਕੇ। ਬੈਂਕਾਂ, ਵਿਆਜਾਂ, ਸਰਕਾਰੀ ਸਕੀਮਾਂ, ਸਬਸਿਡੀਆਂ ਦੇ ਚਰਚੇ। ਗੁੜ ਦਾ ਬਾਟਾ, ਖੰਡ ਦੀ ਬੋਰੀ, ਆਟੇ ਦੀ ਗੁੱਥੀ, ਰੰਗ ਬਰੰਗੇ ਲੀੜਿਆਂ ਦੇ ਚਾਰ ਥਾਨ, ਦੋਂਹ ਚਹੁੰ ਡਿਜ਼ਾਇਨਾਂ ਵਾਲੇ ਅਸਲੀ ਨਕਲੀ ਗਹਿਣੇ। ਅੱਖ ਨੱਕ ਕੰਨ ਦੇ ਨੌਵੀਂ ਫੇਲ੍ਹ ਮਾਹਰ। ਪੋਚਵੀਆਂ ਪੱਗਾਂ, ਘੜਿਆਂ ਵਰਗੇ ਢਿੱਡ, ਧੁੰਨੀ ਤਕ ਲਮਕਦੀਆਂ ਕਾਲ਼ੀਆਂ ਚਿੱਟੀਆਂ ਲਿਸ਼ਕਦੀਆਂ ਦਾਹੜੀਆਂ। ਅੱਖਾਂ ਹੀ ਅੱਖਾਂ 'ਚ ਗਾਹਕ ਦੀ ਔਕਾਤ ਆਂਕਣ ਵਾਲੇ ਮਨੁੱਖ। ਖੁਰਿਆਂ ਨਲਕਿਆਂ 'ਚ ਅੱਧੀ ਹਵਾ, ਅੱਧਾ ਪਾਣੀ, ਸੰਕੋਚ ਨਾਲ ਵਰਤਿਓ ਫਿਰ ਸ਼ਾਮੀ ਆਉਣਾ। ਥੋੜ੍ਹਾ ਜਿਹਾ ਰਿਜ਼ਕ ਤੇ ਬਾਹਲਾ ਸੁਖ।

ਨਜ਼ਰਾਂ ਤੇ ਸੋਚਾਂ ਦੀਆਂ ਵਾਗਾਂ ਹੱਥੋਂ ਛੁੱਟਦੀਆਂ ਜਾਂਦੀਆਂ, ਆਪ ਮੁਹਾਰੀਆਂ ਹੋ ਚੱਲੀਆਂ ਸਨ।

ਬੱਦਲ਼ੀਆਂ ਛਟ ਰਹੀਆਂ ਸਨ, ਸੂਰਜ ਦੀ ਮੱਧਮ ਜਿਹੀ ਟਿੱਕੀ ਡਰਦੀ-ਡਰਦੀ ਝਾਤੀਆਂ ਮਾਰਦੀ। ਗਹਿਰੇ ਨੀਲੇ ਅਸਮਾਨ ਦੇ ਛੋਟੇ ਜਿਹੇ ਟੁਕੜੇ ਹੇਠਾਂ ਭਿੱਜੇ ਖੰਭਾਂ ਨੂੰ ਝਾੜਦੇ, ਏਧਰੋਂ ਓਧਰ ਉਡਾਰੀਆਂ ਮਾਰਦੇ ਪੰਛੀ ਜਿਵੇਂ ਏਨੇ ਦਿਨਾਂ ਦੇ ਸੁੰਗੜੇ ਸਰੀਰਾਂ ਦੀ ਸੱਤਿਆ ਅਜ਼ਮਾ ਰਹੇ ਸਨ। ਸ਼ਾਇਦ ਮੈਂ ਵੀ ਉਨ੍ਹਾਂ ਵਾਂਗ ਸੱਤਿਆ ਅਜ਼ਮਾਉਣ ਹੀ ਨਿਕਲਿਆ ਸਾਂ ਘਰੋਂ ਅੱਜ।

ਸਕੂਲ ਅੰਦਰ ਵੜਦਿਆਂ ਹੀ ਭਾਸ ਗਿਆ ਸਾਂ, ਫੇਰਾ ਹੀ ਪਿਆ, ਦੋ ਚਾਰ ਸਾਈਕਲ, ਦੋ ਚਾਰ ਬੱਚੇ, ਦਫਤਰ ਖੁੱਲ੍ਹਾ। ਝਾਕ ਕੇ ਦੇਖਿਆ ਪ੍ਰਿੰਸੀਪਲ ਸ਼ੰਗਾਰਾ ਸਿੰਘ ਆਪਣੀ ਕੱਸ ਕੇ ਬੱਧੀ ਦਾੜ੍ਹੀ ਤੇ ਨਿੱਕੇ ਜਿਹੇ ਸਿਰ 'ਤੇ ਕਿਸ਼ਤੀ ਨੁਮਾ ਨੀਲੀ ਪੱਗ ਸਜਾਈ ਕਿਸੇ ਫਾਈਲ ਵਿਚ ਖੁੱਭਿਆ ਬੈਠਾ ਸੀ।



ਸਟਾਫ ਰੂਮ ਵਿਚ ਮਾਸਟਰ ਦਿਲਬਹਾਰ ਸਿੰਘ ਟਹਿਲ ਕਦਮੀ ਕਰਦਾ ਨਜ਼ਰ ਆਇਆ। ਇਹ ਦੋਨੋਂ ਇਨਸਾਨ ਹੀ ਸਾਡਾ ਅਸਲੀ ਸਕੂਲ ਸਨ। ਇਕ ਸੁਭਾਅ ਦਾ ਕੱਬਾ, ਦੂਜਾ ਸ਼ਹਿਦ ਮਿੱਠਾ। ਦੋਨਾਂ ਦੀ ਦੁਨੀਆਂ ਸਕੂਲੋਂ ਸ਼ੁਰੂ ਹੋ ਕੇ ਸਕੂਲੇ ਹੀ ਖਤਮ। ਸਭ ਤੋਂ ਪਹਿਲਾਂ ਆਉਣਾ, ਸਭ ਤੋਂ ਬਾਅਦ ਜਾਣਾ। ਸ਼ੰਗਾਰਾ ਸਿੰਘ ਕਾਰੇ ਜਿਹੇ ਸਰੀਰ ਦਾ, ਮੱਧਰਾ, ਪਤਲਾ, ਲੋਹੇ ਦੀ ਸੀਖ ਵਰਗਾ। ਹਮੇਸ਼ਾ ਕਾਹਲੇ ਕਦਮੀਂ ਟੁਰਦਾ, ਲੋਕਾਂ ਦੀਆਂ ਇਕ ਬੰਨੇ ਅੱਖਾਂ ਉਸ ਦੀਆਂ ਚਾਰੇ ਪਾਸੇ। ਦੋ ਚਹੁੰ ਬੱਚਿਆਂ ਦੇ ਪਰਚਿਆਂ 'ਤੇ ਸਰਸਰੀ ਜਿਹੀ ਨਜ਼ਰ ਮਾਰ ਕੇ ਪਤਾ ਲਾ ਲੈਂਦਾ, ਇਸ ਨੂੰ ਪੜ੍ਹਾਉਣ ਵਾਲੇ ਮਾਸਟਰ ਤੋਂ ਕਿੱਥੇ ਕਮੀ ਰਹਿ ਗਈ। ਫਿਰ ਉਹ ਆਪ ਹੀ ਚਾਕ, ਡਸਟਰ ਤੇ ਡੰਡਾ ਲਈ ਕਲਾਸ 'ਚ ਆ ਵੜਦਾ। ਬਸ ਹਫ਼ਤੇ ਦਸ ਦਿਨ ਦੀਆਂ ਉਸ ਦੀਆਂ ਕਲਾਸਾਂ ਵਿਦਿਆਰਥੀਆਂ ਨੂੰ ਚੰਡ ਕੇ ਚਲੀਆਂ ਜਾਂਦੀਆਂ। ਉਸ ਮਾਸਟਰ ਨਾਲ ਕੀ ਹੋਈ ਬੀਤਦੀ ਸਾਨੂੰ ਕੀ ਪਤਾ। ਦਿਲਬਹਾਰ ਸਿੰਘ, ਉਹ ਤੇ ਭੋਲਾ ਪੰਛੀ। ਪਾਠ ਪੂਜਾ ਦਾ ਭਿੱਜਿਆ ਹੋਇਆ, ਉਹਦੇ ਪੈਰਾਂ ਹੇਠਾਂ ਕੀੜੀ ਵੀ ਆ ਜਾਏ ਤਾਂ ਰੋਣ ਨਿਕਲ ਜਾਏ। ਆਪਣੇ ਵਿਸ਼ੇ ਤੋਂ ਇਲਾਵਾ ਪੂਰੇ ਸਕੂਲ ਨੂੰ ਕਤਾਰਾਂ ਬਣਾ-ਬਣਾ ਸਵੇਰੇ ਗੁਰਦੁਆਰੇ ਖੜਨਾ, ਬੱਚਿਆਂ ਨੂੰ ਵਾਕ ਲੈਣਾ, ਅਰਦਾਸ ਕਰਨੀ ਸਿਖਾਉਣੀ, ਦੁਪਹਿਰਾਂ ਬਾਅਦ ਬਾਣੀ ਸ਼ੁੱਧ ਪੜ੍ਹਨ ਤੇ ਗੁਰਮਤਿ ਬਾਰੇ ਦੱਸਣਾ। ਆਪਣੇ ਭਾਰੀ ਭਰਕਮ ਜੁੱਸੇ ਦੇ ਬਾਵਜੂਦ ਉਹ ਕਲਾਸ ਵਿਚ ਕਦੀ ਨਾ ਬਹਿੰਦਾ, ਤੁਰਦਾ ਰਹਿੰਦਾ, ਅੱਗੇ ਤੋਂ ਪਿੱਛੇ, ਪਿੱਛੇ ਤੋਂ ਅੱਗੇ। ਸਮੇਂ ਦਾ ਪਾਬੰਦ, ਰੁਟੀਨ ਦਾ ਪੱਕਾ। ਹਰ ਐਤਵਾਰ ਦਰਬਾਰ ਸਾਹਿਬ ਅੰਮ੍ਰਿਤਸਰ ਮੱਥਾ ਵੀ ਟੇਕ ਆਉਂਦਾ। ਕਦੀ-ਕਦੀ ਸਾਡੇ 'ਚੋਂ ਇਕ ਦੋ ਜਣੇ ਨਾਲ ਚਲੇ ਜਾਂਦੇ ਤਾਂ ਪੂਰਾ ਭਾੜਾ ਖਰਚਾ ਆਪ ਝੱਲਦਾ।

ਦਿਲਬਹਾਰ ਸਿੰਘ ਮੁਸ਼ਕੜੀਆਂ 'ਚ ਹੱਸਦਾ ਕਲਾਸ ਵਿਚ ਆਇਆ ਤਾਂ ਅਸੀਂ ਚਾਰ ਕੁ ਜਣੇ ਅਗਲੇ ਦੋਂਹ ਬੈਂਚਾਂ 'ਤੇ ਕੱਛਾਂ'ਚ ਹੱਥ ਦੇਈ ਮੀਂਹ ਨਾਲ ਠਰੀਆਂ ਉਂਗਲਾਂ ਨਿੱਘੀਆਂ ਕਰ ਰਹੇ ਸਾਂ।

'ਉਏ ਤੁਸੀਂ ਕਿਸ ਤਰ੍ਹਾਂ ਆ ਗਏ ਅੱਜ', ਉਸ ਆਖਿਆ।

'ਸਰ, ਜਿਸ ਤਰ੍ਹਾਂ ਤੁਸੀਂ ਆ ਗਏ', ਸਾਡੇ 'ਚੋਂ ਇਕ ਜਣਾ ਬੋਲ ਪਿਆ। ਉਹ ਸਾਨੂੰ ਨੇੜੇ ਤੇੜੇ ਸੈਰ ਸਪਾਟੇ ਲੈ ਕੇ ਜਾਂਦਾ ਹੁੰਦਾ ਸੀ, ਏਸ ਕਰ ਕੇ ਏਨੀ ਕੁ ਹਿੰਮਤ ਤਾਂ ਸੀ ਕਿ ਉਸ ਨਾਲ ਖੁੱਲ੍ਹ ਕੇ ਗੱਲ ਕਰ ਸਕੀਏ। ਉਹ ਤਾਂ ਆਪਣੇ ਫਰਜ਼ਾਂ ਤੇ ਅਸੂਲਾਂ ਦੇ ਬੱਧੇ ਸਕੂਲ ਆਏ ਸਨ, ਤੇ ਅਸੀਂ? ਅਸੀਂ ਤਾਂ ਹਾਲੇ ਇਹ ਵਸਤਾਂ ਪਛਾਨਣ ਜੋਗੇ ਵੀ ਨਹੀਂ ਸਾਂ।

ਇਹ ਦੋਵੇਂ ਸ਼ਖਸ ਜ਼ਿੰਦਗੀ ਭਰ ਆਸ ਪਾਸ ਹੀ ਮੰਡਰਾਉਂਦੇ ਰਹੇ। ਜ਼ੋਰ ਦੇ ਕੇ ਯਾਦ ਕਰਦਾ ਹਾਂ ਕਿ ਉਨ੍ਹਾਂ ਦੀ ਕਹੀ ਕੋਈ ਗੱਲ ਯਾਦ ਆਵੇ ਪਰ ਕੁਝ ਵੀ ਨਹੀਂ ਲੱਭਦਾ, ਸ਼ਾਇਦ ਉਨ੍ਹਾਂ ਦੀ ਆਵਾਜ਼ ਉਨ੍ਹਾਂ ਦੇ ਕਿਰਦਾਰ 'ਚ ਹੀ ਏਨੀ ਘੁਲ ਗਈ ਸੀ ਕਿ ਉਸ ਨੂੰ ਅਲੱਗ ਤੋਂ ਯਾਦ ਰੱਖਣ ਦੀ ਲੋੜ ਹੀ ਨਹੀਂ ਸੀ ਰਹੀ। ਨਾ ਕਦੀ ਉਨ੍ਹਾਂ ਦੇ ਨਾਂ ਭੁੱਲੇ ਨਾ ਚਿਹਰੇ ਮੋਹਰੇ।

ਮੈਂ ਇਨ੍ਹਾਂ ਬੰਦਿਆਂ ਦੀ ਗੱਲ ਕਿਉਂ ਕਰਦਾ ਹਾਂ। ਕਿਉਂਕਿ ਮੈਂ ਇਨ੍ਹਾਂ ਦੇ ਚਾਲ ਚੱਲਣ, ਕਾਰ ਵਿਹਾਰ, ਪਿਆਰ ਤੇ ਗਾਹੇ ਬਗਾਹੇ ਕਹੇ ਬੋਲਾਂ ਦਾ ਪੱਥਿਆ ਹੋਇਆ ਹਾਂ। ਲੋਕ ਵਡੇਰਿਆਂ ਨੂੰ ਪੂਜਦੇ ਮੈਂ ਇਨ੍ਹਾਂ ਨੂੰ ਪੂਜਦਾਂ।

ਵਾਪਸ ਆਉਂਦਿਆਂ ਮੈਂ ਪਾਣੀ ਵਾਲੇ ਰਾਹ ਨਾ ਆ ਕੇ, ਥੋੜ੍ਹਾ ਵਲ਼ ਕੇ ਹੀ ਪਰ ਸੁੱਕੇ-ਸੁੱਕੇ ਰਾਹ ਆਉਣਾ ਹੀ ਠੀਕ ਸਮਝਿਆ। ਡੂੰਘੀਆਂ ਤਰਕਾ਼ਲਾਂ ਘਰ ਪੁੱਜਿਆ, ਨਾ ਕਿਸੇ ਮੈਨੂੰ ਪੁੱਛਿਆ ਦਿਨ ਕਿੱਦਾਂ ਰਿਹਾ ਨਾ ਮੈਂ ਦੱਸਿਆ। ਉਨ੍ਹਾਂ ਦਾ ਦਿਨ ਕਿੱਦਾਂ ਰਿਹਾ ਮੈਨੂੰ ਦਿਸ ਰਿਹਾ ਸੀ। ਸਵੇਰੇ ਜਦੋਂ ਮੈਂ ਸਾਈਕਲ 'ਤੇ ਸੂਏ ਦੀ ਪੱਧਰੀ ਪਟੜੀ ਚੜ੍ਹਿਆ ਸਾਂ, ਭਾਊ ਤੇ ਬੀਰ੍ਹਾ ਸੂਏ ਦੀ ਦੂਸਰੀ ਛੋਟੀ ਪਟੜੀ ਤੋਂ ਸਰਕੜਾ ਤੇ ਕਾਨੇ ਵੱਢਣ ਜਾ ਲੱਗੇ ਸਨ। ਸ਼ਾਇਦ ਪਿੱਛੋਂ ਕੋਈ ਹੋਰ ਵੀ ਪਿੰਡੋਂ ਕੰਮ ਕਰਾਉਣ ਆਇਆ ਹੋਵੇ। ਨਿੰਮ ਤੇ ਟਾਹਲੀ ਦੇ ਡਾਹਣ ਵੱਢ ਥੰਮ੍ਹੀਆਂ ਬਣਾਈਆਂ ਹੋਈਆਂ ਸਨ। ਮੁੰਜ ਦੀਆਂ ਰੱਸੀਆਂ ਨਾਲ ਸਰਕੜੇ ਤੇ ਕਾਨਿਆਂ ਦੀ ਛੰਨ ਬਣ ਚੁੱਕੀ ਸੀ। ਇਸ ਨਵੇਂ ਘਰ ਅੰਦਰ ਦੀਵਾ ਬਾ਼ਲਦੀ ਬੀਬੀ ਬੋਲ ਰਹੀ ਸੀ।

'ਦੀਵੇ ਦੀ ਵੱਟੀ ਬ਼ਲੀ, ਕੁੱਲ ਬਲਾ ਟ਼ਲੀ' ਵੈਸੇ ਇਹੀ ਬੋਲ ਸਾਡੇ ਵੱਡੇ ਬੀਜੀ, ਦਾਦੀ ਜੀ, ਹਰ ਸ਼ਾਮ ਦੀਵਾ ਵੱਟੀ ਬਾ਼ਲਦਿਆਂ ਬੋਲਦੇ ਹੁੰਦੇ ਸਨ। ਮੈਂ ਸੋਚ ਰਿਹਾ ਸਾਂ, ਹਾਲ ਦੀ ਘੜੀ ਤਾਂ ਬਲਾ ਟ਼ਲ ਗਈ, ਇਹ ਬਲਾ ਪੱਕੀ ਟ਼ਲੇ ਤਾਂ ਮੰਨਾਂ।

ਕਦੀ-ਕਦੀ ਇੰਝ ਹੀ ਬੈਠਿਆਂ ਮਨ 'ਚ ਖਿਆਲ ਆਉਂਦਾ ਹੈ, ਹੁਣ ਤਕ ਜੋ ਕੁਝ ਵੀ ਖੱਟਿਆ, ਖਾਧਾ, ਹੰਢਾਇਆ, ਉਹ ਓਸ ਇਕ ਦਿਨ ਸਕੂਲ ਜਾਣ ਦਾ ਸਿਲਾ ਹੀ ਹੋਵੇਗਾ। ਓਦਾਂ ਹੀ ਜਿਵੇਂ ਨਦੀਆਂ ਤਾਂ ਕਈ ਵਾਰ ਪਾਰ ਹੁੰਦੀਆਂ ਪਰ ਜੋ ਕੱਚੇ ਘੜਿਆਂ 'ਤੇ ਪਾਰ ਹੁੰਦੀਆਂ ਕਥਾਵਾਂ ਬਣਦੀਆਂ, ਜਿਵੇਂ ਚੋਟੀਆਂ ਤਾਂ ਕਈ ਸਰ ਹੁੰਦੀਆਂ ਪਰ ਜੋ ਵਰ੍ਹਦੀਆਂ ਗੋਲੀਆਂ 'ਚ ਸਰ ਹੁੰਦੀਆਂ ਇਤਿਹਾਸ ਬਣਦੀਆਂ। ਮੈਂ ਓਸ ਇਕ ਦਿਨ ਵਿਚ ਕਿੰਨਾ ਕੁਝ ਪੜ੍ਹ ਆਇਆ ਸਾਂ, ਕਿੰਨਾ ਕੁਝ ਸਿਖ ਆਇਆ ਸਾਂ।

ਏਸ ਗੱਲ ਨੂੰ ਤਕਰੀਬਨ ਵੀਹ ਵਰ੍ਹੇ ਹੋ ਗਏ ਹੋਣਗੇ, ਮੈਂ ਆਸਾਮ ਦੇ ਸ਼ਹਿਰ ਸਿਲਚਰ ਲਾਗੇ ਪੈਂਦੇ ਛੋਟੇ ਜਿਹੇ ਕਸਬੇ ਮਾਸਿਮਪੁਰ ਤਾਇਨਾਤ ਸਾਂ। ਏਥੇ ਫੌਜ ਦਾ ਛੋਟਾ ਹੈਡਕੁਆਰਟਰ ਤੇ ਡੇਢ ਕੁ ਸੌ ਜਵਾਨਾਂ ਦੀ ਨਫਰੀ ਤਾਇਨਾਤ ਸੀ। ਮਈ ਜੂਨ ਦਾ ਮਹੀਨਾ, ਮੌਨਸੂਨ ਆਪਣੇ ਪੂਰੇ ਜ਼ੋਰਾਂ 'ਤੇ ਸੀ। ਕਾਲ਼ੀਆਂ ਘਟਾਵਾਂ ਕਿੱਧਰੋਂ ਚੜ੍ਹਦੀਆਂ ਕਿੱਧਰ ਲਹਿ ਜਾਂਦੀਆਂ, ਕੁਝ ਪਤਾ ਨਾ ਚਲਦਾ। ਸੂਰਜ ਤਾਂ ਜਿਵੇਂ ਕਿਤੇ ਗਵਾਚ ਹੀ ਗਿਆ ਹੋਵੇ, ਧੁੱਪ ਦੇਖਣ ਨੂੰ ਤਰਸ ਗਏ। ਅਸੀਂ ਹਰ ਰੋਜ਼ ਭਿਜਦੇ -ਭਜਾਉਂਦੇ ਦਫਤਰ, ਟ੍ਰੇਨਿੰਗ ਏਰੀਆ ਜਾਂ ਸ਼ੂਟਿੰਗ ਰੇਂਜਾਂ 'ਤੇ ਜਾਂਦੇ। ਮੌਸਮ ਖਰਾਬ ਹੋਣ ਕਰ ਕੇ ਅੱਧ ਵਰਿੱਤੇ ਕੰਮ ਨਬੇੜ ਕੇ ਘਰ ਪਰਤ ਆਉਂਦੇ। ਕੋਈ ਵੀ ਕੰਮ ਚੰਗੀ ਤਰ੍ਹਾਂ ਨੇਪਰੇ ਚੜ੍ਹਦਾ ਨਜ਼ਰ ਨਾ ਆਉਂਦਾ।

ਨਮੀ ਤੇ ਹੁਮਸ ਦਾ ਅਸਰ ਹੀ ਹੋਏਗਾ, ਹਰ ਕੋਈ ਸੁਸਤ ਤੇ ਮੱਧਮ ਜਿਹੀ ਜੀਵਨ ਚਾਲ ਨਾਲ ਵੀ ਸੰਤੁਸ਼ਟ ਨਜ਼ਰ ਆਉਂਦਾ। ਸਵੇਰ ਦੇ ਦਸ ਗਿਆਰਾਂ ਵਜੇ ਹੀ ਓਥੋਂ ਦੇ ਛੋਟੇ ਜਿਹੇ ਬਾਜ਼ਾਰ ਦੀਆਂ ਦੁਕਾਨਾਂ ਤੇ ਖੋਖਿਆਂ ਅੰਦਰ ਬੈਠੇ ਲੋਕ ਨੀਂਦ ਵਿਚ ਉਂਘ਼ਲਾ ਰਹੇ ਹੁੰਦੇ। ਅਗਰ ਕਦੀ ਉਚੀ ਆਵਾਜ਼ ਨਾਲ ਉਠਾ ਕੇ ਕਹਿਣਾ ਕਿ ਫਲਾਨੀ ਚੀਜ਼ ਹੈ ਤਾਂ ਉਨ੍ਹਾਂ ਦਾ ਪਹਿਲਾ ਜਵਾਬ ਹੁੰਦਾ, 'ਨਹੀਂ ਹੈ'।

ਫਿਰ ਤੁਸੀਂ ਆਪ ਹੀ ਅੰਦਰ ਪਈਆਂ ਚੀਜ਼ਾਂ 'ਤੇ ਨਜ਼ਰ ਘੁਮਾਉਣੀ ਤੇ ਕਈ ਵਾਰ ਉਹੀ ਚੀਜ਼ ਕਿਸੇ ਖਾਨੇ 'ਚ ਪਈ ਦਿਸ ਜਾਣੀ।

'ਅਹੁ ਦੇਖੋ ਪਈ ਹੈ', ਸੁਣਦਿਆਂ ਹੀ ਉਸ ਕਹਿਰੀਆਂ ਜਿਹੀਆਂ ਅੱਖਾਂ ਕੱਢਣੀਆਂ ਜਿਵੇਂ ਕਹਿੰਦਾ ਹੋਵੇ, ਕਿੱਥੋਂ ਆ ਗਏ ਨਿਚੱਵੇਂ ਲੋਕ, ਨਾ ਇਨ੍ਹਾਂ ਨੂੰ ਆਪ ਆਰਾਮ, ਨਾ ਹੋਰਨਾਂ ਨੂੰ ਕਰਨ ਦੇਣ।

ਕਦੀ ਉਸ ਅਨਮਨੇ ਜਿਹੇ ਮਨ ਉਠ ਕੇ ਫੜਾ ਦੇਣੀ; ਕਦੀ ਜੇ ਨੇੜੇ ਹੋਣੀ, ਅਸੀਂ ਆਪੇ ਚੁੱਕ ਲੈਣੀ। ਚੀਜ਼ 'ਤੇ ਲਿਖਿਆ ਭਾਅ ਦੇਖ ਕੇ ਪੈਸੇ ਉਹਦੇ ਹੱਥ ਫੜਾ ਦੇਣੇ ਜਾਂ ਲਾਗੇ ਰੱਖ ਦੇਣੇ। ਸਾਡੇ ਮੂੰਹ ਮੋੜਦਿਆਂ ਤਕ ਉਸ ਦੀਆਂ ਅੱਖਾਂ ਫੇਰ ਤਾੜੀ ਲੱਗ ਜਾਣੀਆਂ। ਐਸੀ ਅਜੀਬੋ ਗ਼ਰੀਬ ਦੁਕਾਨਦਾਰੀ ਦੇਖ ਕੇ ਹੈਰਤ ਹੁੰਦੀ। ਆਪਣੇ ਤਾਂ ਸ਼ਹਿਰਾਂ 'ਚ ਦੁਕਾਨਦਾਰਾਂ ਦੇ ਬਾਜ਼ਾਰ 'ਚ ਖੜ੍ਹੇ ਕਰਿੰਦੇ ਗਾਹਕ ਨੂੰ ਘੇਰ-ਘੇਰ ਅੰਦਰ ਵਾੜਦੇ।

ਇਕ ਦਿਨ ਸਵੇਰੇ ਉਠ ਕੇ ਦੇਖਿਆ, ਅਸਮਾਨ ਸਾਫ ਹੈ, ਚੜ੍ਹਦੇ ਸੂਰਜ ਦੀ ਟਿੱਕੀ ਡਲ੍ਹਕਾਂ ਮਾਰ ਰਹੀ ਹੈ। ਸਭ ਕੁਝ ਧੋਤਾ-ਧੋਤਾ, ਨਿੱਖਰਿਆ-ਨਿੱਖਰਿਆ ਪਰ ਇਹ ਖੁਸ਼ ਮਿਜ਼ਾਜੀ ਥੋੜ੍ਹਚਿਰੀ ਹੀ ਸੀ। ਦਫਤਰ ਜਾਣ ਲਈ ਤਿਆਰ ਹੋ ਹੀ ਰਿਹਾ ਸਾਂ ਕਿ ਟੈਲੀਫੋਨ ਦੀ ਘੰਟੀ ਵੱਜੀ। ਪਤਾ ਲੱਗਾ, ਬਰਾਕ ਨਦੀ ਦੇ ਬੰਨ੍ਹ ਟੁੱਟ ਗਏ ਹਨ, ਪਾਣੀ ਲਾਗਲੇ ਪਿੰਡਾਂ 'ਚ ਵੜ ਆਇਆ ਹੈ। ਸਿਵਲ ਐਡਮਿਨਸਟ੍ਰੇਸ਼ਨ ਨੇ ਫੌਜ ਦੀ ਮਦਦ ਮੰਗ ਲਈ ਹੈ। ਛੇਤੀ ਹੈੱਡਕੁਆਰਟਰ ਪਹੁੰਚਣ ਲਈ ਕਿਹਾ ਗਿਆ ਹੈ। ਬਸ ਫਿਰ ਕੀ ਸੀ, ਮਿੰਟਾਂ ਸਕਿੰਟਾਂ 'ਚ ਚੱਕੀ ਘੁੰਮ ਗਈ। ਇਸ ਹਾਲਾਤ ਦਾ ਅਨੁਮਾਨ ਤਾਂ ਹਫਤਾ ਦਸ ਦਿਨ ਪਹਿਲੋਂ ਤੋਂ ਹੀ ਸੀ; ਗੱਡੀਆਂ, ਬੰਦੇ, ਮੋਟਰ ਬੋਟਾਂ, ਚੱਪੂ ਵਾਲੀਆਂ ਕਿਸ਼ਤੀਆਂ, ਰਾਸ਼ਨ, ਸਭ ਬੰਦੋਬਸਤ ਲੱਦ ਕੇ ਅਸੀਂ ਹੜ੍ਹਾਂ 'ਚ ਡੁੱਬੇ ਪਿੰਡਾਂ ਵੱਲ ਦੋ ਕੁ ਘੰਟਿਆਂ ਬਾਅਦ ਰਵਾਨਾ ਹੋ ਗਏ।

ਨਦੀ ਦੇ ਨਾਲ-ਨਾਲ ਬੱਝੇ ਬੰਨ੍ਹ 'ਤੇ ਲੋਕਾਂ ਦੀ ਭੀੜ ਇਕੱਠੀ ਹੋ ਰੱਖੀ ਸੀ। ਨਿਆਣੇ ਸਿਆਣੇ ਬਹਿਣ ਜੋਗੀ ਥਾਂ ਲਈ ਇਕ ਦੂਜੇ ਨਾਲ ਬਹਿਸ ਰਹੇ ਸਨ। ਕੁਝ ਲੋਕ ਜਿਨ੍ਹਾਂ ਦੇ ਬਜ਼ੁਰਗ ਜਾਂ ਸਾਕ ਸਬੰਧੀ ਜਾਂ ਜਾਣ ਪਛਾਣ ਵਾਲੇ ਹਾਲੇ ਵੀ ਪਿੰਡਾਂ ਵਿਚ ਫਸੇ ਹੋਏ ਸਨ, ਉਨ੍ਹਾਂ ਨੂੰ ਕੱਢਣ ਲਈ ਗੱਡੀਆਂ ਦੁਆਲ਼ੇ ਘੁੰਮਣ ਲੱਗੇ। ਉਨ੍ਹਾਂ 'ਚੋਂ ਇਕ-ਇਕ ਦੋ-ਦੋ ਗਾਈਡ ਦੇ ਤੌਰ 'ਤੇ ਨਾਲ ਬਿਠਾ ਕੇ ਅਸੀਂ ਕਿਸ਼ਤੀਆਂ ਤੇ ਮੋਟਰ ਬੋਟਾਂ ਨਦੀ ਵਿਚ ਠੇਲ੍ਹ ਦਿੱਤੀਆਂ। ਇਹ ਨਦੀ ਆਪਣੇ ਕੁਦਰਤੀ ਵਹਾਅ ਵਾਲੇ ਇਲਾਕੇ 'ਚ ਤਾਂ ਸ਼ੂਕਾਂ ਮਾਰਦੀ ਏਨੀ ਤੇਜ਼ ਰਫ਼ਤਾਰ ਵਗ ਰਹੀ ਸੀ ਕਿ ਵੱਡੇ-ਵੱਡੇ ਰੁੱਖ ਆਪਣੇ ਨਾਲ ਰੋੜ੍ਹੀ ਲਈ ਜਾ ਰਹੀ ਸੀ। ਉਸ ਵਿਚ ਕਿਸ਼ਤੀਆਂ ਉਤਾਰਨਾ ਸਿੱਧਾ ਮੌਤ ਨੂੰ ਸੱਦਾ ਸੀ ਪਰ ਆਪਣੇ ਬੰਨ੍ਹਾਂ ਤੋਂ ਬਾਹਰ ਖੇਤਾਂ, ਪਿੰਡਾਂ ਵੱਲ ਇਸ ਦਾ ਵਹਾਅ ਮੱਠਾ ਸੀ ਪਰ ਪਾਣੀ ਦੀ ਡੂੰਘਾਈ ਦਾ ਅੰਦਾਜ਼ਾ ਏਸ ਗੱਲ ਤੋਂ ਲਗਾਇਆ ਜਾ ਸਕਦਾ ਸੀ ਕਿ ਬਿਜਲੀ ਦੇ ਖੰਭੇ ਅੱਧੋਂ ਵੱਧ ਡੁੱਬੇ ਹੋਏ ਸਨ। ਕਈ ਜਗ੍ਹਾ ਇਸ ਤੋਂ ਵੀ ਵੱਧ। ਅਜਿਹੀਆਂ ਥਾਵਾਂ ਤੋਂ ਤਾਰਾਂ ਹੱਥਾਂ ਨਾਲ ਉਤਾਂਹ ਚੁੱਕ ਕੇ ਹੇਠੋਂ ਦੀ ਕਿਸ਼ਤੀਆਂ ਕੱਢੀਆਂ ਜਾ ਰਹੀਆਂ ਸਨ। ਪਤਾ ਸੀ ਬਿਜਲੀ ਦੇ ਸਭ ਕਨੈਕਸ਼ਨ ਕੱਟੇ ਹੋਏ ਹਨ। ਦੂਰੋਂ ਦੇਖਿਆ ਟਿੱਲਾ ਹੈ ਜਿਸ 'ਤੇ ਬਹੁਤ ਸਾਰੇ ਲੋਕ ਹਨ, ਅਸੀਂ ਕਿਸ਼ਤੀਆਂ ਓਧਰ ਨੂੰ ਮੋੜੀਆਂ। ਸਭ ਪਹਿਲੇ ਗੇੜੇ ਹੀ ਓਥੋਂ ਨਿਕਲ ਜਾਣਾ ਚਾਹੁੰਦੇ ਸਨ। ਫਿਰ ਕਤਾਰਾਂ 'ਚ ਖੜ੍ਹੇ ਕਰ ਕੇ ਪਹਿਲਾਂ ਬਜ਼ੁਰਗਾਂ, ਮਹਿਲਾਵਾਂ ਤੇ ਬੱਚਿਆਂ ਨੂੰ ਤਰਜੀਹ ਦੇਂਦਿਆਂ ਕਿਸ਼ਤੀਆਂ ਭਰ ਭਰ ਜਾਣ ਲੱਗੀਆਂ। ਉਨ੍ਹਾਂ ਦੀ ਸਰੀਰਕ ਹਾਲਤ ਤੇ ਪਹਿਰਾਵੇ ਤੋਂ ਮਾਲੂਮ ਹੁੰਦਾ ਸੀ ਇਹ ਅਤਿ ਗ਼ਰੀਬ ਲੋਕ ਸਨ। ਕਿਸੇ ਦੇ ਵੀ ਚਿਹਰੇ 'ਤੇ ਕੋਈ ਰੂਹ ਰੂਹਾਨਗੀ ਨਹੀਂ; ਰੰਗ ਧੁਆਂਖੇ, ਮੂੰਹ ਪਿਚਕੇ, ਅੱਖਾਂ ਖਾਲੀ, ਨਿਰੇ ਹੱਡੀਆਂ ਦੀ ਮੁੱਠ। ਤਨ 'ਤੇ ਮਸਾਂ ਗੁਜ਼ਾਰੇ ਜੋਗੇ ਘਸੇ ਘਸਮੈ਼ਲੇ ਕਪੜੇ। ਕਿਸੇ ਕਿਸੇ ਦੇ ਹੱਥ 'ਚ ਕੋਈ ਪੋਟਲੀ, ਨਿੱਕੀ ਗੰਢ ਜਾਂ ਝੋਲਾ। ਕੱਖ ਕਾਨਿਆਂ ਦੇ ਘਰ ਤੇ ਅਲਮੀਨੀਅਮ ਦੇ ਦੋ ਚਾਰ ਬਰਤਨ ਉਹ ਚੁੱਲ੍ਹਿਆਂ ਲਾਗੇ ਛੱਡ, ਅੱਜ ਜਾਨ ਬਚਾ, ਇਸ ਟਿੱਲੇ 'ਤੇ ਆਣ ਚੜ੍ਹੇ ਸਨ। ਸਭ ਨੂੰ ਹਦਾਇਤ ਸੀ ਬਸ ਆਪਣਾ ਆਪ ਲੈ ਕੇ ਬੇੜੀ 'ਚ ਬਹਿਣਾ ਹੈ। ਇਸ ਵਿਚ ਕੋਈ ਭਾਰਾ ਸਮਾਨ ਜਾਂ ਜਾਨਵਰ ਨਹੀਂ ਜਾਵੇਗਾ।

ਸ਼ਾਮ ਤਕ ਬੇੜੀਆਂ ਨੇ ਚਾਰ ਚੱਕਰ ਮਾਰ ਲਏ ਸਨ, ਹੁਣ ਆਖਰੀ ਗੇੜਾ ਸੀ। ਥੋੜ੍ਹੇ ਜਿਹੇ ਲੋਕ ਬਾਕੀ ਸਨ। ਬੇੜੀ 'ਚ ਪੈਰ ਧਰਦਿਆਂ ਇਕ ਮਾਈ ਨੇ ਹੌ਼ਲੀ ਜਿਹੀ ਇਕ ਟੋਕਰੀ ਵੀ ਨਾਲ ਖਿਸਕਾ ਲਈ ਸੀ। ਇਸ ਵਿਚ ਦੋ ਮੁਰਗੀਆਂ ਸਨ। ਮਾੜਚੂ ਜਿਹੀ ਬੱਕਰੀ ਵੀ ਧੂਹ ਕੇ ਉਹ ਅੰਦਰ ਖਿੱਚ ਰਹੀ ਸੀ। ਮੋਟਰ ਬੋਟ ਅਪਰੇਟਰ ਨੇ ਮੇਰੇ ਵੱਲ ਦੇਖਿਆ। ਮੈਂ ਹੀ ਤਾਂ ਕਿਹਾ ਸੀ ਪਹਿਲਾਂ ਲੋਕਾਂ ਨੂੰ ਏਥੋਂ ਕੱਢੋ, ਕੋਈ ਮਾਲ ਮਵੈਸ਼ੀ ਕਿਸ਼ਤੀਆਂ 'ਚ ਨਹੀਂ ਚੜ੍ਹੇਗਾ। ਸੋਚ ਰਿਹਾ ਸਾਂ ਉਸ ਨੂੰ ਮਨ੍ਹਾਂ ਕਰ ਦਿਆਂ ਪਰ ਪਤਾ ਨਹੀਂ ਕਿਧਰੋਂ ਸਾਲਾਂ ਪਹਿਲੇ ਢੱਠੇ ਆਲ਼ਿਆਂ ਲਾਗੇ ਮੀਂਹ ਨਾਲ ਭਿੱਜੇ ਚੂਚਿਆਂ ਨੂੰ ਟੋਕਰੇ ਹੇਠਾਂ ਸੰਭਾਲਦੀ ਬੀਜੀ ਦੀ ਆਵਾਜ਼... 'ਇਹ ਵੀ ਤਾਂ ਰੱਬ ਦੇ ਹੀ ਜੀਅ ਨੇ' ਜ਼ਿਹਨ 'ਚੋਂ ਫਲੈਸ਼ ਬੈਕ ਵਾਂਗ ਗੁਜ਼ਰ ਗਈ। ਮੈਂ ਚੁੱਪ ਹੀ ਰਿਹਾ ਤੇ ਮੈਨੂੰ ਦੇਖ ਕੇ ਅਪਰੇਟਰ ਵੀ।

ਮਾਈ ਨੇ ਆਰਾਮ ਨਾਲ ਬੈਠ ਕੇ, ਮੁਰਗੀਆਂ ਵਾਲੀ ਟੋਕਰੀ ਤੇ ਬੱਕਰੀ ਆਪਣੇ ਗੋਡਿਆਂ ਕੋ਼ਲ ਖਿੱਚ ਲਈ ਤੇ ਫਿਰ ਇਕ ਨਜ਼ਰ ਸਾਨੂੰ ਦੇਖਿਆ। ਅਸੀਂ ਵੀ ਉਸ ਨੂੰ ਹੀ ਦੇਖ ਰਹੇ ਸਾਂ। ਉਸ ਪਹਿਲਾਂ ਹੱਥ ਜੋੜੇ ਤੇ ਫਿਰ ਹੱਥਾਂ ਦੀਆਂ ਤ਼ਲੀਆਂ ਦੋ ਤਿੰਨ ਵਾਰ ਸਾਡੇ ਵੱਲ ਕਰ ਕੇ ਆਪਣੀ ਭਾਸ਼ਾ ਵਿਚ ਸ਼ੁਕਰੀਆ ਵਰਗਾ ਕੁਝ ਕਿਹਾ। ਮਾਈ ਦੀ ਆਵਾਜ਼ ਕੋਹਾਂ ਮੀਲਾਂ ਦੂਰ ਦੂਜੀ ਮਾਈ ਕੋ਼ਲ ਪਹੁੰਚ ਚੁੱਕੀ ਸੀ।

ਆਦਮ ਦੀਆਂ ਇਹ ਆਵਾਜ਼ਾਂ, ਲੋਕਾਈ ਦੀਆਂ ਅਸੀਸਾਂ ਤੇ ਰੱਬ ਦੀਆਂ ਰਹਿਮਤਾਂ ਦਾ ਕੋਈ ਤੇ ਆਪਸੀ ਰਿਸ਼ਤਾ ਜ਼ਰੂਰ ਹੁੰਦਾ ਹੋਵੇਗਾ, ਵਰਨਾ ਅੱਜ ਤਕ ਉਹ ਇਕ ਦਿਨ ਮੈਨੂੰ ਏਨਾ ਸਫਲਾ ਕਿਉਂ ਨਜ਼ਰ ਆਉਂਦਾ ਹੈ।

ਕਹਾਣੀ

# ਅੰਨ੍ਹੇ ਰਾਹ

ਹਰਨਾਮ ਸਿੰਘ ਨੇ ਦੂਜੀ ਵਾਰ ਕੁੰਡਾ ਖੜਕਾਇਆ ਤਾਂ ਅੰਦਰੋਂ ਕਿਸੇ ਤੀਵੀਂ ਦੀ ਆਵਾਜ਼ ਆਈ, "ਘਰੇ ਨਹੀਂ ਨੇ, ਸਾਰੇ ਮਰਦ ਬਾਹਰ ਗਏ ਨੇ।"

ਹਰਨਾਮ ਸਿੰਘ ਠਿਠਕਿਆ ਖੜ੍ਹਾ ਰਿਹਾ। ਬੰਤੋ ਦੀਆਂ ਅੱਖਾਂ ਸੱਜੇ ਖੱਬੇ ਵੇਖ ਰਹੀਆਂ ਸਨ ਕਿ ਲਾਗੇ-ਚਾਗੇ ਕਿਸੇ ਨੇ ਉਨ੍ਹਾਂ ਨੂੰ ਦੇਖਿਆ ਤਾਂ ਨਹੀਂ।

"ਤੂੰ ਬੂਹਾ ਖੋਲ੍ਹਣ ਨੂੰ ਕਹਿ ਬੰਤੋ, ਅੰਦਰ ਔਰਤਾਂ ਨੇ।" ਤੇ ਹਰਨਾਮ ਸਿੰਘ ਇਕ ਪਾਸੇ ਹਟ ਗਿਆ।

ਬੰਤੋ ਨੇ ਦਰਵਾਜ਼ਾ ਖੜਕਾਇਆ ਤੇ ਨਾਲ ਹੀ ਉਚੀ ਆਵਾਜ਼ ਵਿਚ ਬੋਲੀ, "ਕਰਮਾਂ ਵਾਲਿਓ ਦਰਵਾਜ਼ਾ ਖੋਲ੍ਹੋ, ਅਸੀਂ ਮੁਸੀਬਤ ਦੇ ਮਾਰੇ ਆਏ ਹਾਂ।"



ਆਪਣੀ ਪਤਨੀ ਦੀ ਆਵਾਜ਼ ਸੁਣ ਕੇ ਇਕ ਛਿਣ ਲਈ ਹਰਨਾਮ ਸਿੰਘ ਦੀਆਂ

**ਭੀਸ਼ਮ ਸਾਹਨੀ**

ਅੱਖਾਂ ਝੁਕ ਗਈਆਂ। ਇਹ ਵਕਤ ਵੀ ਕਿਸਮਤ ਵਿਚ ਵੇਖਣਾ ਲਿਖਿਆ ਸੀ ਕਿ ਉਸ ਦੀ ਪਤਨੀ ਆਸਰਾ ਮੰਗਣ ਲਈ ਗਿੜਗਿੜਾਏਗੀ। ਦਰਵਾਜ਼ੇ ਪਿੱਛੋਂ ਕਦਮਾਂ ਦੀ ਪੈੜਚਾਲ ਸੁਣਾਈ ਦਿੱਤੀ, ਫਿਰ ਅੰਦਰੋਂ ਕਿਸੇ ਨੇ ਕੁੰਡਾ ਖੋਲ੍ਹਿਆ। ਉਨ੍ਹਾਂ ਦੇ ਸਾਹਮਣੇ ਉਚੀ ਲੰਮੀ ਵੱਡੀ ਉਮਰ ਦੀ ਦਿਹਾਤੀ ਤੀਵੀਂ ਖਲੋਤੀ ਸੀ। ਉਸ ਦੇ ਦੋਵੇਂ ਹੱਥ ਗੋਹੇ ਨਾਲ ਭਰੇ ਹੋਏ ਸਨ ਅਤੇ ਦੁਪੱਟਾ ਸਿਰ ਤੋਂ ਲੱਥਾ ਹੋਇਆ ਸੀ। ਉਸ ਦੇ ਪਿੱਛੇ ਉਲਝੇ ਵਾਲਾਂ ਵਾਲੀ ਛੋਟੀ ਉਮਰ ਦੀ ਤੀਵੀਂ ਖੜ੍ਹੀ ਸੀ। ਉਸ ਨੇ ਵੀ ਬਾਹਵਾਂ ਟੁੰਗੀਆਂ ਹੋਈਆਂ ਸਨ ਜਿਸ ਤੋਂ ਜ਼ਾਹਰ ਸੀ ਕਿ ਉਹ ਗਾਂ-ਮੱਝ ਲਈ ਗੁਤਾਵਾ ਕਰ ਰਹੀ ਸੀ।

"ਕੌਣ ਹੋ? ਕੀ ਕੰਮ ਏ?" ਵੱਡੀ ਉਮਰ ਦੀ ਔਰਤ ਨੇ ਪੁੱਛਿਆ ਜਦਕਿ ਉਹ ਇਕ ਨਜ਼ਰ ਵਿਚ ਹੀ ਉਨ੍ਹਾਂ ਦੀ ਸਥਿਤੀ ਸਮਝ ਗਈ ਸੀ।

"ਬਦਨਸੀਬ ਹਾਂ, ਵੱਕ ਇਲਾਹੀ ਬਖ਼ਸ਼ੋਂ ਆਏ ਹਾਂ। ਉਥੇ ਫਸਾਦੀ ਆ ਗਏ ਸਨ। ਸਾਡਾ ਘਰ-ਬਾਰ ਲੁੱਟ ਲਿਆ, ਅਸੀਂ ਸਾਰੀ ਰਾਤ ਤੁਰਦੇ ਰਹੇ ਹਾਂ।"

ਪਲ ਭਰ ਲਈ ਉਹ ਔਰਤ ਹੈਰਾਨ ਹੋਈ ਖੜ੍ਹੀ ਰਹੀ। ਇਹ ਫੈਸਲੇ ਦਾ ਵੇਲਾ ਸੀ ਜਦ ਮਨੁੱਖ ਆਪਣੇ ਸੰਸਕਾਰਾਂ, ਵਿਚਾਰਾਂ, ਮਾਨਤਾਵਾਂ ਅਤੇ ਪ੍ਰਭਾਵਾਂ ਦੇ ਆਧਾਰ 'ਤੇ ਕੋਈ ਨਿਰਣਾ ਕਰਦਾ ਹੈ। ਔਰਤ ਕੁਝ ਦੇਰ ਦੇਖਦੀ ਰਹੀ, ਫਿਰ ਦਰਵਾਜ਼ਾ ਖੋਲ੍ਹ ਦਿੱਤਾ, "ਆ ਜਾਓ, ਲੰਘ ਆਓ।"

ਹਰਨਾਮ ਸਿੰਘ ਤੇ ਬੰਤੋ ਦੀਆਂ ਪਲਕਾਂ ਉਠੀਆਂ ਅਤੇ ਦੋਵੇਂ ਬਰੂਹਾਂ ਲੰਘ ਕੇ ਵਿਹੜੇ ਵਿਚ ਆ ਗਏ। ਉਨ੍ਹਾਂ ਦੇ ਅੰਦਰ ਆ ਜਾਣ 'ਤੇ ਔਰਤਾਂ ਨੇ ਬਾਹਰ ਝਾਕ ਕੇ ਸੱਜੇ-ਖੱਬੇ ਦੇਖਿਆ, ਫਿਰ ਝੱਟ ਦੇਣੀ ਕੁੰਡਾ ਮਾਰ ਦਿੱਤਾ। ਛੋਟੀ ਉਮਰ ਦੀ ਤੀਵੀਂ ਇਕ ਟੱਕ ਉਨ੍ਹਾਂ ਵੱਲ ਵੇਖ ਰਹੀ ਸੀ, ਅੱਖਾਂ ਵਿਚ ਵਹਿਮ ਤੇ ਅਵਿਸ਼ਵਾਸ ਸੀ। ਵੱਡੀ ਉਮਰ ਦੀ ਔਰਤ ਨੇ ਉਸ ਨੂੰ ਕਿਹਾ, "ਮੰਜੀ ਡਾਹ ਦੇ ਇਕਰਾਂ" ਆਖ ਉਹ ਮੁੜ ਪਾਥੀਆਂ ਪੱਥਣ ਲੱਗੀ।

ਇਕਰਾਂ ਕੋਠੜੀ ਵਿਚੋਂ ਮੋਢਿਆਂ 'ਤੇ ਪੱਲਾ ਲੈਂਦੀ ਹੋਈ ਤੁਰ ਗਈ ਤੇ ਕੰਧ ਨਾਲ ਲੱਗੀ ਮੰਜੀ ਡਾਹ ਦਿੱਤੀ।

"ਵੱਕ ਇਲਾਹੀ ਬਖ਼ਸ਼ ਵਿਚ ਸਾਰੀ ਉਮਰ ਕੱਟੀ ਏ। ਉਥੇ ਹੀ ਦੁਕਾਨ 'ਤੇ ਸਾਡਾ ਘਰ ਸੀ। ਪਹਿਲਾਂ ਤਾਂ ਸਭ ਨੇ ਕਿਹਾ, ਇਥੇ ਬੈਠੇ ਰਹੋ, ਕੁਝ ਨਹੀਂ ਹੋਵੇਗਾ। ਫਿਰ ਕੱਲ੍ਹ ਕਰੀਮ ਖਾਨ ਨੇ ਸਲਾਹ ਦਿੱਤੀ, ਇਥੇ ਰਹਿਣ ਵਿਚ ਖਤਰਾ ਏ, ਤੁਸੀਂ ਚਲੇ ਜਾਓ। ਉਸ ਨੇ ਠੀਕ ਹੀ ਕਿਹਾ। ਪਿੰਡ ਮੋਤਨ ਦੀ ਦੇਰੀ ਸੀ ਕਿ ਹਮਲਾਵਰ ਆ ਗਏ। ਦੁਕਾਨ ਵੀ ਲੁੱਟ ਲਈ ਤੇ ਉਸ ਨੂੰ ਅੱਗ ਵੀ ਲਾ ਦਿੱਤੀ।" ਹਰਨਾਮ ਸਿੰਘ ਨੇ ਕਿਹਾ। ਔਰਤ ਚੁੱਪ ਰਹੀ। ਇਸੇ ਦੌਰਾਨ ਬੰਤੋ ਮੰਜੀ ਤੋਂ ਉਠ ਕੇ ਹੇਠਾਂ ਆ ਗਈ ਤੇ ਉਸ ਔਰਤ ਕੋਲ ਬਹਿ ਗਈ।

ਇਕਰਾਂ ਆਈ ਤੇ ਵੱਡੇ ਤਸਲੇ ਵਿਚ ਰੱਖੀਆਂ ਪਾਥੀਆਂ ਚੁੱਕ ਕੇ ਲੈ ਗਈ ਤੇ ਇਕ-ਇਕ ਕਰ ਕੇ ਵਿਹੜੇ ਦੀ ਕੰਧ 'ਤੇ ਲਾਉਣ ਲੱਗੀ। ਔਰਤ ਚੁੱਪ-ਚਾਪ ਗੋਹੇ ਪਾਥੀਆਂ ਪੱਥਦੀ ਰਹੀ। ਮੂੰਹੋਂ ਕੁਝ ਨਾ ਬੋਲੀ।

"ਮਰਦ ਕਿਥੇ ਗਏ?" ਹਰਨਾਮ ਸਿੰਘ ਨੇ ਪੁੱਛਿਆ।

ਔਰਤ ਨੇ ਇਕ ਵਾਰ ਘੁੰਮ ਕੇ ਹਰਨਾਮ ਸਿੰਘ ਵੱਲ ਦੇਖਿਆ, ਪਰ ਉਸ ਦੇ ਸਵਾਲ ਦਾ ਜਵਾਬ ਨਾ ਦਿੱਤਾ। ਹਰਨਾਮ ਸਿੰਘ ਨੂੰ ਅਚਾਨਕ ਸਮਝ ਆ ਗਈ ਕਿ ਮਰਦ ਕਿਥੇ ਗਏ ਹੋਣਗੇ ਅਤੇ ਉਸ ਦਾ ਸਾਰਾ ਸਰੀਰ ਝੁਣ-ਝੁਣਾ ਉਠਿਆ। ਫਿਰ ਬੋਲਿਆ, "ਅਸੀਂ ਇਨ੍ਹਾਂ ਦੋ ਕੱਪੜਿਆਂ ਵਿਚ ਨਿਕਲ ਆਏ ਹਾਂ, ਭਲਾ ਹੋਵੇ ਕਰੀਮ ਬਖ਼ਸ਼ ਦਾ, ਉਸ ਨੇ ਸਾਡੀ ਜਾਨ ਬਚਾ ਲਈ ਅਤੇ ਸਲਾਮਤ ਰਹੇਂ ਤੂੰ ਭੈਣੇਂ, ਜਿਹਨੇ ਸਾਨੂੰ ਆਸਰਾ ਦਿੱਤਾ।"

ਘਰ ਵਿਚ ਅਜੀਬ ਜਿਹੀ ਚੁੱਪ ਛਾਈ ਹੋਈ ਸੀ ਜਿਸ ਕਰਕੇ ਹਰਨਾਮ ਸਿੰਘ ਕੁਝ ਕਹਿੰਦਾ ਕਹਿੰਦਾ ਚੁੱਪ ਹੋ ਜਾਂਦਾ। ਇਕਰਾਂ ਅੰਦਰ ਚਲੇ ਗਈ। ਹਰਨਾਮ ਸਿੰਘ ਨੂੰ ਵਾਰ ਵਾਰ ਲੱਗਦਾ ਜਿਵੇਂ ਉਹ ਕੋਠੜੀ ਦੇ ਹਨੇਰੇ ਵਿਚ ਖੜ੍ਹੀ ਉਨ੍ਹਾਂ ਵੱਲ ਘੂਰ ਰਹੀ ਹੈ। ਔਰਤ ਉਠ ਖਲੋਤੀ ਤੇ ਤਸਲੇ ਵਿਚ ਰੱਖੇ ਪਾਣੀ ਨਾਲ ਹੱਥ ਧੋ ਕੇ ਇਕ ਬੰਨੇ ਚਲੀ ਗਈ ਜਿਥੇ ਰਸੋਈ ਦੇ ਭਾਂਡੇ ਰੱਖੇ ਸਨ। ਫਿਰ ਉਹਨੇ ਛੰਨਾ ਚੁੱਕਿਆ ਤੇ ਉਸ ਵਿਚ ਲੱਸੀ ਪਾ ਲਿਆਈ। ਹਰਨਾਮ ਸਿੰਘ ਨੇ ਅਜੇ ਵੀ ਬੰਦੂਕ ਮੋਢੇ ਨਾਲ ਲਟਕਾਈ ਹੋਈ ਸੀ। ਕਾਰਤੂਸਾਂ ਦੀ ਪੇਟੀ ਪਸੀਨੇ ਨਾਲ ਭਰੀ ਹੋਈ ਸੀ ਤੇ ਕਮੀਜ਼ ਸਰੀਰ ਨਾਲ ਚਿਪਕੀ ਹੋਈ ਸੀ।

"ਲਓ, ਲੱਸੀ ਪੀਓ, ਰਾਤ ਭਰ ਕੇ ਥੱਕੇ ਹੋਏ ਹੋ।"

ਛੰਨਾ ਔਰਤ ਦੇ ਹੱਥ ਵਿਚ ਦੇਖ ਕੇ ਹਰਨਾਮ ਸਿੰਘ ਫੁੱਟ-ਫੁੱਟ ਕੇ ਰੋ ਪਿਆ। ਰਾਤ ਭਰ ਦੀ ਥਕਾਵਟ, ਤਰ੍ਹਾਂ ਤਰ੍ਹਾਂ ਦੇ ਡਰ ਤੇ ਸੋਚਾਂ ਇਕਦਮ ਫੁੱਟ ਕੇ ਵਹਿ ਤੁਰੇ ਤੇ ਉਹ ਬੱਚਿਆਂ ਵਾਂਗ ਵਿਲਕ ਪਿਆ। ਆਖਰ ਖਾਂਦਾ-ਪੀਂਦਾ ਦੁਕਾਨਦਾਰ ਸੀ, ਲੱਕ ਨਾਲ ਦੋ ਸੌ ਰੁਪਏ ਵੀ ਬੰਨ੍ਹ ਕੇ ਲਿਆਇਆ ਸੀ। ਸਾਰੀ ਉਮਰ ਕਿਸੇ ਅੱਗੇ ਹੱਥ ਨਹੀਂ ਸੀ ਅੱਡਿਆ ਅਤੇ ਹੁਣ ਇਕ ਦਿਨ ਵਿਚ ਦਰ ਦਰ ਦੀਆਂ ਠੋਕਰਾਂ ਖਾਣ ਲੱਗਾ ਸੀ।

"ਇਥੇ ਉਚੀ ਉਚੀ ਨਾ ਰੋਵੋ ਸਰਦਾਰ ਜੀ, ਗਲੀ-ਮੁਹੱਲੇ ਵਾਲੇ ਸੁਣਨਗੇ ਤਾਂ ਭੱਜੇ ਆਉਣਗੇ, ਚੁੱਪ ਬੈਠੇ ਰਹੋ।"

ਹਰਨਾਮ ਸਿੰਘ ਸਿਸਕੀਆਂ ਦਬਾ ਕੇ ਚੁੱਪ ਹੋ ਗਿਆ ਤੇ ਪਗੜੀ ਦੇ ਲੜ ਨਾਲ ਹੰਝੂ ਪੂੰਝਣ ਲੱਗਾ, "ਭਲਾ ਹੋਵੇ ਤੁਹਾਡਾ ਭੈਣੇ, ਤੁਹਾਡਾ ਕੀਤਾ ਅਸੀਂ ਕਦੇ ਨਹੀਂ ਉਤਾਰ ਸਕਾਂਗੇ।"

"ਰੱਬ ਘਰੋਂ ਬੇਘਰ ਕਿਸੇ ਨੂੰ ਨਾ ਕਰੇ। ਰੱਬ ਦੀ ਮਿਹਰ ਹੋਈ ਤਾਂ ਸਭ ਠੀਕ ਹੋ ਜਾਵੇਗਾ।"

ਔਰਤ ਹਾਲੇ ਵੀ ਲੱਸੀ ਦਾ ਛੰਨਾ ਲਈ ਬੰਤੋ ਦੇ ਸਾਹਮਣੇ ਖੜ੍ਹੀ ਸੀ। ਲੱਸੀ ਦਾ ਛੰਨਾ ਵੇਖ ਕੇ ਬੰਤੋ ਦੁਬਿਧਾ ਵਿਚ ਪੈ ਗਈ। ਉਸ ਨੇ ਅੱਖਾਂ ਚੁੱਕ ਕੇ ਪਤੀ ਵੱਲ ਦੇਖਿਆ। ਉਹ ਉਸ ਵੱਲ ਦੇਖ ਰਿਹਾ ਸੀ। ਮੁਸਲਮਾਨ ਦੇ ਹੱਥੋਂ ਕਟੋਰਾ ਕਿਵੇਂ ਲੈ ਲਵੇ? ਉਧਰ ਰਾਤ ਭਰ ਦੀ ਥਕਾਵਟ ਨਾਲ ਸੰਘ ਸੁੱਕ ਰਿਹਾ ਸੀ। ਉਸ ਦੀ ਝਿਜਕ ਨੂੰ ਮਾਲਕਣ ਸਮਝ ਗਈ।

"ਤੁਹਾਡੇ ਕੋਲ ਕੋਈ ਆਪਣਾ ਭਾਂਡਾ ਹੋਵੇ ਤਾਂ ਉਸ ਵਿਚ ਪਾ ਲਓ। ਪਿੰਡ ਵਿਚ ਇਕ ਪੰਡਿਤ ਦੀ ਦੁਕਾਨ ਏ। ਜੇ ਉਹ ਘਰ ਹੋਇਆ ਤਾਂ ਉਸ ਕੋਲੋਂ ਮੈਂ ਤੁਹਾਡੇ ਲਈ ਦੋ ਭਾਂਡੇ ਲੈ ਆਵਾਂਗੀ, ਪਰ ਕੀ ਪਤਾ, ਉਹ ਮਿਲੇਗਾ ਕਿ ਨਹੀਂ। ਸਾਡੇ ਹੱਥ ਦਾ ਨਾ ਲਓ ਪਰ ਦਿਨ ਭਰ ਭੁੱਖੇ ਕਿਥੇ ਪਏ ਰਹੋਗੇ?"

ਹਰਨਾਮ ਸਿੰਘ ਨੇ ਹੱਥ ਅੱਗੇ ਕਰ ਕੇ ਛੰਨਾ ਲੈ ਲਿਆ, "ਤੇਰੇ ਹੱਥ ਦਾ ਦਿੱਤਾ ਅੰਮ੍ਰਿਤ ਬਰਾਬਰ ਏ ਭੈਣਾਂ, ਅਸੀਂ ਤੇਰਾ ਕੀਤਾ ਕਦੇ ਨਹੀਂ ਭੁਲ ਸਕਦੇ।"

ਧੁੱਪ ਨਿਕਲ ਆਈ ਸੀ ਤੇ ਲਾਗੇ-ਚਾਗੇ ਦੇ ਘਰਾਂ ਵਿਚੋਂ ਆਵਾਜ਼ਾਂ ਆਉਣ ਲੱਗੀਆਂ ਸਨ। ਹਰਨਾਮ ਸਿੰਘ ਨੇ ਅੱਧੀ ਲੱਸੀ ਪੀ ਕੇ ਛੰਨਾ ਬੰਤੋ ਵੱਲ ਕਰ ਦਿੱਤਾ।

"ਸੁਣੋ ਸਰਦਾਰ ਜੀ, ਮੈਂ ਤੁਹਾਡੇ ਕੋਲੋਂ ਕੁਝ ਨਹੀਂ ਲੁਕਾਵਾਂਗੀ", ਘਰ ਦੀ ਮਾਲਕਣ ਬੋਲੀ, "ਮੇਰੇ ਘਰਵਾਲਾ ਤੇ ਪੁੱਤਰ, ਦੋਵੇਂ ਪਿੰਡ ਵਾਲਿਆਂ ਨਾਲ ਬਾਹਰ ਗਏ ਹੋਏ ਨੇ। ਉਹ ਹੁਣ ਮੁੜਨ ਵਾਲੇ ਹੀ ਹੋਣਗੇ। ਮੇਰੇ ਘਰਵਾਲਾ ਤਾਂ ਰੱਬ ਤੋਂ ਡਰਨ ਵਾਲਾ ਬੰਦਾ ਏ, ਤੁਹਾਨੂੰ ਕੁਝ ਨਹੀਂ ਕਹੇਗਾ, ਪਰ ਪੁੱਤਰ ਲੀਗੀ ਏ ਤੇ ਉਸ ਦੇ ਨਾਲ ਦੇ ਵੀ ਲੀਗੀ ਨੇ। ਤੁਹਾਡੇ ਨਾਲ ਉਹ ਕਿਹੋ ਜਿਹਾ ਸਲੂਕ ਕਰਨਗੇ, ਮੈਨੂੰ ਨਹੀਂ ਪਤਾ। ਤੁਸੀਂ ਆਪਣਾ ਨਫ਼ਾ ਨੁਕਸਾਨ ਸੋਚ ਲਓ।"

ਹਰਨਾਮ ਸਿੰਘ ਦਾ ਦਿਲ ਬੈਠ ਗਿਆ। ਹੁਣੇ ਹੁਣੇ ਤਾਂ ਇਹ ਔਰਤ ਅਲੱਗ ਭਾਂਡੇ ਦੇਣ ਦੀ ਗੱਲ ਕਰ ਰਹੀ ਸੀ ਅਤੇ ਹੁਣ ਕੁਝ ਹੋਰ ਸੁਣਾਉਣ ਲੱਗੀ ਏ। ਉਸ ਨੇ ਹੱਥ ਜੋੜ ਦਿੱਤੇ, "ਇਸ ਵੇਲੇ ਦਿਨ ਦਿਹਾੜੇ ਅਸੀਂ ਕਿੱਥੇ ਜਾਈਏ?"

"ਮੈਨੂੰ ਕੀ ਪਤਾ? ਭਲੇ ਦਿਨ ਹੁੰਦੇ ਤਾਂ ਕੋਈ ਗੱਲ ਨਹੀਂ ਸੀ, ਹੁਣ ਕੋਈ ਕਿਸੇ ਦੀ ਨਹੀਂ ਸੁਣਦਾ। ਮੈਂ ਤੁਹਾਨੂੰ ਦੱਸ ਦਿੱਤਾ ਏ ਕਿ ਮਰਦ ਬਾਹਰ ਗਏ ਹੋਏ ਨੇ ਤੇ ਹੁਣ ਆਉਣ ਵਾਲੇ ਨੇ, ਉਹ ਤੁਹਾਡੇ ਨਾਲ ਕਿਹੋ ਜਿਹਾ ਸਲੂਕ ਕਰਨਗੇ, ਮੈਨੂੰ ਨਹੀਂ ਪਤਾ। ਜੇ ਕੋਈ ਚੰਗੀ-ਮੰਦੀ ਹੋ ਗਈ ਤਾਂ ਮੈਨੂੰ ਨਾ ਕਹਿਣਾ।"

ਹਰਨਾਮ ਸਿੰਘ ਬੜੀ ਦੇਰ ਗਹਿਰੀ ਸੋਚ ਵਿਚ ਡੁੱਬਾ ਬੈਠਾ ਰਿਹਾ, ਫਿਰ ਮਾੜੀ ਜਿਹੀ ਆਵਾਜ਼ ਵਿਚ ਬੋਲਿਆ, "ਸੱਤ ਬਚਨ, ਜੋ ਵਾਹਿਗੁਰੂ ਨੂੰ ਮਨਜ਼ੂਰ, ਉਹੋ ਹੋਵੇਗਾ। ਤੇਰੇ ਦਿਲ ਵਿਚ ਰਹਿਮ ਜਾਗਿਆ, ਤੂੰ ਦਰਵਾਜ਼ਾ ਖੋਲ੍ਹ ਦਿੱਤਾ। ਹੁਣ ਤੂੰ ਕਹੇਂਗੀ ਬਾਹਰ ਚਲੇ ਜਾਓ ਤਾਂ ਅਸੀਂ ਚਲੇ ਜਾਵਾਂਗੇ। ਚੱਲ ਬੰਤੋ, ਉਠ।"

ਹਰਨਾਮ ਸਿੰਘ ਨੇ ਬੰਦੂਕ ਸੰਭਾਲੀ ਅਤੇ ਦੋਵੇਂ ਪਤੀ-ਪਤਨੀ ਦਰਵਾਜ਼ੇ ਵੱਲ ਵਧੇ। ਉਹਨੂੰ ਪਤਾ ਸੀ ਕਿ ਦਰਵਾਜ਼ਿਓਂ ਬਾਹਰ ਪਰਲੇ ਮੂੰਹ



ਅੱਡੀ ਖਲੋਤੀ ਏ, ਪਰ ਚਾਰਾ ਵੀ ਕੋਈ ਨਹੀਂ ਸੀ। ਔਰਤ ਵਿਹੜੇ ਵਿਚ ਉਵੇਂ ਹੀ ਖੜ੍ਹੀ ਉਨ੍ਹਾਂ ਵੱਲ ਦੇਖਦੀ ਰਹੀ। ਜਦ ਹਰਨਾਮ ਸਿੰਘ ਨੇ ਕੁੰਡੀ ਖੋਲ੍ਹਣ ਲਈ ਹੱਥ ਚੁੱਕਿਆ ਤਾਂ ਔਰਤ ਬੋਲ ਉਠੀ, "ਨਾ ਜਾਓ ਜੀ, ਰੁਕ ਜਾਓ, ਕੁੰਡੀ ਮਾਰ ਦਿਓ, ਤੁਸੀਂ ਮੇਰੇ ਘਰ ਦਾ ਬੂਹਾ ਖੜਕਾਇਆ ਏ, ਦਿਲ ਵਿਚ ਆਸ ਲੈ ਕੇ ਆਏ ਓ, ਜੋ ਹੋਊ ਵੇਖੀ ਜਾਊ, ਤੁਸੀਂ ਪਰਤ ਆਓ।"

ਪਿੱਛੇ ਹਨੇਰੀ ਕੋਠੜੀ ਦੀ ਸਰਦਲ 'ਤੇ ਖੜ੍ਹੀ ਇਕਰਾਂ ਆਪਣੀ ਸੱਸ ਵੱਲ ਦੇਖ ਰਹੀ ਸੀ। ਉਸ ਨੂੰ ਬੋਲਦੇ ਦੇਖ ਕੇ ਅੱਗੇ ਵਧ ਆਈ, "ਜਾਣ ਦੇ ਮਾਂ, ਅਸੀਂ ਮਰਦਾਂ ਨੂੰ ਪੁੱਛਿਆ ਵੀ ਤਾਂ ਨਹੀਂ ਏ। ਉਨ੍ਹਾਂ ਨੂੰ ਬਹੁਤ ਬੁਰਾ ਲੱਗੂ।"

"ਮੈਂ ਜਵਾਬ ਦੇ ਲਊਂ। ਤੂੰ ਜਾ ਅੰਦਰੋਂ ਪੌੜੀ ਚੁੱਕ ਲਿਆ, ਜਲਦੀ ਕਰ। ਘਰ ਆਇਆਂ ਨੂੰ ਕੱਢ ਦਿਆਂ ਹੁਣ? ਅੱਲ੍ਹਾ ਦੀ ਦਰਗਾਹ ਵਿਚ ਸਭ ਨੇ ਜਾਣਾ ਏ। ਜਾਹ ਵੀ...ਖਲੋਤੀ ਮੇਰਾ ਮੂੰਹ ਕੀ ਵੇਖ ਰਹੀ ਏਂ, ਅੰਦਰੋਂ ਪੌੜੀ ਚੁੱਕ ਲਿਆ।"

ਹਰਨਾਮ ਸਿੰਘ ਤੇ ਉਸ ਦੀ ਪਤਨੀ ਬੂਹੇ ਤੋਂ ਮੁੜ ਆਏ। ਹਰਨਾਮ ਸਿੰਘ ਨੇ ਫਿਰ ਹੱਥ ਜੋੜ ਦਿੱਤੇ, "ਵਾਹਿਗੁਰੂ ਤੈਨੂੰ ਸਲਾਮਤ ਰੱਖੇ ਭੈਣਾਂ, ਤੂੰ ਸਾਨੂੰ ਜਿਵੇਂ ਕਹੇਂਗੀ, ਅਸੀਂ ਉਵੇਂ ਹੀ ਕਰਾਂਗੇ।"

ਦਿਨ ਨਿਕਲ ਆਇਆ ਸੀ। ਆਂਢ-ਗੁਆਂਢ ਦੀਆਂ ਤੀਵੀਆਂ ਇਕ-ਦੂਜੇ ਦੇ ਘਰ ਆਉਣ-ਜਾਣ ਲੱਗੀਆਂ ਸਨ। ਥਾਂ-ਥਾਂ ਫਸਾਦਾਂ ਦੀ ਚਰਚਾ ਹੋ ਰਹੀ ਸੀ। ਇਸ ਪਿੰਡ ਵਿਚੋਂ ਵੀ ਪਿਛਲੀ ਸ਼ਾਮ ਬਹੁਤ ਸਾਰੇ ਮਰਦ ਨਾਹਰੇ ਲਾਉਂਦੇ, ਬਰਛੇ-ਕੁਹਾੜੇ ਹਵਾ ਵਿਚ ਲਹਿਰਾਉਂਦੇ ਤੇ ਢੋਲ ਵਜਾਉਂਦੇ ਪਿੰਡ ਵਿਚ ਘੁੰਮਦੇ ਰਹੇ ਸਨ ਤੇ ਬਾਅਦ ਵਿਚ ਪੂਰਬ ਵੱਲ ਨਿਕਲ ਗਏ ਸਨ। ਪਤਾ ਨਹੀਂ ਕਿਥੇ ਘੁੰਮਦੇ ਰਹੇ ਸਨ, ਸਾਰੀ ਰਾਤ ਕੀ ਕਰਦੇ ਰਹੇ ਸਨ, ਪਰ ਹੁਣ ਦਿਨ ਚੜ੍ਹ ਆਇਆ ਸੀ ਤੇ ਘਰ ਵਿਚ ਉਨ੍ਹਾਂ ਦੀ ਉਡੀਕ ਸੀ।

ਇਕਰਾਂ ਪੌੜੀ ਲੈ ਆਈ। ਉਸ ਦੀ ਸੱਸ ਨੇ ਪੌੜੀ ਉਹਦੇ ਹੱਥੋਂ ਲੈ ਲਈ ਅਤੇ ਕੰਧ ਨਾਲ ਲਾ ਦਿੱਤੀ, ਜਿਥੋਂ ਕੋਠੜੀ ਉਤੇ ਛੋਟੀ ਜਿਹੀ ਮਿਆਨੀ ਸੀ। ਔਰਤ ਨੇ ਕਿਹਾ, "ਇਧਰ ਆਓ ਜੀ, ਤੁਸੀਂ ਦੋਵੇਂ ਉਪਰ ਚੜ੍ਹ ਕੇ ਮਿਆਨੀ ਵਿਚ ਬਹਿ ਜਾਓ, ਬੋਲਣਾ ਨਹੀਂ। ਕਿਸੇ ਨੂੰ ਪਤਾ ਨਾ ਲੱਗੇ ਕਿ ਤੁਸੀਂ ਇਥੇ ਹੋ, ਅੱਗੇ ਅੱਲ੍ਹਾ ਮਾਲਕ!"

ਹਰਨਾਮ ਸਿੰਘ ਨੂੰ ਚੜ੍ਹਨ ਵਿਚ ਮੁਸ਼ਕਿਲ ਪੇਸ਼ ਆਈ। ਇਕ ਤਾਂ ਭਾਰੀ ਦੇਹ, ਦੂਜੇ ਮੋਢਿਆਂ 'ਤੇ ਲਟਕਦੀ ਭਾਰੀ ਬੰਦੂਕ ਵਾਰ ਵਾਰ ਉਸ ਦੀਆਂ ਲੱਤਾਂ ਵਿਚ ਉਲਝ ਰਹੀ ਸੀ। ਜਿਵੇਂ ਕਿਵੇਂ ਹਫ਼ਦਾ ਉਹ ਉਪਰ ਪਹੁੰਚ ਗਿਆ, ਪਿੱਛੇ ਪਿੱਛੇ ਬੰਤੋ ਵੀ ਚੜ੍ਹ ਗਈ। ਮਿਆਨੀ ਛੋਟੀ ਸੀ, ਮੁਸ਼ਕਿਲ ਨਾਲ ਕੁੰਗੜ ਕੇ ਬਹਿਣ ਦੀ ਜਗ੍ਹਾ ਸੀ। ਹੋਰ ਸਾਮਾਨ ਵੀ ਭਰਿਆ ਪਿਆ ਸੀ। ਜਦ ਹਰਨਾਮ ਸਿੰਘ ਨੇ ਖਿੜਕੀ ਬੰਦ ਕਰ ਦਿੱਤੀ ਤਾਂ ਅੰਦਰ ਹਨੇਰਾ ਹੋ ਗਿਆ। ਦੋਵੇਂ ਚੁੱਪ-ਚਾਪ ਬੈਠੇ ਹਨੇਰੇ ਵਿਚ ਅੱਖਾਂ ਪਾੜ-ਪਾੜ ਕੇ ਦੇਖ ਰਹੇ ਸਨ। ਨਾ ਕੁਝ ਸੋਚਣ ਨੂੰ ਸੀ, ਨਾ ਕੁਝ ਕਹਿਣ ਨੂੰ। ਬੱਸ, ਪਤਲੀ ਜਿਹੀ ਡੋਰੀ ਦੇ ਸਹਾਰੇ ਕਿਸਮਤ ਲਟਕ ਰਹੀ ਸੀ।

ਦੇਰ ਤੱਕ ਹਰਨਾਮ ਸਿੰਘ ਹਫ਼ਦਾ ਰਿਹਾ। ਮਿਆਨੀ ਅੰਦਰ ਹੁਮਸ ਸੀ, ਹਨੇਰਾ ਵੀ ਸੀ। ਕੁਝ ਦੇਰ ਤੱਕ ਬੈਠੇ ਰਹਿਣ ਪਿੱਛੋਂ ਲਾਚਾਰ ਹੋ ਕੇ ਹਰਨਾਮ ਸਿੰਘ ਨੇ ਤਾਕੀ ਨੂੰ ਥੋੜ੍ਹਾ ਜਿਹਾ ਖੋਲ੍ਹ ਦਿੱਤਾ ਤਾਂ ਕਿ ਕੁਝ ਹਵਾ ਤੇ ਲੋਅ ਅੰਦਰ ਆ ਸਕੇ। ਉਸ ਨੂੰ ਪਤਲੀ ਜਿਹੀ ਝੀਤ ਵਿਚੋਂ ਥੋੜ੍ਹਾ ਜਿਹਾ ਵਿਹੜਾ ਤੇ ਬੂਹਾ ਦਿਸ ਰਿਹਾ ਸੀ। ਹੇਠਾਂ ਚੁੱਪ ਬਿਖਰੀ ਹੋਈ ਸੀ। ਲੱਗਿਆ ਜਿਵੇਂ ਸੱਸ-ਨੂੰਹ ਵਿਹੜੇ ਵਿਚੋਂ ਚਲੀਆਂ ਗਈਆਂ ਹਨ।

"ਜੇ ਕੋਈ ਬੁਰੀ ਗੱਲ ਹੋ ਗਈ ਬੰਤੋ, ਸਾਡੀ ਜਾਨ ਖਤਰੇ ਵਿਚ ਪੈ ਗਈ ਤਾਂ ਮੈਂ ਪਹਿਲਾਂ ਤੇਰੇ ਗੋਲੀ ਮਾਰਾਂਗਾ, ਤੈਨੂੰ ਆਪਣੇ ਹੱਥਾਂ ਨਾਲ ਖਤਮ ਕਰ ਦਿਆਂਗਾ...।" ਹਰਨਾਮ ਸਿੰਘ ਨੇ ਫੁਸ-ਫੁਸਾ ਕੇ ਤੀਜੀ ਵਾਰ ਕਿਹਾ, "ਜੇ ਅਸੀਂ ਫੜੇ ਗਏ ਤਾਂ ਹੋਰ ਕੋਈ ਚਾਰਾ ਨਹੀਂ।"

ਬੰਤੋ ਚੁੱਪ ਰਹੀ। ਉਹ ਇਕ ਇਕ ਪਲ ਗਿਣ ਰਹੀ ਸੀ ਕਿ ਹੁਣ ਕੀ ਹੋਵੇਗਾ, ਉਸ ਦੀ ਸੋਚ ਇਸ ਤੋਂ ਅਗੇਰੇ ਜਾ ਹੀ ਨਹੀਂ ਰਹੀ ਸੀ।

ਹੇਠਾਂ, ਪਿਛਲੀ ਕੋਠੜੀ ਵਿਚ ਸੱਸ-ਨੂੰਹ ਵਿਚਕਾਰ ਇਕਦਮ ਬਹਿਸ ਸ਼ੁਰੂ ਹੋ ਗਈ। ਇਕਰਾਂ ਨੇ ਮੂੰਹ ਸੁਜਾਇਆ ਹੋਇਆ ਸੀ, "ਕਾਫ਼ਰਾਂ ਨੂੰ ਪਨਾਹ ਦੇਂਦੇ ਓ, ਬਹੁ ਮਾੜਾ ਕਰਦੇ ਓ, ਮਰਦ ਤੈਨੂੰ ਪੁੱਛਣਗੇ।"

"ਤੂੰ ਚੁੱਪ ਰਹਿ। ਬਦਨਸੀਬ ਕੋਈ ਆਏ ਤੇ ਮੈਂ ਧੱਕਾ ਦੇ ਦੇਵਾਂ?"

"ਨਾ ਜਾਣ ਨਾ ਪਛਾਣ। ਇਹ ਸਾਡੇ ਕੀ ਲੱਗਦੇ ਨੇ? ਕਿੰਨਾ ਬੁਰਾ ਲੱਗੇਗਾ ਅੱਬਾ ਨੂੰ ਤੇ ਰਮਜ਼ਾਨ ਨੂੰ ਵੀ। ਉਪਰ ਦੋਵੇਂ ਚੜ੍ਹ ਬੈਠੇ ਨੇ ਅਤੇ ਸਿੱਖੜੇ ਦੇ ਹੱਥ ਵਿਚ ਬੰਦੂਕ ਏ। ਜੇ ਮਰਦ ਆਇਆ ਤੇ ਉਸ ਨੇ ਗੋਲੀ ਚਲਾ ਦਿੱਤੀ ਤਾਂ? ਤੂੰ ਤਾਂ ਇਤਬਾਰ ਕਰ ਕੇ ਉਨ੍ਹਾਂ ਨੂੰ ਉਥੇ ਬੈਠਾ ਦਿੱਤਾ।"

ਸੱਸ ਇਕਰਾਂ ਦੇ ਚਿਹਰੇ ਵੱਲ ਦੇਖਦੀ ਰਹਿ ਗਈ। ਉਸ ਦੀ ਗੱਲ ਵਿਚ ਦਮ ਸੀ। ਜੇ ਗੱਲ ਵਿਗੜ ਜਾਵੇ, ਮਰਦਾਂ ਦੇ ਪਰਤਣ 'ਤੇ, ਉਨ੍ਹਾਂ ਨੂੰ ਪਤਾ ਲੱਗ ਜਾਵੇ ਅਤੇ ਇਨ੍ਹਾਂ ਵਿਚਕਾਰ ਤੂੰ-ਤੂੰ, ਮੈਂ-ਮੈਂ ਹੋ ਜਾਵੇ, ਗਾਲੀ ਗਲੋਚ ਹੋ ਜਾਵੇ, ਰਮਜ਼ਾਨ ਤਾਂ ਉਂਜ ਵੀ ਕਿੰਨੇ ਦਿਨਾਂ ਤੋਂ ਬੁਖਲਾਇਆ ਹੋਇਆ ਹੈ, ਤੇ ਇਹ ਉਪਰ ਬੈਠਾ ਗੋਲੀ ਚਲਾ ਦੇਵੇ ਤਾਂ ਕੀ ਹੋਵੇਗਾ? ਹੇਠਾਂ ਖਲੋਤੇ ਆਦਮੀ ਨੂੰ ਤਾਂ ਮਾਰ ਹੀ ਸੁੱਟੇਗਾ। ਕਿਸੇ ਨੂੰ ਪਨਾਹ ਦੇਣਾ ਹੋਰ ਗੱਲ ਹੈ ਅਤੇ ਆਪਣੇ ਪੁੱਤਰ ਜਾਂ ਘਰਵਾਲੇ ਦੀ ਜਾਨ ਜੋਖਮ ਵਿਚ ਪਾਉਣਾ ਹੋਰ ਗੱਲ। ਇਸ ਵਿਚ ਕੀ ਅਕਲਮੰਦੀ ਹੈ? ਇਹ ਗੱਲ ਉਸ ਨੇ ਸੋਚੀ ਕਿਉਂ ਨਹੀਂ? ਉਹ ਉਠ ਕੇ ਮਿਆਨੀ ਦੇ ਹੇਠਾਂ ਜਾ ਖੜ੍ਹੀ।

"ਸੁਣੋ ਸਰਦਾਰ ਜੀ ਮੇਰੀ ਗੱਲ।" ਉਸ ਨੇ ਦੱਬੀ ਆਵਾਜ਼ ਵਿਚ ਕਿਹਾ।

ਹਰਨਾਮ ਸਿੰਘ ਤਾਕੀ ਦੇ ਨੇੜੇ ਨੂੰ ਹੋ ਕੇ ਬੋਲਿਆ, "ਕੀ ਏ ਭੈਣਾਂ?"

"ਆਪਣੀ ਬੰਦੂਕ ਮੈਨੂੰ ਦੇ ਦੇ। ਬੰਦੂਕ ਲੈ ਕੇ ਤੂੰ ਉਪਰ ਨਹੀਂ ਬਹਿ ਸਕਣਾ।"

ਫਿਰ ਦੋਵਾਂ ਵਿਚਕਾਰ ਚੁੱਪ ਛਾ ਗਈ। ਬੰਦੂਕ ਦੇਣ ਦਾ ਮਤਲਬ ਸੀ, ਆਪਣੀ ਜਾਨ ਉਨ੍ਹਾਂ ਦੇ ਹੱਥ ਦੇ ਦੇਣੀ। ਜੇ ਉਹ ਨਾਂਹ ਕਰ ਦੇਵੇ ਤਾਂ ਉਹ ਫੌਰਨ ਆਪਣੇ ਘਰੋਂ ਕੱਢ ਸਕਦੀ ਸੀ ਅਤੇ ਬਾਹਰ ਦਿਨ ਦਿਹਾੜੇ, ਬੰਦੂਕ ਮੋਢੇ 'ਤੇ ਲਟਕ ਵੀ ਰਹੀ ਹੋਵੇ, ਤਾਂ ਵੀ ਹਿਫ਼ਾਜ਼ਤ ਨਹੀਂ।

"ਸੁਣਦੇ ਹੋ ਸਰਦਾਰ ਜੀ, ਬੰਦੂਕ ਦੇ ਦਿਓ। ਮੇਰੇ ਘਰ ਰਹਿੰਦਿਆਂ ਤੁਹਾਨੂੰ ਬੰਦੂਕ ਦੀ ਕੀ ਲੋੜ ਏ?"

"ਬੰਦੂਕ ਦੇ ਕੇ ਮੈਂ ਬਿਲਕੁਲ ਨਿਹੱਥਾ ਹੋ ਜਾਵਾਂਗਾ ਭੈਣਾਂ, ਕਿਥੇ ਮਾਰਿਆ ਮਾਰਿਆ ਫਿਰਾਂਗਾ? ਇਸ ਦਾ ਤਾਂ ਮੈਨੂੰ ਹੌਸਲਾ ਏ।"

"ਤੂੰ ਬੰਦੂਕ ਏਥਰ ਲਟਕਾ ਦੇ, ਜਦੋਂ ਜਾਵੇਂਗਾ ਤਾਂ ਮੈਂ ਬੰਦੂਕ ਤੈਨੂੰ ਵਾਪਸ ਕਰ ਦੇਵਾਂਗੀ।" ਹਰਨਾਮ ਸਿੰਘ ਨੇ ਆਪਣੀ ਪਤਨੀ ਦੇ ਚਿਹਰੇ ਵੱਲ ਵੇਖਿਆ ਤੇ ਫਿਰ ਚੁੱਪ-ਚਾਪ ਬੰਦੂਕ ਹੇਠਾਂ ਲਟਕਾ ਦਿੱਤੀ। ਬੰਦੂਕ ਦੇਣ ਤੋਂ ਬਾਅਦ ਹਰਨਾਮ ਸਿੰਘ ਨੂੰ ਇਸ ਗੱਲ ਦਾ ਧਿਆਨ ਆਇਆ ਕਿ ਦੇਣ ਤੋਂ ਪਹਿਲਾਂ ਉਸ ਵਿਚੋਂ ਗੋਲੀਆਂ ਤਾਂ ਕੱਢ ਲੈਂਦਾ। ਭਰੀ ਹੋਈ ਬੰਦੂਕ ਉਸ ਦੇ ਹੱਥ ਵਿਚ ਦੇ ਦਿੱਤੀ। ਫਿਰ ਉਸ ਨੇ ਸਿਰ ਨੂੰ ਝਟਕਾ ਦਿੱਤਾ, "ਜਿਥੇ ਜ਼ਿੰਦਗੀ ਬੇਯਕੀਨੀ ਵਿਚ ਲਟਕ ਰਹੀ ਹੈ, ਉਥੇ ਕੀ ਫਰਕ ਪੈਂਦਾ ਹੈ ਕਿ ਬੰਦੂਕ ਵਿਚੋਂ ਗੋਲੀਆਂ ਕੱਢ ਲਈਆਂ ਜਾਂ ਨਹੀਂ। ਕੱਢ ਲੈਂਦਾ ਤਾਂ ਮੌਤ ਦਾ ਇਕ ਬਹਾਨਾ ਘੱਟ ਹੋ ਜਾਂਦਾ, ਨਹੀਂ ਕੱਢੀਆਂ ਤਾਂ ਮੌਤ ਦੇ ਹਜ਼ਾਰਾਂ ਬਹਾਨਿਆਂ ਵਿਚ ਇਕ ਹੋਰ ਬਹਾਨਾ ਜਾ ਮਿਲਿਆ ਹੈ।" ਸੋਚਦਿਆਂ ਉਸ ਨੇ ਠੰਢਾ ਸਾਹ ਲਿਆ, ਇੰਨਾ ਡੂੰਘਾ ਕਿ ਬੰਤੋ ਨੂੰ ਲੱਗਾ ਕਿ ਹੇਠਾਂ ਖਲੋਤੀ ਔਰਤ ਤੇ ਉਸ ਦੀ ਨੂੰਹ ਨੇ ਸੁਣ ਲਿਆ ਹੋਵੇਗਾ।

ਮਿਆਨੀ ਵਿਚ ਫਿਰ ਹਨੇਰਾ ਛਾ ਗਿਆ।

ਕੀ ਤੋਂ ਕੀ ਹੋ ਗਿਆ। ਕੱਲ੍ਹ ਇਸ ਵੇਲੇ ਬੰਤੋ ਆਪਣੇ ਘਰ ਸੰਦੂਕ ਵਿਚ ਕੱਪੜੇ ਸਾਂਭ ਰਹੀ ਸੀ ਤੇ ਅੱਜ ਪਤੀ ਪਤਨੀ ਚੂਹਿਆਂ ਵਾਂਗ ਹਨੇਰੀ ਮਿਆਨੀ ਵਿਚ ਬੈਠੇ ਸਨ। ਕੱਲ੍ਹ ਹਰਨਾਮ ਸਿੰਘ ਤੇ ਕਰੀਮ ਖਾਨ ਇਨ੍ਹਾਂ ਫਸਾਦਾਂ ਨੂੰ ਬੁਰਾ ਭਲਾ ਕਹਿ ਰਹੇ ਸਨ, ਉਨ੍ਹਾਂ ਲੋਕਾਂ ਨੂੰ ਬੁਰਾ ਭਲਾ ਕਹਿ ਰਹੇ ਸਨ ਜਿਨ੍ਹਾਂ ਦੀਆਂ ਅੱਖਾਂ ਵਿਚੋਂ ਦੀਦ ਉਡ ਗਿਆ ਸੀ। ਹੁਣ ਉਹ ਆਪ ਫਸਾਦਾਂ ਦੇ ਇਕ ਝੱਕੇ ਨਾਲ ਕਿਤੇ ਦੇ ਕਿਤੇ ਪਟਕ ਦਿੱਤੇ ਗਏ ਸਨ।

ਅਚਾਨਕ ਇਹ ਸੋਚ ਕੇ ਉਸ ਦਾ ਦਿਲ ਡੁੱਬ ਗਿਆ ਕਿ ਬੰਦੂਕ ਹੱਥੋਂ ਨਿਕਲ ਗਈ ਹੈ ਅਤੇ ਹੁਣ ਉਹ ਉਸ ਨੂੰ ਵਾਪਸ ਨਹੀਂ ਮਿਲੇਗੀ। ਇਹ ਮੈਂ ਕੀ ਕਰ ਬੈਠਾ? ਆਪਣੇ ਹੱਥੀਂ ਆਪਣੇ ਹੱਥ ਵੱਢ ਲਏ। ਬੰਦੂਕ ਤਾਂ ਮੇਰੇ ਲਈ ਅੰਨ੍ਹੇ ਦੀ ਲਾਠੀ ਵਾਂਗ ਸੀ। ਹੁਣ ਉਹ ਮੈਨੂੰ ਕਿਥੇ ਮਿਲੇਗੀ? ਸੋਚਦਿਆਂ ਹਰਨਾਮ ਸਿੰਘ ਦੇ ਪਸੀਨੇ ਛੁੱਟ ਗਏ। ਉਸ ਨੂੰ ਪਤਨੀ ਦੀ ਹਾਲਤ ਆਪਣੇ ਤੋਂ ਵੀ ਜ਼ਿਆਦਾ ਤਰਸਯੋਗ ਲੱਗੀ। ਹੁਣ ਮੈਂ ਇਸ ਨੂੰ ਕਿਸ ਦੇ ਆਸਰੇ ਲੈ ਕੇ ਜਾਵਾਂਗਾ? ਹੁਣ ਤਾਂ ਲੋਕ ਪੱਥਰ ਮਾਰ ਮਾਰ ਕੇ ਮਾਰ ਦੇਣਗੇ। ਭਗਤੀ, ਗਿਆਨ ਤੇ ਮਾਨਵ ਪ੍ਰੇਮ ਦੀ ਵਰ੍ਹਿਆਂ ਦੀ ਕਮਾਈ ਹਰਨਾਮ ਸਿੰਘ ਸੱਚ ਦੇ ਇਕ ਥਪੇੜੇ ਵਿਚ ਗਵਾ ਬੈਠਾ ਸੀ।

"ਜਸਬੀਰੋ ਦਾ ਕੁਝ ਪਤਾ ਲੱਗ ਜਾਂਦਾ।" ਅਚਾਨਕ ਬੰਤੋ ਬੋਲੀ।

ਹਰਨਾਮ ਸਿੰਘ ਚੁੱਪ ਰਿਹਾ। ਬੋਲਦਾ ਵੀ ਕੀ? ਰਹਿ ਰਹਿ ਕੇ ਕਿਸੇ ਵੇਲੇ ਅੰਦਰੋਂ ਮਾਂ ਬੋਲਣ ਲੱਗਦੀ ਸੀ। ਰਾਤ ਨੂੰ ਨਾਲੇ ਦੇ ਕੰਢੇ ਚੱਲਦੇ ਚੱਲਦੇ ਉਸ ਨੇ ਇਕ-ਦੋ ਵਾਰ ਆਪਣੇ ਬੱਚਿਆਂ ਨੂੰ ਯਾਦ ਕੀਤਾ ਸੀ, ਹੁਣ ਫਿਰ ਕਰਨ ਲੱਗੀ ਸੀ। ਜਦ ਵੀ ਕੁਝ ਦੇਰ ਲਈ ਸਿਰ ਤੋਂ ਖਤਰੇ ਦਾ ਸਾਇਆ ਟਲ ਜਾਂਦਾ, ਉਸ ਨੂੰ ਆਪਣੇ ਬੱਚਿਆਂ ਦੀ ਯਾਦ ਸਤਾਉਣ ਲੱਗਦੀ।

ਪਿੰਡ ਵਿਚ ਰੌਲਾ ਪੈ ਗਿਆ। ਰੌਲਾ ਵਧਦਾ ਜਾ ਰਿਹਾ ਸੀ। ਮਰਦ ਤੇ ਤੀਵੀਆਂ ਗੱਲਾਂ ਕਰਦੇ ਸੁਣਾਈ ਦੇਣ ਲੱਗੇ। ਤਦੇ ਕਿਸੇ ਨੇ ਬੂਹਿਆਂ ਨੂੰ ਜ਼ੋਰ ਜ਼ੋਰ ਨਾਲ ਖੜਕਾਇਆ ਅਤੇ ਕਿਸੇ ਔਰਤ ਦੀ ਆਵਾਜ਼ ਆਈ, "ਨੀ ਇਕਰਾਂ, ਆ ਬਾਹਰ, ਵੇਖ ਉਹ ਲੋਕ ਆ ਰਹੇ ਨੇ।"

ਇਕਰਾਂ ਦੀ ਕਿਸੇ ਸਹੇਲੀ ਦੀ ਆਵਾਜ਼ ਸੀ। ਇਕਰਾਂ ਭੱਜਦੀ ਹੋਈ ਦਰਵਾਜ਼ਾ ਖੋਲ੍ਹਣ ਬਾਹਰ ਚਲੇ ਗਈ। ਉਪਰ ਬੈਠੇ ਹਰਨਾਮ ਸਿੰਘ ਦਾ ਦਿਲ ਫਿਰ ਧੜਕਣ ਲੱਗਾ। ਬੰਤੋ ਨੇ ਅੱਖਾਂ ਚੁੱਕ ਕੇ ਆਪਣੇ ਪਤੀ ਦੇ ਚਿਹਰੇ ਵੱਲ ਦੇਖਿਆ। ਰੋਜ਼ ਚਮਕਦਾ ਰਹਿਣ ਵਾਲਾ ਚਿਹਰਾ ਪੀਲਾ ਪੈ ਚੁੱਕਾ ਸੀ ਅਤੇ ਕੱਪੜੇ ਵੱਟੋ-ਵੱਟ ਤੇ ਮੈਲੇ ਹੋ ਗਏ ਸਨ। ਅੱਧ-ਖੁੱਲ੍ਹੀ ਮਿਆਨੀ ਦੀ ਖਿੜਕੀ ਰਾਹੀਂ ਹਰਨਾਮ ਸਿੰਘ ਨੂੰ ਘਰ ਦੀ ਮਾਲਕਣ ਨਜ਼ਰ ਆਈ। ਵਿਹੜੇ ਦੇ ਖੁੱਲ੍ਹੇ ਬੂਹੇ ਸਾਹਮਣੇ ਲੱਕ 'ਤੇ ਦੋਵੇਂ ਹੱਥ ਰੱਖੀ ਖੜ੍ਹੀ ਸੀ। ਉਸ ਦਾ ਉਚਾ ਲੰਮਾ ਕੱਦ ਅਤੇ ਸਿੱਧਾ ਸਾਦਾ ਸਰੀਰ ਵੇਖ ਕੇ ਉਸ ਦਾ ਮਨ ਸੰਭਲ ਗਿਆ। ਉਸ ਦਾ ਵਿਸ਼ਵਾਸ ਜਿਵੇਂ ਫਿਰ ਪਰਤ ਆਇਆ ਹੋਵੇ। ਇਸ ਔਰਤ ਦੇ ਹੁੰਦਿਆਂ ਸਭ ਕੁਝ ਨਹੀਂ ਗਿਆ, ਸਭ ਕੁਝ ਖਤਮ ਨਹੀਂ ਹੋ ਗਿਆ!

"ਜੇ ਵਾਹਿਗੁਰੂ ਨੂੰ ਮਨਜ਼ੂਰ ਹੋਇਆ ਤਾਂ

*(ਬਾਕੀ ਅਗਲੇ ਸਫੇ 'ਤੇ)*

*(ਸਫਾ 23 ਦੀ ਬਾਕੀ)*

'ਮੈਨੂੰ ਅਜਿਹਾ ਕੋਈ ਕਾਰਨ ਨਜ਼ਰ ਨਹੀਂ ਆਉਂਦਾ ਕਿ ਇਸ ਨਾਲ ਤੁਹਾਡੀ ਲੇਖਣੀ 'ਤੇ ਕੋਈ ਮਾੜਾ ਪ੍ਰਭਾਵ ਪਵੇਗਾ। ਦਰਅਸਲ, ਇਸ ਦਾ ਤੁਹਾਨੂੰ ਇਹ ਲਾਭ ਹੋਵੇਗਾ ਕਿ ਤੁਹਾਡਾ ਤੋਰਾ ਫੇਰਾ ਅਤੇ ਭਾਸ਼ਣਾਂ ਦੇ ਦੌਰ ਘਟ ਜਾਣਗੇ ਅਤੇ ਤੁਸੀਂ ਸੋਚਣ ਤੇ ਲਿਖਣ ਉਪਰ ਜ਼ਿਆਦਾ ਧਿਆਨ ਕੇਂਦਰਿਤ ਕਰ ਸਕੋਗੇ। ਮੇਰਾ ਖ਼ਿਆਲ ਹੈ ਕਿ ਤੁਹਾਡਾ ਤੋਰਾ ਫੇਰਾ ਅਤੇ ਫਜ਼ੂਲ ਦੇ ਕੰਮ ਆਪਣੇ ਲਿਖਣ ਕਾਰਜ ਨਾਲੋਂ ਬਹੁਤ ਜ਼ਿਆਦਾ ਹਨ। ਤੁਹਾਡੇ ਮੱਦਾਹ ਚਚੇਰ (ਇਤਿਹਾਸਕਾਰ ਧਰਮਾਕੁਮਾਰ) ਮੈਨੂੰ ਦੱਸਦੇ ਰਹੇ ਹਨ ਕਿ ਮੈਂ ਬਹੁਤ ਜ਼ਿਆਦਾ ਅਨੁਸ਼ਾਸਿਤ ਰਿਹਾ ਹਾਂ ਅਤੇ ਮੇਰੀ ਕਲਪਨਾਸ਼ੀਲਤਾ ਬਹੁਤ ਘੱਟ ਹੈ। ਮੇਰਾ ਵਾਕਈ ਖ਼ਿਆਲ ਹੈ ਕਿ ਤੁਹਾਨੂੰ ਆਪਣੀ ਸੋਚ ਅਤੇ ਲਿਖਤਾਂ ਵਿਚ ਥੋੜ੍ਹੇ ਜ਼ਿਆਦਾ ਅਨੁਸ਼ਾਸਨ ਦੀ ਲੋੜ ਹੈ ਅਤੇ ਇਹ ਤਾਂ ਹੀ ਆ ਸਕਦਾ ਹੈ ਜੇ ਤੁਸੀਂ ਇੱਕ ਜਗ੍ਹਾ ਟਿਕ ਕੇ ਬੈਠੋਗੇ ਅਤੇ ਸੋਚੋਗੇ ਤੇ ਲਿਖੋਗੇ।'

ਆਂਦਰੇ ਵੱਲੋਂ ਮੇਰੇ ਇੱਕ ਪੱਤਰ ਦਾ ਹਵਾਲਾ ਦੇਣ ਤੋਂ ਬਾਅਦ, ਮੈਨੂੰ ਹੁਣ ਮੇਰੇ ਵੱਲੋਂ ਉਸ ਨੂੰ ਇੱਕ ਪੱਤਰ ਦਾ ਹਵਾਲਾ ਦੇਣ ਦਿਓ। ਕੁਝ ਸਾਲ ਪਹਿਲਾਂ, ਮੈਂ ਬੰਗਲੌਰ ਵਿਚ ਉੱਘੀ ਹਸਤੀ ਮਾਰਕ ਟਲੀ ਨੂੰ ਮਿਲਿਆ ਜਿਸ ਨੇ ਉਪ-ਮਹਾਂਦੀਪ ਵਿਚ ਜ਼ਿੰਦਗੀ ਬਿਤਾਈ ਹੈ, ਜ਼ਿਆਦਾਤਰ ਬ੍ਰਿਟਿਸ਼ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਲਈ ਕੰਮ ਕੀਤਾ ਹੈ। 'ਟਲੀ ਨੇ ਪੁੱਛਿਆ ਸੀ ਕਿ ਕੀ ਮੈਂ ਤੁਹਾਨੂੰ ਜਾਣਦਾ ਹਾਂ', ਮੈਂ ਆਂਦਰੇ ਨੂੰ ਲਿਖਿਆ ਅਤੇ ਕਿਹਾ ਕਿ ਉਸ ਨੇ ਕਈ ਸਾਲ ਪਹਿਲਾਂ ਬੀਬੀਸੀ ਦੇ ਕਿਸੇ ਪ੍ਰੋਗਰਾਮ ਲਈ ਤੁਹਾਡੇ ਨਾਲ ਇੱਕ ਲੰਮੀ ਇੰਟਰਵਿਊ ਕੀਤੀ ਸੀ। ਉਹ ਤੁਹਾਨੂੰ ਇੱਕ ਅਸਲੀ ਵਿਦਵਾਨ ਵਜੋਂ ਯਾਦ ਕਰਦਾ ਹੈ। ਉਸ ਨੇ ਕਿਹਾ ਸੀ ਉਹ ਰੇਡੀਓ ਪੱਤਰਕਾਰੀ ਨੂੰ ਪ੍ਰਿੰਟ ਪੱਤਰਕਾਰੀ ਨਾਲੋਂ ਕਮਤਰ ਸਮਝਦਾ ਸੀ ਅਤੇ ਪ੍ਰਿੰਟ ਪੱਤਰਕਾਰੀ ਨੂੰ ਵਿਦਵਤਾ ਨਾਲੋਂ ਘੱਟ ਸਮਝਦਾ ਸੀ। ਬੇਸ਼ੱਕ, ਤੁਸੀਂ ਦੋਵੇਂ ਪੱਖਾਂ 'ਤੇ ਸਹੀ ਹੋ!'

ਉਸ ਦੇ ਆਲੋਚਕਾਂ ਨੇ ਕਈ ਵਾਰ ਸ਼ਿਕਾਇਤ ਕੀਤੀ ਸੀ ਕਿ ਆਂਦਰੇ ਬੇਤਈ ਕੋਲ ਇੱਕ ਹੀ ਵਿਸ਼ਾ ਸੀ। ਹਾਲਾਂਕਿ, ਇਹ ਇੱਕ ਬਹੁਤ ਹੀ ਸਮਰੱਥ ਵਿਸ਼ਾ ਸੀ, ਸ਼ਾਇਦ ਸਭ ਤੋਂ ਮਹੱਤਵਪੂਰਨ ਵੀ, ਭਾਵ ਸਮਾਜਿਕ ਨਾਬਰਾਬਰੀ ਦਾ ਪੈਦਾ ਹੋਣਾ ਅਤੇ ਵਧਣਾ। ਉਸ ਨੇ ਇੱਕ ਤਾਮਿਲ ਪਿੰਡ ਵਿਚ ਜਾਤ, ਖੇਤੀਬਾੜੀ ਦੇ ਜਮਾਤੀ ਢਾਂਚੇ, ਪੂਰਬ ਅਤੇ ਪੱਛਮ ਵਿਚ ਅਸਮਾਨਤਾ ਦੇ ਤੁਲਨਾਤਮਕ ਵਿਸ਼ਲੇਸ਼ਣ, ਪੱਛੜੀਆਂ ਸ਼੍ਰੇਣੀਆਂ ਦੇ ਉਭਾਰ, ਸਮਾਜਿਕ ਨਿਆਂ ਦੇ ਦਾਅਵਿਆਂ ਅਤੇ ਸੰਸਥਾਗਤ ਦਿਆਨਤਦਾਰੀ ਦੇ ਦਾਅਵਿਆਂ ਵਿਚ ਤਣਾਅ ਬਾਰੇ ਕਿਤਾਬਾਂ ਲਿਖੀਆਂ ਹਨ। ਸਿਰਫ਼ ਆਰਥਿਕ ਕਾਰਕਾਂ ਦੇ ਆਧਾਰ 'ਤੇ ਸਰਲੀਕਰਨ ਦੇ ਰੂਪ ਵਿਚ ਦੇਖਣ ਦੀ ਬਜਾਏ, ਉਸ ਨੇ ਹੈਸੀਅਤ ਅਤੇ ਸ਼ਕਤੀ ਦੇ ਪਾਸਾਰਾਂ ਦਾ ਵੀ ਅਧਿਐਨ ਕੀਤਾ ਹੈ।

ਆਂਦਰੇ ਬੇਤਈ ਦੀਆਂ ਲਿਖਤਾਂ ਹਾਲੇ ਵੀ ਪ੍ਰਸੰਗਕ ਹਨ। ਉਸ ਦੇ ਕਾਰਜ ਨਾਲ ਬਹੁਤਾ ਵਾਹ ਵਾਸਤਾ ਨਾ ਰੱਖਣ ਵਾਲੇ ਪਾਠਕਾਂ ਨੂੰ ਉਸ ਦੇ ਅਖ਼ਬਾਰੀ ਲੇਖਾਂ 'ਕਰੋਨੀਕਲਜ਼ ਆਫ ਅਵਰ ਟਾਈਮਜ਼' ਤੋਂ ਸ਼ੁਰੂਆਤ ਕਰਨੀ ਚਾਹੀਦੀ ਹੈ। ਜ਼ਿਆਦਾ ਵਿਦਵਾਨੀ ਝੁਕਾਅ ਰੱਖਣ ਵਾਲੇ ਹਥਲੀਆਂ ਕਿਤਾਬਾਂ 'ਚੋਂ ਕੁਝ ਪੜ੍ਹ ਸਕਦੇ ਹਨ: ਕਾਸਟ, ਕਲਾਸ ਐਂਡ ਪਾਵਰ; ਸੁਸਾਇਟੀ ਐਂਡ ਪਾਲਿਟਿਕਸ ਇਨ ਇੰਡੀਆ; ਅਤੇ ਦਿ ਆਈਡਿਆ ਆਫ ਨੇਚੁਰਲ ਇਨਇਕੁਐਲਿਟੀ ਅਤੇ ਅਦਰ ਐਸੇਜ਼। ਅਖੀਰ ਵਿਚ ਮੈਂ ਉਸ ਦੇ ਅਖ਼ਬਾਰੀ ਲੇਖਾਂ ਦੇ ਇੱਕ ਹੋਰ ਸੰਗ੍ਰਹਿ ਨੂੰ ਪੜ੍ਹਨ ਦੀ ਸਿਫ਼ਾਰਿਸ਼ ਵੀ ਕਰਾਂਗਾ ਜਿਸ ਦਾ ਸਿਰਲੇਖ ਹੈ 'ਆਈਡਿਓਲੋਜੀ ਐਂਡ ਸੋਸ਼ਲ ਸਾਇੰਸ'।

---

*(ਪਿਛਲੇ ਸਫੇ ਦੀ ਬਾਕੀ)*

ਵਾਲ ਵਿੰਗਾ ਨਹੀਂ ਹੋਵੇਗਾ। ਤੁਸੀਂ ਤਾਂ ਭਗਤ ਹੋ, ਤੁਹਾਨੂੰ ਕਿਸ ਗੱਲ ਦਾ ਡਰ?" ਬੰਤੋ ਨੇ ਆਪਣੇ ਪਤੀ ਨੂੰ ਹੌਸਲਾ ਦਿੰਦਿਆਂ ਕਿਹਾ। ਹਰਨਾਮ ਸਿੰਘ ਚੁੱਪ ਰਿਹਾ।

ਬਾਹਰੋਂ ਆਵਾਜ਼ਾਂ ਵਧਣ ਲੱਗੀਆਂ। ਹਾਸੇ ਮਜ਼ਾਕ ਦੀਆਂ ਆਵਾਜ਼ਾਂ ਸਨ। ਵਧਦੇ ਕਦਮਾਂ ਦਾ ਸ਼ੋਰ ਸੀ। ਵਿਹੜੇ ਦਾ ਦਰਵਾਜ਼ਾ ਖੁੱਲ੍ਹਾ ਪਿਆ ਸੀ। ਤਦੇ ਇਕਰਾਂ ਦੇ ਬੋਲਣ ਤੇ ਉਚਾ-ਉਚਾ ਹੱਸਣ ਦੀ ਆਵਾਜ਼ ਆਈ। ਹਰਨਾਮ ਸਿੰਘ ਸਮਝ ਗਿਆ ਕਿ ਮਰਦ ਰਾਤ ਦੀ ਕਾਰਗੁਜ਼ਾਰੀ ਮਗਰੋਂ ਮੁੜ ਆਏ ਸਨ। ਕੁਝ ਦੇਰ ਬਾਅਦ ਇਕਰਾਂ ਤੇ ਉਸ ਦਾ ਸਹੁਰਾ ਵੱਡਾ ਸਾਰਾ ਕਾਲੇ ਰੰਗ ਦਾ ਟਰੰਕ ਚੁੱਕੀ ਵਿਹੜੇ ਅੰਦਰ ਆਏ। ਸਹੁਰੇ ਦੇ ਸਿਰ ਦੀ ਪਗੜੀ ਬੈਠੀ ਹੋਈ ਸੀ, ਲੱਗਦਾ ਸੀ ਕਿ ਟਰੰਕ ਨੂੰ ਪਿੰਡ ਤੱਕ ਸਿਰ 'ਤੇ ਹੀ ਚੁੱਕ ਕੇ ਲਿਆਇਆ ਸੀ। ਹਰਨਾਮ ਸਿੰਘ ਨੇ ਹੱਥ ਵਧਾ ਕੇ ਪਤਨੀ ਦੇ ਗੋਡੇ ਨੂੰ ਛੂਹਿਆ ਤੇ ਕਿਹਾ, "ਇਹ ਤਾਂ ਸਾਡਾ ਟਰੰਕ ਏ, ਵੱਡਾ ਕਾਲਾ ਟਰੰਕ। ਸਾਡੀ ਦੁਕਾਨ ਲੁੱਟਦੇ ਰਹੇ ਨੇ।" ਪਰ ਬੰਤੋ ਨੇ ਵਿਹੜੇ ਵਿਚ ਦੇਖਣ ਦੀ ਕੋਸ਼ਿਸ਼ ਤੱਕ ਨਾ ਕੀਤੀ।

"ਹਾਲੇ ਤੱਕ ਜਿੰਦਰਾ ਲੱਗਾ ਹੋਇਆ ਏ।" ਹਰਨਾਮ ਸਿੰਘ ਬੁੜਬੁੜਾਇਆ।

ਇਕਰਾਂ ਦਾ ਸਹੁਰਾ ਟਰੰਕ 'ਤੇ ਬਹਿ ਗਿਆ ਸੀ ਤੇ ਪੱਗ ਲਾਹ ਕੇ ਮੱਥੇ ਦਾ ਪਸੀਨਾ ਪੂੰਝ ਰਿਹਾ ਸੀ। ਉਸ ਦੀ ਪਤਨੀ ਨੇ ਅੱਗੇ ਵਧ ਕੇ ਘਰ ਦਾ ਬੂਹਾ ਬੰਦ ਕਰ ਦਿੱਤਾ।

"ਰਮਜ਼ਾਨਾ ਨਹੀਂ ਆਇਆ?"

"ਰਮਜ਼ਾਨਾ ਲੀਗੀਆਂ ਨਾਲ ਗਿਆ ਏ।"

ਉਪਰ ਬੈਠੇ ਹਰਨਾਮ ਸਿੰਘ ਨੇ ਫਿਰ ਹੱਥ ਵਧਾ ਕੇ ਆਪਣੀ ਪਤਨੀ ਦਾ ਗੋਡਾ ਛੂਹਿਆ,

"ਅਹਿਸਾਨ ਅਲੀ ਏ, ਮੈਂ ਇਹਨੂੰ ਜਾਣਦਾਂ। ਇਹਦਾ ਮੇਰੇ ਨਾਲ ਲੈਣ-ਦੇਣ ਰਿਹਾ ਏ।"

"ਬੰਦ ਦਾ ਬੰਦ ਟਰੰਕ ਚੁੱਕ ਲਿਆਏ ਹੋ ਅੱਬਾ, ਕੀ ਪਤਾ ਇਹਦੇ ਵਿਚ ਕੁਝ ਹੈ ਵੀ ਕਿ ਨਹੀਂ।" ਇਕਰਾਂ ਨੇ ਫਿਕਰ ਜ਼ਾਹਰ ਕੀਤਾ।

"ਕਿਉਂ? ਇੰਨਾ ਭਾਰਾ ਸੀ, ਮੇਰਾ ਤਾਂ ਲੱਕ ਦੂਹਰਾ ਹੋ ਗਿਆ। ਕੱਪੜਿਆਂ ਦਾ ਟਰੰਕ ਏ, ਕੁਝ ਨਾ ਕੁਝ ਤਾਂ ਜ਼ਰੂਰ ਹੋਏਗਾ।"

"ਬੱਸ, ਟਰੰਕ ਹੀ ਲਿਆਏ ਓ? ਰਮਜ਼ਾਨਾ ਵੀ ਕੁਝ ਲਿਆਇਆ ਏ?"

"ਉਹੋ ਇਹ ਖਿੱਚ ਕੇ ਬਾਹਰ ਲਿਆਇਆ ਸੀ। ਸਬੂਤੇ ਦਾ ਸਬੂਤਾ ਟਰੰਕ ਚੁੱਕ ਲਿਆਏ ਹਾਂ, ਹੋਰ ਤੁਹਾਨੂੰ ਕੀ ਚਾਹੀਦਾ ਏ?"

"ਲਿਆਓ ਇਹਨੂੰ ਖੋਲ੍ਹਦੇ ਆਂ, ਇਹਦਾ ਜਿੰਦਰਾ ਭੰਨੀਏਂ?" ਇਕਰਾਂ ਨੇ ਕਿਹਾ ਤੇ ਭੱਜ ਕੇ ਕੋਠੜੀ ਵਿਚੋਂ ਹਥੌੜੀ ਚੁੱਕ ਲਿਆਈ। ਚੋਰੀ ਦਾ ਮਾਲ ਦੇਖਦੇ ਹੀ ਉਤਸੁਕਤਾ ਵਿਚ ਉਹ ਆਪਣੇ ਸਹੁਰੇ ਨੂੰ ਮਿਆਨੀ ਵਿਚ ਲੁਕੇ ਕਰਾੜਾਂ ਬਾਰੇ ਦੱਸਣਾ ਭੁੱਲ ਗਈ ਸੀ। ਉਸ ਦੀ ਸੱਸ ਅਜੇ ਵੀ ਚੁੱਪ-ਚਾਪ ਖੜ੍ਹੀ ਸੀ।

"ਲੱਸੀ ਪਿਆ ਰਾਜੋ, ਪਿਆਸ ਲੱਗੀ ਏ।" ਸਹੁਰੇ ਨੇ ਕਿਹਾ ਤੇ ਉਸ ਦੀ ਘਰਵਾਲੀ, ਰਾਜੋ ਉਨ੍ਹੀਂ ਪੈਰੀਂ ਲੱਸੀ ਲੈਣ ਚਲੇ ਗਈ।

ਟਰੰਕ ਦੇ ਜਿੰਦਰੇ 'ਤੇ ਠੱਕ ਠੱਕ ਸ਼ੁਰੂ ਹੋ ਗਈ।

ਅਹਿਸਾਨ ਅਲੀ ਛੰਨਾ ਫੜੀ ਲੱਸੀ ਪੀ ਰਿਹਾ ਸੀ ਜਦ ਰਾਜੋ ਨੇ ਉਹਨੂੰ ਦੱਸਿਆ ਕਿ ਉਹਨੇ ਘਰ ਵਿਚ ਇਕ ਸਿੱਖ ਤੇ ਉਹਦੀ ਘਰਵਾਲੀ ਨੂੰ ਪਨਾਹ ਦੇ ਰੱਖੀ ਹੈ। ਤਦੇ ਹਰਨਾਮ ਸਿੰਘ ਨੇ ਖਿੜਕੀ ਖੋਲ੍ਹ ਦਿੱਤੀ ਤੇ ਧੌਣ ਕੱਢ ਕੇ ਬੋਲਿਆ, "ਜਿੰਦਰਾ ਕਿਉਂ ਤੋੜਦੀ ਏਂ ਧੀਏ, ਅਹਿ ਲੈ ਚਾਬੀ। ਇਹ ਟਰੰਕ ਸਾਡਾ ਈ ਏ।" ਫਿਰ ਉਹ ਅਹਿਸਾਨ ਅਲੀ ਨੂੰ ਸੰਬੋਧਨ ਹੋ ਕੇ ਬੋਲਿਆ, "ਅਹਿਸਾਨ ਅਲੀ, ਮੈਂ ਹਰਨਾਮ ਸਿੰਘ, ਤੇਰੀ ਘਰਵਾਲੀ ਨੇ ਸਾਨੂੰ ਪਨਾਹ ਦਿੱਤੀ ਏ, ਗੁਰੂ ਮਹਾਰਾਜ ਤੁਹਾਨੂੰ ਸਲਾਮਤ ਰੱਖੇ। ਇਹ ਟਰੰਕ ਸਾਡਾ ਏ, ਪਰ ਹੁਣ ਇਸ ਨੂੰ ਆਪਣਾ ਹੀ ਸਮਝੋ, ਚੰਗਾ ਹੋਇਆ ਜੋ ਇਹ ਤੁਹਾਡੇ ਹੱਥ ਲੱਗ ਗਿਆ, ਕਿਸੇ ਦੂਜੇ ਦੇ ਹੱਥ ਨਹੀਂ ਲੱਗਾ।"

ਅਹਿਸਾਨ ਅਲੀ ਨੇ ਨਜ਼ਰ ਉਤਾਂਹ ਚੁਕੀ ਪਰ ਝਿਪ ਗਿਆ, ਜਿਵੇਂ ਉਹ ਚੋਰੀ ਕਰਦਾ ਫੜਿਆ ਗਿਆ ਹੋਵੇ। ਇਕਰਾਂ ਦੇ ਹੱਥ ਵੀ ਰੁਕ ਗਏ ਤੇ ਉਹ ਉਚੀ ਆਵਾਜ਼ ਵਿਚ ਬੋਲੀ, "ਅੰਮਾ ਨੇ ਇਨ੍ਹਾਂ ਨੂੰ ਪਨਾਹ ਦਿੱਤੀ ਏ, ਮੈਂ ਕਿਹਾ ਵੀ ਸੀ, ਕਾਫਿਰ ਨੇ, ਇਨ੍ਹਾਂ ਨੂੰ ਅੰਦਰ ਨਾ ਵਾੜ, ਪਰ ਅੰਮਾ ਨੇ ਮੇਰੀ ਇਕ ਨਾ ਸੁਣੀ।"

ਇਕਰਾਂ ਸਹੁਰੇ ਨੂੰ ਖੁਸ਼ ਕਰਨ ਲਈ ਕਹਿ ਰਹੀ ਸੀ, ਪਰ ਅਹਿਸਾਨ ਅਲੀ ਅਜੇ ਵੀ ਠਿਠਕਿਆ ਖੜ੍ਹਾ ਸੀ ਤੇ ਅਟਪਟਾ ਜਿਹਾ ਮਹਿਸੂਸ ਕਰ ਰਿਹਾ ਸੀ। ਕਿਸੇ ਸਮੇਂ ਦੋਹਾਂ ਦੇ ਵਧੀਆ ਸਬੰਧ ਰਹੇ ਸਨ, ਚੰਗੀ ਜਾਣ-ਪਛਾਣ ਸੀ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਉਹ ਹਰਨਾਮ ਸਿੰਘ ਨਾਲ ਕਿਹੋ ਜਿਹਾ ਸਲੂਕ ਕਰੇ। ਅਜਿਹੇ ਟਾਕਰੇ ਵਿਚ ਗਰਮਜੋਸ਼ੀ ਦੀ ਉਮੀਦ ਨਹੀਂ ਸੀ ਕੀਤੀ ਜਾ ਸਕਦੀ। ਉਸ ਦੇ ਖ਼ੂਨ ਵਿਚ ਅਜਿਹੀ ਗਰਮਜੋਸ਼ੀ ਵੀ ਨਹੀਂ ਸੀ ਕਿ ਕਿਸੇ ਹਿੰਦੂ ਜਾਂ ਸਿੱਖ ਨੂੰ ਦੇਖ ਕੇ ਗੁੱਸੇ ਵਿਚ ਆਪੇ ਤੋਂ ਬਾਹਰ ਹੋ ਜਾਵੇ।

"ਹਰਨਾਮ ਸਿੰਘ ਹੇਠਾਂ ਆ ਜਾ।" ਫਿਰ ਆਪਣੀ ਚੋਰੀ ਨੂੰ ਅਹਿਸਾਨ ਦੀ ਓਟ ਵਿਚ ਛੁਪਾਉਂਦੇ ਹੋਏ, ਜੋ ਰਾਜੋ ਨੇ ਇਨ੍ਹਾਂ ਦੋਵਾਂ ਉਤੇ ਕੀਤਾ ਸੀ, ਥੋੜ੍ਹੀ ਜਿਹੀ ਦਲੇਰੀ ਨਾਲ ਬੋਲਿਆ, "ਖੈਰ ਮਨਾਓ ਜੋ ਤੁਸੀਂ ਮੇਰੇ ਘਰ ਵਿਚ ਪਨਾਹ ਲਈ। ਹੋਰ ਕਿਸੇ ਦੇ ਘਰ ਜਾਂਦੇ ਤਾਂ ਇਸ ਵੇਲੇ ਜਾਨ ਤੋਂ ਵੀ ਹੱਥ ਧੋ ਚੁੱਕੇ ਹੁੰਦੇ।"

ਇਕਰਾਂ ਤਾਲਾ ਖੋਲ੍ਹਣ ਲਈ ਉਤਾਵਲੀ ਹੋ ਰਹੀ ਸੀ, ਪਰ ਰਾਜੋ ਨੇ ਉਸ ਦੇ ਹੱਥੋਂ ਚਾਬੀ ਲੈ ਲਈ ਅਤੇ ਵਾਰ ਵਾਰ ਮੰਗਣ 'ਤੇ ਵੀ ਨਹੀਂ ਸੀ ਦੇ ਰਹੀ।

"ਮੈਂ ਤਾਂ ਤੁਹਾਨੂੰ ਕੁਝ ਨਹੀਂ ਕਹਾਂਗਾ ਹਰਨਾਮ ਸਿੰਘ, ਤੁਸੀਂ ਮੇਰੇ ਘਰ ਆਏ ਹੋ, ਪਰ ਹੁਣ ਤੁਸੀਂ ਇਥੋਂ ਚਲੇ ਜਾਓ। ਮੇਰੇ ਬੇਟੇ ਨੂੰ ਪਤਾ ਲੱਗ ਗਿਆ ਕਿ ਤੁਸੀਂ ਇਥੇ ਹੋ, ਤਾਂ ਉਹ ਤੁਹਾਡੇ ਨਾਲ ਚੰਗਾ ਸਲੂਕ ਨਹੀਂ ਕਰੇਗਾ। ਪਿੰਡ ਵਾਲਿਆਂ ਨੂੰ ਪਤਾ ਲੱਗਾ ਕਿ ਅਸੀਂ ਤੁਹਾਨੂੰ ਪਨਾਹ ਦਿੱਤੀ ਏ ਤਾਂ ਸਾਡੇ ਲਈ ਵੀ ਬਹੁਤ ਬੁਰਾ ਹੋਵੇਗਾ।"

"ਸਾਨੂੰ ਸਭ ਕੁਝ ਮਨਜ਼ੂਰ ਏ ਅਹਿਸਾਨ ਅਲੀ। ਸਾਡਾ ਕੀ ਕੋਈ ਵੱਸ ਚੱਲ ਸਕਦਾ ਏ? ਪਰ ਇਸ ਵੇਲੇ ਦਿਨ ਦਿਹਾੜੇ ਬਹਾਰ ਜਾਵਾਂਗੇ ਤਾਂ ਸਾਨੂੰ ਕੌਣ ਛੱਡੇਗਾ?" ਹਰਨਾਮ ਸਿੰਘ ਨੇ ਅਹਿਸਾਨ ਅਲੀ ਦੀ ਗੱਲ ਦਾ ਜਵਾਬ ਦਿੰਦਿਆਂ ਕਿਹਾ। ਅਹਿਸਾਨ ਅਲੀ ਚੁੱਪ ਕਰ ਗਿਆ ਤੇ ਆਪਣੀ ਬੀਵੀ ਵੱਲ ਦੇਖਣ ਲੱਗਾ, ਜਿਵੇਂ ਕਹਿ ਰਿਹਾ ਹੋਵੇ ਕਿ ਇਹ ਸਾਰਾ ਬਖੇੜਾ ਤੇਰਾ ਹੀ ਖੜ੍ਹਾ ਕੀਤਾ ਹੋਇਆ ਹੈ। ਉਹ ਹਰਨਾਮ ਸਿੰਘ ਵੱਲ ਘੁੰਮਿਆ, "ਕੱਲ੍ਹ ਵੀ ਲੋਕ ਤੁਹਾਨੂੰ ਲੱਭ ਰਹੇ ਸਨ...ਹੁਣ ਜੇ ਕਿਸੇ ਨੂੰ ਪਤਾ ਲੱਗ ਗਿਆ ਕਿ ਤੁਸੀਂ ਇਥੇ ਲੁਕੇ ਬੈਠੇ ਹੋ ਤਾਂ ਲੋਕ ਸਾਨੂੰ ਨਹੀਂ ਛੱਡਣਗੇ। ਤੁਹਾਡਾ ਵੀ ਇਸ ਵਿਚ ਹੀ ਭਲਾ ਏ ਅਤੇ ਸਾਡਾ ਵੀ ਕਿ ਤੁਸੀਂ ਇਥੋਂ ਚਲੇ ਜਾਓ।"

ਇਕਰਾਂ ਨੇ ਆਪਣੇ ਆਪ ਪੌੜੀ ਚੁੱਕੀ ਤੇ ਮਿਆਨੀ ਨੂੰ ਲਾ ਦਿੱਤੀ। ਦੋਵੇਂ ਪਤੀ ਪਤਨੀ ਚੁੱਪ-ਚਾਪ ਹੇਠਾਂ ਉਤਰ ਆਏ। ਦੋਵੇਂ ਬਲੀ ਦੇ ਬੱਕਰੇ ਨਜ਼ਰ ਆ ਰਹੇ ਸਨ। ਹੁਣ ਫਿਰ ਉਹੋ ਨਾਟਕ ਸ਼ੁਰੂ ਹੋ ਗਿਆ, ਜਿਹੜਾ ਸਵੇਰ ਵੇਲੇ ਹੋਇਆ ਸੀ। ਜਿਵੇਂ ਰਾਜੋ ਉਸ ਨੂੰ ਚਲੇ ਜਾਣ ਲਈ ਕਹਿ ਰਹੀ ਸੀ, ਹੁਣ ਅਹਿਸਾਨ ਅਲੀ ਘਰੋਂ ਕੱਢ ਰਿਹਾ ਸੀ। ਰਾਜੋ ਲੱਕ 'ਤੇ ਹੱਥ ਰੱਖੀ ਖੜ੍ਹੀ ਸੀ। ਹਰਨਾਮ ਸਿੰਘ ਨੇ ਸੋਚ ਲਿਆ ਕਿ ਹੁਣ ਜਾਣਾ ਹੀ ਪੈਣੈ। ਉਸ ਨੇ ਆਪਣੀ ਬੰਦੂਕ ਮੰਗਣ ਲਈ ਮੂੰਹ ਖੋਲ੍ਹਿਆ ਹੀ ਸੀ ਕਿ ਅਹਿਸਾਨ ਅਲੀ ਬੋਲਿਆ, "ਰਾਜੋ, ਇਨ੍ਹਾਂ ਨੂੰ ਤੂੜੀ ਵਾਲੀ ਕੋਠੜੀ ਵਿਚ ਬਿਠਾ ਦੇ, ਤੇ ਬਾਹਰੋਂ ਜਿੰਦਰਾ ਮਾਰ ਦੇ। ਲੈ ਇਹੋ ਜਿੰਦਰਾ ਖੋਲ੍ਹ ਲੈ, ਜਾ ਜਲਦੀ ਕਰ।" ਫਿਰ ਹਰਨਾਮ ਸਿੰਘ ਉਤੇ ਅਹਿਸਾਨ ਜਤਾਉਂਦਿਆਂ ਬੋਲਿਆ, "ਇਹ ਤਾਂ ਅੱਖ ਦੀ ਸ਼ਰਮ ਏ ਹਰਨਾਮ ਸਿੰਘ, ਪਰ ਜੋ ਕੁਝ ਕਾਫ਼ਰਾਂ ਨੇ ਸ਼ਹਿਰ ਵਿਚ ਕੀਤਾ ਏ, ਖ਼ੁਦਾ ਕਸਮ! ਉਸ ਨੂੰ ਯਾਦ ਕਰ ਕੇ ਤਾਂ ਖ਼ੂਨ ਖੌਲ ਉਠਦਾ ਏ।"

ਅੱਗੇ ਅੱਗੇ ਰਾਜੋ ਚੱਲ ਰਹੀ ਸੀ ਤੇ ਪਿੱਛੇ ਪਿੱਛੇ ਬੰਤੋ ਤੇ ਹਰਨਾਮ ਸਿੰਘ। ਵਿਹੜਾ ਲੰਘ ਕੇ ਘਰ ਦੇ ਪਿੱਛੇ ਉਹ ਹਨੇਰੇ ਜਿਹੇ ਦਲਾਨ ਵਿਚ ਪਹੁੰਚੇ ਜਿਥੋਂ ਗੋਹਾ, ਚਾਰਾ ਅਤੇ ਜਾਨਵਰਾਂ ਦੀ ਤਿੱਖੀ ਬਦਬੋ ਆ ਰਹੀ ਸੀ। ਇਥੇ ਹੀ ਰਾਜੋ ਨੇ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ, "ਇਧਰ ਬੈਠ ਜਾਓ, ਮੇਰਾ ਆਦਮੀ ਭਲਾ ਲੋਕ ਏ। ਮੈਨੂੰ ਨਹੀਂ ਪਤਾ ਸੀ ਕਿ ਤੁਹਾਡੀ ਆਪਸ ਵਿਚ ਜਾਣ ਪਛਾਣ ਏਂ, ਜਿਵੇਂ-ਕਿਵੇਂ ਵਕਤ ਕੱਟ ਲਓ।"

ਹਰਨਾਮ ਸਿੰਘ ਤੇ ਬੰਤੋ ਇਥੇ ਵੀ ਉਸੇ ਤਰ੍ਹਾਂ ਬੈਠ ਗਏ ਜਿਵੇਂ ਮਿਆਨੀ ਵਿਚ ਬੈਠੇ ਸਨ। ਇਥੇ ਰਾਜੋ ਨੇ ਦਰਵਾਜ਼ਾ ਬੰਦ ਕਰ ਦਿੱਤਾ ਤੇ ਬਾਹਰੋਂ ਕੁੰਡਾ ਲਾ ਦਿੱਤਾ।

ਵਕਤ ਬੀਤਣ ਲੱਗਾ। ਦੋਹਾਂ ਦਾ ਕੁਝ ਕੁਝ ਹੌਸਲਾ ਵਧ ਰਿਹਾ ਸੀ ਕਿ ਇਥੇ ਸ਼ਾਮ ਤੱਕ ਪਨਾਹ ਮਿਲੀ ਰਹੇਗੀ। ਦਿਨ ਵਿਚ ਕਿਸੇ ਵੇਲੇ ਰਾਜੋ ਰੋਟੀਆਂ ਤੇ ਲੱਸੀ ਵੀ ਦੇ ਗਈ। ਦੋਹਾਂ ਦੇ ਢਿੱਡ ਵਿਚ ਰੋਟੀ ਗਈ ਤਾਂ ਕੁਝ ਆਸਰਾ ਹੋਇਆ। ਦੇਰ ਤੱਕ ਦੋਵੇਂ ਅੱਖਾਂ ਪਾੜ ਪਾੜ ਕੇ ਹਨੇਰੇ ਵਿਚ ਬੇਮਕਸਦ ਝਾਕਦੇ ਰਹੇ। ਬੰਤੋ ਨੇ ਹਰਨਾਮ ਸਿੰਘ ਨੂੰ ਫਿਰ ਪੁੱਛਿਆ, "ਤੁਸੀਂ ਕੀ ਸੋਚਦੇ ਹੋ, ਇਕਬਾਲ ਸਿੰਘ ਪਿੰਡ ਵਿਚ ਹੀ ਹੋਵੇਗਾ ਜਾਂ ਉਥੋਂ ਭੱਜ ਗਿਆ ਹੋਵੇਗਾ?"

"ਜੋ ਵਾਹਿਗੁਰੂ ਨੂੰ ਮਨਜ਼ੂਰ, ਕੋਈ ਭਲਾ ਲੋਕ ਉਹਨੂੰ ਵੀ ਮਿਲ ਜਾਵੇ ਤੇ ਉਹਦੀ ਜਾਨ ਬਚ ਜਾਵੇ।"

"ਜਸਬੀਰੋ ਇਕੱਲੀ ਨਹੀਂ ਏ, ਇਹ ਚੰਗਾ ਏ, ਪਿੰਡ ਵਿਚ ਆਪਣੀ ਸੰਗਤ ਦੇ ਲੋਕ ਬਹੁਤ ਨੇ, ਸਭ ਇਕੋ ਥਾਂ ਇਕੱਠੇ ਹੋ ਗਏ ਹੋਣਗੇ।"

ਹਰਨਾਮ ਸਿੰਘ ਸੋਚਾਂ ਵਿਚ ਡੁੱਬਿਆ ਪੁੱਛਣ ਲੱਗਾ, "ਇਹ ਲੋਕ ਸਾਡੀ ਬੰਦੂਕ ਵਾਪਸ ਕਰ ਵੀ ਦੇਣਗੇ? ਤੈਨੂੰ ਕੀ ਲੱਗਦਾ ਏ? ਪਰ ਮੇਰਾ ਦਿਲ ਨਹੀਂ ਮੰਨਦਾ।"

ਉਹ ਬੜੀ ਦੇਰ ਤੱਕ ਗੱਲਾਂ ਕਰਦੇ ਰਹੇ। ਕੋਠੜੀ ਬੰਦ ਸੀ, ਪਰ ਇਥੇ ਉਨੀ ਹੁੰਮਸ ਨਹੀਂ ਸੀ ਜਿੰਨੀ ਮਿਆਨੀ ਵਿਚ ਸੀ। ਚਾਰੇ ਦੀਆਂ ਭਰੀਆਂ ਨਾਲ ਢੋਅ ਲਾਈ ਬੈਠਿਆਂ ਦੋਵਾਂ ਦੀ ਅੱਖ ਲੱਗਣ ਲੱਗੀ। ਰਾਤ ਭਰ ਦਾ ਥਕੇਵਾਂ ਤਾਂ ਹੈ ਹੀ ਸੀ, ਕੁਝ ਦੇਰ ਬਾਅਦ ਦੋਹਾਂ ਨੂੰ ਝਪਕੀ ਆ ਗਈ।

ਦਰਵਾਜ਼ੇ ਉਤੇ ਹੋਏ ਭਿਆਨਕ ਖੜਕੇ ਨਾਲ ਉਨ੍ਹਾਂ ਦੀ ਨੀਂਦ ਖੁੱਲ੍ਹ ਗਈ। ਦਰਵਾਜ਼ੇ 'ਤੇ ਕੁਹਾੜੇ ਪੈ ਰਹੇ ਸਨ ਅਤੇ ਕੋਈ ਚੀਕਦਾ ਹੋਇਆ ਕਹਿ ਰਿਹਾ ਸੀ, "ਨਿਕਲੋ ਓਏ ਬਾਹਰ। ਕਿਥੇ ਵੜੇ ਬੈਠੇ ਓ? ਤੁਹਾਡੀ ਮਾਂ ਦੀ...! ਨਿਕਲੋ ਬਾਹਰ, ਤੁਹਾਡੀ ਭੈਣ ਦੀ!"

ਹਰਨਾਮ ਸਿੰਘ ਤੇ ਬੰਤੋ ਹੜਬੜਾ ਕੇ ਇਕਦਮ ਉਠ ਖੜ੍ਹੇ ਜਿਵੇਂ ਕੋਈ ਭਿਆਨਕ ਸੁਪਨਾ ਦੇਖ ਰਹੇ ਹੋਣ। ਦਰਵਾਜ਼ੇ ਉਪਰ ਕੁਹਾੜੇ ਦੇ ਵਾਰ ਲਗਾਤਾਰ ਹੋ ਰਹੇ ਸਨ। ਉਹ ਦੋਵੇਂ ਪੈਰਾਂ ਤੋਂ ਸਿਰਾਂ ਤੱਕ ਕੰਬਣ ਲੱਗੇ।

"ਕੱਢ ਚਾਬੀ, ਕਾਫ਼ਰਾਂ ਨੂੰ ਪਨਾਹ ਹੀ ਕਿਉਂ ਦਿੱਤੀ? ਤੁਹਾਡੀ ਕਾਫਰਾਂ ਦੀ ਤਾਂ ਮੈਂ ਮਾਂ।"

"ਹੌਲੀ ਬੋਲ ਰਮਜ਼ਾਨਾ।" ਇਹ ਕਿਸੇ ਔਰਤ ਦੀ ਆਵਾਜ਼ ਸੀ। ਸ਼ਾਇਦ ਇਕਰਾਂ ਆਪਣੇ ਪਤੀ ਨੂੰ ਹੌਲੀ ਬੋਲਣ ਲਈ ਕਹਿ ਰਹੀ ਸੀ। ਦਰਵਾਜ਼ੇ 'ਤੇ ਕੁਹਾੜਾ 'ਤੇ ਕੁਹਾੜਾ ਪੈ ਰਿਹਾ ਸੀ।

ਦਰਵਾਜ਼ਾ ਉਪਰੋਂ ਪਾਟ ਗਿਆ ਜਿਸ ਨਾਲ ਰੋਸ਼ਨੀ ਲਈ ਇਕ ਹੋਰ ਝੀਤ ਹੋ ਗਈ। ਫਿਰ ਕਿਸੇ ਹੋਰ ਔਰਤ ਦੀ ਆਵਾਜ਼ ਸੁਣਾਈ ਦਿੱਤੀ।

"ਕਿਉਂ ਭੌਂਕ ਰਿਹਾ ਏਂ ਤੂੰ? ਕੀ ਹੋਇਆ ਏ?" ਰਾਜੋ ਦੀ ਆਵਾਜ਼ ਸੀ, "ਕਿਥੇ ਏ ਇਹ ਚੁੜੇਲ? ਤੇਰੀ ਮੈਂ ਜੀਭ ਨਾ ਖਿੱਚ ਲਈ ਤਾਂ ਕਹੀਂ! ਹਰਾਮਜ਼ਾਦੀ! ਤੈਨੂੰ ਮਨ੍ਹਾ ਕੀਤਾ ਸੀ ਕਿ ਇਹਨੂੰ ਨਹੀਂ ਦੱਸਣਾ, ਕਿਉਂ ਦੱਸਿਆ? ਤੇਰੇ ਢਿੱਡ ਵਿਚ ਗੱਲ ਨਹੀਂ ਪਚਦੀ? ਰਮਜ਼ਾਨਾ, ਤੂੰ ਕੀ ਚਾਹੁੰਨਾ ਏ? ਘਰ ਵਿਚ ਖ਼ੂਨ ਕਰੇਂਗਾ? ਘਰ ਵਿਚ ਪਨਾਹ ਲੈਣ ਵਾਲੇ ਨੂੰ ਮਾਰੇਂਗਾ? ਇਹ ਆਦਮੀ ਸਾਡੀ ਜਾਣ ਪਛਾਣ ਦਾ ਏ, ਅਸੀਂ ਇਹਦੇ ਦੇਣਦਾਰ ਹਾਂ।"

"ਬਹੁਤੀ ਬਕ ਬਕ ਨਾ ਕਰ ਮਾਂ। ਸ਼ਹਿਰ ਵਿਚ ਇਨ੍ਹਾਂ ਕਾਫ਼ਰਾਂ ਨੇ ਦੋ ਸੌ ਮੁਸਲਮਾਨ ਮਾਰ ਸੁੱਟੇ ਨੇ।" ਕੁਹਾੜੇ ਦਾ ਇਕ ਵਾਰ ਹੋਰ ਹੋਇਆ, "ਨਿਕਲੋ ਬਾਹਰ ਕਾਫ਼ਰੋ! ਤੁਹਾਡੀ!"

ਅਗਲੀ ਵਾਰ ਵਿਚ ਕੁੰਡਾ ਟੁੱਟ ਗਿਆ ਤੇ ਦਰਵਾਜ਼ਾ ਚੌੜ-ਚੁਪੱਟ ਖੁੱਲ੍ਹ ਗਿਆ। ਢੇਰ ਰੌਸ਼ਨੀ ਇਕੱਠੀ ਅੰਦਰ ਆ ਗਈ। ਰਮਜ਼ਾਨ ਨੂੰ ਸਾਹ ਚੜ੍ਹਿਆ ਹੋਇਆ ਸੀ। ਕੁਹਾੜਾ ਉਸ ਦੇ ਹੱਥ ਵਿਚ ਸੀ, ਇਕਰਾਂ ਕੋਲ ਖੜ੍ਹੀ ਸੀ, ਪੀਲਾ ਭੂਕ ਸਹਿਮਿਆ ਹੋਇਆ ਚਿਹਰਾ ਲਈ ਇਕ ਪਾਸੇ ਰਾਜੋ ਖੜ੍ਹੀ ਸੀ, ਉਸ ਦੇ ਦੋਵੇਂ ਹੱਥ ਲੱਕ 'ਤੇ ਸਨ।

"ਬਾਹਰ ਨਿਕਲੋ ਕਾਫ਼ਰੋ।"

ਰਮਜ਼ਾਨ ਨੇ ਅੰਦਰ ਝਾਕ ਕੇ ਦੇਖਿਆ। ਹਰਨਾਮ ਸਿੰਘ ਤੇ ਬੰਤੋ ਖੂੰਜੇ ਵਿਚ ਇਕ-ਦੂਜੇ ਨਾਲ ਚੁੰਬੜੇ ਸਹਿਮੇ ਹੋਏ ਬੈਠੇ ਸਨ। ਦਰਵਾਜ਼ਾ ਖੁੱਲ੍ਹਣ 'ਤੇ ਹਰਨਾਮ ਸਿੰਘ ਬਾਹਰ ਆ ਗਿਆ। ਉਹ ਆਪਣੀ ਖੋਖਲੀ ਜਿਹੀ ਆਵਾਜ਼ ਵਿਚ ਬੋਲਿਆ, "ਮਾਰ ਦੇ, ਲੈ ਮਾਰ ਸੁੱਟ।"

"ਤੇਰੀ ਤਾਂ ਮੈਂ ਮਾਂ ਦੀ!" ਰਮਜ਼ਾਨ ਬੋਲਿਆ ਤੇ ਖੱਬਾ ਹੱਥ ਵਧਾ ਕੇ ਹਰਨਾਮ ਸਿੰਘ ਨੂੰ ਧੌਣੋਂ ਫੜ ਲਿਆ ਤੇ ਖਿੱਚ-ਧੂਹ ਕਰਨ ਲੱਗਾ। ਹਰਨਾਮ ਸਿੰਘ ਦੀ ਕਮੀਜ਼ ਦਾ ਉਪਰ ਵਾਲਾ ਬਟਣ ਟੁੱਟ ਕੇ ਡਿੱਗ ਪਿਆ। ਇਕ ਝਟਕੇ ਨਾਲ ਹੀ ਉਸ ਦੀ ਪੱਗ ਵੀ ਢਿੱਲੀ ਹੋ ਗਈ। ਫਿਰ ਜਿਸ ਤੇਜ਼ੀ ਨਾਲ ਰਮਜ਼ਾਨ ਨੇ ਉਸ ਦਾ ਗਲ ਫੜਿਆ ਸੀ, ਉਸੇ ਤੇਜ਼ੀ ਨਾਲ ਛੱਡ ਦਿੱਤਾ। ਧੌਣ 'ਤੇ ਉਂਗਲਾਂ ਦੇ ਲਾਲ ਲਾਲ ਨਿਸ਼ਾਨ ਪੈ ਗਏ।

ਹਰਨਾਮ ਸਿੰਘ ਨੇ ਉਸ ਨੂੰ ਪਛਾਣ ਲਿਆ ਸੀ। ਉਸ ਦੀ ਦੁਕਾਨ 'ਤੇ ਇਕ-ਦੋ ਵਾਰ ਉਹਨੇ ਚਾਹ ਪੀਤੀ ਸੀ। ਉਹਦੀ ਦਾੜ੍ਹੀ ਹੁਣ ਕੁਝ ਕੁ ਚਿੱਟੀ ਜ਼ਰੂਰ ਹੋ ਗਈ ਸੀ, ਸਰੀਰ ਵੀ ਕੁਝ ਪਤਲਾ ਹੋ ਗਿਆ ਸੀ।

ਰਮਜ਼ਾਨ ਨੇ ਦੋ-ਤਿੰਨ ਵਾਰ ਹਰਨਾਮ ਸਿੰਘ ਵੱਲ ਕੁਹਾੜਾ ਉਲਾਰਨ ਦੀ ਕੋਸ਼ਿਸ਼ ਕੀਤੀ, ਪਰ ਜਿਵੇਂ ਕਿਸੇ ਤਾਕਤ ਨੇ ਉਸ ਦਾ ਹੱਥ ਰੋਕ ਦਿੱਤਾ ਹੋਵੇ। ਕਾਫ਼ਰ ਨੂੰ ਮਾਰਨਾ ਬਹੁਤ ਆਸਾਨ ਗੱਲ ਸੀ, ਪਰ ਆਪਣੇ ਘਰ ਦੇ ਅੰਦਰ, ਜਾਣ-ਪਛਾਣ ਵਾਲੇ ਪਨਾਹਗੀਰ ਨੂੰ ਮਾਰਨਾ ਹੋਰ ਗੱਲ। ਉਹਦਾ ਖ਼ੂਨ ਕਰਨਾ ਪਹਾੜ ਦੀ ਟੀਸੀ ਪਾਰ ਕਰਨ ਤੋਂ ਵੀ ਮੁਸ਼ਕਿਲ ਕੰਮ ਦਿਸ ਰਿਹਾ ਸੀ। ਮਜ਼ਹਬੀ ਜਨੂੰਨ ਅਤੇ ਨਫ਼ਰਤ ਦੇ ਇਸ ਮਾਹੌਲ ਵਿਚ ਪਤਲੀ ਜਿਹੀ ਲਕੀਰ ਕਿਤੇ ਅਜੇ ਵੀ ਖਿੱਚੀ ਹੋਈ ਸੀ ਜਿਸ ਨੂੰ ਪਾਰ ਕਰਨਾ ਬਹੁਤ ਮੁਸ਼ਕਿਲ ਸੀ। ਰਮਜ਼ਾਨ ਉਸ ਲਕੀਰ ਨੂੰ ਪਾਰ ਨਹੀਂ ਸੀ ਕਰ ਪਾ ਰਿਹਾ। ਉਹ ਹਫ਼ਦਾ ਹੋਇਆ ਖੜ੍ਹਾ ਹਾਲੇ ਵੀ ਗਾਲ਼ਾਂ ਕੱਢ ਰਿਹਾ ਸੀ। ਫਿਰ ਉਵੇਂ ਹੀ ਗੰਦ ਬਕਦਾ ਬਾਹਰ ਨਿਕਲ ਗਿਆ।

ਲਗਭਗ ਅੱਧੀ ਰਾਤ ਦਾ ਵਕਤ ਹੋਵੇਗਾ ਜਦ ਉਚੀ ਲੰਮੀ ਰਾਜੋ ਅੱਗੇ ਤੁਰੀ ਜਾ ਰਹੀ ਸੀ ਅਤੇ ਹਰਨਾਮ ਸਿੰਘ ਤੇ ਬੰਤੋ ਉਸ ਦੇ ਪਿੱਛੇ ਪਿੱਛੇ। ਰੁੱਖਾਂ ਦੇ ਝੁਰਮਟ ਦੇ ਨਾਲ ਨਾਲ ਰਾਜੋ ਉਨ੍ਹਾਂ ਦੀ ਅਗਵਾਈ ਕਰਦੀ ਤੁਰੀ ਜਾ ਰਹੀ ਸੀ। ਚੰਨ ਰੁੱਖਾਂ ਦੇ ਝੁਰਮਟ ਉਪਰ ਖਿਲਰਿਆ ਪਿਆ ਸੀ ਤੇ ਉਸ ਦੇ ਚਾਨਣ ਵਿਚ ਚੌਗਿਰਦਾ ਝਿਲਮਿਲਾ ਰਿਹਾ ਸੀ। ਫਿਰ ਉਹੀ ਅਲੌਕਿਕ, ਰਹੱਸਪੂਰਨ ਤੇ ਸੁਪਨਮਈ ਦ੍ਰਿਸ਼, ਫਿਰ ਉਹੀ ਚਾਂਦਨੀ ਅਤੇ ਹਨੇਰਾ ਆਪਸ ਵਿਚ ਲੁਕਨਮੀਟੀ ਖੇਡਦੇ ਹੋਏ। ਰੁੱਖਾਂ ਦੇ ਇਸ ਝੁਰਮਟ ਅਤੇ ਉਸ ਦੇ ਪਾਰ ਫੈਲਿਆ ਹੋਇਆ ਅਸੀਮ ਪ੍ਰਸਾਰ ਫਿਰ ਤੋਂ ਰਹੱਸਪੂਰਨ ਅਤੇ ਡਰਾਉਣਾ ਨਜ਼ਰ ਆਉਣ ਲੱਗਾ ਸੀ।

ਅੱਗੇ ਜਾਂਦੀ ਜਾਂਦੀ ਰਾਜੋ ਦੀ ਕਾਇਆ ਬੜੀ ਗੰਭੀਰ ਲੱਗ ਰਹੀ ਸੀ। ਰਾਜੋ ਨੇ ਹੱਥ ਵਿਚ ਦੁਨਾਲੀ ਚੁੱਕੀ ਹੋਈ ਸੀ।

ਉਹ ਫਿਰ ਨਦੀ ਦੇ ਪਾਰ ਵੱਲ ਉਤਰ ਰਹੇ ਸਨ। ਖੱਬੇ ਬੰਨੇ ਦੂਰ ਆਕਾਸ਼ ਲਾਲ ਹੋ ਰਿਹਾ ਸੀ। ਹਰਨਾਮ ਸਿੰਘ ਨੇ ਹੌਲੀ ਜਿਹੀ ਬੰਤੋ ਦਾ ਹੱਥ ਦਬਾ ਕੇ ਕਿਹਾ, "ਖੱਬੇ ਬੰਨੇ ਵੇਖ, ਵੇਖਿਆ? ਕੋਈ ਪਿੰਡ ਸੜ ਰਿਹਾ ਏ।"

"ਵਾਹਿਗੁਰੂ, ਵਾਹਿਗੁਰੂ।" ਬੰਤੋ ਬੁੜਬੁੜਾਈ, "ਕਿਹੜਾ ਪਿੰਡ ਸੜ ਰਿਹਾ ਏ? ਅਹੁ ਦੇਖੋ, ਇਕ ਓਧਰ ਵੀ।"

ਹਰਨਾਮ ਸਿੰਘ ਨੇ ਕੋਈ ਜਵਾਬ ਨਾ ਦਿੱਤਾ। ਉਸ ਨੇ ਘੁੰਮ ਕੇ ਦੂਜੇ ਪਾਸੇ ਦੇਖਿਆ। ਚਾਨਣੀ ਵਿਚ ਵੀ ਚਪਟੇ ਮਿੱਟੀ ਦੇ ਘਰ ਖਲੋਤੇ ਦਿਸ ਰਹੇ ਸਨ। ਕਿਸੇ ਕਿਸੇ ਘਰ ਵਿਚ ਦੀਵਾ ਜਗ ਰਿਹਾ ਸੀ। ਘਰਾਂ ਦੇ ਬਾਹਰ ਰੂੜੀ ਦੇ ਉਚੇ ਉਚੇ ਢੇਰ, ਕਿਤੇ ਕਿਤੇ ਕੋਈ ਗੱਡਾ ਖੜ੍ਹਾ ਦਿਸ ਰਿਹਾ ਸੀ। ਰੁੱਖਾਂ ਦੇ ਝੁਰਮਟ ਵਿਚ ਨੌਗਜ਼ੇ ਦੀ ਚਿੱਟੀ ਕਬਰ ਨਜ਼ਰ ਆਈ। ਉਸ ਉਤੇ ਦੀਵਾ ਨਹੀਂ ਸੀ ਬਲ ਰਿਹਾ। ਅੱਜ ਦੇ ਦਿਨ ਉਸ 'ਤੇ ਦੀਵਾ ਜਗਾਉਣਾ ਲੋਕ ਭੁੱਲ ਗਏ ਸਨ।

ਰਾਜੋ ਝੁਰਮਟ ਦੇ ਕੰਢੇ ਚੱਲਦੀ ਜਾ ਰਹੀ ਸੀ। ਫਿਰ ਝੁਰਮਟ ਦਾ ਸਿਰਾ ਆ ਗਿਆ ਅਤੇ ਉਹ ਢਲਾਣ ਆ ਗਈ ਜਿਸ ਨੂੰ ਚੜ੍ਹ ਕੇ ਉਸੇ ਸਵੇਰੇ ਹਰਨਾਮ ਸਿੰਘ ਤੇ ਬੰਤੋ ਇਸ ਪਿੰਡ ਵਿਚ ਵੜੇ ਸਨ। ਰਾਜੋ ਰੁਕ ਗਈ। ਉਸ ਨੇ ਆਪਣੇ ਹੱਥ ਵਿਚ ਫੜੀ ਬੰਦੂਕ ਹਰਨਾਮ ਸਿੰਘ ਦੇ ਹੱਥ ਵਿਚ ਦੇ ਦਿੱਤੀ ਤੇ ਬੋਲੀ, "ਜਾਓ, ਹੁਣ ਰੱਬ ਰਾਖਾ! ਸਿੱਧੇ ਕੰਢੇ ਕੰਢੇ ਤੁਰਦੇ ਜਾਓ, ਅੱਗੇ ਤੁਹਾਡੀ ਕਿਸਮਤ!" ਉਸ ਨੇ ਮਮਤਾ ਭਰੀ ਆਵਾਜ਼ ਵਿਚ ਆਖਿਆ।

"ਤੂੰ ਸਾਡੇ 'ਤੇ ਬੜਾ ਅਹਿਸਾਨ ਕੀਤਾ ਏ ਰਾਜੋ ਭੈਣਾਂ, ਅਸੀਂ ਕਦੇ ਵੀ ਨਹੀਂ ਭੁੱਲ ਸਕਦੇ।" ਬੰਤੋ ਨੇ ਕਿਹਾ।

"ਜੇ ਜ਼ਿੰਦਗੀ ਰਹੀ ਤਾਂ ਤੇਰਾ ਦੇਣਾ।" ਹਰਨਾਮ ਸਿੰਘ ਦੀ ਆਵਾਜ਼ ਲੜਖੜਾ ਗਈ।

"ਮੈਂ ਕੀ ਜਾਣਾ ਭਰਾਵਾ, ਪਤਾ ਨਹੀਂ ਨਸੀਬਾਂ ਦਾ! ਚੌਹੀਂ ਪਾਸੀਂ ਤਾਂ ਅੱਗ ਲੱਗੀ ਏ।" ਕਹਿੰਦਿਆਂ ਰਾਜੋ ਨੇ ਆਪਣਾ ਹੱਥ ਕੁੜਤੇ ਦੀ ਜੇਬ ਵਿਚ ਪਾਇਆ ਤੇ ਸਫੈਦ ਕੱਪੜੇ ਵਿਚ ਲਿਪਟੀ ਛੋਟੀ ਜਿਹੀ ਗਹਿਣਿਆਂ ਦੀ ਪੋਟਲੀ ਕੱਢ ਲਈ, "ਇਹ ਲਓ, ਇਹ ਤੁਹਾਡੀ ਚੀਜ਼ ਏ।"

"ਇਹ ਕੀ ਏ ਰਾਜੋ ਭੈਣਾਂ?"

"ਤੁਹਾਡੀ ਹੀ ਚੀਜ਼ ਏ, ਤੁਹਾਡੇ ਟਰੰਕ ਵਿਚੋਂ ਮਿਲੇ ਸੀ, ਮੈਂ ਕੱਢ ਲਿਆਈ ਹਾਂ। ਤੁਹਾਡੇ ਉਪਰ ਔਖਾ ਵਕਤ ਆ ਪਿਆ ਏ, ਜੇ ਕੋਲ ਹੋਵੇ ਤਾਂ ਆਸਰਾ ਮਿਲੇਗਾ।"

"ਵਾਹਿਗੁਰੂ ਤੈਨੂੰ ਸਲਾਮਤ ਰੱਖੇ ਭੈਣਾਂ, ਚੰਗੇ ਕਰਮ ਕੀਤੇ ਸੀ ਜੋ ਤੇਰੇ ਨਾਲ ਮੇਲ ਹੋਇਆ।" ਕਹਿੰਦੀ ਬੰਤੀ ਰੋ ਪਈ।"

"ਜਾਓ ਰੱਬ ਰਾਖਾ! ਦੇਰ ਹੋ ਰਹੀ ਹੈ।" ਰਾਜੋ ਨੇ ਕਿਹਾ। ਇਸ ਤੋਂ ਜ਼ਿਆਦਾ ਉਸ ਨੇ ਕੁਝ ਨਾ ਕਿਹਾ। ਕਹਿ ਵੀ ਨਹੀਂ ਸੀ ਸਕਦੀ। ਉਹ ਉਨ੍ਹਾਂ ਨੂੰ ਇਹ ਨਹੀਂ ਸੀ ਦੱਸ ਸਕਦੀ ਕਿ ਉਹ ਕਿਸ ਦਿਸ਼ਾ ਵਿਚ ਜਾਣ, ਕਿਸ ਪਿੰਡ ਵੱਲ ਜਾਣ, ਕਿਸ ਘਰ ਦਾ ਬੂਹਾ ਖੜਕਾਉਣ, ਉਸ ਲਈ ਕੁਝ ਵੀ ਕਹਿਣਾ ਔਖਾ ਸੀ।

ਦੋਵੇਂ ਪਤੀ-ਪਤਨੀ ਢਲਾਣ ਉਤਰਨ ਲੱਗੇ। ਰਾਜੋ ਟਿੱਬੇ ਉਤੇ ਖੜ੍ਹੀ ਰਹੀ ਅਤੇ ਉਨ੍ਹਾਂ ਨੂੰ ਜਾਂਦਿਆਂ ਦੇਖਦੀ ਰਹੀ। ਉਹੀ ਊਬੜ-ਖਾਬੜ ਤੇ ਪੱਥਰਾਂ ਨਾਲ ਭਰਿਆ ਰਸਤਾ ਸੀ। ਉਪਰ ਚੰਨ ਚਮਕ ਰਿਹਾ ਸੀ ਜਿਸ ਨਾਲ ਸਾਰਾ ਮੈਦਾਨ ਕਾਲੇ ਤੇ ਸਫੈਦ ਦ੍ਰਿਸ਼ਾਂ ਨਾਲ ਵੰਡਿਆ ਪਿਆ ਸੀ। ਕਿਤੇ ਹਨੇਰਾ ਸੀ ਤੇ ਕਿਤੇ ਪਾਰੇ ਵਾਂਗ ਚਮਕਦੀ ਚਾਨਣੀ। ਥੋੜ੍ਹੀ ਦੂਰ ਜਾਣ ਪਿੱਛੋਂ ਉਨ੍ਹਾਂ ਘੁੰਮ ਕੇ ਦੇਖਿਆ, ਰਾਜੋ ਹਾਲੇ ਵੀ ਟਿੱਬੇ 'ਤੇ ਖੜ੍ਹੀ ਸੀ ਤੇ ਅਣਜਾਣੇ ਰਾਹਾਂ ਵੱਲ ਵਧ ਰਹੇ ਉਨ੍ਹਾਂ ਦੇ ਕਦਮਾਂ ਨੂੰ ਜਿਵੇਂ ਦੇਖ ਰਹੀ ਹੋਵੇ। ਫਿਰ ਉਨ੍ਹਾਂ ਦੇ ਚੁਫ਼ੇਰੇ ਫੈਲੀ ਵੀਰਾਨੀ ਉਨ੍ਹਾਂ ਦੋਹਾਂ ਲਈ ਹੋਰ ਵੀ ਜ਼ਿਆਦਾ ਭਿਆਨਕ ਹੋ ਉਠੀ।

# ਲਹਿੰਦੇ ਪੰਜਾਬ ਦਾ ਚੜ੍ਹਦਾ ਸੂਰਜ ਅਰਸ਼ਦ ਨਦੀਮ

ਅਰਸ਼ਦ ਨਦੀਮ ਲਹਿੰਦੇ ਪੰਜਾਬ ਦਾ ਮਾਣ ਹੈ ਤੇ ਪਾਕਿਸਤਾਨ ਦੀ ਸ਼ਾਨ। ਨੀਰਜ ਚੋਪੜਾ ਹਰਿਆਣੇ ਦਾ ਮਾਣ ਤੇ ਭਾਰਤ ਦੀ ਸ਼ਾਨ ਹੈ। ਦੋਹੇਂ ਦੋਸਤ ਹਨ ਤੇ ਦੁਨੀਆ ਦੇ ਸਭ ਤੋਂ ਤਕੜੇ ਜੈਵਲਿਨ ਥਰੋਅਰ। ਉਨ੍ਹਾਂ ਦੀਆਂ ਗੁਆਂਢੀ ਮੁਲਕਾਂ 'ਚ ਵਸਦੀਆਂ ਹਿੰਦੂ/ਮੁਸਲਮਾਨ ਮਾਵਾਂ ਵੀ ਦੋਹਾਂ ਨੂੰ ਆਪਣੇ ਇਕੋ ਜਿਹੇ ਪੁੱਤਰ ਸਮਝਦੀਆਂ ਹਨ। ਉਹ ਦੋਹਾਂ ਦੀ ਜਿੱਤ ਲਈ ਆਪਣੇ ਅੱਲਾ ਤੇ ਪ੍ਰਭੂ ਤੋਂ ਦੁਆਵਾਂ ਮੰਗਦੀਆਂ ਹਨ। ਨੀਰਜ ਤੇ ਨਦੀਮ ਵੀ ਮੁਕਾਬਲੇ ਤੋਂ ਪਹਿਲਾਂ ਇਕ ਦੂਜੇ ਨੂੰ ਸ਼ੁਭ ਇੱਛਾਵਾਂ ਦਿੰਦੇ ਹਨ। ਪਰ ਸਿਆਸਤ ਦੀ ਮਾਰ ਐਸੀ ਪੈ ਰਹੀ ਹੈ ਕਿ ਸਿਆਸਤਦਾਨਾਂ ਨੇ ਵੋਟਾਂ ਵੰਡਣ/ਵਟੋਰਨ ਲਈ 'ਆਪਣਿਆਂ' ਵਿਚਕਾਰ ਵੰਡੀਆਂ ਪਾ ਰੱਖੀਆਂ ਹਨ। ਖਿਡਾਰੀ ਦੇਖੋ ਦੋਸਤੀਆਂ ਪਾਲ ਰਹੇ ਹਨ ਤੇ ਉਨ੍ਹਾਂ ਦੀਆਂ ਮਾਵਾਂ ਪਿਆਰ ਵੰਡ ਰਹੀਆਂ ਹਨ। ਪਰ ਦੋਹਾਂ ਦੇਸ਼ਾਂ ਨੂੰ ਹਾਕਮ ਹੀ ਅਜਿਹੇ ਟੱਕਰਦੇ ਆ ਰਹੇ ਹਨ ਜੋ ਆਪਸੀ ਪਿਆਰ ਵਧਾਉਣ ਦੀ ਥਾਂ ਨਫਰਤਾਂ ਪਾਲ ਰਹੇ ਹਨ।



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

ਟੋਕੀਓ ਓਲੰਪਿਕ 2021 'ਚ ਭਾਰਤ ਦੇ ਨੀਰਜ ਨੇ ਜੈਵਲਿਨ ਥਰੋਅ ਦਾ ਗੋਲਡ ਮੈਡਲ ਜਿੱਤਿਆ ਸੀ। ਉਥੇ ਨਦੀਮ ਪੰਜਵੀਂ ਥਾਂ ਰਿਹਾ ਸੀ। ਪਹਿਲਾਂ ਵੀ ਕਦੇ ਨਦੀਮ ਜਿੱਤ ਜਾਂਦਾ ਸੀ, ਕਦੇ ਨੀਰਜ। ਪੈਰਿਸ ਓਲੰਪਿਕ 2024 'ਚ ਨਦੀਮ ਗੋਲਡ ਮੈਡਲ ਜਿੱਤਿਆ ਤੇ ਨੀਰਜ ਸਿਲਵਰ। ਉਥੇ ਦੋਹਾਂ ਨੇ ਆਪੋ ਆਪਣੇ ਕੈਰੀਅਰ ਦਾ ਬਿਹਤਰੀਨ ਪ੍ਰਦਰਸ਼ਨ ਕੀਤਾ। ਨਦੀਮ ਜੈਵਲਿਨ ਦਾ ਨਵਾਂ ਓਲੰਪਿਕ ਚੈਂਪੀਅਨ ਬਣ ਕੇ ਨਵਾਂ ਰਿਕਾਰਡ ਵੀ ਕਰ ਗਿਆ। ਪੈਰਿਸ ਵਿਚ ਉਸ ਨੇ 92.97 ਮੀਟਰ ਯਾਨੀ 305.02 ਫੁੱਟ ਦੂਰ ਨੇਜ਼ਾ ਸੁੱਟਿਆ। ਉਦੋਂ ਓਲੰਪਿਕ ਰਿਕਾਰਡ 90.57 ਮੀਟਰ ਸੀ। ਨਦੀਮ ਦਾ ਪਰਿਵਾਰਕ ਪਿਛੋਕੜ ਵੇਖੀਏ ਤਾਂ ਉਹ ਗੋਦੜੀ ਦਾ ਲਾਲ ਹੈ।

ਅਰਸ਼ਦ ਹੋਰੀਂ ਅੱਠ ਭੈਣ ਭਰਾ ਹਨ ਜਿਨ੍ਹਾਂ 'ਚ ਉਹ ਤੀਜੇ ਥਾਂ ਜੰਮਿਆ। ਉਨ੍ਹਾਂ ਦਾ ਜੱਦੀ ਕਿੱਤਾ ਖੇਤੀਬਾੜੀ ਸੀ। ਪਰ ਉਸ ਦੇ ਵਾਲਦ ਨੂੰ ਸਾਰੀ ਉਮਰ ਰਾਜਗੀਰੀ ਕਰਨੀ ਪਈ। ਮਿਹਨਤ ਮਜ਼ਦੂਰੀ ਕਰਦੇ ਤੇ ਤੰਗੀਆਂ ਤੁਰਸ਼ੀਆਂ ਨਾਲ ਘੁਲਦੇ ਵੱਡੇ ਪਰਿਵਾਰ ਵਿਚ ਨਦੀਮ ਅਣਗੌਲੇ ਬਾਲਕ ਵਾਂਗ ਪਲਿਆ। ਉਸ ਨੂੰ ਖੇਡਾਂ ਦਾ ਸ਼ੌਕ ਤਾਂ ਸੀ ਪਰ ਸਹੂਲਤਾਂ ਨਹੀਂ ਸਨ। ਕਦੇ ਕ੍ਰਿਕਟ ਖੇਡਦਾ, ਕਦੇ ਦੌੜਾਂ ਤੇ ਛਾਲਾਂ ਲਾਉਂਦਾ ਤੇ ਕਦੇ ਗੋਲਾ ਡਿਸਕਸ ਸੁੱਟਣ ਲੱਗਦਾ। ਆਖ਼ਰ ਜੈਵਲਿਨ ਸੁੱਟਣ ਲੱਗ ਪਿਆ। ਅਸਲੀ ਜੈਵਲਿਨ ਨਾ ਮਿਲਿਆ ਤਾਂ ਰੁੱਖਾਂ ਦੀਆਂ ਟਾਹਣੀਆਂ ਜੈਵਲਿਨ ਬਣਾ ਕੇ ਸੁੱਟਦਾ। ਨੰਗੇ ਪੈਰੀਂ ਦੌੜਦਿਆਂ ਖੇਤਾਂ 'ਚ ਕਰਚੇ ਵੱਜਦੇ। ਪੈਰਾਂ 'ਤੇ ਪੱਟੀਆਂ ਬੰਨ੍ਹਦਾ। ਡੰਡ ਕੱਢਦਾ, ਬੈਠਕਾਂ ਮਾਰਦਾ ਤੇ ਦੇਸੀ ਭਾਰ ਦਾ ਜੁਗਾੜ ਜੋੜ ਕੇ ਵੇਟ ਟ੍ਰੇਨਿੰਗ ਕਰਦਾ। ਮਿਹਨਤ ਰੰਗ ਲਿਆਈ ਤਾਂ ਸਕੂਲੀ ਜਿੱਤਾਂ ਤੋਂ ਅੱਗੇ ਵਧਦਾ ਓਲੰਪਿਕ ਖੇਡਾਂ ਦੇ ਵਿਕਟਰੀ ਸਟੈਂਡ 'ਤੇ ਜਾ ਚੜ੍ਹਿਆ। ਸਾਧਾਰਨ ਘਰ ਤੇ ਪਰਿਵਾਰ ਨੂੰ ਰੰਗ ਭਾਗ ਲੱਗ ਗਏ। ਉਸ ਦਾ ਰੰਗ ਕਣਕਵੰਨਾ ਹੈ, ਕੱਦ 6 ਫੁੱਟ 4 ਇੰਚ ਤੇ ਭਾਰ 95 ਕਿਲੋਗਰਾਮ। ਭਰਵੱਟੇ ਸੰਘਣੇ, ਠੋਡੀ 'ਚ ਟੋਆ, ਅੱਖਾਂ ਮਸਤ ਤੇ ਬੁੱਲ੍ਹ ਰਤਾ ਮੋਟੇ। ਹੱਸਦਾ ਹੈ ਤਾਂ ਦੰਦਾਂ ਦੀਆਂ ਪਾਲਾਂ ਲਿਸ਼ਕਾਂ ਮਾਰਦੀਆਂ ਹਨ। ਉਹ ਕਾਮਨਵੈਲਥ ਖੇਡਾਂ ਦਾ ਵੀ ਚੈਂਪੀਅਨ ਹੈ ਤੇ ਓਲੰਪਿਕ ਖੇਡਾਂ ਦਾ ਵੀ। ਇਨ੍ਹਾਂ ਦੇ ਜੈਵਲਿਨ ਸੁੱਟਣ ਦੇ ਰਿਕਾਰਡ ਵੀ ਉਸੇ ਦੇ ਨਾਂ ਹਨ।

ਅਰਸ਼ਦ ਦਾ ਜਨਮ ਜ਼ਿਲ੍ਹਾ ਖਾਨੇਵਾਲ ਦੀ ਤਹਿਸੀਲ ਮੀਆਂ ਚੰਨੂੰ ਨਾਲ ਲੱਗਦੇ ਪਿੰਡ 'ਚ ਮੁਹੰਮਦ ਅਸ਼ਰਫ ਦੇ ਘਰ ਰਜ਼ੀਆ ਪਰਵੀਨ ਦੀ ਕੁੱਖੋਂ 2 ਜਨਵਰੀ 1997 ਨੂੰ ਹੋਇਆ ਸੀ। ਪਿੰਡ ਦਾ ਨਾਂ ਸੂਫੀ ਬਾਬਾ ਮੀਆਂ ਚੰਨੂੰ ਦੇ ਨਾਂ 'ਤੇ ਰੱਖਿਆ ਗਿਆ ਸੀ ਜਿਸ ਦੀ ਕਬਰ ਵੀ ਉਥੇ ਹੀ ਹੈ। ਅੰਗਰੇਜ਼ਾਂ ਦੇ ਰਾਜ ਵੇਲੇ ਪਿੰਡ ਦਾ ਨਾਂ ਬਦਲਣ ਦੀ ਕੋਸ਼ਿਸ਼ ਹੋਈ ਪਰ ਨਾਂ ਬਦਲਿਆ ਨਾ ਜਾ ਸਕਿਆ। ਇਹ ਪਿੰਡ ਮੁਲਤਾਨ ਦੇ ਇਲਾਕੇ 'ਚ ਇਸਲਾਮ ਦਾ ਪੁਰਾਣਾ ਗੜ੍ਹ ਹੈ। 1938 ਤਕ ਇਹ ਪਿੰਡ ਹੀ ਕਿਹਾ ਜਾਂਦਾ ਸੀ ਬਾਅਦ ਵਿਚ ਕਸਬਾ ਤੇ ਤਹਿਸੀਲ ਬਣ ਗਿਆ। 1975 ਵਿਚ ਇਸ ਦੀ ਮਿਊਂਸਪਲ ਕਮੇਟੀ ਬਣੀ। ਇਹ ਜੀ.ਟੀ. ਰੋਡ ਮੁਲਤਾਨ 'ਤੇ ਲਾਹੌਰ ਤੋਂ 250 ਕਿਲੋਮੀਟਰ ਦੂਰ ਹੈ। ਪਹਿਲਾਂ ਇਹ ਮੁਲਤਾਨ ਜ਼ਿਲ੍ਹੇ 'ਚ ਸੀ, 1985 ਤੋਂ ਜ਼ਿਲ੍ਹਾ ਖਾਨੇਵਾਲ ਦੀ ਤਹਿਸੀਲ ਬਣ ਗਿਆ। 2017 ਵਿਚ ਇਸ ਦੀ ਆਬਾਦੀ 90130 ਸੀ। ਕਰਾਚੀ ਇਥੋਂ 1050 ਕਿਲੋਮੀਟਰ ਦੂਰ ਹੈ। ਇਥੇ ਫਸਲਾਂ ਤਾਂ ਬਹੁਤ ਹੁੰਦੀਆਂ ਹਨ ਪਰ ਕਣਕ, ਕਪਾਹ ਤੇ ਅੰਬਾਂ ਦੀ ਸਰਦਾਰੀ ਹੈ। 'ਖੁਸ਼ੀ ਬਰਫੀ' ਇਥੋਂ ਦੀ ਖ਼ਾਸ ਮਠਿਆਈ ਹੈ।

ਅਰਸ਼ਦ ਮਿਹਨਤ ਮਜ਼ਦੂਰੀ ਕਰਨ ਵਾਲੇ ਪਰਿਵਾਰ ਦਾ ਜੰਮਪਲ ਹੋਣ ਕਰਕੇ ਬਚਪਨ ਤੋਂ ਹੀ ਮਿਹਨਤੀ ਤੇ ਪਰਿਵਾਰ 'ਚ ਰਲੌਟਾ ਸੀ। ਉਹ ਅੱਲਾ ਦੀ ਰਜ਼ਾ 'ਚ ਰਹਿਣ ਵਾਲਾ ਨੌਜੁਆਨ ਹੈ। ਆਪਣੀਆਂ ਜਿੱਤਾਂ ਪਿੱਛੋਂ ਧਰਤੀ ਮਾਂ ਨੂੰ ਮੱਥਾ ਟੇਕਦਾ ਤੇ ਗੋਡਿਆਂ ਭਾਰ ਹੋ ਕੇ ਅੱਲਾ ਦਾ ਸ਼ੁਕਰ ਕਰਦਾ ਹੈ। ਅਜਿਹਾ ਉਸ ਨੇ ਪੈਰਿਸ ਦੀਆਂ ਓਲੰਪਿਕ ਖੇਡਾਂ ਵਿਚ ਵੀ ਕੀਤਾ। ਉਹ ਪਹਿਲਾ ਪਾਕਿਸਤਾਨੀ ਹੈ ਜੋ ਓਲੰਪਿਕ ਦੀਆਂ ਅਥਲੈਟਿਕ ਖੇਡਾਂ 'ਚੋਂ ਪਾਕਿਸਤਾਨ ਲਈ ਮੈਡਲ ਜਿੱਤ ਸਕਿਆ। ਪੈਰਿਸ ਓਲੰਪਿਕ ਤੋਂ ਪਹਿਲਾਂ ਪਾਕਿਸਤਾਨ ਨੇ ਕੇਵਲ ਤਿੰਨ ਗੋਲਡ ਮੈਡਲ ਜਿੱਤੇ ਸਨ ਜੋ 1960, 68, 84 ਦੀਆਂ ਓਲੰਪਿਕ ਖੇਡਾਂ 'ਚੋਂ ਹਾਕੀ ਦੇ ਸਨ। 1992 ਦੀਆਂ ਓਲੰਪਿਕ ਖੇਡਾਂ ਦੇ ਬਰਾਂਜ਼ ਮੈਡਲ ਤੋਂ ਬਾਅਦ ਪਾਕਿਸਤਾਨ ਦਾ ਕੋਈ ਖਿਡਾਰੀ ਕਦੇ ਵੀ ਕਈ ਮੈਡਲ ਨਹੀਂ ਸੀ ਜਿੱਤ ਸਕਿਆ। 32 ਸਾਲਾਂ ਦੀ ਔੜ ਨਦੀਮ ਦੇ ਗੋਲਡ ਮੈਡਲ ਨਾਲ ਟੁੱਟੀ।

ਨਦੀਮ ਦੀਆਂ ਪ੍ਰਾਪਤੀਆਂ ਵਿਚ ਦੋ ਵਾਰ ਓਲੰਪਿਕ ਖੇਡਾਂ 'ਚ ਭਾਗ ਲੈਣਾ, ਇਕ ਵਾਰ ਪੰਜਵਾਂ ਸਥਾਨ ਲੈਣਾ, ਦੂਜੀ ਵਾਰ ਸੋਨ ਤਗ਼ਮਾ ਜਿੱਤਣਾ, ਨਵਾਂ ਓਲੰਪਿਕ ਰਿਕਾਰਡ ਰੱਖਣਾ, 2022 ਦੀਆਂ ਕਾਮਨਵੈਲਥ ਖੇਡਾਂ 'ਚ ਗੋਲਡ ਮੈਡਲ ਜਿੱਤਦਿਆਂ 90.18 ਮੀਟਰ ਦਾ ਨਵਾਂ ਰਿਕਾਰਡ ਕਰਨਾ, 2023 ਦੀ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ ਵਿਚ ਪਹਿਲੀ ਵਾਰ ਕਿਸੇ ਪਾਕਿਸਤਾਨੀ ਅਥਲੀਟ ਦਾ ਪੁੱਜਣਾ ਤੇ ਸਿਲਵਰ ਮੈਡਲ ਜਿੱਤਣਾ ਹਨ। ਉਹ ਪਹਿਲਾ ਦੱਖਣੀ ਏਸ਼ਿਆਈ ਅਥਲੀਟ ਹੈ ਜਿਸ ਨੇ 90 ਮੀਟਰ ਤੋਂ ਪਾਰ ਨੇਜ਼ਾ ਸੁੱਟਿਆ। ਨੌਕਰੀ ਉਸ ਨੂੰ ਮਸੀਂ ਮਿਲੀ ਸੀ। ਹੁਣ ਉਹ 'ਵਾਪਡਾ' ਵਿਚ ਕਲਾਸ ਵਨ ਅਫਸਰ ਵਜੋਂ ਸਰਵਿਸ ਕਰਦਾ ਤੇ ਲਾਹੌਰ ਰਹਿੰਦਾ ਹੈ।

ਉਹ ਸੱਤਵੀਂ 'ਚ ਪੜ੍ਹਦਿਆਂ ਕ੍ਰਿਕਟ, ਫੁੱਟਬਾਲ ਤੇ ਬੈਡਮਿੰਟਨ ਖੇਡਣ ਲੱਗਾ ਸੀ। ਗੋਲਾ ਤੇ ਡਿਸਕਸ ਵੀ ਸੁੱਟ ਲੈਂਦਾ ਸੀ। ਸਕੂਲ 'ਚ ਉਹ ਸਬੱਬੀਂ ਰਸ਼ੀਦ ਅਹਿਮਦ ਸਾਕੀ ਦੀ ਨਜ਼ਰੇ ਚੜ੍ਹ ਗਿਆ ਜਿਸ ਨੇ ਉਸ ਨੂੰ ਜੈਵਲਿਨ ਸੁੱਟਣ ਲਾ ਲਿਆ। ਪੰਜਾਬ ਯੂਥ ਫੈਸਟੀਵਲ ਵਿਚ ਉਹ ਗੋਲਡ ਮੈਡਲ ਜਿੱਤਿਆ ਤਾਂ ਉਸ ਦਾ ਹੌਂਸਲਾ ਵਧ ਗਿਆ। ਉਹ ਆਰਮੀ, ਏਅਰ ਫੋਰਸ ਤੇ ਵਾਪਡਾ ਦੀਆਂ ਨਜ਼ਰਾਂ 'ਚ ਆ ਗਿਆ ਤੇ ਸਿਫ਼ਾਰਸ਼ ਨਾਲ ਵਾਪਡਾ ਦਾ ਕਰਮਚਾਰੀ ਬਣ ਗਿਆ। ਇਹ ਗੱਲ 2015 ਦੀ ਹੈ। ਫਿਰ ਉਸ ਦਾ ਵਿਆਹ ਵੀ ਹੋ ਗਿਆ ਹੁਣ ਉਸ ਦੇ ਇਕ ਧੀ ਤੇ ਪੁੱਤ ਹੈ।

2015 ਵਿਚ ਉਸ ਨੂੰ 'ਵਰਲਡ ਅਥਲੈਟਿਕਸ' ਵੱਲੋਂ ਵਜ਼ੀਫ਼ਾ ਮਿਲਿਆ ਜਿਸ ਨਾਲ ਹਾਈ ਪਰਫਾਰਮੈਂਸ ਟ੍ਰੇਨਿੰਗ ਸੈਂਟਰ ਮੌਰੀਸ਼ੀਅਸ ਵਿਚ ਸਿਖਲਾਈ ਮਿਲ ਗਈ। ਫਿਰ ਉਸ ਨੇ ਫਰਵਰੀ 2016 'ਚ ਗੁਹਾਟੀ 'ਚ ਹੋਈਆਂ ਸਾਊਥ ਏਸ਼ੀਅਨ ਖੇਡਾਂ ਵਿਚ ਭਾਗ ਲਿਆ ਜਿਥੇ 78.33 ਮੀਟਰ ਦੂਰ ਜੈਵਲਿਨ ਸੁੱਟ ਕੇ ਕਾਂਸੀ ਦਾ ਤਗ਼ਮਾ ਜਿੱਤਿਆ। ਜੂਨ 2016 'ਚ ਹੋ ਚੀ ਮਿਨ੍ਹ ਵਿਖੇ ਹੋਈ ਏਸ਼ੀਅਨ ਜੂਨੀਅਰ ਅਥਲੈਟਿਕ ਚੈਂਪੀਅਨਸ਼ਿਪ 'ਚ ਵੀ ਬਰਾਂਜ਼ ਮੈਡਲ ਜਿੱਤਿਆ। ਮਈ 2017 'ਚ ਬਾਕੂ ਦੀਆਂ ਇਸਲਾਮਿਕ ਸੌਲੀਡੈਰਟੀ ਖੇਡਾਂ ਤੇ ਗੋਲਡ ਕੋਸਟ, ਆਸਟਰੇਲੀਆ ਦੀਆਂ ਕਾਮਨਵੈਲਥ ਖੇਡਾਂ ਵਿਚ ਚੰਗੀ ਕਾਰਗੁਜ਼ਾਰੀ ਵਿਖਾਈ। 2018 ਵਿਚ ਜਕਾਰਤਾ ਦੀਆਂ ਏਸ਼ਿਆਈ ਖੇਡਾਂ 'ਚੋਂ 80.75 ਮੀਟਰ ਦੂਰ ਜੈਵਲਿਨ ਸੁੱਟ ਕੇ ਬਰਾਂਜ਼ ਮੈਡਲ ਜਿੱਤਿਆ। 2019 ਵਿਚ ਦੋਹਾ ਦੀ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ 'ਚ 81.52 ਮੀਟਰ ਅਤੇ ਪਿਸ਼ਾਵਰ ਦੀਆਂ ਕੌਮੀ ਖੇਡਾਂ ਵਿਚ 83.65 ਮੀਟਰ ਨਾਲ ਨਵਾਂ ਮੀਟ ਰਿਕਾਰਡ ਰੱਖਿਆ। ਨੇਪਾਲ ਦੀਆਂ ਸਾਊਥ ਏਸ਼ੀਅਨ ਖੇਡਾਂ 2019 'ਚ 86.29 ਮੀਟਰ ਦੂਰ ਜੈਵਲਿਨ ਸੁੱਟ ਕੇ ਗੋਲਡ ਮੈਡਲ ਜਿੱਤਿਆ। ਨਾਲ ਦੀ ਨਾਲ ਨਦੀਮ ਤੇ ਨੀਰਜ ਦੀ ਦੋਸਤੀ ਵੀ ਵਧਦੀ ਗਈ।

ਟੋਕੀਓ ਓਲੰਪਿਕ 2021 ਵਿਚ ਨੀਰਜ ਫਸਟ ਆਇਆ ਤੇ ਨਦੀਮ 84.62 ਮੀਟਰ ਨਾਲ ਪੰਜਵੀਂ ਥਾਂ। 2022 ਦੀ ਵਿਸ਼ਵ ਚੈਂਪੀਅਨਸ਼ਿਪ ਤੋਂ ਪਹਿਲਾਂ ਨਦੀਮ ਦੱਖਣੀ ਅਫਰੀਕਾ ਵਿਚ ਵਿਸ਼ਵ ਦੇ ਮੰਨੇ ਪ੍ਰਮੰਨੇ ਕੋਚ ਟੀ. ਲਿਬਨਬਰਗ ਦੀ ਨਿਗਰਾਨੀ ਹੇਠ ਕੋਚਿੰਗ ਲੈਣ ਦੱਖਣੀ ਅਫਰੀਕਾ ਗਿਆ। ਵਿਸ਼ਵ ਚੈਂਪੀਅਨਸ਼ਿਪ ਵਿਚ ਉਹ 86.16 ਮੀਟਰ ਜੈਵਲਿਨ ਸੁੱਟ ਕੇ ਪੰਜਵੇਂ ਥਾਂ ਰਿਹਾ। 2022 ਦੀਆਂ ਕਾਮਨਵੈਲਥ ਖੇਡਾਂ ਵਿਚ 90.18 ਮੀਟਰ ਦੀ ਸੁੱਟ ਨਾਲ ਦੁਨੀਆ ਦੰਗ ਕਰ ਦਿੱਤੀ! ਉਥੇ ਨਾ ਸਿਰਫ਼ ਗੋਲਡ ਮੈਡਲ ਜਿੱਤਿਆ ਬਲਕਿ ਪੈਰਿਸ ਓਲੰਪਿਕ ਜਿੱਤਣ ਵਾਲਾ ਸਭ ਤੋਂ ਤਕੜਾ ਉਮੀਦਵਾਰ ਬਣ ਗਿਆ। ਨਵੰਬਰ 2022 ਵਿਚ ਲਾਹੌਰ ਦੀ ਨੈਸ਼ਨਲ ਮੀਟ 'ਚ ਉਹਦੀ ਕੂਹਣੀ ਖਿੱਚੀ ਗਈ ਤੇ ਗੋਡਾ ਉਤਰ ਗਿਆ। ਉਸ ਨੂੰ ਯੂ.ਕੇ. ਕੈਂਬਰਿਜ ਲੀ ਹਸਪਤਾਲ ਵਿਚ ਦਾਖਲ ਕਰਾਉਣਾ ਪਿਆ। 2023 ਵਿਚ ਗੋਡਾ ਫਿਰ ਜਰਕ ਖਾ ਗਿਆ। ਠੀਕ ਹੋਇਆ ਤਾਂ 2023 ਦੀ ਵਿਸ਼ਵ ਚੈਂਪੀਅਨਸ਼ਿਪ 'ਚੋਂ 87.82 ਮੀਟਰ ਦੀ ਸੁੱਟ ਨਾਲ ਸਿਲਵਰ ਮੈਡਲ ਜਿੱਤ ਗਿਆ ਤੇ ਪੈਰਿਸ ਓਲੰਪਿਕ ਲਈ ਕੁਆਲੀਫਾਈ ਕਰ ਗਿਆ। ਪਰ 2024 ਦੀ ਪੈਰਿਸ ਡਾਇਮੰਡ ਲੀਗ 'ਚ ਉਹ ਕੇਵਲ 84.21 ਮੀਟਰ ਨਾਲ ਪੰਜਵਾਂ ਸਥਾਨ ਹੀ ਹਾਸਲ ਕਰ ਸਕਿਆ।



ਪੈਰਿਸ ਓਲੰਪਿਕ 2024 ਵਿਚ ਨਦੀਮ ਨੇ ਆਪਣੀ ਦੂਜੀ ਸੁੱਟ 92.97 ਮੀਟਰ ਸੁੱਟੀ ਤਾਂ ਦਰਸ਼ਕ ਦੰਗ ਹੋ ਗਏ। ਨਦੀਮ ਨੇ ਖੁਸ਼ੀ 'ਚ ਬਾਹਵਾਂ ਉਪਰ ਚੁੱਕੀਆਂ। ਫਿਰ ਦੋਹਾਂ ਹੱਥਾਂ ਨਾਲ ਮੂੰਹ ਢਕ ਲਿਆ। ਗੋਡਿਆਂ ਭਾਰ ਹੋ ਕੇ ਅੱਲਾ ਦਾ ਸ਼ੁਕਰਾਨਾ ਕੀਤਾ। ਇਸ ਸੁੱਟ ਨਾਲ ਉਸ ਨੇ ਬੀਜਿੰਗ ਓਲੰਪਿਕ 2008 'ਚ ਰੱਖਿਆ ਨਾਰਵੇ ਦੇ ਐਂਡਰੀਜ਼ ਦੀ 90.57 ਮੀਟਰ ਸੁੱਟ ਦਾ ਓਲੰਪਿਕ ਰਿਕਾਰਡ ਤੋੜ ਦਿੱਤਾ। ਨੀਰਜ ਚੋਪੜਾ ਆਪਣੇ ਕੈਰੀਅਰ ਦੀ ਬਿਹਤਰੀਨ ਸੁੱਟ 89.45 ਮੀਟਰ ਨਾਲ ਦੂਜੇ ਥਾਂ ਰਿਹਾ। ਤਿੰਨ ਹੋਰ ਸੁਟਾਵੇ ਵੀ ਨੀਰਜ ਦੀ ਟੋਕੀਓ ਵਾਲੀ ਸੁੱਟ ਤੋਂ ਅੱਗੇ ਨਿਕਲ ਗਏ। ਨਦੀਮ ਪਾਕਿਸਤਾਨੀ ਝੰਡਾ ਮੋਢਿਆਂ 'ਤੇ ਤਾਣ ਕੇ ਆਪਣੇ ਕੋਚ ਲਿਬਨਬਰਗ ਤੇ ਸਲਮਾਨ ਇਕਬਾਲ ਬੱਟ ਕੋਲ ਗਿਆ ਜਿਥੇ ਸ਼ੁਕਰਾਨੇ ਵਿਚ ਉਸ ਦੇ ਹੰਝੂ ਵਹਿ ਤੁਰੇ। ਕੋਚਾਂ ਨੇ ਦਿਲਾਸਾ ਦਿੱਤਾ ਤੇ ਮੁਬਾਰਕਾਂ ਵੀ ਦਿੱਤੀਆਂ। ਨਦੀਮ ਨੇ ਸਟੇਡੀਅਮ ਦੀ ਜੇਤੂ ਗੇੜੀ ਲਾਈ। ਇਕ ਥਾਂ ਪੱਗਾਂ ਵਾਲੇ ਸਰਦਾਰ ਖੜ੍ਹੇ ਸਨ ਜਿਨ੍ਹਾਂ ਕੋਲ ਉਹ ਆਪਣੇ ਪੰਜਾਬੀ ਭਰਾ ਸਮਝ ਕੇ ਉਚੇਚਾ ਰੁਕਿਆ। ਪੱਗ ਦਾੜ੍ਹੀ ਪੰਜਾਬੀ ਹੋਣ ਦੀ ਵਿਸ਼ੇਸ਼ ਪਛਾਣ ਹੈ। ਇਹ ਸਭ ਕੁਝ ਕਰੋੜਾਂ ਲੋਕਾਂ ਨੇ ਟੀਵੀ ਤੋਂ ਵੇਖਿਆ।

ਓਲੰਪਿਕ ਚੈਂਪੀਅਨ ਬਣਨ ਤੋਂ ਪਹਿਲਾਂ ਉਨ੍ਹਾਂ ਦਾ ਪੇਂਡੂ ਘਰ ਤਿੰਨ ਕਮਰਿਆਂ ਦਾ ਸੀ। ਬਿਨਾਂ ਸੀਮੈਂਟ ਟੀਪ ਦੇ ਕੰਧਾਂ ਤੇ ਕੱਚਾ ਵਿਹੜਾ। ਪਰਿਵਾਰ ਦੀ ਕੁਲ ਜਾਇਦਾਦ ਪਾਕਿਸਤਾਨ ਦੇ 80 ਕੁ ਲੱਖ ਰੁਪਈਆਂ ਦੀ ਹੋਵੇਗੀ। ਓਲੰਪਿਕ ਚੈਂਪੀਅਨ ਬਣਨ ਨਾਲ 80 ਲੱਖ ਦੀ ਜਾਇਦਾਦ ਤੋਂ ਹੁਣ ਕਰੋੜਾਂ ਦੀ ਹੋ ਗਈ ਹੈ। ਅਜੇ ਕਿਹੜਾ ਬੱਸ ਹੈ? ਓਲੰਪਿਕ ਖੇਡਾਂ ਦੇ ਗੋਲਡ ਮੈਡਲ ਨੇ ਗੋਲਡ ਹੀ ਗੋਲਡ ਕਰ ਦਿੱਤਾ ਹੈ। ਪਹਿਲਾਂ ਪਹਿਲ ਪਾਕਿਸਤਾਨ ਦੀਆਂ ਸਰਕਾਰਾਂ ਨੇ ਨਦੀਮ ਨੂੰ ਕ੍ਰਿਕਟ ਤੇ ਹਾਕੀ ਦੇ ਖਿਡਾਰੀਆਂ ਵਾਂਗ ਖ਼ਾਸ ਸਹੂਲਤਾਂ ਨਹੀਂ ਸਨ ਦਿੱਤੀਆਂ। ਉਸ ਨੇ ਕਿਸੇ ਅਥਲੈਟਿਕ ਮੀਟ 'ਤੇ ਜਾਣਾ ਤਾਂ ਰਿਸ਼ਤੇਦਾਰ ਤੇ ਮੀਆਂ ਚੰਨੂੰ ਦੇ ਗਰਾਈਂ ਉਹਦੇ ਕਿਰਾਏ ਭਾੜੇ ਦਾ ਪ੍ਰਬੰਧ ਕਰਦੇ। ਪਹਿਲਵਾਨ ਨੂੰ ਖੁਰਾਕ ਦੇਣ ਵਾਂਗ ਖੁਰਾਕ 'ਕੱਠੀ ਕਰ ਕੇ ਦਿੰਦੇ ਪਈ ਕਦੇ ਉਹ ਵੀ ਮੀਆਂ ਚੰਨੂੰ ਦਾ ਨਾਂ ਕੱਢੇਗਾ। ਵੇਖ ਲਓ ਹੁਣ ਮੀਆਂ ਚੰਨੂੰ ਮੀਆਂ ਚੰਨੂੰ ਹੋਈ ਪਈ ਐ!

ਰੁੱਖਾਂ ਦੀਆਂ ਟਾਹਣੀਆਂ ਦੇ ਜੈਵਲਿਨ ਬਣਾ ਕੇ ਪ੍ਰੈਕਟਿਸ ਕਰਨ ਵਾਲੇ ਨਦੀਮ ਨੂੰ 'ਵਰਲਡ ਅਥਲੈਟਿਕਸ' ਨੇ ਹੌਂਸਲਾ ਅਫ਼ਜ਼ਾਈ ਵਜੋਂ 50000 ਡਾਲਰਾਂ ਦਾ ਸ਼ਗਨ ਪਾਇਆ ਸੀ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ 5 ਲੱਖ ਅਮਰੀਕਨ ਡਾਲਰਾਂ ਨਾਲ ਮਾਣ ਸਨਮਾਨ ਕੀਤਾ ਤੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ 3.50 ਲੱਖ ਡਾਲਰਾਂ ਦੀ ਥੈਲੀ ਭੇਟ ਕੀਤੀ। ਕਾਰਾਂ ਦੀਆਂ ਕੰਪਨੀਆਂ ਨੇ ਕਰੋੜੀ ਕਾਰਾਂ ਤੋਹਫ਼ੇ ਵਜੋਂ ਦਿੱਤੀਆਂ। ਉਨ੍ਹਾਂ ਕਾਰਾਂ ਦੇ ਪਲੇਟ ਨੰਬਰ ਵੀ ਉਹਦੇ ਓਲੰਪਿਕ ਰਿਕਾਰਡ 92.97 ਮੀਟਰ ਮੁਤਾਬਿਕ 92.97 ਲਾਏ।

ਖ਼ਬਰਾਂ ਹਨ ਕਿ ਅਰਸ਼ਦ ਦੇ ਇਨਾਮ ਮਿਲੀਅਨ ਤੋਂ ਵੱਧ ਡਾਲਰਾਂ ਤਕ ਪਹੁੰਚ ਗਏ ਨੇ। ਕਰੋੜਾਂ ਦੀਆਂ ਮਹਿੰਗੀਆਂ ਕਾਰਾਂ ਝੂੰਗੇ 'ਚ ਮਿਲਣ ਲੱਗੀਆਂ ਹਨ। ਅਮੀਰ ਵਜ਼ੀਰ, ਮੰਤਰੀ ਸੰਤਰੀ ਤੇ ਅਰਬ ਦੇਸ਼ਾਂ ਦੇ ਸ਼ੇਖ਼ ਉਸ ਨੂੰ ਜੱਫੀਆਂ ਪਾ ਪਾ ਮਿਲਦੇ ਹਨ। ਫਿਲਮੀ ਹੀਰੋਇਨਾਂ ਉਹਦੇ ਨਾਲ ਫੋਟੋ ਖਿਚਵਾ ਕੇ ਖ਼ੁਸ਼ ਹੁੰਦੀਆਂ ਹਨ। ਕਾਰਪੋਰੇਟ ਜਗਤ ਉਹਦੀ ਮਸ਼ਹੂਰੀ ਦਾ ਲਾਹਾ ਲੈਣ ਲੱਗ ਪਿਐ। ਮਾਲ ਵੇਚਣ ਵਾਲੇ ਉਹਦੇ ਨਾਂ ਨਾਲ ਸੌਦਾ ਵੇਚਣ ਨੂੰ ਕਾਹਲੇ ਹਨ। ਨਦੀਮ ਦੀਆਂ ਕਾਰਾਂ ਲਈ ਉਮਰ ਭਰ ਦਾ ਤੇਲ ਮੁਫ਼ਤ, ਪਾਰਕਿੰਗ ਮੁਫ਼ਤ ਤੇ ਗੋਲਡ ਕਰਾਊਨ ਵੱਖਰੇ। ਰੱਬ ਜਦੋਂ ਦਿੰਦਾ ਹੈ ਤਾਂ ਛੱਪਰ ਪਾੜ ਕੇ ਦਿੰਦਾ ਹੈ!

ਅਰਸ਼ਦ ਨਦੀਮ ਵਿਆਹਿਆ ਵਰਿਆ ਹੈ। ਨਦੀਮ ਦੇ ਸਹੁਰਾ ਸਾਹਿਬ ਜ਼ਿਮੀਂਦਾਰ ਹਨ। ਦਾਮਾਦ ਦੇ ਗੋਲਡ ਮੈਡਲ ਜਿੱਤਣ 'ਤੇ ਉਹ ਜੁਆਈ ਨੂੰ ਚੋਖਾ ਦੁੱਧ ਦੇਣ ਵਾਲੀ ਮੱਝ ਦੇਣ ਆਏ। ਖਿਡਾਰੀ ਲਈ ਇਹ ਸਭ ਤੋਂ ਵੱਡਾ ਤੋਹਫ਼ਾ ਸੀ। ਇਕ ਟੀਵੀ ਸ਼ੋਅ ਦਾ ਐਂਕਰ ਨਦੀਮ ਨੂੰ ਕਹਿਣ ਲੱਗਾ: ਮੈਂ ਤਾਂ ਸੋਚਦਾ ਸੀ, ਤੁਹਾਡੇ ਸਹੁਰਾ ਸਾਹਿਬ ਤੁਹਾਨੂੰ ਜ਼ਮੀਨ ਦੇਣਗੇ ਪਰ ਦਿੱਤੀ ਕਾਲੀ ਕਲੋਟੀ ਮੱਝ!

ਉਸ ਐਂਕਰ ਨੂੰ ਕੀ ਪਤਾ ਕਿ ਮੱਝ ਹੀ ਸਭ ਤੋਂ ਵੱਡਾ ਤੋਹਫ਼ਾ ਸੀ ਜੀਹਦਾ ਦੁੱਧ ਘਿਓ ਪੀ ਖਾ ਕੇ ਉਹ ਓਲੰਪਿਕ ਖੇਡਾਂ ਦੇ ਗੋਲਡ ਮੈਡਲ ਤੱਕ ਪੁੱਜਾ ਸੀ। ਮੱਝਾਂ ਦਾ ਪੰਜਾਬੀ ਸਭਿਆਚਾਰ ਵਿਚ ਵਿਸ਼ੇਸ਼ ਸਥਾਨ ਹੈ ਜਿਵੇਂ ਅਰਬ ਮੁਲਕਾਂ ਵਿਚ ਊਠ ਊਠਣੀਆਂ ਦਾ ਹੈ। ਮੱਝਾਂ ਪੰਜਾਬੀਆਂ ਦਾ ਕਾਲਾ ਸੋਨਾ ਸਮਝੀਆਂ ਜਾਂਦੀਆਂ ਹਨ ਜਿਨ੍ਹਾਂ ਨਾਲ ਦੁੱਧ ਘਿਓ ਦੀਆਂ ਲਹਿਰਾਂ ਲੱਗੀਆਂ ਰਹਿੰਦੀਆਂ ਹਨ। ਪਾਕਿਸਤਾਨ ਵਿਚ ਦੁੱਧ ਦੀ ਕੁਲ ਖਪਤ ਵਿਚ 72 ਫੀਸਦੀ ਮੱਝਾਂ ਦਾ ਦੁੱਧ ਹੀ ਵਰਤਿਆ ਜਾਂਦਾ ਹੈ। ਦੁੱਧ ਨਾਲ ਕੱਟੇ ਕੱਟੀਆਂ ਦੀ ਵੀ ਮੌਜ ਲੱਗੀ ਰਹਿੰਦੀ ਹੈ ਜਿਸ ਕਰਕੇ ਕਿਸਾਨ ਮਜ਼ਦੂਰ ਮੱਝ ਨੂੰ ਹੀ ਆਪਣਾ ਬੈਂਕ ਸਮਝਦੇ ਹਨ। ਕਿਸੇ ਦੀ ਮੱਝ ਮਰ ਜਾਵੇ ਤਾਂ ਦੋਸਤ ਮਿੱਤਰ ਤੇ ਰਿਸ਼ਤੇਦਾਰ ਘਰ ਦੇ ਕਮਾਊ ਜੀਅ ਮਰਨ ਵਾਂਗ ਹੀ ਅਫਸੋਸ ਕਰਨ ਆਉਂਦੇ ਹਨ। ਨਦੀਮ ਦੇ ਸਹੁਰਾ ਸਾਹਿਬ ਨੇ ਸ਼ਾਇਦ ਇਹ ਸੋਚ ਕੇ ਵੀ ਮੱਝ ਦਿੱਤੀ ਹੋਵੇਗੀ ਕਿ ਉਨ੍ਹਾਂ ਦਾ ਜੁਆਈ ਅਗਲੀਆਂ ਓਲੰਪਿਕ ਖੇਡਾਂ ਤੱਕ ਨਿੱਠ ਕੇ ਪ੍ਰੈਕਟਿਸ ਕਰਦਾ ਰਵ੍ਹੇ। ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਵਿਚੋਂ ਵੀ ਗੋਲਡ ਮੈਡਲ ਜਿੱਤੇ। ਹਰਿਆਣੇ ਦੇ ਨੀਰਜ ਦਾ ਸਹੁਰਾ ਅਜੇ ਕੋਈ ਨਹੀਂ। ਵੇਖਦੇ ਹਾਂ ਕੌਣ ਬਣਦਾ ਤੇ ਦਾਜ ਵਿਚ ਮੱਝ ਦਿੰਦਾ ਜਾਂ ਨਹੀਂ? ਮੈਂ ਲਿਖਿਆ ਸੀ, ਵਾਹ ਨਦੀਮ! ਬੱਲੇ ਨੀਰਜ! ਧੰਨ ਨੇ ਤੁਹਾਡੀਆਂ ਮਾਵਾਂ!

**ਭਾਰਤ-ਪਾਕਿ ਦੇ ਆਮ ਲੋਕਾਂ ਦੀ ਦੁਆ ਹੈ ਕਿ ਭਾਰਤ-ਪਾਕਿ ਵਿਚਕਾਰ ਨਦੀਮ-ਨੀਰਜ ਵਾਂਗ ਦੋਸਤਾਨਾ ਸੰਬੰਧ ਬਣੇ ਰਹਿਣ ਤੇ ਭਰਾਤਰੀ ਮੁਲਕਾਂ ਦੀਆਂ ਮਾਵਾਂ ਦੋਹੀਂ ਪਾਸੀਂ ਆਸ਼ੀਰਵਾਦਾਂ ਤੇ ਸ਼ੁਭ ਦੁਆਵਾਂ ਦਿੰਦੀਆਂ ਰਹਿਣ!**

## ਪਿੰਡ ਦੀ ਸੱਥ

## ਊਤਿਆ ਆਵਾ

ਭਾਗਾਂ ਵਾਲੇ ਪਿੰਡ ਨੇ ਜਿੱਥੇ ਅਜੇ ਵੀ ਚਿੱਟੀਆਂ ਪੱਗਾਂ ਤੇ ਚਿੱਟੀਆਂ ਦਾਹੜੀਆਂ ਵਾਲੇ ਬਾਬੇ ਮੌਜੂਦ ਨੇ, ਅੱਜ ਇੱਕ ਪਿੰਡ ਦੀ ਸੱਥ ਵਿਚ ਲੋਕਾਂ ਦੇ ਇਖਲਾਕ, ਕਿਰਦਾਰ/ ਜ਼ਮੀਰ ਦੀ ਗੱਲ ਹੋ ਰਹੀ ਸੀ, ਕਿਸੇ ਨੇ ਗੱਲ ਛੇੜੀ ਬੇਲੀਓ ਇਸ ਵਾਰ ਚੋਖਾ ਚਿਰ ਹੋ ਗਿਆ ਹੈ ਪੰਚਾਇਤਾਂ ਦੀਆਂ ਲੈਕਸ਼ਣਾਂ ਨਹੀਂ ਹੋਈਆਂ ਸਭ ਨੇ ਹਾਂ ਵਿਚ ਸਿਰ ਹਿਲਾਇਆ। ਕਿਸੇ ਨੇ ਕਿਹਾ ਸਰਕਾਰ ਕਮਜ਼ੋਰ ਹੈ, ਸ਼ਹਿਰਾਂ ਵਾਲੇ ਵੀ ਗਲੀਆਂ ਮੁਹੱਲਿਆਂ ਦੀਆਂ ਚੋਣਾਂ ਨੂੰ ਉਡੀਕਦੇ ਨੇ ਆਂਹਦੇ ਨੇ ਵਾਹਵਾ ਚਿਰ ਹੋਇਆ ਲੈਕਸ਼ਣਾਂ ਨਹੀਂ ਹੋਈਆਂ ਤੇ ਛੜਕਾਂ ਦਾ ਬੁਰਾ ਹਾਲ ਐ, ਬਖਤੌਰ ਸੋਂਹ ਆਂਹਦਾ ਉਹੇ ਆਪਣੀ ਪੀੜ੍ਹੀ ਹੇਠ ਵੀ ਸੋਟਾ ਫੇਰ ਲਿਆ ਕਰੋ ਸਾਰਾ ਭਾਂਡਾ ਸਰਕਾਰਾਂ ਸਿਰ ਨਾ ਭੰਨਿਆ ਕਰੋ...।

ਬਖਤੌਰ ਸੋਂਹ ਦੀ ਗੱਲ ਵਿਚੇ ਕੱਟ ਕੇ ਜੱਦੀਆਂ ਦਾ ਜਾਗਰ ਕਹਿੰਦਾ ਉਹੇ ਅਸਾਂ ਕਿਹੜੀ ਸਰਕਾਰ ਦੀ ਬੱਕਰੀ ਚੋਅ ਲਈ ਐ ਜਿਹੜਾ ਤੂੰ ਸਾਨੂੰ ਪੀੜ੍ਹੀ ਹੇਠ ਸੋਟਾ ਫੇਰਨ ਨੂੰ ਕਹਿ ਰਿਹੈਂ। ਸੱਥ ਵਿਚੋਂ ਇਕ ਬਜ਼ੁਰਗ ਨੇ ਕਿਹਾ ਬਾਈ ਸਰਕਾਰਾਂ ਤੇ ਬੋਟਾਂ ਆਉਣ ਜਾਣ ਵਾਲੀ ਛੈਅ ਹੈ ਚੁੱਭਵੀਂ ਗੱਲ ਨਾ ਕਰੋ ਆਪਾਂ ਸਦਾ ਏਥੇ ਵੱਸਣੈਂ। ਉਸ ਬਜ਼ੁਰਗ ਦੀ ਗੱਲ ਸੁਣ ਕੇ ਬਖਤੌਰੇ ਨੇ ਮੌਕਾ ਸਾਂਭਿਆ ਤੇ ਕਿਹਾ ਵੇਖ ਤਾਇਆ ਮੈਂ ਗੱਲ ਸਹੀ ਕੀਤੀ ਕਿ ਸਾਨੂੰ ਬੱਤੀ ਮੁਫਤ ਚਾਹੀਦੀ ਐ, ਸੁਆਣੀਆਂ ਨੂੰ ਬੱਸਾਂ ਮੁਫ਼ਤ ਉਤੋਂ ਹਜ਼ਾਰ ਹਜ਼ਾਰ ਰੁਪੱਈਆ ਤੇ ਬੋਟਾਂ ਵਿਚ ਪੈਸੇ ਦਾਰੂ ਕੁੱਕੜ ਤੇ ਹੋਰ ਪਤਾ ਨਹੀਂ ਕੀ ਕੀ ਮੁਖਤੀ ਚਾਹੀਦਾ ਹੈ ਇਵੇਂ ਕਰਨਾ ਸਾਡੀ ਗਲਤੀ ਨਹੀਂ? ਇਹ ਐਵੇਂ ਬੱਕਰੀਆਂ ਤੱਕ ਪਹੁੰਚ ਗਿਐ... ਸਾਰਿਆਂ ਨੇ ਬਖਤੌਰੇ ਦੀ ਗੱਲ ਨਾਲ ਸਹਿਮਤੀ ਪ੍ਰਗਟ ਕੀਤੀ ਤੇ ਜਾਗਰ ਨੂੰ ਜ਼ਾਬਤੇ ਵਿਚ ਰਹਿਣ ਵਾਸਤੇ ਆਖਿਆ।

ਜਾਗਰ ਕਹਿੰਦਾ ਭਾਈਆ ਬਖਤੌਰ ਸਿੰਹਾਂ ਜੇ ਅਸੀਂ ਮਾੜੇ ਆਂ ਤੇ ਲੀਡਰ ਕਿਹੜਾ ਦੁੱਧ ਧੋਤੇ ਐ? ਜਿੱਤਦੇ ਹੋਰ ਪਾਸਿਓਂ ਆ ਤੇ ਤੁਰ ਹੋਰ ਪਾਸੇ ਜਾਂਦੇ ਐ... ਸਵੇਰੇ ਨਾਸ਼ਤਾ ਇੱਕ ਪਾਰਟੀ ਵੱਲੋਂ ਕਰਦੇ ਐ, ਦੁਪਿਹਰਾ ਦੂਜੀ ਵੱਲੋਂ, ਸ਼ਾਮ ਨੂੰ ਚਾਹ ਤੀਜੀ ਪਾਰਟੀ ਵੱਲੋਂ ਐ ਤੇ ਰਾਤ ਨੂੰ ਮੁਰਗਾ ਚੌਥੇ ਵੱਲੋਂ ਚੂੰਡਦੇ ਵੇਖੀਦੇ ਐ। ਇਹ ਕਿਹੜਾ ਮਰੀਕਾ ਅਰਗੇ ਨੇਤਾ ਐ ਬਈ ਜਿਹੜਾ ਜੋਅ ਬਾਈਡਨ ਸਾਹਿਬ ਨੂੰ ਹਰਦੇ ਦੇਖ ਕੇ ਪਾਰਟੀ ਨੇ ਕਿਹਾ ਤੁਸੀਂ ਬਹਿ ਜਾਓ ਤੇ ਬੀਬੀ ਕਮਲਾ ਹੈਰਸ ਦੀ ਕੁਸ਼ਤੀ ਟਰੰਮ ਨਾਲ ਪੁਆ ਦੇਂਦੇ ਆਂ ਉਹ ਵਿਚਾਰਾ ਬੀਬੇ ਬੱਚੇ ਵਾਂਗ ਬਗੈਰ ਹੀਲ ਹੁਜਤ ਦੇ ਬਹਿ ਗਿਆ। ਇੰਡੀਆ ਵਿਚ ਕਿਸੇ ਪਿੰਡ ਦੇ ਸਰਪੰਚੀ ਦੇ ਉਮੀਦਵਾਰ ਨੂੰ ਹੀ ਬਿਠਾ ਕੇ ਵਿਖਾ ਦਿਓ ਅਗਲਾ ਬਿਨਾਂ ਬਾਲਣ ਦੇ ਸੜ ਜੂ! ਗੱਲ ਤਾਂ ਤੇਰੀ ਸਹੀ ਹੈ ਸਭ ਨੇ ਕਿਹਾ ਸਾਡੇ ਦੇਸ਼ ਵਿਚ 'ਆਵਾ ਈ ਊਤਿਆ ਪਿਆ ਹੈ' ਹੋਰ ਤੇ ਹੋਰ ਗੁਰਦੁਆਰਾ ਸਾਹਿਬ ਦੀਆਂ ਲੈਕਸ਼ਣਾਂ ਵਿਚ ਵੀ ਦਾਰੂ ਤੇ ਪੈਸੇ ਵਰਤਦੇ ਐ ਰੱਬ ਈ ਰਾਖਾ ਹੈ ਸੋਨੇ ਦੀ ਚਿੜੀ ਕਹਾਉਣ ਵਾਲੇ ਦੇਸ਼ ਦੇ ਲੋਕਾਂ ਦਾ। ਚਲੋ ਬਾਕੀ ਗੁਫ਼ਤਗੂ ਕੱਲ੍ਹ ਨੂੰ ਕਰਾਂਗੇ ਹੁਣ ਚਾਹ ਪੀ ਕੇ ਪੱਠੇ ਦੱਥੇ ਕਰੀਏ ਫਿਰ ਦੋਧੀ ਨੇ ਆ ਜਾਣੈਂ।

*-ਹਰਦੀਪ ਸਿੰਘ ਸੋਢੀ ਨਡਾਲਾ*
*ਫੋਨ: 480 794 0325*

# ਪੱਛਮੀ ਬੰਗਾਲ ਵਲੋਂ ਬਲਾਤਕਾਰ ਰੋਕੂ ਪਹਿਲਕਦਮੀ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪੱਛਮੀ ਬੰਗਾਲ ਅਸੈਂਬਲੀ ਵੱਲੋਂ ਪਾਸ ਕੀਤੇ ਜਬਰ-ਜਨਾਹ ਵਿਰੋਧੀ ਬਿੱਲ ਦਾ ਸਵਾਗਤ ਕਰਨਾ ਬਣਦਾ ਹੈ। ਬਿੱਲ ਦੇ ਖਰੜੇ ਅਨੁਸਾਰ ਜਬਰ-ਜਨਾਹ ਪੀੜਤਾ ਦੀ ਮੌਤ ਹੋਣ ਜਾਂ ਸਦੀਵੀ ਬੇਹੋਸ਼ੀ ਦੀ ਹਾਲਤ ਵਿਚ ਚਲੇ ਜਾਣ ਦੀ ਸੂਰਤ ਵਿਚ ਦੋਸ਼ੀ ਨੂੰ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਬਿੱਲ ਵਿਚ ਅਜਿਹੇ ਦੋਸ਼ੀਆਂ ਨੂੰ ਬਿਨਾ ਪੈਰੋਲ ਉਮਰ ਕੈਦ ਦਾ ਵੀ ਸੁਝਾਅ ਹੈ। ਉਨ੍ਹਾਂ ਦੀ ਉਮਰ ਘੱਟ ਹੋਣ 'ਤੇ ਵੀ ਨਰਮੀ ਨਹੀਂ ਹੋਣੀ ਚਾਹੀਦੀ। ਮੂਲ ਮੰਤਵ ਮਹਿਲਾਵਾਂ ਤੇ ਬੱਚਿਆਂ ਦੀ ਸੁਰੱਖਿਆ ਦਾ ਘੇਰਾ ਵਧਾਉਣਾ ਹੈ। ਇਸ ਬਿੱਲ ਦਾ ਟੀਚਾ ਫੌਰੀ ਜਾਂਚ ਸ਼ੁਰੂ ਕਰ ਕੇ ਦੋਸ਼ੀਆਂ ਨੂੰ ਬਣਦੀ ਸਜ਼ਾ ਯਕੀਨੀ ਬਣਾਉਣਾ ਹੈ। ਇਹ ਬਿੱਲ ਦੋ ਗੱਲਾਂ ਉਤੇ ਮੋਹਰ ਲਾਉਂਦਾ ਹੈ। ਪਹਿਲੀ ਇਹ ਕਿ ਅਜਿਹੀ ਪਹਿਲ ਕਦਮੀ ਉਹੀਓ ਸਰਕਾਰ ਕਰ ਸਕਦੀ ਹੈ ਜਿਸਦੀ ਮੁਖੀ ਮਹਿਲਾ ਹੋਵੇ। ਦੂਜੀ ਇਹ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਦੂਜੀਆਂ ਰਾਜ ਸਰਕਾਰਾਂ ਜਾਗ ਪੈਣਗੀਆਂ ਤੇ ਕੇਂਦਰ ਸਰਕਾਰ ਵੀ। ਮਮਤਾ ਬੈਨਰਜੀ ਤੇ ਬੰਗਾਲੀ ਸਰਬਸੰਮਤੀ ਜ਼ਿੰਦਾਬਾਦ।




ਮਮਤਾ ਬੈਨਰਜੀ

### ਗ਼ਦਰੀ ਬਾਬੇ ਤੇ ਬੀਬੀ ਗੁਲਾਬ ਕੌਰ

ਸਤੰਬਰ ਦੇ ਆਰੰਭ ਵਿਚ ਲੱਗੇ ਰੂੜੀਵਾਲਾ (ਤਰਨਤਾਰਨ) ਪਿੰਡ ਦੇ ਗ਼ਦਰੀ ਮੇਲੇ ਨੇ ਗ਼ਦਰੀ ਬਾਬਿਆਂ ਦੀ ਦੂਰ ਦ੍ਰਿਸ਼ਟੀ ਤੇ ਬੀਬੀ ਗੁਲਾਬ ਕੌਰ ਦੀ ਦ੍ਰਿੜ੍ਹਤਾ ਚੇਤੇ ਕਰਵਾ ਦਿੱਤੀ ਹੈ। ਅੱਜ ਤੋਂ 110 ਵਰ੍ਹੇ ਪਹਿਲਾਂ 3 ਸਤੰਬਰ 1915 ਨੂੰ ਗੋਰੀ ਸਰਕਾਰ ਨੇ ਅੰਬਾਲਾ ਜੇਲ੍ਹ ਵਿਚ 12 ਪੰਜਾਬੀ ਦੇਸ਼ ਭਗਤਾਂ ਨੂੰ ਫਾਹੇ ਲਾ ਕੇ ਸੁਤੰਤਰਤਾ ਸੰਗਰਾਮ ਦੀ ਚੰਗਿਆੜੀ ਨੂੰ ਲਾਂਬੂ ਬਣਾ ਦਿੱਤਾ ਸੀ ਪਰ ਇਸਦੀ ਨੀਂਹ 1913 ਵਿਚ ਗ਼ਦਰ ਪਾਰਟੀ ਦੀ ਸਥਾਪਨਾ ਸਮੇਂ ਹੀ ਰੱਖੀ ਗਈ ਸੀ। ਨਿਸ਼ਚੇ ਹੀ ਗ਼ਦਰੀਆਂ ਦੇ ਮਨਾਂ ਵਿਚ ਇਹ ਭਿਣਕ ਪੈ ਚੁੱਕੀ ਸੀ ਕਿ ਅਜਿਹਾ ਕਾਰਾ ਕਦੇ ਵੀ ਵਰਤ ਸਕਦਾ ਹੈ। ਪਾਰਟੀ ਦੇ ਮੋਢੀ ਸੋਹਣ ਸਿੰਘ ਭਕਨਾ ਦੇ ਬੋਲ ਸਨ, 'ਦੂਜੇ ਵਿਸ਼ਵ ਯੁੱਧ ਨੇ ਅੰਗਰੇਜ਼ਾਂ ਨੂੰ ਸ਼ਿਕੰਜੇ ਵਿਚ ਜਕੜ ਲਿਆ ਹੈ। ਵਿਦੇਸ਼ਾਂ ਦੇ ਹਿੰਦੁਸਤਾਨੀ ਵਸਨੀਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਤਨ ਪਰਤਣ ਤੇ ਜਥੇਬੰਦ ਫ਼ੌਜੀ ਬਗ਼ਾਵਤਾਂ ਕਰਵਾ ਕੇ ਬਰਤਾਨਵੀ ਹਾਕਮਾਂ ਦੇ ਪੈਰਾਂ ਥੱਲੇ ਅਜਿਹੇ ਅੰਗਿਆਰੇ ਰੱਖਣ ਕਿ ਉਨ੍ਹਾਂ ਲਈ ਪੂਛ ਦਬਾ ਕੇ ਭੱਜਣ ਦੀ ਨੌਬਤ ਆ ਜਾਵੇ।'

ਭਕਨਾਂ ਦੀਆਂ ਭਾਵਨਾਵਾਂ ਨੂੰ ਅਮਲੀ ਰੂਪ ਦੇਣ ਲਈ ਮੀਆਂ ਮੀਰ (ਲਾਹੌਰ) ਦੀ ਛਾਉਣੀ ਚੁਣੀ ਗਈ। ਇਹ ਛਾਉਣੀ ਹਿੰਦੁਸਤਾਨ ਦੀਆਂ ਨੌਂ ਡਿਵੀਜਨਾਂ ਵਿਚੋਂ ਇੱਕ ਦਾ ਮੁਖ ਦਫਤਰ ਸੀ ਤੇ ਪੰਜਾਬ ਦੀਆਂ ਬਾਕੀ ਛਾਉਣੀਆਂ ਇਸਦੇ ਅਧੀਨ ਸਨ। ਨਿਸ਼ਚੇ ਹੀ ਮੀਆਂ ਮੀਰ ਤੋਂ ਪੂਰੇ ਪੰਜਾਬ ਦਾ ਸੁਤੰਤਰਤਾ ਸੰਗਰਾਮ ਸ਼ੁਰੂ ਕੀਤਾ ਜਾ ਸਕਦਾ ਸੀ। ਲਗਾਤਾਰ ਸਲਾਹ ਮਸ਼ਵਰੇ ਲਈ ਗੁਰਦਵਾਰਾ ਝਾੜ ਸਾਹਿਬ ਵੀ ਨੇੜੇ ਹੀ ਸੀ। ਪ੍ਰਥਮ ਮੀਟਿੰਗ ਛਾਉਣੀ ਦੇ ਸ਼ਮਸ਼ਾਨ ਘਾਟ ਵਿਚ ਹੋਈ ਜਿਸਦੇ ਫੈਸਲੇ ਅਨੁਸਾਰ 26 ਨਵੰਬਰ 1914 ਨੂੰ ਏਥੇ ਵਾਲੇ ਰਸਾਲੇ ਦੇ ਸਿਪਾਹੀਆਂ ਨੇ ਹਥਿਆਰਾਂ ਤੇ ਘੋੜਿਆਂ ਸਮੇਤ ਬਾਗੀ ਹੋ ਕੇ ਝਾੜ ਸਾਹਬ ਗੁਰਦੁਆਰੇ ਵਿਚ ਅਹਿਦ ਲਿਆ ਕਿ ਅੰਗਰੇਜ਼ ਗਵਰਨਰ ਦੇ ਦਫ਼ਤਰ ਉਤੇ ਕੌਮੀ ਝੰਡਾ ਚੜ੍ਹਾ ਕੇ ਸੁਤੰਤਰਤਾ ਦਾ ਐਲਾਨ ਕਰਨਾ ਹੈ। ਇਹ ਸੰਦੇਸ਼ ਮਿਲਦੇ ਸਾਰ ਕਰਤਾਰ ਸਿੰਘ ਸਰਾਭਾ ਦੀ ਅਗਵਾਈ ਹੇਠ ਫਿਰੋਜ਼ਪੁਰ ਛਾਉਣੀ ਵਿਚ ਪਹਿਲੀ ਬਗਾਵਤ ਹੋਈ ਤੇ ਤੈਅ ਹੋਇਆ ਕਿ ਹਿੰਦੁਸਤਾਨ ਦੇ ਹੋਰ ਗ਼ਦਰੀ ਟਿਕਾਣਿਆਂ ਤੋਂ ਹਮਖਿਆਲੀਆਂ ਨੂੰ ਨਾਲ ਲੈ ਕੇ ਅੱਗੇ ਵਧਣਾ ਹੈ। ਪਰ ਸਰਕਾਰ ਦੇ ਇੱਕ ਪਿੱਠੂ ਗੁੰਥੀ ਨੇ ਉਨ੍ਹਾਂ ਨੂੰ ਅਜਿਹਾ ਉਲਝਾਇਆ ਕਿ ਬਹੁਤ ਸਾਰੇ ਉਰੇ ਪਰੇ ਹੋ ਗਏ। ਜਿਹੜੇ ਚਾਰ ਮੈਦਾਨ ਵਿਚ ਰਹਿ ਗਏ ਉਨ੍ਹਾਂ ਦਾ ਸਾਮਾਨ ਲੱਕੜ ਦੇ ਗੱਡਿਆਂ ਵਿਚ ਲੱਦੇ ਜਾਣ ਸਮੇਂ ਹੋਰ ਹੀ ਭਾਣਾ ਵਰਤ ਗਿਆ। ਦਫ਼ੇਦਾਰ ਵਸਾਵਾ ਸਿੰਘ ਦਾ ਟਰੰਕ ਥੱਲੇ ਗਿਰਨ ਨਾਲ ਉਸ ਵਿਚਲਾ ਬੰਬ ਫਟ ਗਿਆ। ਤੇ ਪੰਜ ਸਿਪਾਹੀ ਜ਼ਖ਼ਮੀ ਹੋ ਗਏ। ਬਾਕੀ ਸਿਪਾਹੀਆਂ ਨੇ ਵਸਾਵਾ ਸਿੰਘ ਤੇ ਪੂਰਨ ਸਿੰਘ ਨੂੰ ਤਸੀਹੇ ਦੇ ਕੇ ਬਾਕੀ ਗ਼ਦਰੀਆਂ ਦਾ ਵੀ ਅਤਾ-ਪਤਾ ਲੈ ਲਿਆ। 3 ਸਤੰਬਰ ਨੂੰ ਫਾਂਸੀ ਲੱਗਣ ਵਾਲਿਆਂ ਵਿਚੋਂ 12 ਪੰਜਾਬੀ ਸਨ। ਰੂੜੀਵਾਲਾ ਦਾ ਮੇਲਾ ਉਨ੍ਹਾਂ ਵਿਚੋਂ ਇਕ ਦੀ ਯਾਦ ਵਿਚ ਲੱਗਦਾ ਹੈ।




ਬੀਬੀ ਗੁਲਾਬ ਕੌਰ

ਤਸੀਹੇ ਤਾਂ ਗੁਲਾਬ ਕੌਰ ਨੂੰ ਘੱਟ ਨਹੀਂ ਦਿੱਤੇ ਪਰ ਉਸਦੀ ਦ੍ਰਿੜ੍ਹਤਾ ਮਰਦਾਂ ਨੂੰ ਮਾਤ ਪਾਉਣ ਵਾਲੀ ਸੀ। ਉਹ ਤੇ ਉਸਦਾ ਪਤੀ ਮਾਨ ਸਿੰਘ ਆਪਣੇ ਘਰੋਂ ਅਮਰੀਕਾ ਦੀਆਂ ਹਰੀਆਂ ਚਰਾਂਦਾ ਲਈ ਜਹਾਜ਼ ਚੜ੍ਹੇ ਸਨ। ਜਦੋਂ ਉਹ ਫਿਲਪੀਨ ਪਹੁੰਚੇ ਤਾਂ ਉਥੋਂ ਦੇ ਗ਼ਦਰੀ ਪ੍ਰਧਾਨ ਹਫੀਜ਼ ਅਬਦੁੱਲਾ ਨੂੰ ਗ਼ਦਰੀਆਂ ਦੀ ਧਾਰਨਾ ਤੋਂ ਜਾਣੂ ਕਰਵਾਇਆ। ਗੁਲਾਬ ਕੌਰ ਨੂੰ ਤਾਂ ਇਸ ਭਾਵਨਾ ਨੇ ਸਿਰ ਤੋਂ ਪੈਰਾਂ ਤੱਕ ਝੰਜੋੜ ਦਿੱਤਾ ਪਰ ਮਾਨ ਸਿੰਘ ਠੰਢਾ ਹੀ ਰਿਹਾ। ਉਹ ਆਪ ਤਾਂ ਐਸ ਐਸ ਕੋਰੀਆ ਨਾਮੀ ਜਹਾਜ਼ ਚੜ੍ਹ ਗਈ ਤੇ ਪਤੀ ਨੂੰ ਉਥੇ ਹੀ ਪੈਰ ਮਲਦਾ ਛੱਡ ਦਿੱਤਾ।

ਇਸ ਜਹਾਜ਼ ਨੇ ਕਈ ਥਾਵਾਂ 'ਤੇ ਰੁਕਣਾ ਸੀ ਜਿਸਦਾ ਲਾਭ ਲੈ ਕੇ ਹਰ ਥਾਂ ਗ਼ਦਰੀਆਂ ਨੇ ਆਪਣੀ ਧਾਰਨਾ ਦਾ ਪ੍ਰਚਾਰ ਕਰਨਾ ਸੀ। ਇੱਕ ਟਿਕਾਣੇ ਉੱਤੇ ਅਜਿਹੀ ਮੀਟਿੰਗ ਗੁਰਦੁਆਰੇ ਦੀ ਨਿੰਮ ਦੇ ਬਿਰਖ ਥੱਲੇ ਜੁੜੀ। ਗੁਲਾਬ ਕੌਰ ਨੇ ਆਪਣੇ ਖੱਬੇ ਹੱਥ ਦੀਆਂ ਚੂੜੀਆਂ ਲਾਹ ਕੇ ਸਭਨਾਂ ਨੂੰ ਵੰਗਾਰਿਆ, 'ਜਿਨ੍ਹਾਂ ਨੂੰ ਇਹ ਮਾਰਗ ਪਸੰਦ ਨਹੀਂ ਉਨ੍ਹਾਂ ਲਈ ਚੂੜੀਆਂ ਹਾਜ਼ਰ ਹਨ ਤੇ ਆਪੋ ਆਪਣੇ ਘਰ ਚਲੇ ਜਾਣ।' ਉਸਦੇ ਇਨ੍ਹਾਂ ਬੋਲਾ ਤੋਂ ਬਰਤਾਨਵੀ ਸਿਪਾਹੀ ਵੀ ਪ੍ਰਭਾਵਤ ਹੋ ਕੇ ਇਹ ਪੁੱਛਦੇ ਸੁਣੇ ਗਏ ਕਿ ਏਨੀ ਦਲੇਰ ਬੀਬੀ ਕੌਣ ਸੀ। ਏਸ ਮਾਰਗ ਉੱਤੇ ਤੁਰਦਿਆਂ ਉਸਨੇ ਆਪਣਾ ਨਾਂ ਵੀ ਬਦਲਿਆ ਤੇ ਸੂਹ ਲੈਣ ਵਾਲਿਆਂ ਨੂੰ ਝਕਾਨੀ ਦੇਣ ਵਾਸਤੇ ਫਰਜ਼ੀ ਪਤੀ ਵੀ ਬਣਾਏ। ਪਹਿਲਾਂ ਤਾਂ ਉਹ ਆਪਣੇ ਆਪ ਨੂੰ ਜੀਵਨ ਸਿੰਘ ਦੀ ਪਤਨੀ ਦੱਸਦੀ ਰਹੀ ਪਰ ਲਾਹੌਰ ਦੀ ਮੂਲ ਚੰਦ ਸਰਾਂ ਵਿਚ ਇੰਦਰ ਸਿੰਘ ਭਸੀਨ ਦੀ ਘਰ ਵਾਲੀ ਕਹਿ ਕੇ ਠਹਿਰੀ।

ਉਹ ਖ਼ੁਦ ਵੀ ਕਿਧਰੇ ਗੁਲਾਬ ਦੇਵੀ ਬਣੀ, ਕਿਧਰੇ ਬਸੰਤ ਕੌਰ ਤੇ ਕਿਧਰੇ ਕਿਰਪੋ। ਉਸਦੀ ਅਸਲ ਜ਼ਿੰਮੇਵਾਰੀ 'ਗ਼ਦਰ ਸੰਦੇਸ਼' ਤੇ 'ਐਲਾਨ ਏ ਜੰਗ' ਪਰਚੇ ਵੰਡਣਾ ਸੀ। ਇਹ ਪਰਦੇ ਤਹਿਖਾਨੇ ਵਿਚ ਲੱਗੀ ਸਾਈਕਲੋਸਟਾਈਨ ਮਸ਼ੀਨ ਉੱਤੇ ਛਪਦੇ ਸਨ ਤੇ ਛਪਾਈ ਦਾ ਕੰਮ ਕਰਤਾਰ ਸਿੰਘ ਸਰਾਭਾ ਦੇਖਦਾ ਸੀ। ਗੁਲਾਬ ਕੌਰ ਨੇ ਪਰਚੇ ਵੰਡਣ ਲਈ ਵਰਤੀ ਜਾਂਦੀ ਟੋਕਰੀ ਵਿਚ ਪਰਚੇ ਥੱਲੇ ਰੱਖੇ ਹੁੰਦੇ ਤੇ ਉਨ੍ਹਾਂ ਦੇ ਉੱਤੇ ਲੋਕਾਂ ਦੀ ਪਸੰਦ ਦੀਆਂ ਅਜਿਹੀਆਂ ਵਸਤਾਂ ਜਿਹੜੀਆਂ ਉਹ ਖਰੀਦਦੇ ਸਨ।

ਉਸਦੀ ਦ੍ਰਿੜ੍ਹਤਾ ਕਮਾਲ ਸੀ। 1915 ਵਿਚ ਫੜੀ ਜਾਣ ਪਿੱਛੋਂ ਉਸਨੂੰ ਵੀ ਪੂਰਨ ਸਿੰਘ ਤੇ ਵਸਾਵਾ ਸਿੰਘ ਵਾਂਗ ਤਸੀਹੇ ਦਿੱਤੇ ਗਏ ਪਰ ਉਸਨੇ ਕਿਸੇ ਗ਼ਦਰੀ ਜਾਂ ਉਸਦੇ ਟਿਕਾਣੇ ਦਾ ਭੇਤ ਨਹੀਂ ਦਿੱਤਾ। ਦੋ ਸਾਲ ਪਿੱਛੋਂ ਕੈਦ ਤੋਂ ਬਾਹਰ ਆਈ ਤਾਂ ਕੋਟਲਾ ਨੌਧ ਸਿੰਘ (ਹੁਸ਼ਿਆਰਪੁਰ) ਵਿਖੇ ਅਮਰ ਸਿੰਘ ਦੀ ਪਨਾਹ ਥੱਲੇ ਚਲੀ ਗਈ ਜਿੱਥੇ ਉਸਨੂੰ ਛਾਤੀ ਦਾ ਕੈਂਸਰ ਹੋ ਗਿਆ। ਸਥਾਨਕ ਹਕੀਮ ਤੇ ਡਾਕਟਰ ਪੁਲੀਸ ਤੋਂ ਏਨੇ ਡਰਦੇ ਸਨ ਕਿ ਕੋਈ ਵੀ ਉਸਦੀ ਸਾਰ ਲੈਣ ਲਈ ਤਿਆਰ ਨਾ ਹੋਇਆ। ਉਦੋਂ ਕੈਂਸਰ ਦਾ ਇਲਾਜ ਉਂਝ ਵੀ ਸੌਖਾ ਨਹੀਂ ਸੀ। ਪਰਲੋਕ ਸਿਧਾਰ ਗਈ। ਉਹ ਗੁਲਾਬ ਕੌਰ ਨਹੀਂ ਗ਼ਦਰੀਆਂ ਦਾ ਗੁਲਾਬ ਸੀ ਤੇ ਗੁਲਾਬ ਹੀ ਰਹੇਗੀ।



ਕਰਤਾਰ ਸਿੰਘ ਸਰਾਭਾ

**ਅੰਤਿਕਾ**

-ਫਿਰੋਜ਼ਦੀਨ ਸ਼ਰਫ-

ਬੰਦੀਜਨ ਦੇ ਹਲਵੇ ਨਾਲੋਂ, ਟੁਕੜੇ ਭਲੇ ਫਕੀਰਾਂ ਦੇ।
ਕਰ ਗੁਜਰਾਨ ਸੁਤੰਤ੍ਰਤਾ ਵਿਚ, ਪਹਿਨ ਗੋਦੜੇ ਲੀਰਾਂ ਦੇ।

# ਬਾਬਾ ਮਾਇਆ ਰਚਨਾ ਧੋਹੁ

ਬਾਬਾ ਮਾਇਆ ਰਚਨਾ ਧੋਹੁ॥
ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥1॥ ਰਹਾਉ ॥ (ਪੰਨਾ15, ਸਿਰੀਰਾਗੁ, ਮ: 1)

"ਰਚਨਾ ਹੈ ਸਿਰਜਣਾ, ਕਲਚਰ, ਆਰਟ। ਮਾਇਆ ਜੋ ਅਸਲ ਨਹੀਂ, ਫ਼ਰੇਬ, ਮੋਹ, ਧੋਖਾ ਤੇ ਦੌਲਤ ਵੀ। ਇਹ ਮੱਲ ਵਿਹਾਰ ਵੀ ਮਾਇਆ ਏ ਤੇ ਏਸ ਦਾ ਉਪਜਾਵਣ ਵੰਡਣ ਦਾ ਢੰਗ ਵੀ ਮਾਇਆ ਸਮਝੋ। ਮਾਇਆ ਦੀ ਰਚੀ ਹਰ ਰਚਨਾ ਧੋਖਾ ਹੈ। ਮਾਇਆ ਆਪ ਧੋਖਾ ਹੋਈ ਤੇ ਧੋਖੇ ਦੀ ਸਿਰਜਣਾ ਵੀ ਧੋਖਾ ਈ ਹੁੰਦੀ ਏ। ਮਾਇਆ ਰਚੀ ਰਚਨਾ ਵੇਖ ਕੇ ਭੁੱਲਣਹਾਰ ਅੱਖੀਆਂ ਠੱਗੀਆਂ ਜਾਂਦੀਆਂ ਹਨ।



ਡਾ. ਆਸਮਾ ਕਾਦਰੀ

"ਇਹ ਤੇ ਉਹ" ਵਰਤੀਂਦਾ ਹੈ ਨੇੜ ਤੇ ਦੂਰ ਲਈ, ਯਾਂ ਫੇਰ ਅੱਜ ਤੇ ਭਲਕ ਲਈ। ਉਹ ਰਚਨਾ ਜਿਸਦਾ ਜੋੜ ਆਪਣੀ ਵਾਰ ਨਾਲ ਨਾ ਹੋਵੇ, ਜੋ ਕਰਨੀ ਆਪਣੇ ਲੰਘੇ ਕੱਲ੍ਹ ਵਿਚੋਂ ਆਪਣਾ ਅੱਜ ਤੇ ਆਉਂਦੀ ਭਲਕ ਨਾ ਖੋਲ੍ਹ ਵਿਖਾਵੇ, ਉਹ ਤਾਂ ਕੂੜ ਈ ਹੈ। ਵਾਰ ਦਾ ਲਫ਼ਜ਼ ਇਥੇ ਤਾਰੀਖ ਦੇ ਮਾਅਨਿਆਂ ਵਿਚ ਤੀਜਾ ਹੈ ਹਿਸਟਰੀ ਆਖ ਲਵੋ ਭਾਵੇਂ। ਸੱਚ ਵਿਚ ਤਾਂ "ਇਹ ਨ ਉਹ" ਦੀ ਵੰਡ ਹੁੰਦੀ ਕੋਈ ਨਹੀਂ।

ਸੱਚ ਤਾਂ ਹਰ ਪਲ ਸੱਚ ਹੈ, ਲੰਘੇ ਕੱਲ੍ਹ ਵਿਚ, ਹਾਜ਼ਰ ਅੱਜ ਵਿਚ ਤੇ ਆਉਂਦੀ ਭਲਕ ਵਿਚ ਵੀ। ਸੱਚ ਤਾਂ ਹੈ ਈ ਉਹ ਸਿਰਜਣਾ, ਉਹ ਰਚਨਾ ਜੋ ਦਾਨ ਕਰਨ ਪਾਰੋਂ ਹੋਂਦ ਵਿਚ ਆਈ। ਮਾਇਆ ਰਚੀ ਰਚਨਾ "ਇਹ ਨ ਉਹ" ਦੀ ਦੂਈ ਫਾਤੀ ਹੈ। ਆਪਣੇ ਪੜ੍ਹਨਹਾਰ, ਵੇਖਣਹਾਰ, ਖਾਵਣਹਾਰ, ਸੁਣਨਹਾਰ, ਛੂਹਣਹਾਰ ਨੂੰ ਵੀ ਕੋਈ ਸੇਧ ਨਹੀਂ ਦਿੰਦੀ। ਮਾਇਆ ਤਾਂ ਆਪ ਬੇਸੁੱਧ ਹੈ ਉਹ ਸੇਧ ਦੇਵੇ ਕਿਵੇਂ?

ਨਾਮ ਵਿਸਾਰਨ ਨਾਮ ਜਪਣ ਦਾ ਛੱਡਣ ਨਹੀਂ ਏ। ਨਾਮ ਤਾਂ ਸਾਂਝ ਪਛਾਣ ਹੈ ਕੁੱਲ ਹੋਂਦਾਂ ਦੀ। ਵੱਖੋ-ਵੱਖ ਨਾਵਾਂ ਦੀ ਕੈਦੋਂ ਉਧਾਰ ਦਾ ਹੈ ਨਾਮ। ਜਦੋਂ ਸਭ ਨਾਵਾਂ ਦੀ ਇਕਾਈ ਦੀ ਸਿਆਣ ਹੋ ਜਾਵੇ ਤਾਂ ਹੀ ਨਾਮ ਜਪਿਆ ਜਾਂਦਾ ਏ। ਨਾਮ ਜਪਣ ਨਿਰਾ ਨਾਮ ਸਿਮਰਨ ਨਹੀਂ ਏ ਸਗੋਂ ਇਹ ਕਰਨੀ ਏ। ਜਿਵੇ:

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

ਇਕਾਈ ਦੀ ਸੋਚ ਕਰਨੀ ਬਣੇ ਤਾਂ ਹੀ ਰਾਹ ਦਿਸਦਾ ਏ। ਨਾਮ ਵਿਸਾਰਨ ਵਾਲੇ ਨੂੰ ਸ਼ਬਦ "ਅੰਨ੍ਹਾ" ਆਖਦਾ ਏ। ਇਹ ਉਹ ਅੰਨ੍ਹਾ ਨਹੀਂ ਏ ਜਿਸ ਨੂੰ ਅੱਖੋਂ ਦਿਸਦਾ ਨਹੀਂ ਸਗੋਂ ਇਹ ਉਹ ਅੰਨ੍ਹਾ ਏ ਜੋ ਕੁੱਲ ਜੀਵਨ ਦੀ ਇਕਾਈ ਨਾ ਵੇਖ ਸਕਦਾ ਏ ਤੇ ਨਾ ਈ ਮਾਣ ਸਕਦਾ ਏ।

ਅਸਥਾਈ ਦੀ ਸਮਝ ਸੁਰਤ ਈ ਸ਼ਬਦ ਦੇ ਭੇਦ ਖੋਲ੍ਹਦੀ ਏ। ਚਲੋ ਵੇਖਣੇ ਹਾਂ ਅੰਤਰਿਆਂ ਵਿਚ ਗੱਲ ਖੁੱਲ੍ਹਦੀ ਹੋਵੇ ਮਤਾਂ ਅਸਥਾਈ ਦੀ। ਅੰਤਰਾ ਅਸਥਾਈ ਵੀ ਦੋ ਹੋ ਕੇ ਇੱਕ ਹੋਵਣ ਤਾਹੀਓਂ ਸੂਝ ਸਿਆਣ ਦਿੰਦੇ ਹਨ।

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥
ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣ ਜਾਉ॥1॥
ਬਾਬਾ ਮਾਇਆ ਰਚਨਾ ਧੋਹੁ॥ (ਪੰਨਾ 15, ਮ: 1)

ਅੰਤਰਾ ਟੁਰਿਆ ਹੈ ਲੇਖੇ ਤੋਂ। ਪਹਿਲੋਂ ਲੇਖੇ ਦਾ ਲੇਖਾ ਕਰ ਲਈਏ ਫੇਰ ਅੱਗੇ ਵੇਖਣੇ ਹਾਂ। ਲੇਖਾ ਬਣਿਆ ਏ ਲੇਖ ਤੋਂ। ਲੇਖ ਹੈ ਲਿਖਤ, ਤਖਲੀਕ, ਭਾਗ, ਨਸੀਬ। ਲੇਖਾ ਹੈ, ਹਿਸਾਬ, ਲੈਣ-ਦੇਣ, ਬਹੀ ਖਾਤਾ, ਹਾਲਤ, ਦਰਜਾ, ਤਕਦੀਰ, ਆਦਤ, ਸੁਭਾਅ, ਮਾਮਲਾ, ਵਰਤਾਰਾ, ਤਰੀਕਾ, ਦਸਤੂਰ। ਲੇਖੇ ਦਾ ਲੇਖਾ ਵੇਖੋ ਲਿਖਤ ਤੇ ਭਾਗ ਤੋਂ ਟੁਰਦਾ ਹਿਸਾਬ-ਕਿਤਾਬ ਬਣ ਗਿਆ ਏ। ਦਰਜਾ ਤੇ ਸੁਭਾਅ ਤੋਂ ਹੁੰਦਾ ਦਸਤੂਰ ਤੇ ਤਰੀਕੇ ਤੀਕ ਪੁੱਜ ਗਿਆ ਏ। ਕਿਵੇਂ ਅੱਖਰਾਂ ਦੇ ਅਰਥ ਆਪਣੀ ਵਰਤੋਂ ਪਾਰੋਂ ਵੇਲੇ ਦੇ ਨਾਲ ਬਦਲਦੇ ਜਾਂਦੇ ਨੇਂ। ਲੇਖਾ ਤਾਂ ਲਿਖਤ ਹੈ। ਕੁਦਰਤ ਦੀ ਲਿਖਤ ਹੈ ਸਾਰੀ ਜੋ ਕੁੱਝ ਵੀ ਮੌਜੂਦ ਹੈ ਏਸ ਕੁੱਲ ਕਾਇਨਾਤ ਅੰਦਰ। ਬੰਦਾ ਵੀ ਲਿਖਤ ਈ ਹੋਇਆ ਕੁਦਰਤ ਦੀ। ਜਿਵੇਂ ਬੰਦਾ ਰੱਬ ਦੀ ਲਿਖਤ ਏ ਤਿਵੇਂ ਬੰਦੇ ਦੀ ਕਰਨੀ ਬੰਦੇ ਦੀ ਲਿਖਤ ਹੋਈ। ਬੰਦੇ ਦੀ ਕਰਨੀ ਕੁਦਰਤ ਦੀ ਕਰਨੀ ਨਾਲ ਜੁੜ ਕੇ ਬੰਦੇ ਦੇ ਲੇਖ ਬਣਦੀ ਹੈ। ਫਰੀਦ ਦਾ ਦੋਹੜਾ ਵੇਖੋ ਜੋ ਨਾਨਕ ਦੇ ਏਸ ਲੇਖੇ ਪਿੱਛੇ ਖੁੱਲ੍ਹਾ ਹੈ:

ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥6॥
(ਪੰਨਾ 1378, ਸੇਖ ਫਰੀਦ ਜੀ)

ਜੇ ਤੈਨੂੰ ਅਕਲ, ਸਮਝ, ਸੂਝ ਹੈ ਤਾਂ ਕਾਲੇ ਲੇਖ ਨਾ ਲਿਖ। ਕੀ ਹਨ ਕਾਲੇ ਲੇਖ? ਸ਼ਾਹੀ ਫੁਰਮਾਨ ਨਿਮਾਣਿਆਂ ਦੀ ਕਰਨੀ ਖੁਸਣ ਦੇ ਨਿੱਤ ਨਵੇਂ ਢੋਅ। ਮਾੜੇ ਨੂੰ ਦਬੱਲਣ ਤੇ ਵਗਾਰੀਂ ਜੋ ਪੁੰਨ ਦੇ ਹੁਕਮ ਅਹਿਕਾਮ, ਨਿਤਾਣਿਆਂ ਨੂੰ ਡਰਾਵਨ ਕਾਨ ਫੌਜਾਂ ਦੇ ਧਾਵੀਆਂ ਦੇ ਫੁਰਮਾਨ। ਕੀ ਇਹ ਸਭ ਕਾਲੇ ਲੇਖ ਈ ਨਹੀਂ? ਹਾਕਮ ਤਾਂ ਇਕੋ ਕੁਦਰਤ ਆਪ ਏ। ਫੇਰ ਜੀ ਉੱਪਰ ਜੀ ਦੀ ਹਾਕਮੀ ਕਿਉਂ? ਵਾਧੂ ਹਾਕਮੀ ਤੇ ਵਾਧੂ ਮੱਲ ਦੇ ਹਲਕਾ ਨੇ ਬੰਦਿਓਂ ਕੁਬੰਦਾ ਕੀਤਾ ਜੀਅ ਨੂੰ। ਏਹਾ ਫ਼ਰੀਦ ਚੇਤੇ ਕਰਵਾਇਆ ਜੋ ਆਪਣੇ ਅੰਦਰ ਝਾਤੀ ਮਾਰ ਤੇਰੇ ਤੋਂ ਵੱਖ ਕੁੱਝ ਵੀ ਨਹੀਂ ਏ। ਸਿਰ ਨਿਵਾ ਤੇ ਤੂੰ ਮਿੱਟੀ ਵੇਖ ਸੈਂ। ਮਿੱਟੀ ਦੀ ਸਿਆਣ ਈ ਤੈਨੂੰ ਆਪਣੀ ਤੇ ਆਪਣੇ ਚਲਾਏ ਵਰਤਾਏ ਹੁਕਮਾਂ ਦੀ ਸਿਆਣ ਕਰਵਾਸੀ। ਕਰਨਹਾਰ ਦੀ ਕਰਨੀ, ਕਰਨਹਾਰ ਤੋਂ ਖੁੱਸੀ ਗਈ ਤਾਂ ਕਰਨਹਾਰ ਦੇ ਲੇਖ ਮੱਲ ਵਿਹਾਰ ਦੇ ਲੇਖੇ ਲੱਗੇ। ਨਿਮਾਣਿਆਂ ਦੇ ਭਾਗ ਬੱਲਵਾਨਾਂ ਤੇ ਮੱਲਵਾਨਾਂ ਦੇ ਹੱਥ ਲਿਖਣ ਲੱਗੇ। ਮੱਲ ਬਣੀ ਤਾਂ ਵਹੀ ਖਾਤੇ ਖੁੱਲ੍ਹ ਗਏ। ਈਹਾ ਲੇਖੇ ਤੇ ਵਹੀ ਖਾਤੇ ਈ ਦਸਤੂਰ ਬਣ ਗਏ। ਵਾਧੂ ਜੁੜੇ ਦਾ ਹਿਸਾਬ ਵੀ ਖਾਤਿਆਂ ਵਿਚ ਈ ਜੋੜਿਆ ਜਾਂਦਾ ਏ। ਇਥੇ ਸ਼ਬਦ ਲੇਖਾ ਕਰਦਾ ਹੈ ਬੋਲਣ, ਖਾਵਣ, ਟੁਰਨ, ਸੁਣਨ, ਵੇਖਣ ਤੇ ਸਾਹ ਲੈਣ ਦਾ। ਬੋਲਣ ਗਿਣਿਆ ਮਿਥਿਆ ਵੇਲੇ ਸਿਰ, ਹਿਸਾਬ ਸਿਰ ਕਿਸ ਦਾ ਹੈ? ਉਨ੍ਹਾਂ ਦਾ ਜਿਨ੍ਹਾਂ ਨੇ ਆਪਣੇ ਬੋਲੇ ਬੋਲਾਂ ਦਾ ਮੁੱਲ ਲੈਣਾ ਹੈ ਧਨ ਮਾਲ ਨਾਲ। ਬੋਲ ਤਾਂ ਜੀਵਨ ਸਾਂਝ ਹਨ। ਇਹੀ ਬੋਲ ਜਦੋਂ ਮੰਡੀ ਵਿਚ ਵਿਕਣ ਲੱਗਣ ਤਾਂ ਮਾਇਆ ਲੇਖੇ ਲਗਦੇ ਨੇਂ। ਇਨ੍ਹਾਂ ਬੋਲਾਂ ਕੀ ਰਾਹ ਵਿਖਾਣਾ ਹੈ ਕਿਸੇ ਨੂੰ ਕਿਉਂਕਿ ਇਹ ਬੋਲ ਬੋਲਣਹਾਰ ਤਾਂ ਆਪ ਈ ਕੁਰਾਹੇ ਪਏ ਨੇਂ। ਕੁਦਰਤ ਦੀ ਦਿੱਤੀ ਬੋਲਣ ਸ਼ਕਤੀ ਜੀਵਨ ਸਾਂਝ ਬਣਾਉਣ ਕੀਤੇ ਹੈ। ਮਾਇਆ ਲੇਖੇ ਲੱਗੀ ਬੋਲੀ ਅਸਾਂਝ ਦਾ ਬੀ ਬੀਜਦੀ ਏ।

ਜੀਅ ਨੂੰ ਜੀਅ ਕੋਲੋਂ ਵਜੋਗਦੀ ਏ। ਬੋਲੀ ਦੀ ਸਾਂਝ ਦੁੱਖ ਸੁੱਖ ਦੀ ਸਾਂਝ ਹੁੰਦੀ ਏ। ਬੋਲੀ ਦੀ ਅਸਾਂਝ ਈ ਜੀਵਨ ਵਿਰਾਨ ਕਰੇਂਦੀ ਏ। ਖਾਵਣ ਮੁੱਢਲੀ ਲੋੜ ਹੋਈ ਜੀਵ ਜੰਤਰ ਦੀ। ਖਾਵਣ ਬਾਝ ਜੀਵਨ ਹੈ ਈ ਨਹੀਂ। ਖਾਵਣ ਦਾ ਲੇਖਾ ਕਰਦਾ ਏ ਸ਼ਬਦ। ਪੁੱਛ ਤਾਂ ਇਹ ਹੈ ਸ਼ਬਦ ਦੀ ਜੋ ਖਾਵਣ ਲੋੜ ਦਾ ਹੈ ਯਾਂ ਲੋੜੋਂ ਵੱਧ। ਖਾਵਣ ਲੇਖੇ ਲਿਖਣ ਵਾਲਿਆਂ ਦਾ ਹੋਰ ਤੇ ਲੇਖ ਲਿਖਾਉਣ ਵਾਲਿਆਂ ਦਾ ਹੋਰ ਹੋਇਆ। ਕਰਨਹਾਰ ਤਾਂ ਕਸ਼ਟ ਕੱਟ ਕੇ ਖਾਂਦਾ ਹੈ ਤੇ ਮਾਲਿਕ ਹਾਕਮ ਆਪਣਾ ਵਹੀ ਖਾਤਾ ਭਰ ਕੇ ਖਾਂਦਾ ਏ। ਜੀਅ ਦਾ ਢਿੱਡ ਤਾਂ ਲੋੜੀਂਦਾ ਖਾ ਕੇ ਭਰੀਜ਼ ਜਾਂਦਾ ਹੈ ਪਰ ਵਹੀ ਖਾਤੇ ਦਾ ਢਿੱਡ ਕਦਾਈਂ ਨਹੀਂ ਭਰੀਂਦਾ। ਵਾਟ ਦਾ ਲੇਖਾ ਏ ਸ਼ਬਦ ਵਿਚ। ਵਾਟ ਰਾਹ ਹੈ, ਰਸਤਾ। ਮੱਲ ਵਿਹਾਰ ਦੀ ਮੰਜ਼ਿਲ ਇਕੋ ਹੈ ਲਾਹਾ, ਰਾਹ ਜੋ ਵੀ ਹੋਵੇ ਪੁੱਜਾਵੇ ਉਥਾਈਂ ਜਿੱਥੇ ਮੱਲ ਵਿਚ ਵਾਧਾ ਹੋਵੇ। ਮੱਲ ਮਾਰੀ ਦੀ ਵਾਟ ਵੱਖਰੀ ਏ। ਜੀਅ ਨੂੰ ਜੀਅ ਕੋਲੋਂ ਤਰੋੜ ਕੇ ਲਾਹਾ ਜੁੜਦਾ ਏ। ਮਨੁੱਖ ਦੀ ਹੋਂਦ ਅੰਦਰ ਬੇਹਿਸੀ ਜੰਮੇ ਤਾਂ ਈ ਉਹ ਆਪਣੇ ਵਰਗੇ ਜੀਆਂ ਕੰਨੋਂ ਵੱਖ ਰਹਿ ਸਕਦਾ ਹੈ। ਲਾਹਾ ਜੋੜਨ ਕੀਤੇ ਮਾਰਨ ਦਬੱਲਣ ਖੁਸਣ ਲਾਜ਼ਿਮ ਹੋਇਆ। ਇਹ ਸਾਰੇ ਕੰਮ ਅਹਿਸਾਸੋਂ ਵਾਂਝਾ ਜੀਅ ਹੀ ਕਰ ਸਕਦਾ ਹੈ। ਵਾਟ ਰਾਹ ਹੈ ਤੇ ਪੰਧ ਵੀ। ਜੀਵਨ ਪਾਂਧੀ ਮੱਲ ਜੋੜਨ ਦੇ ਪੰਧ ਪਿਆ ਹੈ। ਜਿਤਨਾ ਲਾਹਾ ਜੁੜਦਾ ਹੈ ਉਤਨੀ ਟੋਰ ਤਰਿਖੀ ਹੁੰਦੀ ਹੈ ਲੋਭ ਵਾਟ ਉਪਰ। ਜਦੋਂ ਬੋਲਣ, ਖਾਵਣ ਤੇ ਚੱਲਣ ਮਾਇਆ ਲੇਖੇ ਲੱਗ ਗਿਆ ਤਾਂ ਸੁਣਨ ਵੇਖਣ ਵੀ ਇਸੇ ਲੇਖੇ ਸਿਰ ਈ ਹੋਸੀ। ਮੋਹ ਭਰੀਆਂ ਅੱਖੀਆਂ ਨੂੰ ਮਾਇਆ ਤੋਂ ਵੱਖ ਦਿਸਦਾ ਈ ਨਹੀਂ ਕੁੱਝ। ਨਾ ਈ ਕੰਨ ਸੁਣ ਸਕਦੇ ਨੇਂ ਕੂਕ ਫ਼ਰਿਆਦ ਨਿਮਾਣਿਆਂ ਮਸਕੀਨਾਂ ਦੀ, ਜਿਨ੍ਹਾਂ ਦੀ ਕਰਨੀ ਖੁੱਸ ਕੇ ਲਾਹਾ ਪਿਆ ਜੁੜਦਾ ਹੈ। ਅੱਖੀਂ ਕਾਮਿਆਂ ਕਸਬਿਆਂ ਦੇ ਦੁੱਖ ਦਰਦ ਦੀ ਹਾਥ ਨਹੀਂ ਲੈਂਦੀਆਂ। ਜਦੋਂ ਹਿੱਕ ਹਿੱਕ ਸਾਹ ਲੇਖੇ ਲੱਗ ਵੰਜੇ ਮੱਲ ਵਾਣੀ ਦੇ ਤਾਂ ਆਪਣੀ ਹੋਂਦ ਮੁੱਕ ਵੇਂਹਦੀ ਏ। ਇਲਮ ਸਿਆਣੇ ਪੜ੍ਹ ਪੁਖਤੇ ਏਸ ਲੇਖੇ ਨੂੰ ਪਰਣਾਂਵਦੇ ਨੇਂ। ਇਲਮ ਵੀ ਹਾਕਮ ਮਾਲਿਕ ਦੀ ਮੱਲ ਜੋ ਹੋਇਆ। ਏਸ ਹਨੇਰ ਵਿਚ ਨਾਨਕ ਨੇ ਸ਼ਬਦ ਦਾ ਦੀਵਾ ਬਾਲ ਅਗੇਰੇ ਕੀਤਾ ਏ, ਸੰਗਤ 'ਚ ਜੁੜਿਆਂ ਨੂੰ ਸਾਵਧਾਨ ਕਰਨ ਕੀਤੇ। ਨਾਨਕ ਨਿਸ਼ਾਨ ਹੈ ਇਨਕਾਰ ਦਾ। ਮਾਇਆ ਦੇ ਲੇਖੇ ਲੱਗੀ ਕੁਦਰਤ ਸਕਤ ਨੂੰ ਵਿਹਾਰ ਬੱਝੇ ਲੇਖਿਓਂ ਬਾਹਰ ਕਰੇਂਦਾ ਹੈ ਬਾਬੇ ਦਾ ਇਹ ਸ਼ਬਦ ਆਜ਼ਾਦ ਕਰਾਉਂਦਾ ਏ ਸੁਰਤ ਸਾਰ ਨੂੰ। ਮਾਇਆ ਵਿਹਾਰ ਅੰਨਾ, ਗੂੰਗਾ, ਬੋਲਾ ਹੈ ਨਾਮ ਵਿਸਾਰ ਕੇ। ਨਾਮ ਨੂੰ ਚੇਤੇ ਰੱਖਦਾ ਤਾਂ ਏਸ ਦਾ ਬੋਲਣ, ਸੁਣਨ, ਕਰਨ, ਖਾਵਣ, ਚੱਲਣ ਤੇ ਚਲਾਉਣ, ਹਿੱਕ ਹੁੰਦਾ। ਮਾਇਆ ਦੀ ਸਾਰੀ ਰਚਨਾ ਠੱਗੀ ਹੈ, ਠੱਗੀ ਤੇ ਧਰੋਹ ਦੇ ਨਾਲ ਜੁੜਿਆ ਹੈ ਇਹ ਸਭ ਰੰਗ (ਡਰਾਮਾ)।

# 100 ਦਿਨ ਮੋਦੀ 3.0 ਸਰਕਾਰ ਦੇ

ਇਸ ਵੇਰ ਮਸਾਂ ਬਣੀ ਤੀਜੀ ਵੇਰ ਦੀ ਮੋਦੀ ਸਰਕਾਰ ਦੇ 100 ਦਿਨ 17 ਸਤੰਬਰ 2024 ਨੂੰ ਪੂਰੇ ਹੋ ਜਾਣਗੇ। ਕੁਝ ਦਿਨ ਹੀ ਤਾਂ ਬਾਕੀ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੇ ਇਨ੍ਹਾਂ 100 ਦਿਨਾਂ ਲਈ ਕੁਝ ਟੀਚੇ ਮਿੱਥੇ ਸਨ: ਦੇਸ਼ ਦੇ ਪ੍ਰਧਾਨ ਮੰਤਰੀ ਨੇ ਦੇਸ਼ ਦੀ ਆਜ਼ਾਦੀ ਦਿਹਾੜੇ 'ਤੇ ਲਾਲ ਕਿਲੇ ਦੀ ਫਸੀਲ ਤੋਂ ਭਾਸ਼ਣ ਦਿੰਦਿਆਂ ਅਤੇ ਵਿੱਤ ਮੰਤਰੀ ਨੇ ਦੇਸ਼ ਦੀ ਨਵੀਂ ਪਾਰਲੀਮੈਂਟ 'ਚ ਬਜਟ ਪੇਸ਼ ਕਰਦਿਆਂ। ਜਾਪਦਾ ਹੈ ਇਹ ਵਾਅਦੇ, ਇਹ ਦਾਈਏ, ਤਾਂ ਜਿਵੇਂ ਠੁੱਸ ਹੋ ਕੇ ਹੀ ਰਹਿ ਗਏ ਹਨ, ਉਪਰੋਂ ਸਰਕਾਰ ਐਨੀ ਬੇਵੱਸ ਕਦੇ ਨਹੀਂ ਦਿਸੀ, ਜਿੰਨੀ ਇਨ੍ਹਾਂ 100 ਦਿਨਾਂ 'ਚ।

ਮੋਦੀ ਸਰਕਾਰ ਨੂੰ ਇਨ੍ਹਾਂ 100 ਦਿਨਾਂ 'ਚ ਜੁਆਇੰਟ ਸਕੱਤਰਾਂ ਅਤੇ ਡਾਇਰੈਕਟਰਾਂ ਦੀ ਸਿੱਧੀ ਭਰਤੀ (ਲਿਟਰਲ ਇੰਟਰੀ) ਯੋਜਨਾ ਨੂੰ ਉਨ੍ਹਾਂ ਦੇ ਸਹਿਯੋਗੀਆਂ ਦੇ ਅਤੇ ਵਿਰੋਧੀ ਧਿਰ ਦੇ ਵਿਰੋਧ ਕਾਰਨ ਵਾਪਿਸ ਲੈਣਾ ਪਿਆ।



**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਆਪਣੀ ਧੁਨ ਦੀ ਪੱਕੀ ਅਤੇ ਇਕੋ ਧਰਮ ਦੇ ਝੰਡੇ ਵਾਲਾ ਸਾਮਰਾਜ ਲਿਆਉਣ ਵਾਲੀ ਸਰਕਾਰ ਨੂੰ ਜਦੋਂ ਮਜਬੂਰੀਵੱਸ ਲੋਕ ਸਭਾ 'ਚ ਵਕਫ ਬੋਰਡ ਬਿੱਲ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਣਾ ਪਿਆ, ਜਿਸ ਦੀ ਉਹ ਪਿਛਲੇ 10 ਵਰ੍ਹਿਆਂ ਦੇ ਰਾਜ-ਭਾਗ 'ਚ ਆਦੀ ਨਹੀਂ ਰਹੀ ਤਾਂ ਇਸ ਘਟਨਾ ਦਾ ਅਰਥ ਕੀ ਲਿਆ ਜਾਣਾ ਚਾਹੀਦਾ ਹੈ?

ਮੋਦੀ ਸਰਕਾਰ ਦਾ ਮੁੱਖ ਏਜੰਡਾ ਕਿ ਦੇਸ਼ 'ਚ 'ਇਕ ਦੇਸ਼ ਇਕ ਚੋਣ' ਦਾ ਪੈਟਰਨ ਲਾਗੂ ਹੋਵੇ, ਉਦੋਂ ਕਿਥੇ ਰਫੂ ਚੱਕਰ ਹੋ ਗਿਆ, ਜਦੋਂ ਜੰਮੂ-ਕਸ਼ਮੀਰ ਅਤੇ ਹਰਿਆਣਾ 'ਚ ਤਾਂ ਚੋਣਾਂ ਦਾ ਐਲਾਨ ਕਰ ਦਿੱਤਾ, ਪਰ ਮਹਾਂਰਾਸ਼ਟਰ 'ਚ ਹਾਰ ਦੇ ਡਰੋਂ ਚੋਣਾਂ ਪਛੇਤੀਆਂ ਕਰ ਦਿੱਤੀਆਂ ਗਈਆਂ। ਹਾਲਾਂਕਿ ਪਿਛਲੀਆਂ ਕਈ ਵਾਰੀਆਂ 'ਚ ਹਰਿਆਣਾ ਅਤੇ ਮਹਾਂਰਾਸ਼ਟਰ ਚੋਣਾਂ ਇਕੋ ਵੇਲੇ ਇਕੱਠੀਆਂ ਹੁੰਦੀਆਂ ਰਹੀਆਂ ਹਨ, ਜਿਵੇਂ ਹਰਿਆਣਾ 'ਚ ਭਾਜਪਾ ਸਰਕਾਰ ਨੂੰ ਵਿਰੋਧੀਆਂ (ਇੰਡੀਆ ਗਰੁੱਪ) ਵੱਲੋਂ ਸਖ਼ਤ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਥੇ ਭਾਜਪਾ ਦੇ ਅੰਦਰੋਂ ਹਰਿਆਣਾ 'ਚ ਤਿੱਖਾ ਵਿਰੋਧ ਵੀ ਝੱਲਣਾ ਪੈ ਰਿਹਾ ਹੈ, ਕਿਉਂਕਿ ਜਿਨ੍ਹਾਂ ਭਾਜਪਾ ਨੇਤਾਵਾਂ ਨੂੰ ਚੋਣਾਂ 'ਚ ਪਾਰਟੀ ਟਿਕਟ ਨਹੀਂ ਮਿਲ ਰਹੀ, ਉਹ ਭਾਜਪਾ ਦਾ ਸਾਥ ਛੱਡ ਰਹੇ ਹਨ। ਭਾਵੇਂ ਇਹ ਤੱਥ ਸਿੱਧੇ ਤੌਰ 'ਤੇ ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਨਾਲ ਨਹੀਂ ਜੁੜੇ ਹੋਏ, ਪਰ ਕੇਂਦਰ ਸਰਕਾਰ ਦੇ ਕਮਜ਼ੋਰ ਹੋਣ ਦੀ ਨਿਸ਼ਾਨੀ ਹਨ ਅਤੇ ਉਸ ਦਾ ਪ੍ਰਛਾਵਾਂ ਵਿਧਾਨ ਸਭਾ ਚੋਣਾਂ 'ਚ ਚੋਣਾਂ ਤੋਂ ਪਹਿਲਾਂ ਹੀ ਦਿਸਣ ਲੱਗਾ ਹੈ। ਇਹ ਸਿੱਧਾ ਭਾਜਪਾ ਪ੍ਰਤੀ ਉਹਦੇ ਵੱਡੇ ਨੇਤਾਵਾਂ ਪ੍ਰਤੀ ਬੇਯਕੀਨੀ ਅਤੇ ਸਰਕਾਰ 'ਚ ਆਤਮ ਵਿਸ਼ਵਾਸ ਦੀ ਕਮੀ ਦਾ ਸਿੱਟਾ ਹੈ।

ਆਓ ਜ਼ਰਾ ਮੋਦੀ ਸਰਕਾਰ ਦੀ 100 ਦਿਨਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਕਰੀਏ। ਪ੍ਰਧਾਨ ਮੰਤਰੀ ਨੇ ਭਾਸ਼ਣ 'ਚ ਕਿਹਾ ਸੀ ਲਾਲ ਕਿਲੇ ਤੋਂ ਅੱਜ ਭਾਰਤ ਦੇ ਲੋਕ ਆਤਮ-ਵਿਸ਼ਵਾਸ ਨਾਲ ਭਰੇ ਪਏ ਹਨ। ਉਹ ਸੌਖੇ ਹਨ। ਦੇਸ਼ ਦੀ ਅਰਥ ਵਿਵਸਥਾ ਤਕੜੀ ਹੋ ਰਹੀ ਹੈ। ਪਿਛਲੇ ਦਸ ਸਾਲਾਂ 'ਚ ਜੀ.ਡੀ.ਪੀ. ਵਧੀ ਹੈ। ਪਰ ਸਵਾਲ ਹੈ ਕਿ ਇਸ ਦਾ ਲਾਭ ਕਿਸ ਨੂੰ ਹੋਇਆ ਹੈ? ਆਮ ਆਦਮੀ ਨੂੰ ਜਾਂ ਦੇਸ਼ ਦੇ ਧਨ ਕੁਬੇਰਾਂ ਨੂੰ?

ਕੁਝ ਦਿਨ ਪਹਿਲਾਂ ਦੀ ਆਖ਼ਰੀ ਖ਼ਬਰ ਦੇਖੋ। ਖ਼ਬਰ ਉਪਰ, ਥੱਲੇ ਰਾਜ ਕਰਦੀ ਭਾਜਪਾ ਦੀ ਹਰਿਆਣਾ ਡਬਲ ਇੰਜਨ ਸਰਕਾਰ ਦੀ ਹੈ। ਹਰਿਆਣਾ ਸਰਕਾਰ ਨੇ 15000 ਰੁਪਏ ਮਹੀਨਾ ਤਨਖਾਹ 'ਤੇ ਸਫ਼ਾਈ ਕਰਮਚਾਰੀਆਂ ਦੀਆਂ ਨੌਕਰੀਆਂ ਕੱਢੀਆਂ, ਇਨ੍ਹਾਂ ਨੌਕਰੀਆਂ ਲਈ 3,95,000 ਉਮੀਦਵਾਰਾਂ ਨੇ ਬਿਨੈ-ਪੱਤਰ ਦਿੱਤੇ। ਇਨ੍ਹਾਂ ਵਿਚ 6112 ਪੋਸਟ ਗ੍ਰੈਜੂਏਟ, 39,990 ਗਰੈਜੂਏਟ ਅਤੇ 1,17,144 ਬਾਰ੍ਹਵੀਂ ਪਾਸ ਵਾਲੇ ਹਨ। ਕੀ ਇਹ 100 ਦਿਨਾਂ ਦੀ ਸਰਕਾਰ ਦੇ ਆਤਮ-ਵਿਸ਼ਵਾਸ ਦੀ ਨਿਸ਼ਾਨੀ ਹੈ? ਕੀ ਇਹ ਦੇਸ਼ ਦੀ ਅਰਥ ਵਿਵਸਥਾ ਦੇ ਵਿਕਾਸ ਦੀ ਤਸਵੀਰ ਹੈ? ਅਸਲ ਮੁੱਦਾ ਦੇਸ਼ ਦੇ ਆਰਥਿਕ ਵਿਕਾਸ ਬਨਾਮ ਬਰਾਬਰੀ ਦੇ ਨਾਲ ਵਿਕਾਸ ਦਾ ਹੈ, ਜਿਸ ਨੂੰ ਕੇਂਦਰ ਦੀ ਸਰਕਾਰ ਨੇ 1.0 ਸਰਕਾਰ ਅਤੇ ਫਿਰ 2.0 ਸਰਕਾਰ ਸਮੇਂ ਵੀ ਭੁਲਾਈ ਰੱਖਿਆ ਅਤੇ ਹੁਣ ਫਿਰ 3.0 'ਚ ਵੀ ਭੁਲੀ ਬੈਠੀ ਹੈ। ਇਸ ਮੁੱਦੇ ਨੂੰ ਰੋਲੀ ਬੈਠੀ ਹੈ।

ਪਿਛਲੇ ਪੂਰੇ ਦਹਾਕੇ 'ਚ ਦੇਸ਼ ਰੋਜ਼ਗਾਰ ਦੇ ਮਾਮਲੇ 'ਤੇ ਬੁਰੀ ਤਰ੍ਹਾਂ ਫੇਲ ਹੋਇਆ ਹੈ। 2023 ਅਤੇ 2024 ਵਿਚ ਲੋਕਾਂ ਨੂੰ ਭਾਰਤੀ ਕੰਪਨੀਆਂ ਵੱਲੋਂ ਨੌਕਰੀਆਂ ਤੋਂ ਕੱਢ ਦਿੱਤਾ ਗਿਆ। ਇਨ੍ਹਾਂ ਕੰਪਨੀਆਂ ਵਿਚ ਔਲਾ, ਪੇ.ਟੀ.ਐਮ. ਆਦਿ ਸ਼ਾਮਲ ਹਨ। ਟੈਕਨੀਕਲ ਕੰਪਨੀਆਂ ਵੀ ਨਿੱਤ ਦਿਹਾੜੇ ਐਲਾਨ ਕਰ ਰਹੀਆਂ ਹਨ ਕਿ ਉਹ ਆਪਣੇ ਕਰਮਚਾਰੀਆਂ ਦੀ ਸੰਖਿਆ ਨੂੰ ਸਹੀ ਕਰਨ ਦੀ ਪ੍ਰਕਿਰਿਆ 'ਚ ਹਨ। ਇਹੋ ਹਾਲ ਪ੍ਰਾਈਵੇਟ ਬੈਂਕਾਂ ਦਾ ਵੀ ਹੈ। 5 ਸਤੰਬਰ 2024 ਨੂੰ ਟਾਈਮਜ਼ ਆਫ਼ ਇੰਡੀਆ ਨੇ ਫਿਰ ਖ਼ਬਰ ਛਾਇਆ ਕੀਤੀ ਹੈ। ਖ਼ਬਰ ਅਨੁਸਾਰ ਦੇਸ਼ ਦੇ ਵੱਡੇ ਆਈ.ਆਈ.ਟੀ. ਅਦਾਰੇ ਅਤੇ ਆਈ.ਆਈ.ਟੀ. ਮੁੰਬਈ ਵਿਚ ਇਸ ਸਾਲ ਗ੍ਰੈਜੂਏਸ਼ਨ ਪੱਧਰ 'ਤੇ ਸਿਰਫ਼ 75ਫੀਸਦੀ ਗ੍ਰੈਜੂਏਟਾਂ ਨੂੰ ਪਲੇਸਮੈਂਟ ਮਿਲੀ ਅਤੇ ਵੇਤਨ ਦਰ ਵੀ ਘਟੀ ਹੈ। ਆਈ.ਆਈ.ਟੀ. ਤੋਂ ਇਲਾਵਾ ਦੂਜੇ ਇਹੋ ਜਿਹੇ ਸੰਸਥਾਵਾਂ ਵਿਚ ਤਾਂ ਪਲੇਸਮੈਂਟ ਦਰ 30 ਫੀਸਦੀ ਤੱਕ ਸਿਮਟ ਗਈ।




ਵਿਸ਼ਵ ਬੈਂਕ ਦਾ ਸਤੰਬਰ 2024 ਦਾ ਇਕ ਅਪਡੇਟ ਧਿਆਨ ਮੰਗਦਾ ਹੈ। ਉਸ ਅਨੁਸਾਰ ਭਾਰਤ ਵਿਚ ਸ਼ਹਿਰੀ ਯੁਵਕਾਂ ਦਾ ਰੋਜ਼ਗਾਰ 17ਫੀਸਦੀ ਉੱਤੇ ਹੀ ਬਣਿਆ ਹੋਇਆ ਹੈ। ਅਸਲ 'ਚ ਤਾਂ ਬੇਰੁਜ਼ਗਾਰੀ 'ਟਾਈਮ ਬੰਬ' ਹੈ ਅਤੇ 3.0 ਸਰਕਾਰ ਵੱਲੋਂ 100 ਦਿਨਾਂ ਦੇ ਆਪਣੇ ਅਰਸੇ ਦੌਰਾਨ ਬੇਰੁਜ਼ਗਾਰ ਦੇ ਮਾਮਲੇ 'ਤੇ ਅੱਗੋਂ ਗੋਹੜੇ 'ਚੋਂ ਪੂਣੀ ਵੀ ਨਹੀਂ ਕੱਤੀ। ਕੀ ਬੇਰੁਜ਼ਗਾਰੀ ਦਾ ਮਾਮਲਾ, ਸਮੱਸਿਆ ਤੋਂ ਅੱਖਾਂ ਮੀਟ ਕੇ ਹੱਲ ਹੋ ਸਕਦਾ ਹੈ? ਕੀ ਫਰਜ਼ੀ ਅੰਕੜੇ ਬੇਰੁਜ਼ਗਾਰੀ ਨੂੰ ਖ਼ਤਮ ਕਰ ਸਕਦੇ ਹਨ ਜਾਂ ਨੌਜਵਾਨਾਂ ਨੂੰ ਸੰਤੁਸ਼ਟ ਕਰ ਸਕਦੇ ਹਨ ਜਾਂ ਉਨ੍ਹਾਂ ਦਾ ਢਿੱਡ ਭਰ ਸਕਦੇ ਹਨ?

ਅੱਜ ਭਾਰਤ 'ਚ ਬੇਰੁਜ਼ਗਾਰੀ ਦਰ 9.2 ਫੀਸਦੀ ਹੈ। ਅੱਜ ਜਦੋਂ ਲੱਖਾਂ ਬੇਰੁਜ਼ਗਾਰ ਨੌਜਵਾਨ ਸੜਕਾਂ 'ਤੇ ਹਨ। ਸਰਕਾਰੀ, ਨਿਯਮਤ ਨੌਕਰੀਆਂ ਦੀ ਕਮੀ ਹੈ, ਕਾਰਪੋਰੇਟ ਜਗਤ ਨੌਜਵਾਨਾਂ ਨੂੰ ਠੱਗ ਰਿਹਾ ਹੈ, ਨੌਜਵਾਨ ਵੋਕੇਸ਼ਨਲ ਸਿੱਖਿਆ ਤੋਂ ਊਣੇ ਹਨ, ਤਾਂ ਸਰਕਾਰ ਨੂੰ ਇਸੇ ਮਾਮਲੇ 'ਤੇ ਵਧੇਰੇ ਧਿਆਨ ਦੇਣ ਦੀ ਲੋੜ ਸੀ, ਪਰ ਸਰਕਾਰ ਦੇ ਤਾਂ ਟੀਚੇ ਹੀ ਕੁਝ ਹੋਰ ਹਨ। ਸਰਕਾਰ ਜਿਸ ਦਾ ਧਿਆਨ ਸਿਖਿਅਤ-ਅਸਿਖਿਅਤ, ਸ਼ਹਿਰੀ-ਪੇਂਡੂ, ਬੱਚੇ-ਬੁਢੇ ਹਰ ਸ਼ਹਿਰੀ ਵੱਲ ਇਕੋ ਜਿਹਾ, ਬਰਾਬਰੀ ਵਾਲਾ ਹੋਣਾ ਚਾਹੀਦਾ ਹੈ, ਪਰ ਸਰਕਾਰ ਦਾ ਦ੍ਰਿਸ਼ਟੀਕੋਣ ਹੀ ਵੱਖਰਾ ਹੈ। ਦੇਸ਼ ਭਗਤੀ ਦੇ ਨਾਮ ਉਤੇ ਸਮਾਜ ਨੂੰ ਵੰਡਣਾ, ਨਫ਼ਰਤ ਫੈਲਾਉਣਾ ਅਤੇ ਰਾਜ ਕਰਨਾ। ਇਹ ਕੁਝ ਪਿਛਲੇ ਦਸ ਸਾਲ ਸ਼ਰ੍ਹੇਆਮ ਵਾਪਰਿਆ। ਲੋਕਾਂ ਨੇ ਸਰਕਾਰ ਦੇ ਇਸ ਦ੍ਰਿਸ਼ਟੀਕੋਣ ਨੂੰ ਸਮੂਹਿਕ ਤੌਰ 'ਤੇ ਰੱਦ ਕੀਤਾ। ਭਾਜਪਾ ਨੂੰ ਇਕੱਲੇ-ਇਕਹਿਰੇ ਤਾਕਤ ਨਹੀਂ ਦਿੱਤੀ ਚੋਣਾਂ ਵੇਲੇ। ਮਜਬੂਰੀ 'ਚ ਫੌਹੜੀਆਂ ਵਾਲੀ ਸਰਕਾਰ ਬਣਾਈ ਗਈ। ਪਰ 100 ਦਿਨਾਂ ਦੇ 3.0 ਕਾਰਜਕਾਲ ਦੌਰਾਨ ਵੀ ਭਾਜਪਾ ਦੀ ਇਹ ਸਾਂਝੀ-ਮਾਂਝੀ ਸਰਕਾਰ ਆਪਣੀ ਸੋਚ ਵਿਚ ਬਦਲਾਅ ਨਹੀਂ ਲਿਆ ਰਹੀ।

ਕੇਂਦਰ ਦੀ ਸਰਕਾਰ ਵਿਰੋਧੀ ਧਿਰਾਂ ਵਾਲੀਆਂ ਸਰਕਾਰਾਂ ਨੂੰ ਪ੍ਰੇਸ਼ਾਨ ਕਰਨ ਅਤੇ ਉਨ੍ਹਾਂ ਨੂੰ ਤੋੜਨ ਦੇ ਰਾਹ ਤੋਂ ਨਹੀਂ ਹਟੀ। ਰਾਜਪਾਲਾਂ ਰਾਹੀਂ ਚੁਣੀਆਂ ਵਿਰੋਧੀ ਸਰਕਾਰਾਂ ਦੇ ਕੰਮਾਂ 'ਚ ਸਿੱਧਾ ਦਖ਼ਲ ਦਿੱਤਾ ਜਾ ਰਿਹਾ ਹੈ। ਮਨੀਪੁਰ 'ਚ ਹਿੰਸਾ ਜਾਰੀ ਹੈ, ਉਥੇ ਗ੍ਰਹਿ ਯੁੱਧ ਵਰਗੀ ਸਥਿਤੀ ਹੈ। ਉਸ ਸੂਬੇ ਦੇ ਲੋਕਾਂ ਨੂੰ ਜਿਵੇਂ ਸਰਕਾਰ ਆਪਣੇ ਰਹਿਮੋ-ਕਰਮ 'ਤੇ ਛੱਡ ਚੁੱਕੀ ਹੈ। ਆਪਣੇ ਵਿਰੋਧੀ ਸੋਚ ਵਾਲੇ ਦੇਸ਼ ਭਰ 'ਚ ਨੇਤਾਵਾਂ ਉਤੇ ਈ.ਡੀ., ਸੀ.ਬੀ.ਆਈ. ਛਾਪੇ ਨਿਰੰਤਰ ਪੁਆਏ ਜਾ ਰਹੇ ਹਨ। ਗੋਦੀ ਚੈਨਲਾਂ ਰਾਹੀਂ ਸਰਕਾਰੀ ਪ੍ਰਚਾਰ ਸਿਰੇ ਦਾ ਹੈ। ਸਰਕਾਰੀ ਨੀਤੀਆਂ 'ਚ ਕੋਈ ਬਦਲਾਅ ਨਹੀਂ। ਨਿੱਜੀਕਰਨ ਨੂੰ ਹੁਲਾਰਾ ਦੇਣ ਤੋਂ ਸਰਕਾਰ ਉੱਕ ਨਹੀਂ ਰਹੀ।ਪਰ ਇਸ ਸਭ ਕੁਝ ਦੇ ਵਿਚਕਾਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਬਾਵਜੂਦ ਵੱਡੇ ਲੋਕ ਭਰੋਸਿਆਂ ਦੇ, ਸਰਕਾਰ ਲੋਕ ਹਿੱਤਾਂ ਤੋਂ ਕਿਨਾਰਾ ਕਰੀ ਬੈਠੀ ਹੈ ਅਤੇ ਉਨ੍ਹਾਂ ਦੇ ਭਲੇ ਹਿੱਤ ਕਥਿਤ ਤੌਰ 'ਤੇ ਬਣਾਈਆਂ ਯੋਜਨਾਵਾਂ, ਸਿਰਫ਼ ਕਾਗ਼ਜ਼ੀ ਸਾਬਤ ਹੋ ਰਹੀਆਂ ਹਨ। ਕੀ ਸਰਕਾਰ ਇਨ੍ਹਾਂ ਤਲਖ਼ ਹਕੀਕਤਾਂ ਨੂੰ ਮੰਨਣ ਨੂੰ ਤਿਆਰ ਨਹੀਂ ਹੈ? ਕਿਥੇ ਹੈ ਜਨ-ਧਨ ਯੋਜਨਾ? ਕਿਥੇ ਹੈ ਆਮ ਵਿਅਕਤੀ ਲਈ ਸਿਹਤ ਸੁਰੱਖਿਆ ਆਯੂਸ਼ਮਾਨ ਯੋਜਨਾ? ਕਿਥੇ ਹੈ ਸਮਾਰਟ ਸਿਟੀ। ਜ਼ੋਰ ਹੈ ਵੱਡੀਆਂ ਹਾਈਵੇ ਬਣਾਉਣ ਵੱਲ ਤਾਂ ਕਿ ਕਾਰਪੋਰੇਟਾਂ ਦੇ ਹੱਕਾਂ ਦੀ ਪੂਰਤੀ ਹੋ ਸਕੇ, ਇਨ੍ਹਾਂ ਹਾਈਵੇਜ਼ ਦਾ ਆਮ ਲੋਕਾਂ ਨੂੰ ਆਖ਼ਰ ਕੀ ਫਾਇਦਾ?

ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਸਰਕਾਰ ਦਾ ਟੀਚਾ ਦੇਸ਼ ਨੂੰ 2047 ਤੱਕ ਵਿਕਸਿਤ ਦੇਸ਼ ਬਣਾਉਣ ਦਾ ਹੈ। ਇਹ ਉਨ੍ਹਾਂ 15 ਅਗਸਤ 2025 ਦੇ ਆਪਣੇ ਭਾਸ਼ਣ 'ਚ ਵੀ ਕਿਹਾ ਅਤੇ 25 ਅਗਸਤ ਨੂੰ ਆਪਣੇ 'ਮਨ ਕੀ ਬਾਤ' ਸੰਬੋਧਨ 'ਚ ਵੀ ਦੁਹਰਾਇਆ।

2047 ਤੱਕ ਵਿਕਸਿਤ ਦੇਸ਼ ਬਣਨ ਲਈ ਹਰ ਦੇਸ਼ ਵਾਸੀ ਦੀ ਆਮਦਨ ਸਾਲਾਨਾ 18000 ਡਾਲਰ ਹੋਣੀ ਚਾਹੀਦੀ ਹੈ। ਇਸ ਦੀ ਅਰਥ ਵਿਵਸਥਾ 30 ਲੱਖ ਕਰੋੜ ਅਮਰੀਕੀ ਡਾਲਰ ਲੋੜੀਂਦੀ ਹੈ। ਇਸ ਦੀ ਜੀ.ਡੀ.ਪੀ. ਇਸ ਵੇਲੇ 3.36 ਲੱਖ ਕਰੋੜ ਡਾਲਰ ਹੈ, ਇਸ ਨੂੰ 9 ਗੁਣਾਂ ਵਧਾਉਣਾ ਹੋਵੇਗਾ। ਦੇਸ਼ ਤੀਜੀ ਵੱਡੀ ਅਰਥ ਵਿਵਸਥਾ ਤਾਂ 2027 ਤੱਕ ਬਣ ਜਾਏਗਾ, ਪਰ 2047 ਤੱਕ ਵਿਕਸਤ ਦੇਸ਼ ਬਣਨ ਦਾ ਟੀਚਾ ਚੁਣੌਤੀਪੂਰਨ ਹੈ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਦੇਸ਼ ਦੀ ਵਧਦੀ ਜਨਸੰਖਿਆ ਦੀਆਂ ਚੁਣੌਤੀਆਂ ਵਿਚਕਾਰ ਜ਼ਿਆਦਾ ਰੋਜ਼ਗਾਰ, ਸਾਰਥਕ ਸਿੱਖਿਆ ਅਤੇ ਹੱਥੀਂ ਕਿੱਤਾ ਸਿੱਖਿਆ, ਸਿਹਤ, ਬੁਨਿਆਦੀ ਢਾਂਚਾ, ਖੇਤੀ, ਕਾਰੋਬਾਰ ਆਦਿ ਨੂੰ ਨਵੀਂ ਦਿਸ਼ਾ ਦਿੱਤੇ ਬਿਨਾਂ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਨਾ ਸੰਭਵ ਨਹੀਂ।

ਜਿਸ ਮੱਧਮ ਗਤੀ ਨਾਲ 100 ਦਿਨਾਂ 'ਚ 3.0 ਸਰਕਾਰ ਨੇ ਕਦਮ ਪੁਟੇ ਹਨ, ਉਹ ਸਚਮੁੱਚ ਨਿਰਾਸ਼ਾਜਨਕ ਅਤੇ ਆਪਣੀ ਗੱਦੀ ਬਚਾਉਣ ਤੱਕ ਸੀਮਤ ਹਨ। ਪਹਾੜ ਜਿੱਡੀਆਂ ਸਮੱਸਿਆਵਾਂ ਦੇਸ਼ ਦੇ ਸਨਮੁੱਖ ਹਨ, ਪਰ ਜਿਸ ਕਿਸਮ ਦੀ ਸੋਚ, ਮਿਹਨਤ, ਅਤੇ ਸਿਆਸੀ ਦ੍ਰਿੜਤਾ ਦੀ ਸਰਕਾਰ ਤੋਂ ਤਵੱਕੋ ਸੀ ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ, ਉਹ ਇਸ ਸਰਕਾਰ 'ਚ ਮਨਫ਼ੀ ਨਜ਼ਰ ਆ ਰਹੀ ਹੈ।

# ਮਿ.ਲਨਾ ਥਾ ਇਤਫ਼ਾਕ ਬਿਛੜਨਾ ਨਸੀਬ ਥਾ....

ਜ਼ਿੰਦਗੀ ਵਿਚ ਅਨੇਕਾਂ ਲੋਕ ਮਿਲਦੇ-ਗਿਲਦੇ ਰਹਿੰਦੇ ਹਨ। ਕਈਆਂ ਨਾਲ ਤੁਹਾਡਾ ਦਫ਼ਤਰ ਜਾਂ ਕਿਸੇ ਹੋਰ ਕੰਮ-ਧੰਦੇ ਆਉਂਦੇ-ਜਾਂਦਿਆਂ ਦਾ ਵਾਹ-ਵਾਸਤਾ ਪੈਂਦਾ ਹੈ ਤੇ ਹਾਏ! ਹੈਲੋ! ਤਕ ਹੀ ਸੀਮਤ ਰਹਿੰਦੇ ਹੋ ਤੇ ਕਈਆਂ ਨਾਲ ਰਿਸ਼ਤੇਦਾਰ ਜਾਂ ਮਿੱਤਰ-ਪਿਆਰਿਆਂ ਵਾਂਗ ਜੁੜ ਜਾਂਦੇ ਹੋ ਅਤੇ ਦੁਖ-ਸੁਖ ਦੇ ਸਾਥੀ ਤਕ ਬਣ ਜਾਂਦੇ ਹੋ। ਇਸੇ ਤਰ੍ਹਾਂ ਜ਼ੀਰਕਪੁਰ ਮਕਾਨ ਬਣਾਉਣ ਸਮੇਂ ਸਾਡਾ ਮਨਜੀਤ ਸਿੰਘ ਅਤੇ ਗੁਰਮੀਤ ਸਿੰਘ ਨਾਲ ਐਸਾ ਵਾਹ ਪਿਆ ਕਿ ਉਨ੍ਹਾਂ ਨਾਲ ਚੰਗੀ ਆਉਣੀ-ਜਾਣੀ ਹੋ ਗਈ। ਉਨ੍ਹਾਂ ਦੇ ਦਫ਼ਤਰ ਗੱਲਾਂ ਮਾਰਦਿਆਂ ਤੇ ਚਾਹ-ਪਾਣੀ ਪੀਂਦਿਆਂ ਨੂੰ ਟਾਈਮ ਦਾ ਪਤਾ ਹੀ ਨਹੀਂ ਲਗਦਾ ਸੀ ਕਿ ਕਦੋਂ ਦਿਨ ਛਿਪ ਜਾਂਦਾ। ਉਹ ਦੋਵੇਂ ਪ੍ਰਾਪਰਟੀ ਡੀਲਿੰਗ ਦਾ ਕੰਮ ਕਰਦੇ। ਭਾਵੇਂ ਉਹ ਵੱਖਰੇ-ਵੱਖਰੇ ਪਰਿਵਾਰਾਂ ਤੋਂ ਸਨ ਪਰ ਉਨ੍ਹਾਂ ਦਾ ਆਪਸੀ ਪਿਆਰ ਦੇਖਣ ਵਾਲੇ ਨੂੰ ਇੰਜ ਲਗਦਾ ਜਿਵੇਂ ਸਕੇ ਭਰਾ ਹੀ ਹੋਣ। ਅਸਲ ਵਿਚ ਉਨ੍ਹਾਂ ਦਾ ਸਾਡੇ ਜਾਣ ਵਾਲੇ ਰਾਹ ਉਤੇ ਹੀ ਦਫ਼ਤਰ ਸੀ ਤੇ ਜੇ ਕਦੇ ਕਾਹਲੀ ਵਿਚ ਉਨ੍ਹਾਂ ਤੋਂ ਅੱਖ ਬਚਾ ਲੰਘ ਜਾਈਦਾ ਸੀ ਤਾਂ ਝੱਟ ਉਨ੍ਹਾਂ ਦਾ ਫ਼ੋਨ ਆ ਜਾਂਦਾ ਕਿ, "ਕੀ ਗੱਲ ਹੋ ਗਈ, ਬਾਈ ਜੀ! ਗੁੱਸੇ ਹੋ, ਸਿੱਧੇ ਈ ਲੰਘ ਗਏ?"

**ਕੁਲਦੀਪ ਧਨੌਲਾ**
**ਫੋਨ: 94642-91023**

''ਗੁੱਸੇ ਵਾਲੀ ਤਾਂ ਕੋਈ ਗੱਲ ਨਹੀਂ, ਵੈਸੇ ਹੀ ਕਾਹਲੀ ਵਿਚ ਸੀਗੇ, ਮੁੜਦੇ ਹੋਏ ਆ ਕੇ ਜਾਵਾਂਗੇ।'' ਇਸ ਤਰ੍ਹਾਂ ਦਿਲਾਸੇ ਭਰਿਆ ਜਵਾਬ ਸੁਣ ਕੇ ਉਨ੍ਹਾਂ ਫ਼ੋਨ ਬੰਦ ਕਰ ਦੇਣਾ ਤੇ ਫੇਰ ਅਸੀਂ ਜਾਂਦਿਆਂ ਹੋਇਆਂ ਨੇ ਉਨ੍ਹਾਂ ਕੋਲ ਹਾਜ਼ਰੀ ਲਵਾ ਕੇ ਜਾਣੀ। ਗੁਰਮੀਤ ਸਿੰਘ ਜ਼ੀਰਕਪੁਰ ਹੀ ਰਹਿੰਦਾ ਸੀ ਤੇ ਮਨਜੀਤ ਸਿੰਘ ਬਨੂੜ ਨੇੜਲੇ ਆਪਣੇ ਜੱਦੀ ਪਿੰਡ ਤੋਂ ਆਉਂਦੈ, ਜਿਸ ਕਰਕੇ ਉਹ ਸ਼ਾਮ ਨੂੰ ਪਹਿਲਾਂ ਲੰਘ ਜਾਂਦਾ ਤੇ ਗੁਰਮੀਤ ਸਿੰਘ ਘਰ ਨੇੜੇ ਹੋਣ ਕਾਰਨ ਬਾਅਦ ਵਿਚ ਦਫ਼ਤਰ ਬੰਦ ਕਰ ਕੇ ਜਾਂਦਾ ਸੀ। ਫੇਰ ਇਕ ਕਲਹਿਣੀ ਸ਼ਾਮ ਨੂੰ ਭਰਾਵਾਂ ਵਰਗੀ ਜੋੜੀ ਨੂੰ ਅਚਿੰਤੇ ਬਾਜ ਪਏ ਵਾਲੀ ਗੱਲ ਹੋ ਗਈ। ਮਨਜੀਤ ਸਿੰਘ ਆਮ ਦਿਨਾਂ ਦੀ ਤਰ੍ਹਾਂ ਆਪਣੇ ਪਿੰਡ ਨੂੰ ਲੰਘ ਗਿਆ ਤੇ ਗੁਰਮੀਤ ਸਿੰਘ ਅਜੇ ਦਫ਼ਤਰ ਹੀ ਬੈਠਾ ਸੀ। ਉਨ੍ਹਾਂ ਬੈਠੇ-ਬੈਠੇ ਨੂੰ ਐਸਾ ਚੱਕਰ ਆਇਆ ਕਿ ਉਹ ਸੋਫ਼ੇ ਉੱਤੇ ਹੀ ਲੁੜਕ ਗਿਆ ਤੇ ਆਲੇ-ਦੁਆਲੇ ਵਾਲਿਆਂ ਨੇ ਉਹਨੂੰ ਚੰਡੀਗੜ੍ਹ ਦੇ ਸੈਕਟਰ-32 ਦੇ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਹਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ ਤੇ ਪਲਾਂ ਵਿਚ ਹੀ ਗੁਰਮੀਤ ਸਿੰਘ ਹੈ ਤੋਂ ਸੀ ਹੋ ਗਿਆ। ਓਧਰ, ਮਨਜੀਤ ਸਿੰਘ ਅਜੇ ਆਪਣੇ ਪਿੰਡ ਪਹੁੰਚਿਆ ਵੀ ਨਹੀਂ ਸੀ ਕਿ ਰਾਹ ਵਿਚ ਉਹਨੂੰ ਇਹ ਸੁਨੇਹਾ ਮਿਲ ਗਿਆ ਤੇ ਉਹ ਵਾਪਸ ਆ ਗਿਆ। ਉਸੇ ਰਾਤ ਨੂੰ ਮਨਜੀਤ ਸਿੰਘ ਦਾ ਬੱਚਿਆਂ ਵਾਂਗ ਰੋਂਦੇ ਦਾ ਫ਼ੋਨ ਆਇਆ ਕਹਿੰਦਾ, ''ਬਾਈ ਜੀ, ਗੁਰਮੀਤ ਛੱਡ ਕੇ ਚਲਾ ਗਿਆ।''

ਮੈਂ ਅਜੇ ਪੁੱਛ ਹੀ ਰਿਹਾ ਸੀ, ''ਕਿੱਥੇ ਚਲਾ ਗਿਆ?'' ਤਾਂ ਉਹ ਹਟਕੋਰੇ ਲੈਂਦਾ ਆਖ ਰਿਹਾ ਸੀ, ''ਉਹ ਤਾਂ ਉੱਥੇ ਚਲਾ ਗਿਆ, ਜਿੱਥੋਂ ਕੋਈ ਵਾਪਸ ਨੀਂ ਆਉਂਦਾ।'' ਬੱਸ ਇਸ ਤੋਂ ਅੱਗੇ ਨਾ ਉਸ ਤੋਂ ਦੱਸਿਆ ਗਿਆ ਤੇ ਨਾ ਮੈਥੋਂ ਪੁੱਛਿਆ ਗਿਆ।'



ਦੂਜੇ ਦਿਨ ਸਸਕਾਰ ਸਮੇਂ ਉਹਦੇ ਪਰਿਵਾਰਕ ਮੈਂਬਰ, ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਧਾਹਾਂ ਮਾਰਦੇ ਝੱਲੇ ਨਹੀਂ ਸੀ ਜਾ ਰਹੇ। ਉਹ ਆਪਣੇ ਪਿੱਛੇ ਪਤਨੀ, ਪੁੱਤਰ ਅਤੇ ਧੀ ਨੂੰ ਵਿਲਕਦਿਆਂ ਛੱਡ ਗਿਆ ਸੀ। ਭਾਵੇਂ ਇਸ ਘਟਨਾ ਨੂੰ ਦੂਜਾ ਸਾਲ ਹੋ ਗਿਆ ਪ੍ਰੰਤੂ ਉਨ੍ਹਾਂ ਦੇ ਦਫ਼ਤਰ ਸਾਹਮਣਿਓਂ ਲੰਘਦਿਆਂ ਨੂੰ ਗੁਰਮੀਤ ਸਿੰਘ ਦਾ ਗੋਰਾ-ਚਿੱਟਾ ਹੱਸੂ-ਹੱਸੂ ਕਰਦਾ ਚਿਹਰਾ ਝੱਟ ਅੱਖਾਂ ਮੂਹਰੇ ਆ ਜਾਂਦਾ ਹੈ ਤੇ ਕਦੇ-ਕਦੇ ਤਾਂ ਇਉਂ ਲੱਗੇਗਾ ਜਿਵੇਂ ਗੁਰਮੀਤ ਗੱਡੀ ਦੇ ਮੂਹਰੇ ਆ ਕੇ ਸਾਨੂੰ ਰੋਕੇਗਾ ਪਰ ਇਹ ਸਭ ਭੁਲੇਖੇ ਹੀ ਹਨ ਕਿਉਂਕਿ ਮੁੜ ਕੇ ਅੱਜ ਤਕ ਕੋਈ ਆਇਆ ਹੀ ਨਹੀਂ ਤੇ ਇਸੇ ਤਰ੍ਹਾਂ ਮੈਨੂੰ ਮੇਰੇ ਵਿਛੜੇ ਛੋਟੇ ਭਰਾ ਹਰਦੀਪ ਸਿੰਘ ਦੀਪੇ ਦੀ ਵੀ ਕਈ ਵਾਰ ਯਾਦ ਸਤਾਉਂਦੀ ਹੈ। ਲੋਕਾਂ ਲਈ ਭਾਵੇਂ ਸਮਾਂ ਪਾ ਕੇ ਗੱਲ ਆਈ-ਗਈ ਹੋ ਗਈ ਪਰ ਪਰਿਵਾਰ ਲਈ ਇਸ ਵਿਛੋੜੇ ਦੀ ਪੀੜ ਆਖ਼ਰੀ ਸਾਹਾਂ ਤਕ ਰਹਿੰਦੀ। ਬੱਸ ਜਾਣ ਵਾਲਿਆਂ ਦੀਆਂ ਯਾਦਾਂ ਹੀ ਰਹਿ ਜਾਂਦੀਆਂ ਹਨ। ਇਕ ਦਿਨ ਸਾਨੂੰ ਗੁਰਮੀਤ ਨੇ ਬੜਾ ਜ਼ੋਰ ਲਾਇਆ ਕਿ ਆਜੋ ਘਰੇ ਚਲਦੇ ਹਾਂ। ਮੈਡਮਾਂ ਇਕ ਦੂਜੀ ਦੀਆਂ ਵਾਕਫ਼ ਹੋ ਜਾਣਗੀਆਂ ਤੇ ਨਾਲੇ ਕਹਿੰਦਾ ਮੇਰੀ ਘਰਵਾਲੀ ਰਾਜਪੁਰੇ ਤੋਂ ਸੂਟ ਲਿਆ ਕੇ ਘਰ ਵਿਚ ਹੀ ਆਪਣੀ ਬਜਾਜੀ ਦੀ 'ਦੁਕਾਨ' ਚਲਾਉਂਦੀ ਹੈ, ਭਰਜਾਈ ਵੀ ਇਕ-ਦੋ ਪਸੰਦ ਦੇ ਸੂਟ ਲੈ ਲਵੇਗੀ ਪਰ ਸਾਥੋਂ ਕਾਹਲੀ ਕਾਰਨ ਐਸੀ ਨਾਂਹ ਨਿਕਲੀ ਤੇ ਥੋੜ੍ਹੇ ਦਿਨਾਂ ਬਾਅਦ ਇਹ ਭਾਣਾ ਵਾਪਰ ਗਿਆ। ਹੁਣ ਬੜਾ ਪਛਤਾਵਾ ਹੁੰਦੈ, ਉਸ ਦਿਨ ਦੀ ਕੀਤੀ ਨਾਂਹ ਦਾ, ਕਿਉਂਕਿ ਉਹਦੀ ਘਰਵਾਲੀ ਅਤੇ ਬੱਚੇ ਨਾ ਸਾਨੂੰ ਜਾਣਦੇ ਹਨ, ਨਾ ਅਸੀਂ ਉਨ੍ਹਾਂ ਨੂੰ। ਕਈ ਵਾਰ ਪ੍ਰਮਾਤਮਾ ਬੰਦੇ ਦੇ ਮੂੰਹੋਂ ਐਸੇ ਸ਼ਬਦ ਕਢਾਉਂਦਾ ਜੋ ਆਖ਼ਰੀ ਹੋ ਨਿੱਬੜਦੇ ਹਨ। ਅਸੀਂ ਘਰ ਪਾਠ ਕਰਵਾਇਆ ਤੇ ਮਨਜੀਤ ਸਿੰਘ 'ਕੱਲਾ ਆਇਆ ਤੇ ਉਸ ਦਿਨ ਫਿਰ ਗੁਰਮੀਤ ਯਾਦ ਆਇਆ ਕਿ ਅੱਜ ਉਸ ਨੇ ਵੀ ਇਸ ਮੌਕੇ ਹਾਜ਼ਰ ਹੋਣਾ ਸੀ।

ਥੋੜ੍ਹੇ ਦਿਨ ਪਹਿਲਾਂ ਮਨਜੀਤ ਸਿੰਘ ਆਪਣੇ ਪੁੱਤਰ ਦੇ ਵਿਆਹ ਦਾ ਕਾਰਡ ਦੇਣ ਆਇਆ ਤੇ ਨਾਲ ਤਾੜਨਾ ਕਰ ਕੇ ਗਿਆ ਕਿ ਤੁਸੀਂ ਆਉਣਾ ਜ਼ਰੂਰ ਹੈ ਕਿਤੇ ਦੂਰ ਦਾ ਬਹਾਨਾ ਲਾ ਕੇ ਘਰੇ ਹੀ ਬੈਠੇ ਰਹੋ। ਸ਼੍ਰੀਮਤੀ ਨੂੰ ਕੋਈ ਰੁਝੇਵਾਂ ਹੋਣ ਕਾਰਨ ਮੈਂ ਰਾਜਪੁਰਾ ਵਾਲੇ ਬਾਈਪਾਸ (ਫਾਟਕਾਂ) ਨੇੜਲੇ ਪੈਲੇਸ ਵਿਚ ਪਹੁੰਚਿਆ। ਵਿਆਹ ਵਿਚ ਲਾੜੇ ਦੇ ਪਿਓ ਤੋਂ ਬਿਨਾਂ ਮੈਂ ਵਿਆਹ ਵਾਲਿਆਂ ਲਈ ਤੇ ਵਿਆਹ ਵਾਲੇ ਮੇਰੇ ਲਈ ਸਭ ਓਪਰੇ-ਓਪਰੇ ਸਨ ਤੇ ਇਸ ਤਰ੍ਹਾਂ ਦੇ ਵਿਆਹ ਵਿਚ ਬੰਦਾ ਆਪਣੇ ਆਪ ਨੂੰ ਝਾੜੀਆਂ ਵਿਚ ਫਸੇ ਬਿੱਲੇ ਵਾਂਗੂੰ ਮਹਿਸੂਸ ਕਰਦਾ ਹੈ। ਮਨਜੀਤ ਸਿੰਘ ਨੂੰ ਸ਼ਗਨ ਵਾਲਾ ਲਿਫ਼ਾਫ਼ਾ ਫੜਾ ਕੇ ਮੈਂ ਆਪਣੇ ਆਪ ਨੂੰ ਵਿਹਲਾ ਜਿਹਾ ਮਹਿਸੂਸ ਕਰ ਰਿਹਾ ਸੀ। ਦੋ ਵਾਰ ਰੇਲਵੇ ਲਾਈਨ ਉੱਤੇ ਘੁੰਮ ਆਇਆ ਪਰ ਇਸ ਤਰ੍ਹਾਂ ਸਮਾਂ ਕਿੱਥੇ ਬੀਤਦਾ ਹੈ? ਦਿਨ ਵੀ ਵੱਡਾ-ਵੱਡਾ ਲੱਗ ਰਿਹਾ ਸੀ ਅਤੇ ਘੜੀ ਇੰਜ ਲੱਗੇ ਜਿਵੇਂ ਖੜ੍ਹ ਗਈ ਹੋਵੇ। ਇਸ ਮੌਕੇ ਮੈਨੂੰ ਫੇਰ ਗੁਰਮੀਤ ਸਿੰਘ ਯਾਦ ਆਇਆ ਕਿ ਜੇ ਉਹ ਅੱਜ ਹੁੰਦਾ ਤਾਂ ਮੈਂ ਆਪਣੇ ਆਪ ਨੂੰ ਓਪਰਾ ਬਰਾਤੀ ਨਹੀਂ ਸਮਝਣਾ ਸੀ। ਆਖ਼ਰ ਖਾਣਾ ਖਾ ਕੇ ਵਾਪਸੀ ਲਈ ਬੱਸ ਚੜ੍ਹਨ ਲਈ ਤੁਰ ਪਿਆ ਤੇ ਰਾਹ ਜਾਂਦੇ ਨੂੰ ਅੰਜੁਮ ਰਹਬਰ ਦਾ ਸ਼ੇਅਰ ਯਾਦ ਆਇਆ:-

ਮਿਲਨਾ ਥਾ ਇਤਫ਼ਾਕ ਬਿਛੜਨਾ ਨਸੀਬ ਥਾ....
ਵੋ ਉਤਨੀ ਦੂਰ ਹੋ ਗਿਆ ਜਿਤਨਾ ਕਰੀਬ ਥਾਂ।



# ਅਜ਼ਕਾਹ ਦੀ ਅਦਾ

ਅਜ਼ਕਾਹ ਡੇਨੀਅਲ ਲਗਾਤਾਰ ਚਰਚਾ ਵਿਚ ਰਹਿਣ ਵਾਲੀ ਅਦਾਕਾਰਾ ਹੈ। ਇਸ ਪਾਕਿਸਤਾਨੀ ਅਦਾਕਾਰਾ ਦਾ ਜਨਮ ਪਹਿਲੀ ਜੁਲਾਈ 1996 ਦਾ ਹੈ ਅਤੇ ਉਹ ਕਰਾਚੀ (ਸਿੰਧ) ਦੀ ਜੰਮਪਲ ਹੈ। ਉਹ 2014 ਵਿਚ ਅਦਾਕਾਰੀ ਦੇ ਪਿੜ ਵਿਚ ਆਈ ਸੀ ਅਤੇ ਪੈਂਦੀ ਸੱਟੇ ਹੀ 2015 ਵਿਚ ਆਏ ਡਰਾਮੇ 'ਨੂਰ ਜਹਾਂ' ਵਿਚ ਨੂਰ ਜਹਾਂ ਵਾਲੇ ਕਿਰਦਾਰ ਨਾਲ ਛਾ ਗਈ ਸੀ। ਇਸ ਤੋਂ ਬਾਅਦ 'ਮਲਾਲ-ਏ-ਯਾਰ' (2018) ਦੀ ਹੂਰੀਆ, 'ਤੇਰਾ ਗਮ ਔਰ ਹਮ' (2020) ਦੀ ਸਾਰਾ, 'ਮੈਂ' (2013) ਦੀ ਆਇਰਾ ਦੇ ਕਿਰਦਾਰਾਂ ਨਾਲ ਉਸ ਦਾ ਕਰੀਅਰ ਅਗਾਂਹ ਵਧਿਆ। ਉਸ ਨੇ ਇਕ ਫਿਲਮ 'ਪਰੀ' ਵਿਚ ਵੀ ਕੰਮ ਕੀਤਾ। ਸਾਲ 2024 ਵਿਚ ਉਸ ਦਾ ਡਰਾਮਾ 'ਮੇਰੀ ਸ਼ਹਿਜ਼ਾਦੀਆਂ' ਖ਼ੂਬ ਚਰਚਿਤ ਰਿਹਾ। ਪਿਛਲੇ ਸਾਲ ਜਦੋਂ ਪਾਕਿਸਤਾਨ ਦਾ ਸਿਆਸੀ ਪਾਰਾ ਖ਼ੂਬ ਚੜ੍ਹਿਆ ਹੋਇਆ ਸੀ ਤਾਂ ਉਹ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਜਥੇਬੰਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ ਵਿਚ ਸ਼ਾਮਿਲ ਹੋ ਗਈ। ਜੁਰਅਤ ਵਾਲੇ ਅਜਿਹੇ ਫੈਸਲਿਆਂ ਬਾਰੇ ਉਹ ਪਹਿਲਾਂ ਵੀ ਮਸ਼ਹੂਰ ਰਹੀ ਹੈ। *-ਆਮਨਾ ਕੌਰ*

# ਆਸ਼ੂਤੋਸ਼ ਰਾਣਾ ਦੀਆਂ ਮੁਹੱਬਤਾਂ

**ਗੁਰਜੰਟ ਸਿੰਘ**



ਅਦਾਕਾਰ ਆਸ਼ੂਤੋਸ਼ ਰਾਣਾ ਦਾ ਪੂਰਾ ਨਾਂ ਆਸ਼ੂਤੋਸ਼ ਰਾਮਨਾਰਾਇਣ ਨੀਖਰਾ ਹੈ। ਉਸ ਨੇ ਹਿੰਦੀ ਫਿਲਮਾਂ ਤੋਂ ਇਲਾਵਾ ਮਰਾਠੀ, ਤੇਲਗੂ, ਕੰਨੜ ਅਤੇ ਤਮਿਲ ਫਿਲਮਾਂ ਵੀ ਕੀਤੀ ਹਨ। ਉਹ ਕਈ ਟੈਲੀਵਿਜ਼ਨ ਪ੍ਰੋਗਰਾਮਾਂ ਵਿਚ ਵੀ ਨਜ਼ਰ ਆਉਂਦਾ ਰਿਹਾ ਹੈ। ਵੱਖ-ਵੱਖ ਫਿਲਮਾਂ ਵਿਚ ਉਸ ਨੇ ਆਮ ਕਰ ਕੇ ਖਲਨਾਇਕ ਵਾਲੇ ਕਿਰਦਾਰ ਹੀ ਨਿਭਾਏ ਹਨ ਪਰ ਅਸਲੀ ਜ਼ਿੰਦਗੀ ਵਿਚ ਉਹ ਨਾਇਕ ਹੋ ਨਿਬੜਿਆ ਹੈ। ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀ ਫਿਰਕੂ ਸਿਆਸਤ ਖਿਲਾਫ ਉਸ ਨੇ ਝਟ ਕੇ ਪੈਂਤੜਾ ਮੱਲਿਆ ਹੈ। ਫਿਰਕੂ ਸਦਭਾਵ ਵਾਲੀਆਂ ਉਸ ਦੀਆਂ ਕੁਝ ਕਵਿਤਾਵਾਂ ਤਾਂ ਸੋਸ਼ਲ ਮੀਡੀਆ ਉਤੇ ਵਾਇਰਲ ਵੀ ਹੋਈਆਂ ਅਤੇ ਲੋਕਾਂ ਨੇ ਉਸ ਦਾ ਖੂਬ ਤਾਰੀਫ ਕੀਤੀ। ਉਸ ਨੇ ਤਾਂ ਸਗੋਂ ਮੋਦੀ ਪੱਖੀ ਟੈਲੀਵਿਜ਼ਨ ਐਂਕਰਾਂ ਨੂੰ ਵੀ ਨਹੀਂ ਬਖਸ਼ਿਆ ਅਤੇ ਇਨ੍ਹਾਂ ਨੂੰ ਖੂਬ ਖਰੀਆਂ-ਖਰੀਆਂ ਸੁਣਾਈਆਂ। ਉਸ ਦੇ ਇਸੇ ਪੈਂਤੜੇ ਕਰ ਕੇ ਲੋਕ ਉਸ ਨੂੰ ਸ਼ਾਬਾਸ਼ ਦੇਣੋਂ ਨਹੀਂ ਥੱਕਦੇ। ਆਪਣੇ ਇਹੀ ਵਿਚਾਰ ਉਸ ਨੇ ਆਪਣੀਆਂ ਕਿਤਾਬਾਂ ਵਿਚ ਵੀ ਬੜੇ ਧੜੱਲੇ ਨਾਲ ਪ੍ਰਗਟ ਕੀਤੇ ਹਨ। ਉਸ ਦੀਆਂ ਕਿਤਾਬਾਂ ਵਿਚ 'ਮੌਨ ਮੁਸਕਾਨ ਕੀ ਮਾਰ', 'ਰਾਮਰਾਜ' ਆਦਿ ਸ਼ਾਮਿਲ ਹਨ।

ਆਸ਼ੂਤੋਸ਼ ਰਾਣਾ ਦਾ ਜਨਮ 10 ਨਵੰਬਰ 1967 ਦਾ ਹੈ। ਉਸ ਦਾ ਜਨਮ ਗਾਦਰਵਾੜਾ (ਮੱਧ ਪ੍ਰਦੇਸ਼) ਵਿਚ ਹੋਇਆ ਅਤੇ ਅੱਜ ਕੱਲ੍ਹ ਉਹ ਅਹਿਮਦਾਬਾਦ (ਗੁਜਰਾਤ) ਵਿਚ ਰਹਿੰਦਾ ਹੈ। ਉਸ ਨੇ ਗ੍ਰੈਜੂਏਸ਼ਨ ਮੱਧ ਪ੍ਰਦੇਸ਼ ਦੀ ਡਾਕਟਰ ਹਰੀ ਸਿੰਘ ਗੌੜ ਯੂਨੀਵਰਸਿਟੀ ਤੋਂ ਕੀਤੀ। ਉਸ ਦਾ ਵਿਆਹ ਪ੍ਰਸਿੱਧ ਅਦਾਕਾਰਾ ਰੇਣੁਕਾ ਸ਼ਹਾਣੇ ਨਾਲ ਹੋਇਆ। ਉਨ੍ਹਾਂ ਦੇ ਘਰ ਦੋ ਪੁੱਤਰਾਂ ਸ਼ੌਰਿਆਮਨ ਅਤੇ ਸਤਿਏਂਦਰ ਨੇ ਜਨਮ ਲਿਆ।

ਆਸ਼ੂਤੋਸ਼ ਰਾਣਾ ਨੇ 'ਸਵਾਭਿਮਾਨ', 'ਫਰਜ਼', 'ਸਾਜ਼ਿਸ਼' ਵਰਗੇ ਟੈਲੀਵਿਜ਼ਨ ਲੜੀਵਾਰਾਂ ਵਿਚ ਕੰਮ ਕੀਤਾ ਹੈ। ਉਂਝ, ਉਸ ਦੀ ਵਧੇਰੇ ਚਰਚਾ ਫਿਲਮ 'ਦੁਸ਼ਮਨ' ਨਾਲ ਹੋਈ ਜੋ 1998 ਵਿਚ ਰਿਲੀਜ਼ ਹੋਈ ਸੀ। ਇਸ ਫਿਲਮ ਵਿਚ ਉਸ ਨੇ ਖਲਨਾਇਕ ਦਾ ਕਿਰਦਾਰ ਨਿਭਾਇਆ ਹੈ। ਇਸ ਫਿਲਮ ਵਿਚ ਮੁੱਖ ਭੂਮਿਕਾਵਾਂ ਅਦਾਕਾਰ ਸੰਜੇ ਦੱਤ ਅਤੇ ਅਦਾਕਾਰਾ ਕਾਜੋਲ ਦੀਆਂ ਸਨ ਪਰ ਉਸ ਨੇ ਆਪਣੀ ਉਮਦਾ ਅਦਾਕਾਰੀ ਸਦਕਾ ਸਭ ਦਾ ਧਿਆਨ ਖਿੱਚਿਆ। ਇਸ ਫਿਲਮ ਲਈ ਉਸ ਨੂੰ ਫਿਲਮਫੇਅਰ ਦਾ ਸਰਵੋਤਮ ਖਲਨਾਇਕ ਦਾ ਇਨਾਮ ਵੀ ਮਿਲਿਆ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ; ਉਸ ਨੇ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।

ਆਸ਼ੂਤੋਸ਼ ਰਾਣਾ ਦੀਆਂ ਚਰਚਿਤ ਰਹੀਆਂ ਫਿਲਮਾਂ ਵਿਚ 'ਤਮੰਨਾ', 'ਗੁਲਾਮ', 'ਜ਼ਖਮ', 'ਸੰਘਰਸ਼', 'ਜਾਨਵਰ', 'ਲਾਡੋ', 'ਤਰਕੀਬ', 'ਰਾਜ਼', 'ਅੰਸ਼', 'ਅਬ ਕੇ ਬਰਸ', 'ਗੁਨਾਹ', 'ਅਨਰਥ', 'ਕਰਜ਼', 'ਹਾਸਿਲ', 'ਦਿਲ ਪਰਦੇਸੀ ਹੋ ਗਯਾ', 'ਸ਼ਬਨਮ ਮੌਸੀ', 'ਕਲਯੁੱਗ', 'ਧੋਖਾ', 'ਸਮਰ 2007', 'ਕੌਫੀ ਹਾਊਸ', 'ਸਿੰਬਾ', 'ਮਿਲਨ ਟਾਕੀਜ਼', 'ਸਮਰਾਟ ਪ੍ਰਿਥਵੀਰਾਜ', 'ਪਠਾਨ', 'ਭੀੜ' ਆਦਿ ਸ਼ਾਮਿਲ ਹਨ।

ਆਸ਼ੂਤੋਸ਼ ਰਾਣਾ ਦਾ ਆਖਣਾ ਹੈ ਕਿ ਅਦਾਕਾਰੀ ਉਸ ਦੀ ਰਗ-ਰਗ ਵਿਚ ਵੱਸੀ ਹੋਈ ਹੈ। ਉਹ ਖਲਨਾਇਕਾਂ ਦੇ ਕਿਰਦਾਰ ਕਰ ਕੇ ਵੀ ਖੁਸ਼ ਹੈ। ਉਸ ਮੁਤਾਬਿਕ, ਅਸਲ ਮਸਲਾ ਤਾਂ ਅਦਾਕਾਰੀ ਦਾ ਹੁੰਦਾ ਹੈ; ਦਰਸ਼ਕ ਅਤੇ ਫਿਲਮ ਆਲੋਚਕ ਸਿਰਫ ਇਹ ਦੇਖਦੇ ਹਨ ਕਿ ਤੁਸੀਂ ਆਪਣੇ ਕਿਰਦਾਰ ਅੰਦਰ ਕਿੰਨੀ ਜਾਨ ਪਾਈ ਹੈ, ਫਿਰ ਇਸੇ ਹਿਸਾਬ ਨਾਲ ਕਿਸੇ ਕਲਾਕਾਰ ਦਾ ਮੁੱਲ ਪੈਂਦਾ ਹੈ। ਉਹ ਦਰਸ਼ਕਾਂ ਅਤੇ ਫਿਲਮਸਾਜ਼ਾਂ ਦਾ ਕੋਟਿਨ-ਕੋਟ ਧੰਨਵਾਦ ਕਰਦਾ ਹੈ ਜਿਨ੍ਹਾਂ ਨੇ ਉਸ ਨੂੰ ਫਿਲਮ ਖੇਤਰ ਵਿਚ ਇੰਨਾ ਪਿਆਰ ਅਤੇ ਮਾਣ ਦਿੱਤਾ। ਸਿਆਸਤ ਬਾਰੇ ਉਹ ਹੋਰ ਵੀ ਸਪਸ਼ਟ ਹੈ। ਉਸ ਮੁਤਾਬਿਕ, ਜੇ ਸਿਆਸਤ ਲੋਕਾਂ ਵਿਚ ਪਾੜਾ ਪਾਉਂਦੀ ਹੈ ਤਾਂ ਇਹ ਬਹੁਤ ਖਤਰਨਾਕ ਗੱਲ ਹੈ ਅਤੇ ਅਜਿਹੀ ਸਿਆਸਤ ਦਾ ਹਰ ਹਾਲ ਵਿਰੋਧ ਹੋਣਾ ਚਾਹੀਦਾ ਹੈ। ਉਸ ਅਨੁਸਾਰ, ਮਨੁੱਖਾ ਜੀਵਨ ਕਿਸੇ ਵੀ ਸੂਰਤ ਵਿਚ ਨਫਰਤਾਂ ਦੇ ਲੇਖੇ ਨਹੀਂ ਲੱਗਣਾ ਚਾਹੀਦਾ। ਇਸ ਦੁਨੀਆ ਨੂੰ ਮੋਹ-ਮੁਹੱਬਤ ਅਤੇ ਪ੍ਰੇਮ ਦੀ ਜ਼ਰੂਰਤ ਹੈ। ਇਸ ਲਈ ਭਾਵੇਂ ਸਿਆਸਤ ਹੋਵੇ ਜਾਂ ਸਿਨੇਮਾ ਤੇ ਜਾਂ ਫਿਰ ਸਾਹਿਤ, ਹਰ ਪਾਸੇ ਪਿਆਰ ਦਾ ਸੁਨੇਹਾ ਵੰਡਿਆ ਜਾਣਾ ਚਾਹੀਦਾ ਹੈ।

# ਫਿਲਮਸਾਜ਼-ਅਦਾਕਾਰ ਗੁਰੂ ਦੱਤ ਦੀ ਵਡਿਆਈ

**ਕੁਦਰਤ ਕੌਰ**

ਗੁਰੂ ਦੱਤ ਅਜਿਹਾ ਅਦਾਕਾਰ, ਫਿਲਮਸਾਜ਼, ਨਿਰਮਾਤਾ, ਕੋਰੀਓਗ੍ਰਾਫਰ ਅਤੇ ਲੇਖਕ ਸੀ ਜਿਸ ਦੀ ਗਿਣਤੀ ਭਾਰਤੀ ਸਿਨੇਮਾ ਦੀਆਂ ਮਹਾਨ ਸ਼ਖਸੀਅਤਾਂ ਵਿਚ ਹੁੰਦੀ ਹੈ। ਉਸ ਦੀ ਕਲਾਕਾਰੀ ਦੀਆਂ ਧੁੰਮਾਂ ਅੱਜ ਤੱਕ ਪੈ ਰਹੀਆਂ ਹਨ ਬਲਕਿ ਇਸ ਖੇਤਰ ਵਿਚ ਆਉਣ ਵਾਲਿਆਂ ਨੂੰ ਉਸ ਦੀ ਫਿਲਮਾਂ ਬਾਕਾਇਦਾ ਦਿਖਾਈਆਂ ਜਾਂਦੀਆਂ ਹਨ। ਉਸ ਦੀਆਂ ਫਿਲਮਾਂ ਵਿਚ ਰੋਸ਼ਨੀ ਨੂੰ ਜਿਸ ਢੰਗ ਨਾਲ ਵਰਤਿਆ ਗਿਆ ਹੈ, ਉਸ ਮੁਕਾਮ ਉਤੇ ਅੱਜ ਤੱਕ ਕੋਈ ਫਿਲਮਸਾਜ਼ ਪੁੱਜ ਨਹੀਂ ਸਕਿਆ ਹੈ। ਇਸ ਤੋਂ ਇਲਾਵਾ ਕਲੋਜ਼ਅੱਪ ਦ੍ਰਿਸ਼ਾਂ ਲਈ ਵੀ ਉਸ ਦੀ ਮਾਸਟਰੀ ਤੋਂ ਸਭ ਹੈਰਾਨ ਹਨ। ਉਸ ਨੇ ਕੁੱਲ 8 ਹਿੰਦੀ ਫਿਲਮਾਂ ਬਣਾਈਆਂ ਅਤੇ ਇਨ੍ਹਾਂ ਵਿਚੋਂ ਬਹੁਤੀਆਂ ਕੌਮਾਂਤਰੀ ਪੱਧਰ 'ਤੇ ਆਪਣੀ ਹਾਜ਼ਰੀ ਲੁਆਉਣ ਵਿਚ ਕਾਮਯਾਬ ਰਹੀਆਂ ਹਨ। ਇਨ੍ਹਾਂ ਵਿਚ 'ਪਿਆਸਾ' ਵਰਗੀ ਫਿਲਮ ਵੀ ਆਉਂਦੀ ਹੈ ਜੋ 1957 ਵਿਚ ਰਿਲੀਜ਼ ਹੋਈ ਸੀ। ਇਹ ਫਿਲਮ 'ਟਾਈਮ' ਮੈਗਜ਼ੀਨ ਦੀਆਂ 100 ਮਹਾਨ ਫਿਲਮਾਂ ਵਾਲੀ ਸੂਚੀ ਵਿਚ ਵੀ ਸ਼ਾਮਿਲ ਕੀਤੀ ਗਈ ਸੀ। ਇਸ ਤੋਂ ਇਲਾਵਾ 'ਕਾਗਜ਼ ਕੇ ਫੂਲ' (1959), 'ਚੌਧਵੀਂ ਕਾ ਚਾਂਦ' (1960) ਅਤੇ 'ਸਾਹਿਬ ਬੀਵੀ ਔਰ ਗੁਲਾਮ' (1962) ਫਿਲਮਾਂ ਤੋਂ ਕੌਣ ਵਾਕਿਫ ਨਹੀਂ? 2012 ਵਿਚ ਸੀ.ਐਨ.ਐਨ. ਨੇ ਏਸ਼ੀਆ ਦੇ 25 ਉਮਦਾ ਅਦਾਕਾਰਾਂ ਦੀ ਸੂਚੀ ਜਾਰੀ ਕੀਤੀ ਸੀ, ਇਸ ਸੂਚੀ ਵਿਚ ਗੁਰੂ ਦੱਤ ਦਾ ਨਾਂ ਸ਼ਾਮਿਲ ਸੀ।





*ਫਿਲਮਸਾਜ਼ ਅਤੇ ਅਦਾਕਾਰ ਗੁਰੂ ਦੱਤ ਦੀਆਂ ਦੋ ਤਸਵੀਰਾਂ।*

9 ਜੁਲਾਈ 1925 ਨੂੰ ਜਨਮੇ ਗੁਰੂ ਦੱਤ ਦਾ ਪੂਰਾ ਨਾਂ ਵਸੰਤ ਕੁਮਾਰ ਸ਼ਿਵ ਸ਼ੰਕਰ ਪਾਦੂਕੋਣ ਹੈ। ਉਸ ਦਾ ਜਨਮ ਪਾਦੂਕੋਣ ਦਾ ਹੈ ਜੋ ਅੱਜ ਕੱਲ੍ਹ ਕਰਨਾਟਕ ਵਿਚ ਪੈਂਦਾ ਹੈ। ਬਾਅਦ ਵਿਚ ਘਰਦਿਆਂ ਨੇ ਉਸ ਦਾ ਨਾਮ ਗੁਰੂ ਦੱਤ ਪਾਦੂਕੋਣ ਰੱਖ ਦਿੱਤਾ। ਉਸ ਦਾ ਪਿਤਾ ਸ਼ਿਵ ਸ਼ੰਕਰ ਪਾਦੂਕੋਣ ਹੈੱਡਮਾਸਟਰ ਸੀ। ਉਸ ਦੀ ਮਾਂ ਵਸੰਤੀ ਅਧਿਆਪਕਾ ਸੀ ਅਤੇ ਲੇਖਕਾ ਵੀ। ਉਸ ਦਾ ਬਚਪਨ ਬਹੁਤਾ ਕਰ ਕੇ ਭਵਾਨੀਪੁਰ (ਕੋਲਕਾਤਾ) ਵਿਚ ਬੀਤਿਆ। ਇਸੇ ਕਰ ਕੇ ਉਸ ਦੀ ਬੋਲ-ਚਾਲ ਉਤੇ ਬੰਗਲਾ ਜ਼ਬਾਨ ਦੀ ਪੁੱਠ ਚੜ੍ਹ ਗਈ। ਉਸ ਦੀ ਇਕ ਛੋਟੀ ਭੈਣ ਅਤੇ ਤਿੰਨ ਛੋਟੇ ਭਰਾ ਸਨ। ਇਨ੍ਹਾਂ ਵਿਚੋਂ ਭੈਣ ਲਲਿਤਾ ਲਾਜਮੀ ਮਸ਼ਹੂਰ ਚਿੱਤਰਕਾਰ ਬਣੀ ਅਤੇ ਭਰਾਵਾਂ ਵਿਚੋਂ ਆਤਮਾ ਰਾਮ ਨਿਰਦੇਸ਼ਕ ਅਤੇ ਦੇਵੀ ਨਿਰਮਾਤਾ ਬਣਿਆ। ਤੀਜੇ ਭਰਾ ਦਾ ਨਾਂ ਵਿਜੈ ਸੀ। ਉਸ ਦੀ ਉਘੀ ਫਿਲਮਸਾਜ਼ ਕਲਪਨਾ ਲਾਜਮੀ ਅਤੇ ਸ਼ਿਆਮ ਬੈਨੇਗਲ ਨਾਲ ਵੀ ਰਿਸ਼ਤੇਦਾਰੀ ਨਿਕਲਦੀ ਹੈ।

1942 ਵਿਚ ਉਹ ਅਜੇ 17 ਵਰ੍ਹਿਆਂ ਦਾ ਸੀ ਕਿ ਅਲਮੋੜਾ (ਅੱਜ ਕੱਲ੍ਹ ਉਤਰਾਖੰਡ ਵਿਚ) ਦੇ ਉਦੈ ਸ਼ੰਕਰ ਦੇ ਡਾਂਸ ਅਤੇ ਕੋਰੀਓਗ੍ਰਾਫੀ ਸਕੂਲ ਵਿਚ ਪੜ੍ਹਨ ਲੱਗ ਪਿਆ ਪਰ 1944 ਵਿਚ ਇਸ ਕੰਪਨੀ ਦੀ ਮਾਲਕ ਨਾਲ ਪੇਚਾ ਪੈਣ ਤੋਂ ਬਾਅਦ ਉਸ ਨੂੰ ਇਹ ਕੰਪਨੀ ਛੱਡਣੀ ਪਈ। ਇਸ ਤੋਂ ਬਾਅਦ ਉਹ ਕੋਲਕਾਤਾ ਵਿਚ ਲੈਵਰ ਬ੍ਰਦਰਜ਼ ਦੀ ਫੈਕਟਰੀ ਵਿਚ ਟੈਲੀਫੋਨ ਅਪਰੇਟਰ ਜਾ ਲੱਗਿਆ ਪਰ ਇਸ ਨੌਕਰੀ ਤੋਂ ਵੀ ਉਹ ਛੇਤੀ ਹੀ ਉਕਤਾ ਗਿਆ ਅਤੇ ਨੌਕਰੀ ਛੱਡ ਦਿੱਤੀ। ਉਹਦੇ ਚਾਚੇ ਨੇ ਪੂਣੇ ਵਿਚ ਉਹਨੂੰ ਪ੍ਰਭਾਤ ਫਿਲਮ ਕੰਪਨੀ ਵਿਚ ਨੌਕਰੀ ਦਿਵਾ ਦਿੱਤੀ। ਪ੍ਰਭਾਤ ਵਿਚ ਹੀ ਉਹ ਦੋ ਸ਼ਖਸਾਂ ਨੂੰ ਮਿਲਿਆ ਜਿਹੜੇ ਤਾਉਮਰ ਉਸ ਦੇ ਸਾਥੀ ਰਹੇ। ਇਹ ਦੋ ਸ਼ਖਸ ਸਨ: ਰਹਿਮਾਨ ਅਤੇ ਦੇਵ ਆਨੰਦ। ਗੁਰੂ ਦੱਤ ਨੇ ਜਿਹੜੀ ਪਹਿਲੀ ਫਿਲਮ ਡਾਇਰੈਕਟ ਕੀਤੀ, ਉਹ ਦੇਵ ਆਨੰਦ ਦੀ ਹੀ ਫਿਲਮ ਸੀ।

1947 ਵਿਚ ਪ੍ਰਭਾਤ ਕੰਪਨੀ ਫੇਲ੍ਹ ਹੋ ਗਈ ਤਾਂ ਗੁਰੂ ਦੱਤ ਮੁੰਬਈ ਪੁੱਜ ਗਿਆ। ਉਥੇ ਉਹਨੇ ਦੋ ਫਿਲਮਸਾਜ਼ਾਂ ਅਮੀਆ ਚੱਕਰਵਰਤੀ ਅਤੇ ਗਿਆਨ ਮੁਖਰਜੀ ਨਾਲ ਕੰਮ ਕੀਤਾ। ਫਿਰ ਦੇਵ ਆਨੰਦ ਨੇ ਉਸ ਨੂੰ ਆਪਣੀ ਫਿਲਮ ਕੰਪਨੀ ਨਵਚੇਤਨ ਲਈ ਆਪਣੇ ਨਾਲ ਜੋੜ ਲਿਆ। ਇਸੇ ਤਹਿਤ ਗੁਰੂ ਦੱਤ ਨੂੰ ਦੇਵ ਆਨੰਦ ਦੀ ਫਿਲਮ 'ਬਾਜ਼ੀ' ਡਾਇਰੈਕਟ ਕਰਨ ਦਾ ਮੌਕਾ ਮਿਲਿਆ। ਇਸ ਫਿਲਮ ਵਿਚ ਗੁਰੂ ਦੱਤ ਨੇ ਬਤੌਰ ਫਿਲਮਸਾਜ਼ ਆਪਣੀ ਛਾਪ ਛੱਡੀ। ਇਹ ਫਿਲਮ ਉਂਝ ਵੀ ਕਾਮਯਾਬ ਰਹੀ ਅਤੇ ਫਿਲਮੀ ਦੁਨੀਆ ਵਿਚ ਗੁਰੂ ਦੱਤ ਦੇ ਪੈਰ ਬੱਝ ਗਏ।

ਇਸ ਤੋਂ ਬਾਅਦ ਦਾ ਸਮਾਂ ਤਾਂ ਹੁਣ ਇਕ ਤਰ੍ਹਾਂ ਨਾਲ ਇਤਿਹਾਸ ਦਾ ਹਿੱਸਾ ਹੈ ਜੋ ਗੁਰੂ ਦੱਤ ਨੇ ਆਪਣੇ ਹੱਥੀਂ ਲਿਖਿਆ। ਇਹ ਅਜਿਹਾ ਇਤਿਹਾਸ ਹੈ ਜੋ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ।

# Reliable

*Trucks & Trailer Repair Shop*

**7401 Brookville Road Indianapolis, IN 46239**



* Truck & Trailer Alignment
* Truck Oil Change
* Truck & Trailer Brakes
* Shock and Chambers
* Drive Lines & AC Work
* Tire Change, Repair, & Balance
* Reefer Oil Change
* DPF Work
* Nox Sensor
* Truck & Trailer Bushings
* Air Compressor *
* Air Dryer
* Radiator Change

ਟਰੱਕ ਅਤੇ ਟਰੇਲਰ ਅਲਾਈਨਮੈਂਟ, ਟਰੱਕ ਆਇਲ ਬਦਲਣ, ਟਰੱਕ ਅਤੇ ਟਰੇਲਰ ਬਰੇਕਾਂ, ਟਾਇਰ ਬਦਲਣ, ਰਿਪੇਅਰ ਅਤੇ ਬੈਲੇਂਸ, ਰੀਫਰ ਆਇਲ ਬਦਲਣ, ਏਅਰ ਡਰਾਇਰ, ਰੇਡੀਏਟਰ ਬਦਲਣ ਅਤੇ ਟਰੱਕਾਂ ਤੇ ਟਰੇਲਰ ਨਾਲ ਸਬੰਧਤ ਹੋਰ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ।

**Gurbaksh S Randhawa: 317-800-2976**

**Sam Bhullar: 317-995-2020**